INTERNATIONAL MAGAZINE

RNI No. 61816/95

20/-


ਬ੍ਰਹਮੁ ਦੀਸੈ ਬ੍ਰਹਮੁ ਸੁਣੀਐ ਏਕੁ ਏਕੁ ਵਖਾਣੀਐ ॥
ਆਤਮ ਪਸਾਰਾ ਕਰਣਹਾਰਾ ਪ੍ਰਭ ਬਿਨਾ ਨਹੀ ਜਾਣੀਐ ॥

*Monthly Issue "Atam Marg"*

ਸਤੰਬਰ (September) 2010

# ਆਤਮ ਮਾਰਗ





ਜਿਸੁ ਪਿਆਰੇ ਸਿਉ ਨੇਹੁ
ਤਿਸੁ ਆਗੈ ਮਰਿ ਚਲੀਐ ॥

ਸੱਚਖੰਡਵਾਸੀ ਸ੍ਰੀ ਮਾਨ ਸੰਤ ਬਾਬਾ ਵਰਿਆਮ ਸਿੰਘ ਜੀ ਮਹਾਰਾਜ ਰਤਵਾੜਾ ਸਾਹਿਬ
(17 ਜੂਨ 1918 ਤੋਂ 31 ਅਕਤੂਬਰ 2001)

ਸਾਲ ਸੋਲਵਾਂ, ਮਹੀਨਾ ਸਤੰਬਰ 2010

ਫਾਉਂਡਰ ਚੇਅਰਮੈਨ
ਸ੍ਰੀ ਮਾਨ ਸੰਤ ਬਾਬਾ ਵਰਿਆਮ ਸਿੰਘ ਜੀ ਮਹਾਰਾਜ
ਚੇਅਰਪਰਸਨ
(ਸੰਤ ਮਾਤਾ ਬੀਜੀ) ਰਣਜੀਤ ਕੌਰ ਜੀ, ਰਤਵਾੜਾ ਸਾਹਿਬ


**SUBSCRIPTION FOREIGN (ਵਿਦੇਸ਼)**

| | Annual | Life |
|---|---|---|
| U.S.A. | 50 US$ | 500 US$ |
| U.K. | 30 £ | 300 £ |
| Aus. | 80 $ | 800 $ |
| Europ | 50 Euro | 500 Euro |


***Postal Address for 'ATAM MARG' Enquiry, Money Order, Cheque and drafts :***
***ATAM MARG MAG. VISHAV G. R. MISSION CH. TRUST,***
*Gurdwara Ishar Parkash, Ratwara Sahib (Near Chandigarh) P.O. Mullanpur Garibdas, Teh. Kharar, Distt. S.A.S. Nagar (Mohali) 140901, Pb. India.*



**Exemption U/S 80-G upto 31.03.2012 vide L. No. CIT-II/CHD/80G/TECH/245/2008-09/823**

**Registration Under Foreign Contribution (Regulation) Act 1976 R.No. 115320023**



**ਆਤਮ ਮਾਰਗ ਮੈਗਜ਼ੀਨ ਨਾ ਮਿਲਣ ਤੇ ਅਤੇ ਮਹਾਂਪੁਰਖਾਂ ਵੱਲੋਂ ਪ੍ਰਕਾਸ਼ਿਤ ਕਿਤਾਬਾਂ ਮੰਗਵਾਉਣ ਲਈ ਸੰਪਰਕ ਨੰ.-**

**Head Office INDIA - (M) 94172-14391, 9417214379**
**0160-2255002, Fax - 2255009**

**U.S.A.** - **Baba Satnam Singh ji Atwal**
Phone and Fax : 408-263-1844
**Bhai Kuldeep Singh Sher Gill**
Phone : 408-230-8319
**Bibi Sukhvinder Kaur Bains -** Phone : 403-270-3387
**Canada - Bhai Sarmukh Singh Pannu**
Phone - 604-433-0408
**England - Bibi Gurbax Kaur /Jagtar Singh Jagi**
Phone : 0121-200-2818
Fax : 0121-200-2879, **Raj Mobile** : 07968734058

**For more information please visit us on internet at:-**
**Email : atammarg1@yahoo.co.in**
http:# www.ratwarasahib.org, http # www.ratwarasahibmedia.org



ਪ੍ਰਕਾਸ਼ਕ ਦੇ ਸਭ ਹੱਕ ਰਾਖਵੇਂ ਹਨ।



ਪ੍ਰਿੰਟਰ, ਪਬਲਿਸ਼ਰ ਤੇ ਐਡੀਟਰ ਬਾਬਾ ਹਰਪਾਲ ਸਿੰਘ ਰਤਵਾੜਾ ਸਾਹਿਬ ਨੇ 'ਆਤਮ ਮਾਰਗ' ਜੈ ਆਫਸੈਟ ਪ੍ਰਿੰਟਰਜ਼, 905 ਇੰਡਸਟਰੀਅਲ ਏਰੀਆ, ਫੇਜ਼-2, ਚੰਡੀਗੜ੍ਹ ਤੋਂ ਛਪਵਾ ਕੇ ਮੁੱਖ ਦਫਤਰ 'ਆਤਮ ਮਾਰਗ', ਰਤਵਾੜਾ ਸਾਹਿਬ, ਡਾਕਖਾਨਾ ਮੁਲਾਂਪੁਰ ਗਰੀਬਦਾਸ, ਤਹਿਸੀਲ ਖਰੜ, ਜ਼ਿਲਾ ਐਸ.ਏ.ਐਸ ਨਗਰ (ਮੋਹਾਲੀ) ਪੰਜਾਬ ਤੋਂ ਪ੍ਰਕਾਸ਼ਿਤ ਕੀਤਾ।


# ਤਤਕਰਾ


| | | |
|---|---|---|
| 1. | ਸੰਪਾਦਕੀ | 2 |
| 2. | ਅਸੁਨਿ | 3 |
| 3. | ਭਾਈ ਜੱਗਾ ਸਿੰਘ ਨੂੰ ਜੀਅ ਦਾਨ ਬਖਸ਼ਣਾ | 6 |
| 4. | ਸੁਰਤਿ ਸਬਦਿ ਮਾਰਗ | 17 |
| 5. | ਬਰਸੀ ਤੇ ਵਿਸ਼ੇਸ਼ | 29 |
| 6. | ਅਰਦਾਸ ਸ਼ਕਤੀ | 37 |
| 7. | ਸਤਵੰਤ ਕੌਰ | 42 |
| 8. | ਪ੍ਰਭ ਕਉ ਸਿਮਰਹਿ ਸੇ ਪਰਉਪਕਾਰੀ | 47 |
| 9. | ਮਾਰਗ ਚੋਣ | 59 |
| 10. | ਸਿਹਤ ਰੱਖਿਆ | 62 |


**SUBSCRIPTION - ਚੰਦਾ - (ਦੇਸ਼)**

| ਸਾਲਾਨਾ | ਜੀਵਨ ਕਾਲ | ਫੀ ਕਾਪੀ |
|---|---|---|
| 200/- | 2000/- | 20/- |
| 280/- | 2080/- | (For outstation cheques) |

**ਸੰਪਰਕ ਨੰ. ਰਤਵਾੜਾ ਸਾਹਿਬ**

| | |
|---|---|
| ਰਤਵਾੜਾ ਸਾਹਿਬ | 0160-2255001 |
| ਗੁ. ਰਤਵਾੜਾ ਸਾਹਿਬ ਵਿਖੇ ਅਖੰਡਪਾਠ ਬੁਕਿੰਗ ਸਬੰਧੀ | 9417214386 |
| ਪਰਮ ਸਤਿਕਾਰਯੋਗ ਬੀਜੀ | 9417214381 |
| ਬੀ. ਐਡ ਕਾਲਜ | 9417214382 |
| ਬਾਬਾ ਰਾਜਿੰਦਰ ਸਿੰਘ ਸ੍ਰੀ ਮਾਨ ਲੰਗਰ | 9417214380 |
| ਆਡੀਓ ਵੀਡੀਓ ਲਾਇਬ੍ਰੇਰੀ | 9872814385, 9417214385 |
| ਗੁਰੂ ਗੋਬਿੰਦ ਸਿੰਘ ਵਿਦਿਆ ਮੰਦਰ ਰਤਵਾੜਾ ਸਾਹਿਬ | 0160-2255003 |
| ਸੰਤ ਵਰਿਆਮ ਸਿੰਘ ਮੈਮੋਰੀਅਲ ਪਬਲਿਕ ਸਕੂਲ | 0160-2255004 |
| ਆਤਮ ਮਾਰਗ ਮੈਗਜ਼ੀਨ | 9417214391 |
| ਜਰਨਲ | 9417214384 |

**ਅੰਮ੍ਰਿਤ ਬਾਣੀ ਸਕਾਈ ਟੀ.ਵੀ. ਸੈਟੇਲਾਈਟ ਚੈਨਲ 0176 ਤੇ ਸੰਤ ਮਹਾਰਾਜ ਸੰਤ ਬਾਬਾ ਵਰਿਆਮ ਸਿੰਘ ਜੀ ਰਤਵਾੜਾ ਸਾਹਿਬ ਵਾਲਿਆਂ ਦਾ ਕੀਰਤਨ ਨਿਮਨ ਅਨੁਸਾਰ ਹੈ -**

ਐਤਵਾਰ ਸਵੇਰੇ 10.00 ਵਜੇ ਤੋਂ 11.00 ਵਜੇ ਤੱਕ
ਸੋਮਵਾਰ ਸ਼ਾਮ 7.00 ਵਜੇ ਤੋਂ ਸ਼ਾਮ 8.00 ਵਜੇ ਤੱਕ
ਯੂ.ਕੇ. ਸਮੇਂ ਅਨੁਸਾਰ ਸੁਣਿਆ ਜਾ ਸਕਦਾ ਹੈ।

ਬਾਬਾ ਜੀ ਦੇ ਕੀਰਤਨ ਨੂੰ ਪੂਰੇ ਵਿਸ਼ਵ ਵਿਚ www.amritbani.com ਤੋਂ ਸੁਣਿਆ ਜਾ ਸਕਦਾ ਹੈ। ਆਪਣਾ ਸਮਾਂ ਯੂ.ਕੇ. ਸਮੇਂ ਅਨੁਸਾਰ ਨਿਰਧਾਰਤ ਕਰੋ।

ਜਾਰੀ ਕਰਤਾ - ਆਤਮ ਮਾਰਗ ਸਪਿਰਚੂਅਲ ਸਾਇੰਟਿਫਿਕ ਐਜੂਕੇਸ਼ਨਲ ਚੈਰੀਟੇਬਲ ਟਰਸਟ, ਯੂ.ਕੇ.

# ਸੰਪਾਦਕੀ

ਧੰਨ ਧੰਨ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਜੀ ਦੇ ਆਦੇਸ਼ ਮੁਤਾਬਿਕ ਪੰਜ ਪਿਆਰਿਆਂ ਦੇ ਮੁੱਖੀ ਜੱਥੇਦਾਰ ਭਾਈ ਸਾਹਿਬ ਭਾਈ ਦਇਆ ਸਿੰਘ ਸਾਹਿਬਾਨ ਜੀ ਤੋਂ ਚੱਲੀ ਆ ਰਹੀ ਪ੍ਰੰਪਰਾ ਅਨੁਸਾਰ ਵਿਸ਼ਵ ਗੁਰਮਤਿ ਰੂਹਾਨੀ ਮਿਸ਼ਨ ਰਤਵਾੜਾ ਸਾਹਿਬ ਦੇ ਬਾਨੀ ਸੱਚਖੰਡਵਾਸੀ ਸੰਤ ਮਹਾਰਾਜ ਜੀ ਦੁਆਰਾ ਸੇਵਾ ਸਿਮਰਨ ਦੀਆਂ ਜੁਗਤੀਆਂ ਜੋ ਸੀਨੇ ਬਸੀਨੇ ਇਸ ਸੰਪ੍ਰਦਾਇ ਦੇ ਮਹਾਂਪੁਰਸ਼ਾਂ ਤੋਂ ਚਲੀਆਂ ਆ ਰਹੀਆਂ ਸਨ ਨੂੰ ਲਿਖਤ ਰੂਪ ਦੇਣ ਦੀ ਸੇਵਾ 'ਆਤਮ ਮਾਰਗ' ਨਿਰੋਲ ਮਾਸਿਕ ਪਤ੍ਰਿਕਾ ਰਾਹੀਂ ਪਿਛਲੇ ਪੰਦਰਾਂ ਸਾਲ ਚਾਰ ਮਹੀਨੇ ਤੋਂ ਨਿਰੰਤਰ ਕੀਤੀ ਜਾ ਰਹੀ ਹੈ। ਧੰਨ ਧੰਨ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ 'ਦੇਗ ਤੇਗ ਜਗ ਮੈ ਦੋਊ ਚਲੈ ॥ ਰਾਖ ਆਪ ਮੁਹਿ ਅਉਰ ਨ ਦਲੈ॥' ਮਹਾਂਵਾਕ ਨੂੰ ਟਰਸਟ ਰਤਵਾੜਾ ਸਾਹਿਬ ਵੱਲੋਂ ਸ਼ਬਦ ਲੰਗਰ ਚਲਾ ਕੇ ਪ੍ਰੈਕਟੀਕਲ ਰੂਪ ਦਿਤਾ ਜਾ ਰਿਹਾ ਹੈ।

ਅੱਜ ਤੱਕ "ਆਤਮ ਮਾਰਗ" ਮੈਗਜੀਨ ਦੀ ਵਿਲੱਖਣਤਾ ਰਹੀ ਹੈ ਕਿ ਇਸ ਵਿੱਚ ਕੋਈ ਵੀ ਇੱਕ ਅੱਖਰ ਗੁਰਬਾਣੀ ਦੇ ਪ੍ਰਕਾਸ਼ ਤੋਂ ਬਾਹਰ ਨਹੀਂ ਪ੍ਰਕਾਸ਼ਿਤ ਕੀਤਾ ਗਿਆ ਹੈ। ਆਉਣ ਵਾਲੇ ਸਮੇਂ ਦੇ ਵਿੱਚ ਵੀ ਇਸ ਮੈਗਜੀਨ ਨੂੰ ਰਾਗ ਦਵੈਸ਼ ਤੋਂ ਨਿਰਲੇਪ ਰੱਖ ਕੇ ਅਦਵੈਤ ਸਿਧਾਂਤ ਉਪੱਰ ਜਾਰੀ ਰੱਖਣ ਦੀ ਪੂਰੀ-ਪੂਰੀ ਨਿਰੰਤਰ ਕੋਸ਼ਿਸ਼ ਜਾਰੀ ਰੱਖੀ ਜਾ ਰਹੀ ਹੈ। ਪ੍ਰਤੱਖ ਨੂੰ ਪ੍ਰਮਾਣ ਦੇਣ ਦੀ ਕੋਈ ਲੋੜ ਨਹੀਂ ਹੁੰਦੀ ਹੈ। ਇਸ ਰੂਹਾਨੀ ਪਤ੍ਰਿਕਾ ਨੂੰ ਸਾਰੇ ਹੀ ਮਜ਼ਬਾਂ ਸੰਪ੍ਰਦਾਵਾਂ ਦੇ ਜਗਿਆਸੂ ਪੜ੍ਹ ਕੇ ਆਪਣੇ ਜੀਵਨ ਅੰਦਰ ਅਮਲੀ ਜਾਮਾਂ ਪਹਿਨਾ ਰਹੇ ਹਨ।

**28** ਤੋਂ **31** ਅਕਤੂਬਰ ਤੱਕ ਹਰ ਸਾਲ ਹੀ ਗੁਰਦੁਆਰਾ ਈਸ਼ਰ ਪ੍ਰਕਾਸ਼ ਰਤਵਾੜਾ ਸਾਹਿਬ ਦੀ ਪਵਿੱਤਰ ਪਾਵਨ ਭੂਮੀ ਉਪੱਰ ਦੇਸ਼ਾਂ ਵਿਦੇਸ਼ਾਂ ਤੋਂ ਜਗਿਆਸੂ ਆ ਕੇ ਇਸ ਰੂਹਾਨੀ ਮਿਸ਼ਨ ਦੇ ਬਾਨੀ ਮਹਾਂਪੁਰਸ਼ਾਂ ਨੂੰ ਸ਼ਰਧਾ ਦੇ ਫੁੱਲ ਭੇਂਟ ਕਰ ਕੇ ਆਪਣੀ ਸ਼ਰਧਾਂਜਲੀ ਅਰਪਨ ਕਰਦੇ ਹਨ। ਸੱਚਖੰਡਵਾਸੀ ਸੰਤ ਮਹਾਰਾਜ ਜੀ ਰਤਵਾੜਾ ਸਾਹਿਬ ਵਾਲਿਆਂ ਨੇ **17** ਜੂਨ **1918** ਤੋਂ ਲੈ ਕੇ **31** ਅਕਤੂਬਰ **2001** ਤੱਕ ਇਸ ਮਾਤ ਲੋਕ ਦੀ ਸਰੀਰਕ ਯਾਤਰਾ ਕੀਤੀ ਹੈ। ਮਹਾਂਪੁਰਸ਼ਾਂ ਦੇ ਸਰੀਰ ਤੋਂ ਬਾਅਦ ਉਨ੍ਹਾਂ ਦੇ ਜੀਵਨ ਸਾਥੀ ਪਰਮ ਪੂਜਯ ਸਤਿਕਾਰਯੋਗ ਬੀਜੀ ਦੀ ਸਰਪ੍ਰਸਤੀ ਹੇਠ ਇਨ੍ਹਾਂ ਚਾਰ ਦਿਨ੍ਹਾਂ ਵਿੱਚ ਮਹਾਂਪੁਰਸ਼ਾਂ ਦਾ ਬਰਸੀ ਸਮਾਗਮ ਸੰਗਤਾਂ ਬਹੁਤ ਹੀ ਸ਼ਰਧਾ, ਪਿਆਰ ਸਤਿਕਾਰ ਨਾਲ ਮਨਾਉਂਦੀਆਂ ਚਲੀਆਂ ਆ ਰਹੀਆਂ ਹਨ। ਪ੍ਰਉਪਕਾਰੀ ਮਹਾਂਪੁਰਸ਼ਾਂ ਦੇ ਬਰਸੀ ਸਮਾਗਮ ਸਮੇਂ ਮੈਡੀਕਲ ਕੈਂਪ ਲਗਾ ਕੇ ਗੁਰਦੁਆਰਾ ਈਸ਼ਰ ਪ੍ਰਕਾਸ਼ ਰਤਵਾੜਾ ਸਾਹਿਬ ਦੀ ਪਾਵਨ ਭੂਮੀ ਉਪੱਰ 'ਸਰਬ ਰੋਗ ਕਾ ਅਉਖਦ ਨਾਮ' ਦੇ ਨਾਲ ਅਨੇਕਾਂ ਹੀ ਮਰੀਜਾਂ ਨੂੰ ਨਿਰੋਗੀ ਕਾਇਆ ਚੜ੍ਹਦੀ ਕਲਾਂ ਵਾਲਾ ਜੀਵਨ ਪ੍ਰਾਪਤ ਹੁੰਦਾ ਹੈ। ਇਸ ਬਰਸੀ ਸਮਾਗਮ ਉਪੱਰ ਸਾਧੂ ਸੰਤ ਸਬੁੱਧੀ ਜੀਵੀ ਗੁਰੂ ਘਰ ਦੇ ਕੀਰਤਨੀਏ ਜੋਗੀਸ਼ਵਰ ਅਤੇ ਹਜਾਰਾਂ ਦੀ ਤਾਦਾਦ ਵਿੱਚ ਜਗਿਆਸੂ ਦੇਸ਼ਾਂ ਵਿਦੇਸ਼ਾਂ ਤੋਂ ਪਹੁੰਚ ਰਹੇ ਹਨ। ਇਸ ਲਈ ਆਤਮ ਮਾਰਗ ਪਾਠਕਾਂ ਦੇ ਚਰਨਾਂ ਵਿੱਚ ਨਿਮਰਤਾ ਸਹਿਤ ਬੇਨਤੀ ਹੈ ਕਿ ਆਪੋ ਆਪਣੇ ਨੈਤਿਕ ਫਰਜ ਨੂੰ ਪਹਿਚਾਣਦੇ ਹੋਏ ਹੁਣ ਤੋਂ ਹੀ ਗੁਰਦੁਆਰਾ ਈਸ਼ਰ ਪ੍ਰਕਾਸ਼ ਰਤਵਾੜਾ ਸਾਹਿਬ ਵਿਖੇ ਮਹਾਂਪੁਰਸ਼ਾਂ ਦੇ ਨੌਵੇਂ ਬਰਸੀ ਸਮਾਗਮ ਉਪੱਰ ਪਹੁੰਚਣ ਵਾਸਤੇ ਤਿਆਰੀਆਂ ਅਰੰਭ ਕਰ ਦੇਣੀਆਂ ਚਾਹੀਦੀਆਂ ਹਨ। ਵਿਦੇਸ਼ਾਂ ਵਿੱਚ ਬੈਠੇ ਮਹਾਂਪੁਰਸ਼ਾਂ ਦੇ ਪ੍ਰੇਮੀਆਂ ਦੇ ਪਿਆਰ ਭਰੇ ਸੰਦੇਸ਼ੇ ਪਹੁੰਚ ਰਹੇ ਹਨ ਕਿ ਉਨ੍ਹਾਂ ਵੱਲੋਂ ਹਵਾਈ ਜਹਾਜ ਦੀਆਂ ਟਿਕਟਾਂ ਰਤਵਾੜਾ ਸਾਹਿਬ ਪਹੁੰਚਣ ਵਾਸਤੇ ਬੁੱਕ ਕਰਾ ਲਈਆਂ ਗਈਆਂ ਹਨ।

ਸਾਨੂੰ ਆਸ ਦੇ ਨਾਲ ਪੂਰਾ-ਪੂਰਾ ਵਿਸ਼ਵਾਸ਼ ਹੈ ਕਿ ਮਹਾਂਪੁਰਸ਼ਾਂ ਦੀ ਪ੍ਰੇਰਨਾਂ ਸ਼ਕਤੀ ਮੁਤਾਬਿਕ ਸੰਗਤਾਂ ਪਿਛਲੇ ਸਾਲਾਂ ਨਾਲੋਂ ਵੀ ਵੱਧ ਤੋਂ ਵੱਧ ਰਤਵਾੜਾ ਸਾਹਿਬ ਵਿਖੇ ਪਹੁੰਚ ਕੇ ਮਹਾਨ ਸਤਿਸੰਗ ਦਾ ਲਾਹਾ ਪ੍ਰਾਪਤ ਕਰਨਗੀਆਂ। ਸਾਰੇ ਹੀ 'ਆਤਮ ਮਾਰਗ' ਦੇ ਪਾਠਕ ਗੁਰੂ ਪਾਤਿਸ਼ਾਹ ਜੀ ਦੀਆਂ ਖੁਸ਼ੀਆਂ ਪ੍ਰਾਪਤ ਕਰਨ ਵਾਸਤੇ ਸ਼ਬਦ ਲੰਗਰ ਵਿੱਚ ਯੋਗਦਾਨ ਪਾਉਣ ਲਈ ਵੱਧ ਤੋਂ ਵੱਧ ਮੈਂਬਰ ਬਣਾਉਣ ਦੀ ਮਹਾਨ ਸੇਵਾ ਕਰਨਗੇ। ਸਤਿਸੰਗ ਸਮਾਗਮਾਂ ਉਪੱਰ ਨਿਸ਼ਕਾਮ ਪ੍ਰੇਮੀ ਆਪਣੀ ਸੇਵਾ ਗੁਰ-ਸ਼ਬਦ ਲੰਗਰ ਵਿੱਚ ਭੇਜ ਕੇ ਅੱਧੀ ਭੇਟਾ ਉਪੱਰ ਆਤਮ ਮਾਰਗ ਦੇ ਮੈਂਬਰ ਬਣਾਉਣ ਦੀ ਮਹਾਨ ਸੇਵਾ ਨਿਭਾਅ ਰਹੇ ਹਨ। ਗੁਰੂ ਪਤਿਸ਼ਾਹ ਜੀ ਸਾਰਿਆਂ ਨੂੰ ਹੀ ਚੜ੍ਹਦੀ ਕਲਾ ਨਾਮ ਦਾਨ ਦੀ ਬਖਸ਼ਿਸ਼ ਕਰਨ ਅਤੇ ਵੱਧ ਤੋਂ ਵੱਧ ਤਨ-ਮਨ-ਧਨ ਕਰਕੇ ਸੇਵਾ ਕਰਨ ਦਾ ਉਪਰਾਲਾ ਬਖਸ਼ਿਸ਼ ਕਰਨ ਜੀ।

# ਅਸੁਨਿ

***ਸੰਤ ਬਾਬਾ ਵਰਿਆਮ ਸਿੰਘ ਜੀ ਮਹਾਰਾਜ***
***ਰਤਵਾੜਾ ਸਾਹਿਬ***

*ਅਸੁਨਿ ਪ੍ਰੇਮ ਉਮਾਹੜਾ ਕਿਉ ਮਿਲੀਐ ਹਰਿ ਜਾਇ॥*
*ਮਨਿ ਤਨਿ ਪਿਆਸ ਦਰਸਨ ਘਣੀ*
*ਕੋਈ ਆਣਿ ਮਿਲਾਵੈ ਮਾਇ॥*
*ਸੰਤ ਸਹਾਈ ਪ੍ਰੇਮ ਕੇ ਹਉ ਤਿਨ ਕੈ ਲਾਗਾ ਪਾਇ॥*
*ਵਿਣੁ ਪ੍ਰਭ ਕਿਉ ਸੁਖੁ ਪਾਈਐ ਦੂਜੀ ਨਾਹੀ ਜਾਇ॥*
*ਜਿੰਨੀ ਚਾਖਿਆ ਪ੍ਰੇਮ ਰਸੁ ਸੇ ਤ੍ਰਿਪਤਿ ਰਹੇ ਆਘਾਇ॥*
*ਆਪੁ ਤਿਆਗਿ ਬਿਨਤੀ ਕਰਹਿ ਲੇਹੁ ਪ੍ਰਭੂ ਲੜਿ ਲਾਇ॥*
*ਜੋ ਹਰਿ ਕੰਤਿ ਮਿਲਾਈਆ*
*ਸਿ ਵਿਛੁੜਿ ਕਤਹਿ ਨ ਜਾਇ॥*
*ਪ੍ਰਭ ਵਿਣੁ ਦੂਜਾ ਕੋ ਨਹੀ ਨਾਨਕ ਹਰਿ ਸਰਣਾਇ॥*
*ਅਸੂ ਸੁਖੀ ਵਸੰਦੀਆ ਜਿਨਾ ਮਇਆ ਹਰਿ ਰਾਇ॥*

ਪਿਛਲਾ ਮਹੀਨਾ ਭਾਦਰੋਂ ਦਾ ਲੰਘ ਗਿਆ ਇਸ ਵਿਚ ਗੁਰੂ ਮਹਾਰਾਜ ਜੀ ਨੇ ਦੁਨੀਆਂ ਦੇ ਸਬੰਧਾਂ ਨੂੰ ਹੇਤ ਦਿਖਾਇਆ ਅਤੇ ਦੁਨੀਆਂ ਨਾਲ ਪਿਆਰ ਪਾਉਣ ਵਾਲੇ ਭੁੱਲੜਾਂ ਨੂੰ ਸੁਚੇਤ (ਵਾਰਨਿੰਗ) ਕੀਤਾ ਕਿ ਪਿਆਰਿਆ! ਜਦੋਂ ਜਮਾਂ ਦਾ ਤਕੜਾ ਹੱਥ ਪੈ ਗਿਆ, ਉਸ ਵੇਲੇ ਬੋਲਣ ਦਾ ਵੇਹਲ ਨਹੀਂ ਮਿਲਣਾ-

*ਇਕ ਰਤੀ ਬਿਲਮ ਨ ਦੇਵਨੀ ਵਣਜਾਰਿਆ ਮਿਤ੍ਰਾ*
*ਓਨੀ ਤਕੜੇ ਪਾਏ ਹਾਥ॥* ***ਅੰਗ*** *- 78*

ਕਿਸੇ ਨੂੰ ਭੇਤ ਨਹੀਂ ਮਿਲਣਾ, ਸਾਰਿਆਂ ਦੇ ਸਾਮ੍ਹਣੇ ਜੀਵ ਆਤਮਾ ਨੂੰ ਫੜ ਲਿਆ। ਜਿਨ੍ਹਾਂ ਦੇ ਨਾਲ ਪਰਚਿਆ ਰਿਹਾ- ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ, ਨਿੰਦਿਆ, ਚੁਗਲੀ, ਈਰਖਾ, ਵਖੀਲੀ; ਉਹ ਸਭ ਸਾਥ ਛੱਡ ਕੇ ਭੱਜ ਗਏ ਅਤੇ ਆਪਣੇ ਬੀਜੇ ਹੋਏ ਕਰਮਾਂ ਦਾ ਫਲ ਭੋਗਣ ਲਈ ਸੱਚ ਦੀ ਕਚਹਿਰੀ ਵਿਚ ਲਿਜਾਇਆ ਗਿਆ। ਪਰ ਨਾਲ ਹੀ ਗੁਰੂ ਮਹਾਰਾਜ ਜੀ ਨੇ ਇਸ ਡਾਵਾਂਡੋਲ ਹੋਏ ਜੀਵ ਨੂੰ ਦੱਸ ਦਿਤਾ ਕਿ ਪ੍ਰਭੂ ਦੇ ਚਰਨਾਂ ਦਾ ਜਹਾਜ਼ ਬੋਹਿਥਾ ਉਛਾਲੇ ਮਾਰਦੇ ਅਗਨ ਸਾਗਰ ਨੂੰ ਪਾਰ ਕਰਾਉਣ ਲਈ ਸਮਰੱਥ ਹੈ ਅਤੇ ਕ੍ਰਿਪਾ ਕਰਕੇ ਇਹ ਵੀ ਭੇਤ ਦੀ ਗੱਲ ਦੱਸ ਦਿਤੀ ਕਿ ਨਰਕਾਂ ਵਿਚ ਓਹੀ ਜਾਂਦੇ ਹਨ ਜਿਨ੍ਹਾਂ ਦਾ ਪਿਆਰ ਮਾਇਆ ਦੇ ਛਲਾਵਿਆਂ, ਭੁਲਾਵਿਆਂ ਵਿਚ ਪਰਚਿਆ ਰਹਿੰਦਾ ਹੈ। ਉਹ ਪਿਆਰ ਬਿਨਸ ਜਾਂਦਾ ਹੈ, ਨਾਲ ਨਹੀਂ ਜਾਂਦਾ ਪਰ ਇਸ ਦੇ ਵਿਪਰੀਤ ਸਮਰੱਥ ਗੁਰੂ ਦਾ ਪਿਆਰ ਇਸਨੂੰ ਭਵਜਲ ਵਿਚ ਡੁੱਬਣ ਨਹੀਂ ਦਿੰਦਾ। ਸਾਰਾ ਮਹੀਨਾ ਭਾਦਰੋਂ ਦੇ ਹੁੱਸੜਾਂ ਵਿਚ ਇਹ ਸੋਚਦਾ ਰਿਹਾ ਕਿ ਗੁਰੂ ਦਾ ਪਿਆਰ ਕਿਥੋਂ ਮਿਲੇ, ਗੁਰੂ ਕਿਥੋਂ ਮਿਲੇ? ਅਰਦਾਸਾਂ ਕਰਦਾ ਰਿਹਾ ਕਿ ਹੇ ਪ੍ਰਭੂ! ਕ੍ਰਿਪਾ ਕਰ, ਮੈਨੂੰ ਕੋਈ ਮੇਲ, ਕੋਈ ਰਸਕ ਬੈਰਾਗੀ ਪਿਆਰਾ ਜਿਹੜਾ ਤੇਰਾ ਹੀ ਰੂਪ ਬਣ ਚੁੱਕਿਆ ਹੋਵੇ। ਅਰਦਾਸ ਸੁਣੀ ਗਈ, ਪੂਰੇ ਸਤਿਗੁਰੂ ਦਾ ਮੇਲ ਹੋ ਗਿਆ। ਗੁਰੂ ਨੇ ਉਹ ਮੰਤਰ ਦੇ ਦਿਤਾ ਜਿਸ ਦਾ ਜਾਪ ਕਰਨ ਨਾਲ ਹਉਮੈ ਦਾ ਹਨੇਰ੍ਹਾ ਪੂਰੀ ਤਰ੍ਹਾਂ ਨਾਲ ਦੂਰ ਹੋ ਜਾਂਦਾ ਹੈ ਅਤੇ ਇਹ ਜੀਵ ਵੇਖ ਲਵੇ ਕਿ ਮੈਂ ਕੀ ਹਾਂ, ਮੈਂ ਕੌਣ ਹਾਂ। ਨਾਲ ਹੀ ਸਮਰੱਥ ਗੁਰੂ ਨੇ ਆਦੇਸ਼ ਦਿਤਾ ਕਿ ਐ ਭੁੱਲੜ ਜੀਵ! ਤੂੰ ਝੂਠਿਆਂ ਦੀ, ਕੱਚਿਆਂ ਦੀ ਸੰਗਤ ਛੱਡ ਦੇਹ ਅਤੇ ਪਿਆਰ ਕਰ - ਉਨ੍ਹਾਂ ਰੰਗ ਰੱਤੜਿਆਂ ਨੂੰ ਜਿਹੜੇ ਮੇਰੇ ਨਾਲ ਸਦਾ ਹੀ ਜੁੜੇ ਰਹਿੰਦੇ ਹਨ, ਅਭੇਦ ਰਹਿੰਦੇ ਹਨ ਤੇ ਜਿਨ੍ਹਾਂ ਨੂੰ ਅਸੀਂ ਸੰਤ ਕਹਿ ਕੇ ਨਿਵਾਜਦੇ ਹਾਂ। ਉਹ ਤੇਰੇ ਨਾਲ ਏਥੇ ਵੀ ਨਿਭਣਗੇ ਅਤੇ ਦਰਗਾਹ ਵਿਚ ਵੀ ਨਿਭਣਗੇ -

*ਨਾਨਕ ਕਚੜਿਆ ਸਿਉ ਤੋੜਿ*
*ਢੂਢਿ ਸਜਣ ਸੰਤ ਪਕਿਆ॥*
*ਓਇ ਜੀਵੰਦੇ ਵਿਛੁੜਹਿ ਓਇ ਮੁਇਆ ਨ ਜਾਹੀ ਛੋੜਿ॥*
***ਅੰਗ*** *- 1102*

ਅਜਿਹੇ ਰੰਗ ਰੱਤੜੇ, ਪ੍ਰਭੂ ਦਾ ਪਿਆਰ ਰੋਮ-ਰੋਮ ਵਿਚ ਪ੍ਰਵੇਸ਼ ਕਰ ਦਿੰਦੇ ਹਨ। ਆਪਣੇ ਪ੍ਰਭੂ ਦੀਆਂ ਕਥਾਵਾਂ ਦੱਸ-ਦੱਸ ਕੇ ਮਾਇਆ ਦੇ ਪਿਆਰ ਵਿਚੋਂ ਕੱਢ ਦਿੰਦੇ ਹਨ। ਹੁਣ ਜਗਿਆਸਾ ਪੂਰੇ ਵੇਗ ਨਾਲ ਜਾਗੀ, ਇਕ ਉਮਾਹ ਜਾਗ ਪਿਆ, ਹਿਰਦੇ ਵਿਚ ਇਕ ਕਾਂਗ ਉਠੀ, ਲਹਿਰ ਵਧਦੀ ਹੀ ਗਈ, ਮਿਲਣ ਦੀ ਲੋਚਾ ਨੇ ਖਿੱਚ ਪਾਈ, ਬਿਰਹੁ ਜਾਗ ਪਿਆ, ਨੈਣਾਂ ਦੇ ਵਿਚ ਨੀਰ ਵਗਣ ਲੱਗ ਗਿਆ ਅਤੇ ਤਰਲਾ ਲੈ ਰਿਹਾ ਹੈ -

*ਹਰਿ ਹਰਿ ਸਜਣੁ ਮੇਰਾ ਪ੍ਰੀਤਮੁ ਰਾਇਆ॥*
*ਕੋਈ ਆਣਿ ਮਿਲਾਵੈ ਮੇਰੇ ਪ੍ਰਾਣ ਜੀਵਾਇਆ॥*
*ਹਉ ਰਹਿ ਨ ਸਕਾ ਬਿਨੁ ਦੇਖੇ ਪ੍ਰੀਤਮਾ*
*ਮੈ ਨੀਰੁ ਵਹੇ ਵਹਿ ਚਲੈ ਜੀਉ॥*
*ਸਤਿਗੁਰੁ ਮਿਤ੍ਰੁ ਮੇਰਾ ਬਾਲ ਸਖਾਈ॥*
*ਹਉ ਰਹਿ ਨ ਸਕਾ ਬਿਨੁ ਦੇਖੇ ਮੇਰੀ ਮਾਈ॥*
*ਹਰਿ ਜੀਉ ਕ੍ਰਿਪਾ ਕਰਹੁ ਗੁਰੁ ਮੇਲਹੁ*
*ਜਨ ਨਾਨਕ ਹਰਿ ਧਨੁ ਪਲੈ ਜੀਉ॥* ***ਅੰਗ*** *- 94*

ਅੰਦਰ ਬਿਰਹੁ ਦੀ ਪੀੜ ਜਾਗ ਗਈ। ਮਾਇਆ ਦੇ ਭੁੱਲੇ ਹੋਏ ਜੀਵ ਕੀ ਜਾਨਣ - ਇਸ ਬਿਰਹੁ ਦੀ ਪੀੜ ਨੂੰ? ਪਿਆਰ ਦੇ ਬਾਣਾਂ ਨੇ ਘਾਇਲ ਕਰ ਦਿਤਾ। ਮੱਛੀ ਵਾਂਗੂੰ ਤੜਫ ਰਿਹਾ ਹੈ- ਬਿਨਾਂ ਪਾਣੀ ਤੋਂ -

*ਹਰਿ ਦਰਸਨ ਕਉ ਮੇਰਾ ਮਨੁ ਬਹੁ ਤਪਤੈ*
*ਜਿਉ ਤ੍ਰਿਖਾਵੰਤੁ ਬਿਨੁ ਨੀਰ॥*
*ਮੇਰੈ ਮਨਿ ਪ੍ਰੇਮੁ ਲਗੋ ਹਰਿ ਤੀਰ॥*
*ਹਮਰੀ ਬੇਦਨ ਹਰਿ ਪ੍ਰਭੁ ਜਾਨੈ*
*ਮੇਰੇ ਮਨ ਅੰਤਰ ਕੀ ਪੀਰ॥* ***ਅੰਗ*** *- 862*

ਨਿਤ ਅੰਦਰੋਂ ਸੰਦੇਸ਼ੇ ਭੇਜੇ ਜਾਂਦੇ ਹਨ - ਆਪਣੇ ਪਿਆਰੇ ਨੂੰ। ਪਰ ਕੋਈ ਉੱਤਰ ਨਹੀਂ ਆ ਰਿਹਾ। ਸ਼ਾਇਦ ਕੋਈ ਸੰਦੇਸ਼ਾ ਪਹੁੰਚਾਉਣ ਵਾਲਾ ਵਿਚੋਲਾ ਨਾ ਮਿਲ ਸਕਿਆ ਹੋਵੇ; ਤੜਫ

ਹੈ ਅੰਦਰ। ਵੱਡੀ ਤੋਂ ਵੱਡੀ ਭੇਟਾ ਕਰਨ ਨੂੰ ਤਿਆਰ ਹੈ – ਬਿਰਹੁ ਕੁਠੀ ਰੂਹ –

*ਹਉ ਮਨੁ ਅਰਪੀ ਸਭੁ ਤਨੁ ਅਰਪੀ ਅਰਪੀ ਸਭਿ ਦੇਸਾ॥*
*ਹਉ ਸਿਰੁ ਅਰਪੀ ਤਿਸੁ ਮੀਤ ਪਿਆਰੇ*
*ਜੋ ਪ੍ਰਭ ਦੇਇ ਸਦੇਸਾ॥* **ਅੰਗ** - *247*

ਬਿਰਹੁ ਕੁੱਠੀ ਰੂਹ ਨੂੰ ਹੱਕ ਦੀ ਅਵਾਜ਼ ਸੁਣਾਈ ਦਿਤੀ, ਸੱਚ ਦੇ ਬੋਲ ਪ੍ਰਗਟ ਹੋਏ ਕਿ ਤੇਰੀ ਆਵਾਜ਼ ਉਸ ਪਿਆਰੇ ਤਕ ਨਹੀਂ ਪਹੁੰਚਦੀ ਕਿਉਂਕਿ ਤੂੰ ਆਪ ਹੀ ਇਕ ਕੰਧ ਆਪਣੇ ਆਪ ਨੂੰ ਵਖਰਾ ਰੱਖ ਕੇ ਬਣਾ ਲਈ। ਜਿਸਨੂੰ ਤੂੰ ਮਿਲਣਾ ਚਾਹੁੰਦਾ ਹੈਂ, ਉਹ ਤਾਂ ਬਿਲਕੁਲ ਤੇਰੇ ਨਾਲ ਹੈ ਪਰ ਤੇਰੀ ਕੰਧ ਨਾ ਉਸ ਦੇ ਦਰਸ਼ਨ ਹੋਣ ਦਿੰਦੀ ਹੈ ਅਤੇ ਨਾ ਹੀ ਤੇਰੀ ਅਵਾਜ਼ ਇਸ ਕਰੜੀ ਵਲਗਣ ਤੋਂ ਬਾਹਰ ਜਾਣ ਦਿੰਦੀ ਹੈ –

*ਹਉ ਹਉ ਭੀਤਿ ਭਇਓ ਹੈ ਬੀਚੋ*
*ਸੁਨਤ ਦੇਸਿ ਨਿਕਟਾਇਓ॥*
*ਭਾਂਭੀਰੀ ਕੇ ਪਾਤ ਪਾਰਦੋ ਬਿਨੁ ਪੇਖੇ ਦੂਰਾਇਓ॥*
**ਅੰਗ** - *624*

ਤੂੰ ਪੂਰੇ ਗੁਰੂ ਦੀ ਸ਼ਰਨ ਲੈ, ਉਸਦੀ ਮਿਹਰ ਬਿਨਾਂ ਤੈਨੂੰ ਮਿਲਾਪ ਨਹੀਂ ਹੋ ਸਕਣਾ। ਉਸ ਦੀ ਕ੍ਰਿਪਾ ਮੰਗ, ਉਸ ਦੇ ਚਰਨ ਸੇਵ। ਉਹ ਤੇਰੇ ਤੇ ਤਰੁਠੇਗਾ ਤੇ ਇਸ ਕੰਧ ਨੂੰ ਤੋੜ ਦੇਵੇਗਾ। ਤੈਨੂੰ ਸੱਚ ਦੀ ਗੱਲ ਦਾ ਇਕ ਭੇਤ ਦਿਤਾ ਜਾਂਦਾ ਹੈ, ਇਸ ਨੂੰ ਸਮਝ –

*ਧਨ ਪਿਰ ਕਾ ਇਕ ਹੀ ਸੰਗਿ ਵਾਸਾ*
*ਵਿਚਿ ਹਉਮੈ ਭੀਤਿ ਕਰਾਰੀ॥*
*ਗੁਰਿ ਪੂਰੈ ਹਉਮੈ ਭੀਤਿ ਤੋਰੀ*
*ਜਨ ਨਾਨਕ ਮਿਲੇ ਬਨਵਾਰੀ॥* **ਅੰਗ** - *1263*

ਗੁਰੂ ਦਇਆਲ ਹੋ ਗਿਆ –

*ਭਇਓ ਕਿਰਪਾਲੁ ਸਰਬ ਕੋ ਠਾਕੁਰੁ*
*ਸਗਰੋ ਦੂਖੁ ਮਿਟਾਇਓ॥*
*ਕਹੁ ਨਾਨਕ ਹਉਮੈ ਭੀਤਿ ਗੁਰਿ ਖੋਈ*
*ਤਉ ਦਇਆਰੁ ਬੀਠਲੋ ਪਾਇਓ॥* **ਅੰਗ** - *624*

ਧੰਨ ਹਨ ਉਹ ਜਿਨ੍ਹਾਂ ਦੇ ਮਨ ਵਿਚ ਲੋਚਾ ਲਗ ਗਈ। ਦਰਸ਼ਨ ਦੀ ਲੋਚਾ ਲਗ ਜਾਣੀ ਹੀ ਮਿਹਰ ਹੈ। ਉਹ ਜਿਉਂਦਾ ਹੈ ਜਿਸ ਦੇ ਅੰਦਰ ਪਿਆਰ ਦੀ ਰੌ ਰੁਮਕਦੀ ਹੈ। ਦਰਸ਼ਨ ਦੀ ਲੋਚਾ ਦੇ ਵਿਚ ਉਡੀਕਵਾਨ ਰਹਿੰਦਾ ਹੈ।

*ਜਿਸੁ ਜਨ ਕਉ ਪ੍ਰਭ ਦਰਸ ਪਿਆਸਾ॥*
*ਨਾਨਕ ਤਾ ਕੈ ਬਲਿ ਬਲਿ ਜਾਸਾ॥* **ਅੰਗ** - *266*

ਦਰਸ਼ਨ ਦੀ ਪਿਆਸ ਵਾਲਾ ਜਿਉਂਦਿਆਂ ਵਿਚ ਗਿਣਿਆ ਜਾਂਦਾ ਹੈ। ਉਸ ਦੇ ਅੰਦਰ ਪਿਆਰ ਦੀ ਰੌ ਰੁਮਕਦੀ ਹੈ, ਉਸਨੂੰ ਹੋਰ ਕਿਸੇ ਕਿਸਮ ਦੀ ਲੋਚਾ ਨਹੀਂ ਹੈ। ਉਹ ਜਿਉਂਦਾ ਹੈ, ਸੰਸਾਰ ਮੁਰਦਾ ਹੈ – ਪਿਆਰ ਬਿਨਾਂ –

*ਅਤਿ ਸੁੰਦਰ ਕੁਲੀਨ ਚਤੁਰ ਮੁਖਿ ਙਿਆਨੀ ਧਨਵੰਤ॥*
*ਮਿਰਤਕ ਕਹੀਅਹਿ ਨਾਨਕਾ ਜਿਹ ਪ੍ਰੀਤਿ ਨਹੀ ਭਗਵੰਤ॥*
**ਅੰਗ** - *253*

ਉਹ ਆਪਣੇ ਪਿਆਰੇ ਦੇ ਦਰਸ਼ਨ ਲਈ, ਜੋ ਕੁਝ ਵੀ ਉਸ ਦੇ ਪਾਸ ਹੈ, ਉਹ ਅਰਪਣ ਕਰਨ ਨੂੰ ਤਿਆਰ ਹੈ –

*ਜਪ ਤਪ ਸੰਜਮ ਪੁੰਨ ਸਭਿ ਹੋਮਉ*
*ਤਿਸੁ ਅਰਪਉ ਸਭਿ ਸੁਖ ਜਾਂਈ॥*
*ਏਕ ਨਿਮਖ ਪ੍ਰਿਅ ਦਰਸੁ ਦਿਖਾਵੈ*
*ਤਿਸੁ ਸੰਤਨ ਕੈ ਬਲਿ ਜਾਂਈ॥*
*ਕਰਉ ਨਿਹੋਰਾ ਬਹੁਤੁ ਬੇਨਤੀ*
*ਸੇਵਉ ਦਿਨੁ ਰੈਨਾਈ॥*
*ਮਾਨੁ ਅਭਿਮਾਨੁ ਹਉ ਸਗਲ ਤਿਆਗਉ*
*ਜੋ ਪ੍ਰਿਅ ਬਾਤ ਸੁਨਾਈ॥* **ਅੰਗ** - *1207*

ਭਾਈ ਗੁਰਦਾਸ ਜੀ ਨੇ ਵਿਜੋਗਣ ਦੇ ਦਿਲ ਦੀ ਹੂਕ ਨੂੰ ਵਰਣਨ ਕਰਦਿਆਂ ਅੰਕਿਤ ਕੀਤਾ ਹੈ ਕਿ –

*ਬਾਯਸ ਉਡਹ ਬਲ ਜਾਉ ਬੇਗ ਮਿਲੌਂ ਪੀਯ*
*ਮਿਟੈ ਦੁਖ ਰੋਗੁ ਸੋਗੁ ਬਿਰਹ ਬਿਜੋਗ ਕੋ॥*
*ਅਵਧ ਬਿਕਟ ਕਟੈ ਕਪਟ ਅੰਤਰਿ ਪਟੁ*
*ਦੇਖਉ ਦਿਨ ਪ੍ਰੇਮ ਰਸ ਸਹਜ ਸੰਜੋਗ ਕੋ।*
*ਲਾਲ ਨ ਆਵਤ ਸ਼ੁਭ ਲਗਨ ਸਗਨ ਭਲੇ*
*ਹੋਇ ਨ ਬਿਲੰਭ ਕਛੁ ਭੇਦੁ ਬੇਦ ਲੋਕ ਕੋ।*
*ਅਤਿਹਿ ਆਤੁਰ ਭਈ ਅਧਿਕ ਔਸੇਰ ਲਾਗੀ।*
*ਧੀਰਜ ਨ ਧਰੋ ਖੋਜੌਂ ਧਾਰਿ ਭੇਖ ਜੋਗ॥*
***ਕਬਿੱਤ ਭਾਈ ਗੁਰਦਾਸ ਜੀ***

ਸੋ ਮਿਲਾਪ ਵਾਸਤੇ ਹੁਣ ਅੱਸੂ ਦੇ ਇਸ ਮਹੀਨੇ ਵਿਚ ਉਮਾਹ ਉਠ ਖੜ੍ਹਾ ਹੋਇਆ। ਇਸ ਖਿੱਚ ਦਾ ਵਰਣਨ ਸਖੀਆਂ ਸਹੇਲੀਆਂ ਨਾਲ ਕਰਦਿਆਂ ਦੱਸਦੇ ਹਨ –

*ਸਖੀ ਸਹੇਲੀ ਗਰਬਿ ਗਹੇਲੀ॥*
*ਸੁਣਿ ਸਹ ਕੀ ਇਕ ਬਾਤ ਸੁਹੇਲੀ॥*
*ਜੋ ਮੈ ਬੇਦਨ ਸਾ ਕਿਸੁ ਆਖਾ ਮਾਈ॥*
*ਹਰਿ ਬਿਨੁ ਜੀਉ ਨ ਰਹੈ ਕੈਸੇ ਰਾਖਾ ਮਾਈ॥*
*ਹਉ ਦੋਹਾਗਣਿ ਖਰੀ ਰੰਞਾਣੀ॥*
*ਗਇਆ ਸੁ ਜੋਬਨੁ ਧਨ ਪਛੁਤਾਣੀ॥*
*ਤੂ ਦਾਨਾ ਸਾਹਿਬੁ ਸਿਰਿ ਮੇਰਾ॥*
*ਖਿਜਮਤਿ ਕਰੀ ਜਨੁ ਬੰਦਾ ਤੇਰਾ॥*
*ਭਣਤਿ ਨਾਨਕੁ ਅੰਦੇਸਾ ਏਹੀ॥*
*ਬਿਨੁ ਦਰਸਨ ਕੈਸੇ ਰਵਉ ਸਨੇਹੀ॥* **ਅੰਗ** - *990*

ਤਰਲਾ ਹੈ ਦਰਸ਼ਨ ਦੇਖਣ ਦਾ –

*ਅਸੁਨਿ ਪ੍ਰੇਮ ਉਮਾਹੜਾ ਕਿਉ ਮਿਲੀਐ ਹਰਿ ਜਾਇ॥*
*ਮਨਿ ਤਨਿ ਪਿਆਸ ਦਰਸਨ ਘਣੀ*
*ਕੋਈ ਆਣਿ ਮਿਲਾਵੈ ਮਾਇ॥* **ਅੰਗ** - *134*

ਹੈ ਕੋਈ ਸੰਸਾਰ ਦੇ ਅੰਦਰ, ਮਾਇਆ ਦੇ ਮੰਡਲ ਵਿਚ ਜਿਹੜਾ ਸਹਾਇਤਾ ਕਰ ਸਕਦਾ ਹੋਵੇ ਤੇ ਮਿਲਾਪ ਕਰਾ ਦੇਵੇ? ਮਾਇਆ ਦੇ ਮੋਹੇ ਹੋਏ ਸਾਰੇ ਮੁਰਦੇ ਹਨ। ਜੀਵਨ ਰੌ ਉਨ੍ਹਾਂ ਵਿਚ ਰੁਮਕ ਨਹੀਂ ਰਹੀ। ਅੰਨ, ਪਾਣੀ ਨਾਲ ਸਰੀਰ ਚਲ ਰਹੇ ਹਨ।

ਮੁਰਦਿਆਂ ਤੋਂ ਕੀ ਆਸ ਹੈ ਕਿ ਉਹ ਮਿਲਾਪ ਕਰਾ ਦੇਣ?

*ਸੋ ਜੀਵਿਆ ਜਿਸੁ ਮਨਿ ਵਸਿਆ ਸੋਇ।।*
*ਨਾਨਕ ਅਵਰੁ ਨ ਜੀਵੈ ਕੋਇ।।*
*ਜੇ ਜੀਵੈ ਪਤਿ ਲਥੀ ਜਾਇ।।*
*ਸਭੁ ਹਰਾਮੁ ਜੇਤਾ ਕਿਛੁ ਖਾਇ।।* ***ਅੰਗ** - 142*

ਇਨ੍ਹਾਂ ਨੇ ਕੀ ਮੇਲਣਾ ਹੋਇਆ। ਮੇਲਦੇ ਉਹ ਹਨ ਜਿਹੜੇ ਆਪ ਮਿਲੇ ਹੋਏ ਹਨ, ਜਿਹੜੇ ਆਪਣਾ ਆਪ ਤਿਆਗ ਕੇ ਪ੍ਰਭੂ ਦਾ ਰੂਪ ਬਣ ਗਏ ਹਨ ਜਿਨ੍ਹਾਂ ਬਾਰੇ ਫੁਰਮਾਨ ਹੈ -

*ਜਿਨਾ ਨ ਵਿਸਰੈ ਨਾਮੁ ਸੇ ਕਿਨੇਹਿਆ।।*
*ਭੇਦੁ ਨ ਜਾਣਹੁ ਮੂਲਿ ਸਾਂਈ ਜੇਹਿਆ।।* ***ਅੰਗ** - 397*

ਉਨ੍ਹਾਂ ਨੂੰ ਕੀ ਆਖਿਆ ਜਾਵੇ? ਗੁਰੂ ਮਹਾਰਾਜ ਜੀ ਫੁਰਮਾਨ ਕਰਦੇ ਹਨ ਕਿ ਉਹ ਮੇਰੇ ਪਿਆਰੇ ਸੰਤ ਹਨ। ਉਹ ਮੈਨੂੰ ਕਦੇ ਨਹੀਂ ਭੁੱਲਦੇ ਅਤੇ ਮੇਰੇ ਨਾਲ ਅਭੇਦ ਹੋਏ ਹੋਏ ਮੇਰਾ ਹੀ ਰੂਪ ਬਣ ਗਏ ਹਨ -

*ਦਾਸ ਅਨਿੰਨ ਮੇਰੋ ਨਿਜ ਰੂਪ।।* ***ਅੰਗ** - 1252*

*ਜਿਨਾ ਸਾਸਿ ਗਿਰਾਸਿ ਨ ਵਿਸਰੈ ਹਰਿ ਨਾਮਾਂ ਮਨਿ ਮੰਤੁ।।*
*ਧੰਨੁ ਸਿ ਸੇਈ ਨਾਨਕਾ ਪੂਰਨੁ ਸੋਈ ਸੰਤੁ।।* ***ਅੰਗ** - 319*

ਪਿਆਰਿਆ! ਗਿਣਤੀ ਛੱਡ ਦੇਹ। ਤੈਨੂੰ ਗੁਰੂ ਬਾਰ-ਬਾਰ ਅਜਿਹੇ ਅਭੇਦ ਪੁਰਸ਼ਾਂ ਦੀ ਦੱਸ ਪਾਉਂਦੇ ਹਨ, ਭੇਜਦੇ ਹਨ ਤੈਨੂੰ ਉਨ੍ਹਾਂ ਕੋਲ ਜਿਹੜੇ ਮਿਲਾ ਸਕਦੇ ਹਨ; ਆਪ ਮਿਲੇ ਹੋਏ ਹਨ। ਮਿਲਣ ਤੋਂ ਬਿਨਾਂ ਸੁਖ ਨਹੀਂ ਅਤੇ ਹੋਰ ਕੋਈ ਥਾਂ ਵੀ ਐਸੀ ਨਹੀਂ ਜਿਥੇ ਸੁਖ ਟੋਲ ਲਿਆ ਜਾਵੇ।

*ਸੰਤ ਸਹਾਈ ਪ੍ਰੇਮ ਕੇ ਹਉ ਤਿਨ ਕੈ ਲਾਗਾ ਪਾਇ।।*
*ਵਿਣੁ ਪ੍ਰਭ ਕਿਉ ਸੁਖੁ ਪਾਈਐ ਦੂਜੀ ਨਾਹੀ ਜਾਇ।।*
*ਜਿੰਨੀ ਚਾਖਿਆ ਪ੍ਰੇਮ ਰਸੁ ਸੇ ਤ੍ਰਿਪਤਿ ਰਹੇ ਆਘਾਇ।।*
***ਅੰਗ** - 135*

ਗੁਰੂ ਮਹਾਰਾਜ ਜੀ ਫੁਰਮਾਨ ਕਰਦੇ ਹਨ ਕਿ ਇਹ ਪ੍ਰੇਮ ਰਸ ਕਿਵੇਂ ਪ੍ਰਾਪਤ ਕਰ ਸਕਦਾ ਹੈ ਅਤੇ ਨਾਲ ਹੀ ਕਹਿੰਦੇ ਹਨ ਤੁਸੀਂ ਜਾਓ, ਪੁਛੋ ਉਨ੍ਹਾਂ ਨੂੰ ਜਿਨ੍ਹਾਂ ਨੇ ਪ੍ਰੇਮ ਦਾ ਰਸ ਮਾਣਿਆ ਹੈ। ਇਹ ਪ੍ਰੇਮ ਦਾ ਰਸ ਮਿਲਦਾ ਕਿਥੋਂ ਹੈ?

*ਰਸੁ ਅੰਮ੍ਰਿਤੁ ਨਾਮੁ ਰਸੁ ਅਤਿ ਭਲਾ*
*ਕਿਤੁ ਬਿਧਿ ਮਿਲੈ ਰਸੁ ਖਾਇ।।*
*ਜਾਇ ਪੁਛਹੁ ਸੋਹਾਗਣੀ*
*ਤੁਸਾ ਕਿਉ ਕਰਿ ਮਿਲਿਆ ਪ੍ਰਭੁ ਆਇ।।*
*ਓਇ ਵੇਪਰਵਾਹ ਨ ਬੋਲਨੀ*
*ਹਉ ਮਲਿ ਮਲਿ ਧੋਵਾ ਤਿਨ ਪਾਇ।।*
*ਭਾਈ ਰੇ ਮਿਲਿ ਸਜਣ ਹਰਿ ਗੁਣ ਸਾਰਿ।।*
*ਸਜਣੁ ਸਤਿਗੁਰੁ ਪੁਰਖੁ ਹੈ ਦੁਖੁ ਕਢੈ ਹਉਮੈ ਮਾਰਿ।।*
*ਗੁਰਮੁਖੀਆ ਸੋਹਾਗਣੀ ਤਿਨ ਦਇਆ ਪਈ ਮਨਿ ਆਇ।।*
*ਸਤਿਗੁਰ ਵਚਨੁ ਰਤੰਨੁ ਹੈ ਜੋ ਮੰਨੇ ਸੁ ਹਰਿ ਰਸੁ ਖਾਇ।।*
***ਅੰਗ** - 41*

ਭੇਤ ਦੇ ਦਿਤਾ ਉਨ੍ਹਾਂ ਨੇ ਕਿ ਸਤਿਗੁਰੂ ਦਾ ਜੋ ਬਚਨ ਹੈ ਜੋ ਉਸਨੂੰ ਕਮਾਉਂਦਾ ਹੈ, ਮੰਨਦਾ ਹੈ ਉਸਨੂੰ ਹਰਿ ਰਸ ਪ੍ਰਾਪਤ ਹੋ ਜਾਂਦਾ ਹੈ। ਭਾਗਾਂ ਵਾਲੇ ਹਨ, ਜਿਨ੍ਹਾਂ ਨੂੰ ਗੁਰੂ ਦੇ ਭਾਣੇ ਵਿਚ ਇਸ ਰਸ ਦੀ ਪ੍ਰਾਪਤੀ ਹੋ ਜਾਂਦੀ ਹੈ -

*ਸੇ ਵਡਭਾਗੀ ਵਡ ਜਾਣੀਅਹਿ*
*ਜਿਨ ਹਰਿ ਰਸੁ ਖਾਧਾ ਗੁਰ ਭਾਇ।।* ***ਅੰਗ** - 41*

ਇਹ ਰਸ ਝਿਮ-ਝਿਮ ਕਰਕੇ ਸਦਾ ਹੀ ਗੁਰਮੁਖਾਂ ਦੇ ਹਿਰਦਿਆਂ ਵਿਚ ਵਰਸਦਾ ਹੈ। ਇਸ ਦੀ ਵਰਖਾ ਸਾਰੇ ਵਣਾਂ, ਪਹਾੜਾਂ, ਥਲਾਂ, ਸਮੁੰਦਰਾਂ ਉਤੇ ਹਰ ਸਮੇਂ ਹੋ ਰਹੀ ਹੈ।

*ਇਹੁ ਹਰਿ ਰਸੁ ਵਣਿ ਤਿਣਿ ਸਭਤੁ ਹੈ*
*ਭਾਗਹੀਣ ਨਹੀ ਖਾਇ।।*
*ਬਿਨੁ ਸਤਿਗੁਰ ਪਲੈ ਨਾ ਪਵੈ ਮਨਮੁਖ ਰਹੇ ਬਿਲਲਾਇ।।*
***ਅੰਗ**- 41*

ਉਹ ਕਿਉਂ ਵਿਰਲਾਪ ਕਰਦੇ ਹਨ। ਕਿਉਂਕਿ ਮਾਇਆ ਦੀ ਅਗਨ ਉਨ੍ਹਾਂ ਨੂੰ ਦਿਨ ਰਾਤ ਸਾੜ ਰਹੀ ਹੈ ਅਤੇ ਵਿਸ਼ਟਾ ਦੇ ਕੀੜਿਆਂ ਵਾਂਗੂੰ ਕੁਰਬਲ-ਕੁਰਬਲ ਕਰ ਰਹੇ ਹਨ। ਮੋਤੀਆਂ ਦੇ ਮੰਦਰ ਰਤਨਾਂ ਨਾਲ ਜੜੇ ਹੋਏ, ਮਨ ਮੋਹਣ ਵਾਲੀਆਂ ਇਸਤ੍ਰੀਆਂ, ਸੁੰਦਰ ਸੇਜਾਂ, ਰਿੱਧੀਆਂ-ਸਿੱਧੀਆਂ, ਮਸ਼ਹੂਰੀਆਂ, ਰਾਜਸੀ ਸ਼ਕਤੀਆਂ, ਰਾਜਸੀ ਪ੍ਰਾਪਤੀਆਂ ਇਹ ਕੁਝ ਵੀ ਨਹੀਂ ਸਾਰ ਰਹੀਆਂ। ਹਿਰਦਾ ਜਲ ਰਿਹਾ ਹੈ, ਹਾਇ-ਹਾਇ ਦੀ ਅਵਾਜ਼ ਸੁਣਦੀ ਹੈ ਕਿਉਂਕਿ ਗੁਰੂ ਨੇ ਨਾਮ ਰਸ ਦੀ ਸੋਝੀ ਬਾਰੇ ਦੱਸਿਆ ਹੈ -

*ਹਰਿ ਬਿਨੁ ਜੀਉ ਜਲਿ ਬਲਿ ਜਾਉ।।*
*ਮੈ ਆਪਣਾ ਗੁਰੁ ਪੂਛਿ ਦੇਖਿਆ ਅਵਰੁ ਨਾਹੀ ਥਾਉ।।*
***ਅੰਗ** - 14*

ਸੋ ਇਹ ਭਾਗਹੀਣ ਵਿਰਲਾਪ ਕਰ ਰਹੇ ਹਨ। ਉਨ੍ਹਾਂ ਦਾ ਪਿਆਰ ਸਤਿਗੁਰੂ ਨਾਲ ਨਹੀਂ, ਮਾਇਆ ਨਾਲ ਹੈ। ਸਤਿਗੁਰੂ ਤੇ ਸ਼ਰਧਾ ਨਹੀਂ ਲਿਆਉਂਦਾ। ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ ਵਿਚ ਜਲ ਰਹੇ ਹਨ -

*ਓਇ ਸਤਿਗੁਰ ਆਗੈ ਨ ਨਿਵਹਿ*
*ਓਨਾ ਅੰਤਰਿ ਕ੍ਰੋਧੁ ਬਲਾਇ।।* ***ਅੰਗ** - 41*

ਅੰਤ ਵਿਚ ਗੁਰੂ ਮਹਾਰਾਜ ਜੀ ਫੁਰਮਾਨ ਕਰਦੇ ਹਨ ਕਿ ਵਾਹਿਗੁਰੂ ਜੀ ਨਿਰਾ ਹੀ ਪ੍ਰੇਮ ਹਨ। ਪ੍ਰੇਮ ਦੇ ਰੂਪ ਵਿਚ ਹੀ ਖੰਡਾਂ, ਬ੍ਰਹਿਮੰਡਾਂ ਹਰ ਥਾਂ ਦੇ ਉਤੇ ਜੋਤੀ ਸਰੂਪ ਹੋ ਕੇ ਆਪਣੀ ਕੀਤੀ ਕਿਰਤ ਨੂੰ ਵੇਖ ਕੇ ਪ੍ਰਸੰਨ ਹੋ ਰਹੇ ਹਨ।

*ਜਿਮੀ ਜਮਾਨ ਕੇ ਬਿਖੈ ਸਮੱਸਤਿ ਏਕ ਜੋਤ ਹੈ।।*
*ਨ ਘਾਟ ਹੈ ਨ ਬਾਢ ਹੈ ਨ ਘਾਟਿ ਬਾਢਿ ਹੋਤ ਹੈ।।*
***ਅਕਾਲ ਉਸਤਤਿ***

ਇਹ ਪ੍ਰਮ ਜੋਤ ਪ੍ਰੇਮ ਦਾ ਰੂਪ ਹੋ ਕੇ ਸਾਰੇ ਸੰਸਾਰ ਵਿਚ ਫੈਲੀ ਹੋਈ ਹੈ -

*ਜਤ੍ਰ ਤਤ੍ਰ ਦਿਸਾ ਵਿਸਾ ਹੁਇ ਫੈਲਿਓ ਅਨੁਰਾਗ।।*
***ਜਾਪੁ ਸਾਹਿਬ***

ਸੋ ਮਹਾਰਾਜ ਜੀ ਫੁਰਮਾਨ ਕਰਦੇ ਹਨ -

*ਹਰਿ ਹਰਿ ਹਰਿ ਰਸੁ ਆਪਿ ਹੈ*

***(ਬਾਕੀ ਪੰਨਾ 28 ਤੇ)***

# ਭਾਈ ਜੱਗਾ ਸਿੰਘ ਨੂੰ ਜੀਅ ਦਾਨ ਬਖਸ਼ਣਾ

*ਸੰਤ ਵਰਿਆਮ ਸਿੰਘ ਜੀ,*
*ਬਾਨੀ ਵਿ. ਗੁ. ਰੂ. ਮਿਸ਼ਨ।*

*ਸਤਿਨਾਮੁ ਸ੍ਰੀ ਵਾਹਿਗੁਰੂ,*
*ਧੰਨ ਸ੍ਰੀ ਗੁਰੂ ਨਾਨਕ ਦੇਵ ਜੀਓ ਮਹਾਰਾਜ!*
*ਡੰਡਉਤਿ ਬੰਦਨ ਅਨਿਕ ਬਾਰ*
*ਸਰਬ ਕਲਾ ਸਮਰਥ॥ ਅੰਗ - ੨੫੬*
*ਫਿਰਤ ਫਿਰਤ ਪ੍ਰਭ ਆਇਆ*
*ਪਰਿਆ ਤਉ ਸਰਨਾਇ॥*
*ਨਾਨਕ ਕੀ ਪ੍ਰਭ ਬੇਨਤੀ ਅਪਨੀ ਭਗਤੀ ਲਾਇ॥*
*ਅੰਗ - ੨੮੯*

*ਧਾਰਨਾ - ਰਾਖੋ ਰਾਖਨਹਾਰ ਦਇਆਲਾ,*
*ਨਾਨਕ ਘਰ ਕੇ ਗੋਲੇ ਜੀ।*

*ਤੁਮ ਦਾਤੇ ਠਾਕੁਰ ਪ੍ਰਤਿਪਾਲਕ*
*ਨਾਇਕ ਖਸਮ ਹਮਾਰੇ ॥*
*ਨਿਮਖ ਨਿਮਖ ਤੁਮ ਹੀ ਪ੍ਰਤਿਪਾਲਹੁ*
*ਹਮ ਬਾਰਿਕ ਤੁਮਰੇ ਧਾਰੇ ॥ ੧ ॥*
*ਜਿਹਵਾ ਏਕ ਕਵਨ ਗੁਨ ਕਹੀਐ ॥*
*ਬੇਸੁਮਾਰ ਬੇਅੰਤ ਸੁਆਮੀ*
*ਤੇਰੋ ਅੰਤੁ ਨ ਕਿਨ ਹੀ ਲਹੀਐ ॥੧ ॥ ਰਹਾਉ ॥*
*ਕੋਟਿ ਪਰਾਧ ਹਮਾਰੇ ਖੰਡਹੁ ਅਨਿਕ ਬਿਧੀ*
*ਸਮਝਾਵਹੁ ॥ ਹਮ ਅਗਿਆਨ ਅਲਪ ਮਤਿ ਥੋਰੀ*
*ਤੁਮ ਆਪਨ ਬਿਰਦੁ ਰਖਾਵਹੁ ॥ ੨ ॥*
*ਤੁਮਰੀ ਸਰਣਿ ਤੁਮਾਰੀ ਆਸਾ*
*ਤੁਮ ਹੀ ਸਜਨ ਸੁਹੇਲੇ ॥*
*ਰਾਖਹੁ ਰਾਖਨਹਾਰ ਦਇਆਲਾ*
*ਨਾਨਕ ਘਰ ਕੇ ਗੋਲੇ ॥ ਅੰਗ - ੬੭੪*

*ਧਾਰਨਾ - ਨਾਨਕ ਘਰ ਕੇ ਗੋਲੇ,*
*ਸਤਿਗੁਰ ਰਖ ਲਓ ਜੀ।*

ਸਾਧਸੰਗਤ ਜੀ! ਚਿੱਤ ਬਿਰਤੀਆਂ ਇਕਾਗਰ ਕਰੋ, ਗੱਜ ਕੇ ਬੋਲੋ ਸਤਿਨਾਮ ਸ੍ਰੀ ਵਾਹਿਗੁਰੂ। ਕੈਸੀ ਅਰਦਾਸ ਹੈ, ਸਾਰੀ ਦੁਨੀਆਂ ਅਹੁਦੇ ਮੰਗਦੀ ਹੈ। ਕੁਛ ਬਣਨਾ ਮੰਗਦੀ ਹੈ, ਮੈਂ ਤੇਰੇ ਘਰ ਸੇਵਾ ਕਰਾਂ, ਮੈਨੂੰ ਪ੍ਰੈਜ਼ੀਡੈਂਟ ਬਣਵਾ ਦਿਓ, ਸੈਕਟਰੀ ਬਣਾ ਦਿਓ, ਖਜ਼ਾਨਚੀ ਬਣਾ ਦਿਓ, ਵਾਈਸ ਪ੍ਰੈਜ਼ੀਡੈਂਟ ਬਣਾ ਦਿਓ। ਸੀਨੀਅਰ ਵਾਈਸ ਪ੍ਰੈਜ਼ੀਡੈਂਟ ਬਣਾ ਦਿਓ, ਯੂਨੀਅਰ ਵਾਈਸ ਪ੍ਰੈਜ਼ੀਡੈਂਟ ਬਣਾ ਦਿਓ, ਆਫਿਸ ਸੈਕਟਰੀ ਬਣਾ ਦਿਓ, ਕੈਸ਼ੀਅਰ ਬਣਾ ਦਿਓ, ਪਰ ਬਣਾ ਦਿਓ ਕੁਛ ਮੈਨੂੰ, ਤਾਂ ਮੈਂ ਤੁਹਾਡੀ ਸੇਵਾ ਕਰਾਂਗਾ। ਬੜੀ ਇਹ ਵੀ ਲੋਚਾ ਹੈ ਜ਼ਬਰਦਸਤ। ਸੇਵਾ ਕਰਨੀ ਹੈ, ਪਰ ਬਣ ਕੇ ਕਰਨੀ ਹੈ ਕੁਛ। ਇਧਰਲੇ ਪਾਸੇ ਅਰਦਾਸ ਹੋ ਰਹੀ ਹੈ ਕਿ ਪਾਤਸ਼ਾਹ! ਮੇਰਾ ਨਾ ਖਾਣ 'ਤੇ ਕੋਈ ਹੱਕ ਹੈ, ਨਾ ਕੱਪੜੇ ਪਹਿਨਣ 'ਤੇ ਕੋਈ ਹੱਕ ਹੈ, ਨਾ ਸੌਣ 'ਤੇ ਹੱਕ ਹੈ, ਨਾ ਮੈਨੂੰ ਕਿਸੇ ਚੰਗੇ ਨਾਉਂ ਦੇ ਉੱਤੇ ਹੱਕ ਹੈ, ਜਿਵੇਂ ਜੀਅ ਕਰੇ ਬੁਲਾ ਲੈ, ਜਿਹੋ ਜਿਹੇ ਕੱਪੜੇ ਦੇਵੇਂ ਮੈਂ ਪਹਿਨ ਲਵਾਂਗਾ। ਜਿਹੋ ਜਿਹਾ ਖਾਣਾ ਦੇ ਦੇਵੇਂ, ਮੈਂ ਖਾ ਲਵਾਂਗਾ। ਜਦੋਂ ਕਹਿ ਦੇ ਕਿ ਸੌਂ ਜਾ ਮੈਂ ਸੌ ਜਾਊਂਗਾ, ਜਦੋਂ ਆਵਾਜ਼ ਮਾਰੇਂ ਉੱਠ ਜਾਵਾਂਗਾ। ਮੈਨੂੰ ਆਹ ਸੇਵਾ ਦੇ ਦੇ, ਸਾਰਿਆਂ ਤੋਂ ਆਖਰੀ ਲਾਈਨ ਵਿੱਚ ਗੁਲਾਮ ਹੋਇਆ ਕਰਦਾ ਹੈ। ਬੜੀ ਵੱਡੀ ਮੰਗ ਹੈ, ਜੀਉਂਦੇ ਵੀ ਰਹਿਣਾ ਤੇ ਗੁਲਾਮ ਬਣ ਕੇ ਵੀ ਰਹਿਣਾ। ਗੁਲਾਮ ਦਾ ਕੋਈ ਹੱਕ ਨਹੀਂ ਹੋਇਆ ਕਰਦਾ। ਲੇਕਿਨ ਇੱਕ ਹੱਕ ਉਹਦੇ ਕੋਲ ਰੀਜ਼ਰਵ ਹੁੰਦਾ ਹੈ, ਉਹ ਇਹ ਹੈ ਕਿ ਜੇ ਮਾਲਕ ਨਹੀਂ ਸਹੀ ਚਲਦਾ, ਅੰਦਰ ਹੀ ਅੰਦਰ ਗੁੱਸਾ ਕਰਨ ਦਾ ਹੱਕ ਸਾਡੇ ਕੋਲ ਬਚ ਜਾਂਦਾ ਹੈ। ਮਹਾਰਾਜ ਕਹਿੰਦੇ, ਫੇਰ ਪਿਆਰਿਆ ਜੀਉਂਦਿਆਂ 'ਚ ਰਹਿ ਗਿਆ ਨਾ। ਹੱਕ ਰੱਖ ਲਿਆ ਕੋਈ ਆਪਣੇ ਕੋਲ ਬਚਾ ਕੇ, ਨਾ ਮਹਾਰਾਜ! ਅਸੀਂ ਤਾਂ ਗੁਲਾਮ ਬਣਦੇ ਹਾਂ। ਗੁਲਾਮ ਬਣ ਕੇ ਵੀ ਤੇਰੇ ਕੋਲ ਹੱਕ ਬਚਦਾ ਹੈ ਕਿ ਮੈਂ ਗੁਲਾਮ ਹਾਂ। ਗੁਰਸਿੱਖੀ ਦੇ ਵਿਚ ਇਹ ਵੀ ਚੀਜ਼ ਭਾਉਂਦੀ ਨਹੀਂ ਹੈ, ਹੋਰ ਹੇਠਾਂ ਚੱਲ। ਕਿੱਥੇ ਚਲਾਂ? ਮਹਾਰਾਜ ਕਹਿੰਦੇ, ਸੁਣ ਧਿਆਨ ਨਾਲ -

*ਧਾਰਨਾ - ਮੁਰਦਾ ਹੋਇਕੈ ਮੁਰੀਦ ਬਣ ਜਾਵਣਾ।*

ਛੇਤੀ ਪ੍ਰਾਪਤੀ ਚਾਹੁੰਦਾ ਹੈਂ, ਗੁਲਾਮ ਦੇ ਵਿਚ ਅਜੇ ਰੀਜ਼ਰਵ ਰਹਿ ਜਾਏਂਗਾ। ਤੇਰੇ ਕੋਲ Protest ਕਰਨ ਦਾ ਹੱਕ, ਚੰਗਾ ਸੋਚਣ ਦਾ ਹੱਕ ਮਾੜਾ ਸੋਚਣ ਦਾ ਹੱਕ, ਇਹ ਖੋਹਿਆ ਨਹੀਂ ਜਾ ਸਕਦਾ, ਕਿਉਂਕਿ ਇਹ ਤੇਰੇ ਨਿਜ ਨਾਲ ਸਬੰਧ ਰਖਦਾ ਹੈ। ਮਾਲਕ ਨਾਲ ਗੁੱਸੇ ਵੀ ਹੋ ਜਾਏਂਗਾ ਕਿਉਂਕਿ ਤੇਰੀ ਆਪਣੀ ਚੀਜ਼ ਹੈ, ਤੇਰੇ ਅੰਦਰ ਹੈ, ਗੁਲਾਮ ਤੇਰਾ ਸਰੀਰ ਹੋਇਆ ਹੈ, ਨਾ ਕਿ ਤੇਰਾ ਅੰਦਰਲਾ ਗੁਲਾਮ ਹੋਇਆ ਹੈ। ਅੰਦਰੋਂ ਤੂੰ ਉਵੇਂ ਜਿਵੇਂ ਕਾਇਮ ਹੈਂ, ਬਾਹਰੋਂ ਤੂੰ ਗੁਲਾਮੀ ਦੇ ਵਿਚ ਆ ਗਿਆ, ਵਿਕ ਗਿਆ। ਵੇਚਿਆ ਸਰੀਰ ਹੈ, ਬਾਕੀ ਚੀਜ਼ਾਂ ਨਹੀਂ ਵੇਚੀਆਂ। ਫਰਕ ਰਹਿ ਗਿਆ ਇੱਥੇ ਸਿੱਖੀ ਦਾ। ਭਾਈ ਗੁਰਦਾਸ ਜੀ ਤੇ ਗੁਰੂ ਮਹਾਰਾਜ ਫੁਰਮਾਨ ਕਰਦੇ ਨੇ ਕਿ ਪਿਆਰਿਆ!

*ਜਉ ਤਉ ਪ੍ਰੇਮ ਖੇਲਣ ਕਾ ਚਾਉ ॥*
*ਸਿਰੁ ਧਰਿ ਤਲੀ ਗਲੀ ਮੇਰੀ ਆਉ ॥*
*ਇਤੁ ਮਾਰਗਿ ਪੈਰੁ ਧਰੀਜੈ ॥*
*ਸਿਰੁ ਦੀਜੈ ਕਾਣਿ ਨ ਕੀਜੈ ॥ ਅੰਗ - ੧੪੧੨*

ਮੁਰਦਾ ਬਣ ਕੇ ਆ -

*ਮੁਰਦਾ ਹੋਇ ਮੁਰੀਦ ਨ ਗਲੀ ਹੋਵਣਾ,*
*ਸਾਬਰੁ ਸਿਦਕਿ ਸਹੀਦੁ ਭਰਮ ਭਉ ਖੋਵਣਾ।*
*ਭਾਈ ਗੁਰਦਾਸ ਜੀ, ਵਾਰ ੩/੧੮*

ਮੁਰਦੇ ਕੋਲ ਸ਼ਕਤੀਆਂ ਆ ਗਈਆਂ ਬੇਅੰਤ। ਇੱਕ ਫੁਰਨੇ ਨਾਲ ਸਭ ਨੂੰ ਤਬਾਹ ਕਰ ਸਕਦਾ ਹੈ। ਲੇਕਿਨ ਮੁਰਦਾ ਹੈ।

ਕਿਉਂਕਿ ਗੁਲਾਮ ਬੇਅੰਤ ਬਾਦਸ਼ਾਹ ਬਣੇ ਨੇ। ਖਾਨਦਾਨ ਗੁਲਾਮ, ਗੁਲਾਮ ਹੀ ਬਾਦਸ਼ਾਹ ਬਣਦੇ ਰਹੇ ਨੇ। ਪੁਆਇੰਟ ਸਮਝੋ ਇੱਥੇ, ਗੁਰੂ ਮਹਾਰਾਜ ਕੀ ਕਹਿੰਦੇ ਨੇ? ਕਿਉਂਕਿ ਅਸੀਂ ਪ੍ਰਮੇਸ਼ਰ ਨੂੰ ਮਿਲਣ ਵਾਸਤੇ ਸੰਸਾਰ 'ਚ ਆਏ। ਰਾਹ ਨਹੀਂ ਸਾਨੂੰ ਕੋਈ ਲੱਭ ਰਿਹਾ। ਕੁਛ ਨਹੀਂ ਪਤਾ ਲਗਦਾ, ਗੁਆਚ ਗਏ ਜੰਗਲ ਵਿਚ। ਜੰਗਲ ਕਾਹਦਾ ਹੈ, ਕਿਤਾਬਾਂ ਦਾ ਜੰਗਲ ਹੈ। ਸਭ ਤੋਂ ਭੈੜਾ ਹੁੰਦਾ ਹੈ ਕਿਤਾਬਾਂ ਦਾ ਜੰਗਲ। ਬੇਅੰਤ ਬੰਦੇ ਲਿਖਣ ਵਾਲੇ ਕੋਈ ਕੁਛ ਲਿਖਦਾ ਹੈ, ਕੋਈ ਕੁਛ ਲਿਖਦਾ ਹੈ। ਇਹ ਤਾਂ ਸ਼ੁਕਰ ਹੈ ਕਿ ਸਾਨੂੰ ਗੁਰੂ ਦੀ ਬਾਣੀ ਪ੍ਰਾਪਤ ਹੋ ਗਈ, ਜਿਹਦੇ ਵਿਚ ਕਿਤੇ ਵੀ ਕੋਈ ਗਲਤੀ ਨਹੀਂ ਹੈ। ਬੇਅੰਤ ਖਿਆਲਾਂ 'ਚ ਅਸੀਂ ਗੁਆਚ ਗਏ, ਦੁਨੀਆਂ ਦੀ ਦੌੜ ਵਿਚ ਗੁਆਚ ਗਏ। ਕੰਮ ਜਾਂਦਾ ਰਿਹਾ, ਬਣਦੇ-ਬਣਦੇ ਹੀ ਰਹਿ ਗਏ, ਐਨੇ ਨੂੰ ਸਮਾਂ ਪੂਰਾ ਹੋ ਗਿਆ। ਨਾ ਵਾਹਿਗੁਰੂ ਮਿਲਿਆ ਨਾ ਕੋਈ ਕੰਮ ਸਿਰੇ ਚੜ੍ਹਿਆ। ਦੋ ਕੰਮ ਨਹੀਂ ਹੋਣੇ ਪਿਆਰਿਆ, ਇੱਕ ਹੋਣਾ ਹੈ, ਕੋਈ ਕਰ ਲੈ। ਦੂਜਾ ਜੇ ਤੂੰ ਚਾਹੁੰਦਾ ਹੈਂ -

***ਲੋਗ ਕੁਟੰਬ ਸਭਹੁ ਤੇ ਤੋਰੈ***
***ਤਉ ਆਪਨ ਬੇਢੀ ਆਵੈ ਹੋ ॥ ਅੰਗ - ੬੫੭***

ਤੋੜ ਦੇ ਕੁਟੰਬ ਨਾਲੋਂ, ਤੋੜ ਦੇ ਰਿਸ਼ਤੇਦਾਰੀਆਂ ਨਾਲੋਂ, ਤੋੜ ਦੇ ਦੁਨੀਆਂ ਨਾਲੋਂ, ਪਰ ਇੱਕ ਨੂੰ ਰੱਖ ਲੈ, ਜੇ ਇੱਕ ਬਣ ਗਿਆ-

***ਇਕੁ ਸਜਣੁ ਸਭਿ ਸਜਣਾ***
***ਇਕੁ ਵੈਰੀ ਸਭਿ ਵਾਦਿ ॥ ਅੰਗ - ੯੫੭***

ਦੋ ਨਾ ਰੱਖ, ਦੋ ਨਾਲ ਕੰਮ ਤੇਰਾ ਚੱਲਣਾ ਨਹੀਂ ਹੈ। ਇਨ੍ਹਾਂ ਦੀਆਂ ਗੱਲਾਂ ਨਾ ਸੁਣ ਬਹੁਤੇ ਪੜ੍ਹਿਆਂ ਲਿਖਿਆਂ ਦੀਆਂ ਕਿ ਨਹੀਂ ਦੁਨੀਆਂ ਵੀ ਰੱਖਣੀ ਹੈ ਤੇ ਵਾਹਿਗੁਰੂ ਦਾ ਪਾਸਾ ਵੀ ਰੱਖਣਾ ਹੈ। ਜਦੋਂ ਵਾਹਿਗੁਰੂ ਦਾ ਪਾਸਾ ਹੋ ਗਿਆ ਦੁਨੀਆਂ ਆਪੇ ਹੀ ਰਹਿ ਗਈ, ਉਹਦੀ ਤਾਂ ਪ੍ਰਵਾਹ ਨਹੀਂ, ਪਿੱਛੇ ਲੱਗੀ ਫਿਰਦੀ ਹੈ ਦੁਨੀਆਂ। ਜਿਹਨੂੰ ਹਲਤ ਕਹਿੰਦੇ ਨੇ, ਪਿੱਛੇ ਲੱਗਿਆ ਫਿਰਦਾ ਹੈ। ਪਲਤ ਨੂੰ ਸੰਵਾਰ ਲੈ ਆਪਣੇ। ਵਾਹਿਗੁਰੂ ਦਾ ਬਣ ਜਾ, ਜਦੋਂ ਉਹਦਾ ਬਣ ਗਿਆ, ਫੇਰ ਤੇਰੀ ਜਿੱਤ ਹੀ ਜਿੱਤ ਹੈ, ਤੇਰੀ ਕਿਤੇ ਹਾਰ ਨਹੀਂ ਹੋਏਗੀ, ਪੜ੍ਹੋ ਪਿਆਰ ਨਾਲ -

***ਧਾਰਨਾ - ਉਹ ਤਾਂ ਕਦੇ ਵੀ ਨਾ ਹਾਰਦਾ,***
***ਜਿਹਦੇ ਹੋ ਜਾਏ ਵਲ।***

ਸ਼ਰਤ ਕੀ ਹੈ ਪੂਰਨ surrender (ਸਮਰਪਿਤ), 'ਮੈਂ' ਨੂੰ ਵੀ ਮਾਰ ਦੇਣਾ, ਮੁਰਦਾ ਹੋ ਜਾਣਾ। ਉਹਦੇ ਵਿੱਚ ਇਹ ਜਿਹੜੇ ਖਿਆਲ ਆਉਂਦੇ ਨੇ ਕਿ ਜੇ ਮੈਂ ਐਉਂ ਹੋ ਗਿਆ, ਐਉਂ ਹੋ ਜਾਊ, ਇਹ ਸਾਰੇ ਕੱਚੇ ਖਿਆਲ ਨੇ, ਮਹਾਰਾਜ ਕਹਿੰਦੇ, ਉਹਦਾ ਬਣ ਕੇ ਤਾਂ ਦੇਖ, ਜਦੋਂ ਤੇਰੇ ਵਿੱਚ ਕੁਛ ਨਾ ਰਿਹਾ, ਫੇਰ ਉਹ ਕੰਮ ਆਪ ਕਰਦਾ ਫਿਰਦਾ ਹੈ, ਆਪ ਆ ਕੇ ਕਬੀਰ ਦਾ ਯੱਗ ਕਰਦਾ ਹੈ। ਬੇਅੰਤ ਰੇਸ਼ਮ ਦੇ ਸਿਰੋਪਾਓ ਦੇ ਰਿਹਾ ਹੈ, ਮੋਹਰਾਂ ਦਾਨ ਵਿੱਚ ਦੇ ਰਿਹਾ ਹੈ। ਛੱਪਰੀ ਬਣਾਉਂਦਾ ਫਿਰਦਾ ਹੈ ਨਾਮਦੇਵ ਦੀ। ਬੇਣੀ ਦੇ ਘਰ ਗੱਡੇ ਭਰ ਕੇ ਰਾਸ਼ਨ ਦੇ, ਰਾਸ਼ਨ ਦੇ ਹੀ ਨਹੀਂ ਦਿੱਤੇ, ਇੱਕ ਨਿਗ੍ਹਾ ਕਰਕੇ ਮਹਿਲ ਉਸਾਰ ਦਿੱਤੇ। ਦੇਖ ਰਹੀ ਹੈ ਉਹ, ਬੀਬੀ ਉਹਦੇ ਘਰੋਂ। ਉਹ ਮਹਿਲਾਂ ਵਿੱਚ ਗੁਆਚ ਗਈ, ਉਹਨੂੰ ਧਿਆਨ ਨਾ ਰਿਹਾ, ਜਿਹੜਾ ਖੜ੍ਹਾ ਹੈ ਇਹਦੀ ਨਿਗ੍ਹਾਂ 'ਚ ਐਨਾ ਕੁਛ ਹੋ ਰਿਹਾ ਹੈ, ਉਹਦੇ ਚਰਨ ਨਾ ਛੋਹ ਸਕੀ ਕਿਉਂਕਿ ਕਰਮ ਨਹੀਂ ਸੀ ਉਹਦਾ ਅਜੇ ਜਾਗਿਆ। ਕੋਲੋਂ ਰੱਬ ਲੰਘ ਗਿਆ। ਉਹ ਜਦੋਂ ਐਡਾ ਸੱਜਣ, ਐਡਾ ਮਿੱਤਰ ਹੈ ਪਿਆਰਿਓ! ਫੇਰ ਬੇ-ਭਰੋਸਗੀ 'ਚ ਰਹਿਣਾ, ਜਾਂ ਆਹ ਹੋਣਾ ਚਾਹੀਦਾ ਹੈ, ਗੁਆਚ ਜਾਂਦਾ ਹੈ ਬੰਦਾ; ਗੁਰਬਾਣੀ ਨੂੰ ਪੜ੍ਹ ਲਓ, ਇਹਦੀ ਸ਼ਰਨ ਵਿੱਚ ਆ ਜਾਓ, ਜੇ ਬਚਣਾ ਹੈ, ਬਾਕੀ ਛੱਡ ਦਿਓ ਸਾਰੀਆਂ ਚੀਜ਼ਾਂ। ਕਿਸੇ ਲੇਖੇ ਵਿੱਚ ਨਹੀਂ।

ਇੱਕ ਇੱਥੇ ਬਾਦਸ਼ਾਹ ਆਇਆ, ਉਹਨੇ ਗੱਲ ਤਾਂ ਚੰਗੀ ਹੀ ਕਰੀ, ਪਰ ਉਹ ਸਾਨੂੰ ਬਹੁਤ ਬੁਰੀ ਲਗਦੀ ਹੈ, ਕਿਉਂਕਿ ਅਸੀਂ ਬਹੁਤ ਕੁਛ ਜਾਨਣਾ ਚਾਹੁੰਦੇ ਹਾਂ। ਬਹੁਤ ਕੁਛ ਦੇਖਣਾ ਚਾਹੁੰਦੇ ਹਾਂ, ਉਹ ਆਇਆ ਟੈਕਸਲਾ ਦੀ ਲਾਇਬ੍ਰੇਰੀ 'ਚ ਜਾ ਵੜਿਆ। ਮਹਿਮੂਦ ਗਜ਼ਨਵੀ ਉਹਦਾ ਨਾਉਂ ਸੀ। ਉਥੇ ਕਿਤਾਬਾਂ ਹੀ ਕਿਤਾਬਾਂ ਹੱਥ ਲਿਖਤ ਪਈਆਂ ਨੇ। ਭਰੀ ਪਈ ਲਾਇਬ੍ਰੇਰੀ, ਉੱਚੀ ਲਾਇਬ੍ਰੇਰੀ, ਵੀਹ-ਵੀਹ, ਤੀਹ-ਤੀਹ, ਪੈਂਤੀ-ਪੈਂਤੀ ਫੁੱਟ ਦੀਆਂ ਕੰਧਾਂ, ਹੇਠਾਂ ਤੋਂ ਲੈ ਕੇ ਉਪਰ ਤਕ ਰੈਕ ਲੱਗੇ ਹੋਏ, ਹੱਥ ਲਿਖਤ ਕਿਤਾਬਾ ਨਾਲ ਭਰੀ ਪਈ, ਬਹੁਤ ਵੱਡੀ, ਹੈਰਾਨ ਹੋ ਗਿਆ ਕਿ ਐਨੀਆਂ ਕਿਤਾਬਾਂ। ਕਹਿਣ ਲੱਗਿਆ, ਪ੍ਰਬੰਧਕਾਂ ਨੂੰ ਕਿ ਇੱਥੇ ਕੁਰਾਨ ਸ਼ਰੀਫ ਹੈ, ਕਹਿੰਦੇ ਨਹੀਂ, ਕਹਿੰਦੇ ਜੇ ਨਹੀਂ ਹੈ ਤਾਂ ਇਹਨੂੰ ਜਾਲ ਦਿਓ, ਫੇਰ ਕਿਸੇ ਕੰਮ ਦੀਆਂ ਨਹੀਂ ਹਨ। ਅੱਗ ਲਗਾ ਦਿੱਤੀ, ਚਾਰ ਦਿਨ ਅੱਗ ਲੱਗੀ ਰਹੀ ਕਿਤਾਬਾਂ ਨੂੰ। ਮਥਰਾ ਪਹੁੰਚਿਆ, ਮਥਰਾ ਵਾਲਿਆਂ ਨੂੰ ਪਤਾ ਲਗ ਗਿਆ ਕਿ ਇਹ ਜੇ ਕੁਰਾਨ ਸ਼ਰੀਫ ਨਾ ਹੋਵੇ ਤਾਂ ਇਹ ਕਿਤਾਬਾਂ ਜਲਾ ਦਿੰਦਾ ਹੈ। ਉਨ੍ਹਾਂ ਨੇ ਕੁਰਾਨ ਸ਼ਰੀਫ ਲਿਆ ਕੇ ਰੱਖ ਲਿਆ। ਕਹਿੰਦਾ, ਕਿਉਂ ਬਈ ਐਨੀਆਂ ਕਿਤਾਬਾਂ ਇਕੱਠੀਆਂ ਕਰੀਆਂ ਨੇ, ਕੁਰਾਨ ਸਰੀਫ ਵੀ ਹੈ ਇੱਥੇ? ਕਹਿੰਦਾ, ਹਾਂ, ਮਹਾਰਾਜ! ਕੁਰਾਨ ਸ਼ਰੀਫ ਵੀ ਬੜੀ ਇੱਜ਼ਤ ਨਾਲ ਰੱਖਿਆ ਹੋਇਆ ਹੈ, ਕਹਿੰਦਾ ਫੇਰ ਉਹਨੂੰ ਰੱਖ ਲਓ ਬਾਕੀ ਜਾਲ ਦਿਓ।

ਸਾਨੂੰ ਬੜਾ ਬੁਰਾ ਲਗਦਾ ਹੈ ਕਿ ਹੈਂ! ਐਨੀ ਮਿਹਨਤ, ਐਨਾ ਲਿਖਿਆ, ਅਰ ਉਹਨੇ ਸਾਰਾ ਹੀ ਜਾਲ ਦਿੱਤਾ, ਬੜਾ ਮਾੜਾ ਬੰਦਾ ਸੀ ਉਹ। ਬੜਾ ਬੇਕਦਰ ਬੰਦਾ ਸੀ, ਉਹ ਜੇ ਗੁਰੂ ਨਾਨਕ ਪਾਤਸ਼ਾਹ ਨੂੰ ਪੁੱਛੀਏ, ਮਹਾਰਾਜ ਕਹਿੰਦੇ, ਉਹਨੇ ਬਿਲਕੁਲ ਠੀਕ ਕਰੀ ਹੈ ਗੱਲ ਜਿਹੜੀ ਕਰੀ ਹੈ। ਕਿਉਂਕਿ ਐਨੀਆਂ ਕਿਤਾਬਾਂ ਦੇ ਵਿੱਚ ਆਦਮੀ ਫਸ ਚੁੱਕਿਆ ਸੀ। ਨਿਰਣਾ ਨਹੀਂ ਸੀ ਕਰਦਾ, ਮਹਾਰਾਜ ਕਹਿੰਦੇ ਪਿਆਰਿਓ! ਐਨੀਆਂ ਕੀ, ਐਨੀਆਂ ਲਾਇਬ੍ਰੇਰੀਆਂ ਹੋਰ ਲੈ ਲਓ ਪਰ ਇੱਕ ਗੱਲ ਜੇ ਸਮਝ 'ਚ ਨਹੀਂ ਆਈ ਤਾਂ ਕਿਤਾਬਾਂ ਦਾ ਕੋਈ ਫਾਇਦਾ ਨਹੀਂ ਹੈ। ਇਸ ਤਰ੍ਹਾਂ ਨਾਲ ਫੁਰਮਾਨ ਕਰਦੇ ਨੇ -

***ਧਾਰਨਾ - ਲੇਖੇ ਤੇਰੇ ਓ ਇੱਕ ਗੱਲ ਹੈ,***
***ਹੋਰ ਹਉਮੈ ਝਖਣਾ ਝਾਖ।***

***ਪੜਿ ਪੜਿ ਗਡੀ ਲਦੀਅਹਿ***
***ਪੜਿ ਪੜਿ ਭਰੀਅਹਿ ਸਾਥ ॥***
***ਪੜਿ ਪੜਿ ਬੇੜੀ ਪਾਈਐ***

***ਪੜਿ ਪੜਿ ਗਡੀਅਹਿ ਖਾਤ ॥***
***ਪੜੀਅਹਿ ਜੇਤੇ ਬਰਸ ਬਰਸ***
***ਪੜੀਅਹਿ ਜੇਤੇ ਮਾਸ ॥***
***ਪੜੀਐ ਜੇਤੀ ਆਰਜਾ ਪੜੀਅਹਿ ਜੇਤੇ ਸਾਸ ॥***
***ਨਾਨਕ ਲੇਖੈ ਇਕ ਗਲ***
***ਹੋਰੁ ਹਉਮੈ ਝਖਣਾ ਝਾਖ ॥ ਅੰਗ - ੪੬੭***

ਮਹਾਰਾਜ ਕਹਿੰਦੇ, ਇੱਕ ਗੱਲ ਤੇਰੀ ਸਮਝ 'ਚ ਆ ਗਈ, ਸਿਰਫ ਇੱਕ ਗੱਲ। ਪਛਾਣੋ, ਪੁੱਛੋ ਗੁਰੂ ਨੂੰ ਕਿ ਉਹ ਕਿਹੜੀ ਗੱਲ ਹੈ, ਜਿਹਦੇ ਉੱਤੇ ਸਾਰੀਆਂ ਪੜ੍ਹਾਈਆਂ ਕੁਰਬਾਨ ਕਰ ਦਿੱਤੀਆਂ। ਉਹ ਕਹਿੰਦਾ ਕਿ ਜੇ ਕੁਰਾਨ ਸ਼ਰੀਫ ਨਹੀਂ ਤਾਂ ਬਾਕੀ ਕੀ ਕਰਨਾ ਹੈ, ਜੇ ਕੁਰਾਨ ਸ਼ਰੀਫ ਹੈ ਤਾਂ ਬਾਕੀਆਂ ਦੀ ਕੀ ਲੋੜ ਹੈ। ਦੋਵੇ ਪਾਸੇ ਇੱਕੋ ਗੱਲ ਸੀ। ਸੋ ਇਸ ਤਰ੍ਹਾਂ ਜੇ ਪ੍ਰਮੇਸ਼ਰ ਨਹੀਂ ਪਛਾਣਿਆ ਸਾਧਸੰਗਤ ਜੀ! ਇੱਕ ਨੂੰ ਰੱਖ ਲਓ ਪ੍ਰਮੇਸ਼ਰ ਨੂੰ, ਬਾਕੀ ਦੀ ਲੋੜ ਨਹੀਂ। ਬਾਕੀ ਸਭ ਕੁਛ ਪਿੱਛੇ ਫਿਰੇਗਾ।

***ਨਵ ਨਿਧੀ ਅਠਾਰਹ ਸਿਧੀ***
***ਪਿਛੈ ਲਗੀਆ ਫਿਰਹਿ***
***ਜੋ ਹਰਿ ਹਿਰਦੈ ਸਦਾ ਵਸਾਇ ॥ ਅੰਗ - ੬੪੯***

ਪਰ ਮਹਾਰਾਜ ਕਹਿੰਦੇ ਇਹਦੀ ਵੀ ਲੋੜ ਨਹੀਂ, ਤੂੰ ਬਿਲਕੁਲ ਮੁਰਦਾ ਬਣ ਜਾ, ਜੇ ਸਿੱਖ ਬਣਨਾ ਹੈ। ਜੇ ਕੁਛ ਖੱਟਣਾ ਹੈ ਤਾਂ।

***ਮੁਰਦਾ ਹੋਇ ਮੁਰੀਦ ਨ ਗਲੀ ਹੋਵਣਾ,***
***ਸਾਬਰੁ ਸਿਦਕਿ ਸਹੀਦੁ ਭਰਮ ਭਉ ਖੋਵਣਾ।***
***ਗੋਲਾ ਮੁਲ ਖਰੀਦੁ ਕਾਰੇ ਜੋਵਣਾ।***
***ਨਾ ਤਿਸੁ ਭੁਖ ਨ ਨੀਦ ਨਾ ਖਾਣਾ ਸੋਵਣਾ।***
***ਪੀਹਣਿ ਹੋਇ ਜਦੀਦ ਪਾਣੀ ਢੋਵਣਾ***
***ਪਖੇ ਦੀ ਤਾਗੀਦ ਪਗ ਮਲਿ ਧੋਵਣਾ।***
***ਸੇਵਕ ਹੋਇ ਸੰਜੀਦੁ ਨ ਹਸਣ ਰੋਵਣਾ।***
***ਦਰ ਦਰਵੇਸ ਰਸੀਦੁ ਪਿਰਮ ਰਸ ਭੋਵਣਾ।***
***ਚੰਦ ਮੁਮਾਰਖ ਈਦ ਪੁਗ ਖਲੋਵਣਾ।***
***ਭਾਈ ਗੁਰਦਾਸ ਜੀ, ਵਾਰ ੩/੧੮***

ਇਹ ਰਹਿਤ ਦੱਸ ਦਿੱਤੀ ਕਿ ਜੇ ਬਣਨਾ ਹੈ, ਮੁਰੀਦ, ਸਿੱਖ ਬਣਨਾ ਹੈ ਤਾਂ ਆਹ ਰਹਿਤ ਹੈ। ਬੜੀ ਸਖਤ ਰਹਿਤ ਹੈ। ਉਹ ਕਹਿੰਦੇ ਸਖਤ ਰਹਿਤ ਨਾਲ ਹੀ ਤੂੰ ਜਾਏਂਗਾ। ਹੁਣ ਗਿਣਤੀਆਂ-ਮਿਣਤੀਆਂ ਤਾਂ ਬਹੁਤ ਨੇ, ਐਵੇਂ ਰੌਲਾ ਪਾ ਦਿੰਦੇ ਨੇ ਕਿ ਅਸੀਂ ਦੋ ਕਰੋੜ ਸਿੱਖ ਹਾਂ। ਗਿਣਤੀਆਂ ਬਹੁਤ ਨੇ ਵੋਟਾਂ ਵਾਸਤੇ, ਕਿਤੇ ਹੋਰ ਹੀ ਪਾਸੇ ਤੁਰ ਗਿਆ। ਜਦੋਂ ਭਾਈ ਗੁਰਦਾਸ ਜੀ ਸਿੱਖਾਂ ਦੀ ਲਿਸਟ ਬਣਾਉਣ ਲੱਗੇ, ਗੁਰੂਆਂ ਦੀ, ਗੁਰੂ ਨਾਨਕ ਸਾਹਿਬ ਦਾ ਬੜੇ ਧਿਆਨ ਨਾਲ ਉਨ੍ਹਾਂ ਨੇ ਕਰਿਆ ਤਾਂ 19 ਸਿੱਖ ਨਿਕਲੇ। ਪੜ੍ਹ ਲਿਓ ਉਨ੍ਹਾ ਦੀ ਵਾਰ ਜਿਹੜੀ ਹੈ ਕਿ ਗੁਰੂ ਦੂਸਰੇ ਪਾਤਸ਼ਾਹ ਦੇ ਕਿੰਨੇ ਸੀ, ਤੀਸਰੇ ਪਾਤਸ਼ਾਹ ਦੇ ਕਿੰਨੇ ਸੀ। ਚੌਥੇ ਦੇ ਕਿੰਨੇ ਸਿੱਖ ਸੀ, ਪੰਜਵੇਂ ਦੇ ਕਿੰਨੇ ਸਿੱਖ ਸੀ। ਉਹ ਗਿਣਤੀ ਹੀ ਨਾ ਪੂਰੀ ਹੋਵੇ। ਉਹ ਸਿੱਖ ਸੀਗੇ, ਜਿਨ੍ਹਾਂ ਨੂੰ ਸਿੱਖ ਕਿਹਾ ਜਾਂਦਾ ਹੈ। ਬਾਕੀ ਠੀਕ ਨਾਮ ਧਰੀਕ ਸਿੱਖ ਲਿਖਿਆ ਹੋਇਆ, ਕਹਾਉਂਦੇ ਸੀ ਸਿੱਖ, ਲੇਕਿਨ ਜਿਹੜੇ ਪਰਵਾਨ ਹੋ ਗਏ ਸੀ, ਪਹੁੰਚ ਗਏ ਸੀ ਉਨ੍ਹਾਂ ਦੇ ਨਾਮ ਭਾਈ ਸਾਹਿਬ ਨੇ ਲਿਖ ਦਿੱਤੇ। ਉਹ ਕੋਈ ਸੁਖਾਲੀ ਚੀਜ਼ ਨਹੀਂ, ਬਹੁਤ ਔਖੀ ਚੀਜ਼ ਹੈ -

***ਧਾਰਨਾ - ਜੀਉਂਦੇ ਮਰ ਜਾਵਣਾ,***
***ਸਿੱਖੀ ਕਮਾਉਣੀ ਔਖੀ -੨***

***ਪਹਿਲਾ ਮਰਣੁ ਕਬੂਲਿ ਜੀਵਣ ਕੀ ਛਡਿ ਆਸ ॥***
***ਹੋਹੁ ਸਭਨਾ ਕੀ ਰੇਣੁਕਾ***
***ਤਉ ਆਉ ਹਮਾਰੈ ਪਾਸਿ ॥ ਅੰਗ - ੧੧੦੨***

ਪਹਿਲਾਂ ਮਰਨਾ ਕਬੂਲ ਕਰ ਲੈ। ਸਰੀਰ ਦਾ ਮਰਨਾ ਨਹੀਂ, ਆਪਣਾ ਮਰਨਾ। ਤੈਨੂੰ ਪਤਾ ਹੀ ਨਹੀਂ ਕਿ ਤੂੰ ਕੌਣ ਹੈਂ, ਚੱਲੋ ਜਿੱਥੇ ਕੁ ਤਕ ਤੂੰ ਸਮਝਦਾ ਹੈਂ, ਐਨਾ ਹੀ ਸਮਝ ਲੈ ਕਿ -

***ਮਰਣਹਾਰੁ ਇਹੁ ਜੀਅਰਾ ਨਾਹੀ ॥ ਅੰਗ- ੧੮੮***

ਜਿਹੜਾ ਨਰਕਾਂ-ਸੁਰਗਾਂ ਨੂੰ ਜਾਂਦਾ ਹੈ ਉਹ ਮੈਂ ਹਾਂ। ਕਹਿੰਦੇ ਇਹਨੂੰ ਵੀ ਕਬੂਲ ਕਰ ਲੈ, ਮਰਨਾ, ਤਾਂ ਤੂੰ ਜਾ ਕੇ ਸਿੱਖੀ ਦਾ ਭੇਤ ਸਮਝੇਂਗਾ। ਫੇਰ ਤੈਨੂੰ ਪ੍ਰਾਪਤੀ ਹੋ ਜਾਏਗੀ ਪਿਆਰਿਆ। ਕਿਉਂਕਿ ਵਿਚ-ਵਿਚਾਲੇ ਸਮਾਂ ਬਰਬਾਦ ਕਰਦਾ ਫਿਰਦਾ ਹੈਂ। ਸਮੇਂ ਲੰਘ ਗਏ, ਦਸ ਸਾਲ ਪਹਿਲਾਂ ਅੰਮ੍ਰਿਤ ਛਕਿਆ ਸੀ, ਕਿੱਥੇ ਕੁ ਪਹੁੰਚ ਗਿਆ। ਕਿੰਨੇ ਕਦਮ ਪੁੱਟੇ ਨੇ, ਕਿੰਨਾ ਕੁ ਮਨ ਵਿਸ਼ੇ ਵਿਕਾਰਾਂ ਤੋਂ ਰੁਕਿਆ ਹੈ। ਜੇ ਬਾਹਰਲੇ ਪਾਸੇ ਤੋਂ ਰੁਕ ਗਿਆ, ਮਾਨਸਿਕ ਤੌਰ 'ਤੇ ਕਿੱਥੇ ਕੁ ਹੈ। ਜਿੱਥੇ ਤੈਨੂੰ ਕੋਈ ਨਹੀਂ ਦੇਖਦਾ ਉਥੇ ਕਿੱਥੇ ਕੁ ਹੈ। ਸੋ ਇਸ ਤਰ੍ਹਾਂ ਦੇ ਨਾਲ ਮਹਾਰਾਜ ਕਹਿੰਦੇ, ਪਹਿਲਾਂ ਆਪਾਂ ਕਿਹਾ ਸੀ ਕਿ ਮਹਾਰਾਜ! ਸਾਨੂੰ ਗੁਲਾਮ ਰੱਖ ਲਓ, ਬੜੀ ਵਧੀਆ ਚੀਜ਼ ਹੈ। ਮੇਰਾ ਹੱਕ ਕੋਈ ਨਾ ਹੋਵੇ, ਮਹਾਰਾਜ ਕਹਿੰਦੇ, ਤੇਰੇ ਅੰਦਰ ਰਹਿ ਜਾਣਾ ਹੈ। ਗੁੱਸਾ ਤੈਨੂੰ ਵੀ ਆਏਗਾ, ਬੇਰੁਖੀ ਤੇਰੇ ਮਨ ਵਿੱਚ ਵੀ ਪੈਦਾ ਹੋ ਜਾਏਗੀ। ਗੁਲਾਮ ਨਾਲ ਕੰਮ ਨਹੀਂ ਚਲਦਾ, ਮੁਰਦੇ ਨਾਲ ਚਲਦਾ ਹੈ। ਕਿਉਂਕਿ ਮੁਰਦਾ ਜਦੋਂ ਹੋ ਗਿਆ, ਫੇਰ ਕੋਈ ਵਾਸ਼ਨਾ ਮਰਿਆ ਹੋਇਆ ਜਾਣਦੇ ਹੀ ਹਾਂ ਆਪਾਂ। ਚਾਹੇ ਉਹਨੂੰ ਚੰਦਨ ਨਾਲ ਲੇਪ ਕਰ ਦਿਓ। ਚਾਹੇ ਵਿਸ਼ਟਾ ਮੂਤਰ ਲਾ ਦਿਓ, ਉਹਨੇ ਨਹੀਂ ਕੋਈ ਗੱਲ ਕਹਿਣੀ। ਬੜਾ ਔਖਾ ਹੈ ਸੰਸਾਰ ਵਿੱਚ ਰਹਿਣਾ ਅਤੇ ਫੇਰ ਸਿੱਖੀ ਧਾਰਨ ਕਰਨੀ। ਸੱਚਮੁੱਚ ਹੀ ਮਹਾਰਾਜ ਦਾ ਜਿਹੜਾ ਕਹਿਣਾ ਹੈ-

***ਪਹਿਲਾ ਮਰਣੁ ਕਬੂਲਿ ਜੀਵਣ ਕੀ ਛਡਿ ਆਸ ॥***
***ਹੋਹੁ ਸਭਨਾ ਕੀ ਰੇਣੁਕਾ***
***ਤਉ ਆਉ ਹਮਾਰੈ ਪਾਸਿ ॥ ਅੰਗ - ੧੧੦੨***

ਇੱਕ ਗੁਰਸਿੱਖ ਜੱਗਾ ਸਿੰਘ ਗੁਰੂ ਦਸ਼ਮੇਸ਼ ਪਿਤਾ ਜੀ ਦੇ ਚਰਨਾਂ 'ਚ ਬੇਨਤੀ ਕਰਦਾ ਹੈ ਕਿ ਮਹਾਰਾਜ! ਮੈਨੂੰ ਸਿੱਖ ਬਣਾ ਲਓ। ਮਹਾਰਾਜ ਕਹਿੰਦੇ, ਪਿਆਰਿਆ! ਸਿੱਖ ਬਣਨਾ ਬੜਾ ਔਖਾ ਹੈ। ਦੋ ਘੰਟੇ ਦੇ ਕਰੀਬ ਇਸ ਬਚਨ ਦੇ ਉੱਤੇ ਵਿਚਾਰ ਹੋਈ ਸੀ। ਫੇਰ ਬੇਨਤੀ ਕਰਦਾ ਹੈ ਕਿ ਮਹਾਰਾਜ! ਮੈਨੂੰ ਸਿੱਖੀ ਦਾਨ ਦਿਓ। ਮਹਾਰਾਜ ਕਹਿੰਦੇ, ਤੂੰ ਵੀ ਫੇਰ ਦੇ ਕੁਛ, ਅਦਲਾ-ਬਦਲਾ ਕਰ ਲੈਂਦੇ ਹਾਂ। ਕੁਛ ਤੂੰ ਸਾਨੂੰ ਦੇ ਦੇ, ਕੁਛ ਅਸੀਂ ਤੈਨੂੰ ਜਿਹੜੀ ਚੀਜ਼ ਮੰਗਦਾ ਹੈਂ ਦੇ ਦਿੰਦੇ ਹਾਂ ਕਿਉਂਕਿ ਉਹ ਬਹੁਤ ਕੀਮਤੀ ਹੈ ਤੇਰੇ ਕੋਲ ਇੱਕ ਵਾਧੂ ਚੀਜ਼ ਹੈ। ਜਿਹੜੀ ਤੈਨੂੰ ਕਰੋੜਾਂ ਜਨਮਾਂ

ਦੇ ਵਿਚ, ਨਰਕਾਂ ਸੁਰਗਾਂ ਦੇ ਵਿਚ ਘੁੰਮੇਟਣੀਆਂ ਦੇ ਰਹੀ ਹੈ। ਉਹ ਤੈਨੂੰ ਬਹੁਤ ਦੁਖੀ ਕਰ ਰਹੀ ਹੈ। ਉਹ ਸਾਨੂੰ ਦੇ ਦੇ, ਅਸੀਂ ਤੈਨੂੰ ਪਰਮ ਸੁੱਖ ਦੇਣ ਵਾਲੀ, ਸਦਾ ਦਾ ਜੀਵਨ ਬਖਸ਼ਣ ਵਾਲੀ, ਚੀਜ਼ ਸਿੱਖੀ ਦੇ ਦਿੰਦੇ ਹਾਂ। ਸੌਦਾ ਹੋ ਗਿਆ ਕਹਿੰਦਾ ਮਹਾਰਾਜ! ਤੁਸੀਂ ਮੈਨੂੰ ਦੱਸ ਦਿਓ ਸਪਸ਼ਟ ਕਰਕੇ ਤੇ ਜੋ ਕੁਛ ਵੀ ਮੇਰੇ ਕੋਲ ਹੈ ਮੈਂ ਸਾਰਾ ਦੇਣ ਨੂੰ ਤਿਆਰ ਹਾਂ। ਮੈਨੂੰ ਸਿੱਖੀ ਦੇ ਦਿਓ। ਮਹਾਰਾਜ ਕਹਿੰਦੇ, ਐਉਂ ਕਰ ਤੇਰੇ ਕੋਲ ਮਨ ਹੈ, ਤੇਰੇ ਕੋਲ ਬੁੱਧੀ ਹੈ, ਤੇਰੇ ਕੋਲ ਚਿੱਤ ਹੈ. ਤੇਰੇ ਕੋਲ ਮੈਂ ਭਾਵ ਹੈ। ਇਹਨੂੰ ਮਨ ਕਹਿ ਦਿੰਦੇ ਨੇ, ਕਿਤੇ ਮਨ ਜੀਵ ਨੂੰ ਵੀ ਕਿਹਾ ਹੈ ਗੁਰੂ ਗ੍ਰੰਥ ਸਾਹਿਬ ਜੀ ਦੇ ਅੰਦਰ। ਕਿਤੇ ਮਨ ਜੇ ਅਸੀਂ ਵਖਰਾ-ਵਖਰਾ ਕਰਕੇ ਕਹੀਏ, ਤਾਂ ਸੰਕਲਪ ਤੇ ਵਿਕਲਪ ਕਰਨ ਵਾਲੀ ਸਾਡੇ ਅੰਦਰ ਜੋ ਲੱਗੀ ਹੋਈ ਹੈ ਮਸ਼ੀਨ, ਉਹਨੂੰ ਵੀ ਮਨ ਕਿਹਾ ਹੈ। ਕਹਿੰਦੇ, ਆਹ ਜਿਹੜੀ ਤੇਰੇ ਕੋਲ ਚੀਜ਼ ਹੈ ਨਾ ਇਹ ਸਾਨੂੰ ਦੇ ਦੇ, ਉਹਦੇ ਬਦਲੇ ਤੈਨੂੰ ਅਸੀਂ ਸਿੱਖੀ ਦਾਨ ਦਿੰਦੇ ਹਾਂ -

***ਧਾਰਨਾ - ਮਨ ਵੇਚ ਦੇ ਗੁਰਾਂ ਨੂੰ ਆਪਣਾ,***
***ਕਾਰਜ ਤੇਰੇ ਰਾਸ ਹੋਣਗੇ।***

***ਮਨੁ ਬੇਚੈ ਸਤਿਗੁਰ ਕੈ ਪਾਸਿ ॥***
***ਤਿਸੁ ਸੇਵਕ ਕੇ ਕਾਰਜ ਰਾਸਿ ॥ ਅੰਗ - ੨੮੬***

ਜਿਹਨੇ ਮਨ ਵੇਚ ਦਿੱਤਾ ਗੁਰੂ ਨਾਲ ਸੌਦਾ ਕਰ ਲਿਆ ਮਨ ਦਾ ਉਹਦੇ ਸਾਰੇ ਕਾਰਜ; ਦੁਨੀਆਂਦਾਰੀ ਦੇ ਨਹੀਂ ਮਹਾਰਾਜ ਇੱਥੇ ਜ਼ਿਕਰ ਕਰਦੇ, ਕਿਉਂਕਿ ਦੁਨੀਆਂ ਤਾਂ ਫਨਾਹ ਹੈ, ਛੱਡ ਜਾਣੀ ਹੈ, ਕੋਈ ਵੀ ਸੰਸਾਰ 'ਤੇ ਨਹੀਂ ਰਿਹਾ, ਜਦੋਂ ਤੋਂ ਸੰਸਾਰ ਬਣਿਆ। ਦੇਖ ਲਓ ਅੱਖਾਂ ਖੋਲ੍ਹ ਕੇ।

***ਫਰੀਦਾ ਕਿਥੈ ਤੈਡੇ ਮਾਪਿਆ***
***ਜਿਨ੍ਹੀ ਤੂ ਜਣਿਓਹਿ ॥***
***ਤੈ ਪਾਸਹੁ ਓਇ ਲਦਿ ਗਏ***
***ਤੂੰ ਅਜੈ ਨ ਪਤੀਣੋਹਿ ॥ ਅੰਗ - ੧੩੮੧***

ਨਾ ਖਿਆਲ ਹੀ ਨਹੀਂ ਆਉਂਦਾ। ਖਿਆਲ ਨਾ ਆਉਣ ਕਰਕੇ ਗੱਲ ਨਹੀਂ ਚਲਦੀ, ਮਾਇਆ ਮੋਹ 'ਚ ਫਸੇ ਹੋਏ ਹਾਂ। ਗੁਰੂ ਨਾਨਕ ਪਾਤਸ਼ਾਹ ਕਰਤਾਰਪੁਰ ਨਿਵਾਸ ਰਖਦੇ ਨੇ। ਨੇੜੇ ਦਾ ਇੱਕ ਪ੍ਰੇਮੀ ਅੰਮ੍ਰਿਤ ਵੇਲੇ ਆਸਾ ਜੀ ਦੀ ਵਾਰ ਵਿੱਚ ਆਉਂਦਾ ਹੈ, ਸ਼ਾਮ ਦਾ ਦੀਵਾਨ ਮਹਾਰਾਜ ਬਚਨ ਕਰਦੇ ਨੇ। ਸਾਰਿਆ ਤੋਂ ਪਿੱਛੋਂ ਜਾਂਦਾ ਹੈ। ਉਮਰ ਅੱਠ ਸਾਲ ਦੀ ਹੈ। ਮਹਾਰਾਜ ਕਹਿੰਦੇ, ਭਾਈ ਬਾਲਾ! ਆਹ ਬੱਚੇ ਵਲ ਧਿਆਨ ਦੇਈਂ, ਜਦੋਂ ਇਹ ਜਾਵੇ ਆਸਾ ਜੀ ਦੀ ਵਾਰ ਤੋਂ ਬਾਅਦ, ਸਾਡੇ ਕੋਲ ਲਿਆਈਂ ਇਹਨੂੰ, ਹੁਕਮ ਦੀ ਤਾਮੀਲ ਹੋਈ, ਮਹਾਰਾਜ ਦੇ ਪੇਸ਼ ਕੀਤਾ, ਮਹਾਰਾਜ ਕਹਿੰਦੇ ਬੇਟਾ! ਤੇਰੀ ਉਮਰ ਬੜੀ ਛੋਟੀ ਹੈ, ਕਿੰਨੇ ਸਾਲ ਦਾ ਹੈ? ਕਹਿੰਦਾ, ਮਹਾਰਾਜ! ਸਰੀਰ ਅੱਠ ਸਾਲ ਦਾ ਹੈ। ਬੋਲਣ ਦਾ ਤਰੀਕਾ, ਗੱਲ ਸਮਝਣ ਦਾ ਤਰੀਕਾ, ਮਹਾਰਾਜ ਨੇ ਦੇਖ ਕੇ, ਕਿ ਪਿਛਲੇ ਜਨਮਾਂ ਦਾ ਬਲੀ ਹੈ, ਸੰਸਕਾਰ ਬਹੁਤ ਉਤਮ ਨੇ ਇਸਦੇ। ਅਵਤਾਰੀ ਪੁਰਸ਼ ਹੈ ਇਹ। ਕਹਿੰਦੇ, ਬੇਟਾ! ਅਜੇ ਤਾਂ ਤੇਰੀ ਉਮਰ ਖਾਣ ਪੀਣ ਦੀ ਹੈ। ਜਿਹੜੇ ਬਿਰਧ ਨੇ ਉਹ ਵੀ ਨੇਮ ਦੇ ਨਾਲ, ਸਤਿਸੰਗ 'ਚ ਨਹੀਂ ਆਉਂਦੇ, ਤੂੰ ਤਾਂ ਕਿੰਨਿਆਂ ਮਹੀਨਿਆਂ ਤੋਂ ਨੇਮ ਨਾਲ ਸਤਿਸੰਗ 'ਚ ਆਉਂਦਾ ਹੈਂ। ਕਿੰਨੀ ਦੇਰ ਦਾ ਸਤਿਸੰਗ ਹੋ ਰਿਹਾ ਹੈ ਇੱਥੇ, ਕੀ ਗੱਲ ਇਹ ਤੈਨੂੰ ਵੈਰਾਗ ਕਿਸ ਚੀਜ਼ ਨੇ ਲਾ ਦਿੱਤਾ। ਜਦ ਤਕ ਅੰਦਰ ਵੈਰਾਗ ਨਾ ਹੋਵੇ, ਸਤਿਸੰਗ ਨਾਲ ਪਿਆਰ ਨਹੀਂ ਹੋਇਆ ਕਰਦਾ। ਆਦਮੀ ਉਪਰ-ਉਪਰ ਰਹਿੰਦਾ ਹੈ, ਫਿੱਕਾ-ਫਿੱਕਾ ਰਹਿੰਦਾ ਹੈ, ਖਿੱਚ ਨਹੀਂ ਮਨ ਵਿੱਚ ਹੋਇਆ ਕਰਦੀ। ਜਿਉਂ-ਜਿਉਂ ਵੈਰਾਗ ਵਧਦਾ ਹੈ, ਤਿਉਂ-ਤਿਉਂ ਖਿੱਚ ਵੀ ਵਧ ਜਾਂਦੀ ਹੈ। ਪਾਤਸ਼ਾਹ! ਆਪ ਦੇ ਸਤਿਸੰਗ ਸੁਣਦੇ ਹੋਏ, ਰੋਜ਼ ਮੈਂ ਆਪ ਦੇ ਬਚਨ ਸੁਣਦਾ ਸੀ ਤੇ ਉਨ੍ਹਾਂ ਬਚਨਾਂ ਦੇ ਅੰਦਰ ਆਪ ਦਾ ਜੋ ਉਪਦੇਸ਼ ਸੀ, ਉਹ ਇਹ ਹੁੰਦਾ ਕਿ ਬਹੁਤ ਮੁਸ਼ਕਲ ਦੇ ਨਾਲ ਮਾਨਸ ਜਨਮ ਪ੍ਰਾਪਤ ਹੋਇਆ ਹੈ, ਇਹ ਹੋਇਆ ਇਸ ਕਰਕੇ ਹੈ ਕਿਉਂਕਿ ਪ੍ਰਮੇਸ਼ਰ ਨੂੰ ਮਿਲਣਾ ਹੈ, ਕਿਉਂਕਿ ਘੁੰਮਦਿਆਂ ਨੂੰ ਯੁੱਗ ਬੀਤ ਗਏ। ਸਮੇਂ ਬੀਤ ਗਏ, ਇਹ ਜੀਵ ਗੇੜੇ ਖਾਂਦਾ ਹੈ, ਨਾ ਕੋਈ ਕਹਿ ਸਕਦਾ ਹੈ ਕਿ ਖਰਬ ਸਾਲ ਲੰਘ ਗਿਆ, ਨਾ ਕੋਈ ਕਹਿ ਸਕਦਾ ਹੈ ਕਿ ਕਰੋੜ ਖਰਬ ਸਾਲ ਲੰਘ ਗਿਆ, ਪਾਤਸ਼ਾਹ ਮੈਨੂੰ ਬੜਾ ਫਿਕਰ ਹੋਇਆ ਸੁਣ ਕੇ ਕਿ ਪ੍ਰਮੇਸ਼ਰ ਨੂੰ ਮਿਲਦੇ ਨਹੀਂ ਗੇੜੇ ਖਾਈ ਜਾਂਦੇ ਹਾਂ। ਇਸ ਕਰਕੇ ਮੇਰੇ ਮਨ ਵਿੱਚ ਇਹ ਬੈਰਾਗ ਹੋ ਗਿਆ। ਮਹਾਰਾਜ ਕਹਿੰਦੇ, ਬੇਟਾ! ਅਜੇ ਤਾਂ ਤੇਰੀ ਉਮਰ ਛੋਟੀ ਹੈ, ਵੱਡਾ ਹੋ ਕੇ ਲਗ ਜਾਂਦਾ, ਇਹ ਤੈਨੂੰ ਕਿਵੇਂ ਸੋਝੀ ਹੋ ਗਈ।

ਸੱਚੇ ਪਾਤਸ਼ਾਹ! ਮਾਤਾ ਨੂੰ ਮੈਂ ਕਿਹਾ ਕਿ ਮਾਤਾ! ਮੈਂ ਸਤਿਸੰਗ 'ਤੇ ਜਾਣਾ ਹੈ। ਪ੍ਰਸ਼ਾਦਾ ਮੈਨੂੰ ਛੇਤੀ ਲਾਹ ਦੇ। ਕਹਿੰਦੀ, ਬੇਟਾ! ਮੈਂ ਆਟਾ ਗੁੰਨ ਲੈਂਦੀ ਹਾਂ। ਤੂੰ ਲੱਕੜਾਂ ਜਲਾ ਲੈ। ਸੱਚੇ ਪਾਤਸ਼ਾਹ! ਮੈਂ ਲੱਕੜਾਂ ਪਾ ਕੇ ਚੁੱਲ੍ਹੇ ਵਿੱਚ ਜਾਲਣ ਲੱਗਿਆ ਤਾਂ ਉਸ ਵੇਲੇ ਮੇਰੇ ਤੋਂ ਅੱਗ ਨਾ ਮੱਚੀ, ਫੂਕਾਂ ਮਾਰ-ਮਾਰ ਕੇ ਥੱਕ ਗਿਆ, ਸਿਰ ਮੇਰਾ ਜਿਹੜਾ ਸੀ ਘੁੰਮਣਾ ਸ਼ੁਰੂ ਹੋ ਗਿਆ, ਮਾਂ ਆਟਾ ਗੁੰਨ ਕੇ ਮੇਰੇ ਵਲ ਧਿਆਨ ਦਿੱਤਾ ਕਹਿੰਦੀ ਬੇਟਾ, ਅੱਗ ਨਹੀਂ ਬੁਝਾਈ ਤੂੰ ਧੂੰਆਂ ਧਾਰ ਕਰਿਆ ਪਿਆ ਹੈ, ਚੁੱਲ੍ਹੇ 'ਚ, ਕਹਿੰਦਾ ਮਾਤਾ! ਜਲਦੀ ਨਹੀਂ ਹੈ। ਕਹਿੰਦੀ, ਬੇਟਾ! ਤੇਰਾ ਤਰੀਕਾ ਗਲਤ ਹੈ, ਅੱਗ ਐਉਂ ਨਹੀਂ ਜਲਿਆ ਕਰਦੀ, ਪਹਿਲਾਂ ਨਿੱਕੇ ਡੱਕੇ ਪਾਈਦੇ ਨੇ, ਫੇਰ ਉਨ੍ਹਾਂ 'ਤੇ ਉਸ ਤੋਂ ਮੋਟੇ ਡੱਕੇ ਪਾਈਦੇ ਨੇ, ਫੇਰ ਹਲਕੀਆਂ-ਹਲਕੀਆਂ ਲੱਕੜਾਂ ਧਰੀਦੀਆਂ ਨੇ। ਫੇਰ ਅੱਗ ਲੱਗਿਆ ਕਰਦੀ ਹੈ ਭਾਰੀਆਂ ਲੱਕੜਾਂ ਨੂੰ। ਐਉਂ ਅੱਗ ਲੱਗਿਆ ਕਰਦੀ ਹੈ। ਮਾਤਾ ਨੇ ਤਾਂ ਪਾਤਸ਼ਾਹ ਐਨੀ ਕੁ ਗੱਲ ਕਹਿ ਦਿੱਤੀ। ਪਰ ਮੇਰੇ ਅੰਦਰ ਤੇਰੇ ਬਚਨਾਂ ਦਾ ਇੱਕ ਸੀਨ ਘੁੰਮਣ ਲਗ ਗਿਆ, ਇੱਕ ਨਜ਼ਾਰਾ ਘੁੰਮਣ ਲਗ ਗਿਆ। ਮੇਰੇ ਅੰਦਰ ਧਿਆਨ ਆਇਆ-

***ਨਹ ਬਾਰਿਕ ਨਹ ਜੋਬਨੈ***
***ਨਹ ਬਿਰਧੀ ਕਛੁ ਬੰਧੁ ॥***
***ਓਹ ਬੇਰਾ ਨਹ ਬੂਝੀਐ***
***ਜਉ ਆਇ ਪਰੈ ਜਮ ਫੰਧੁ ॥ ਅੰਗ - ੨੫੪***

ਪਾਤਸ਼ਾਹ! ਲੱਕੜਾਂ ਦੇ ਥਾਂ ਮੈਂ ਆਪਣੇ ਆਪ ਨੂੰ ਦੇਖਿਆ, ਛੋਟੀਆਂ ਨੂੰ ਪਹਿਲਾਂ ਅੱਗ ਲਗਦੀ ਹੈ, ਤੁਹਾਡਾ ਬਚਨ ਆ ਗਿਆ, ***ਨਹ ਬਾਰਿਕ ਨਹ ਜੋਬਨੈ ਨਹ ਬਿਰਧੀ ਕਛੁ ਬੰਧੁ ॥***

***ਓਹ ਬੇਰਾ ਨਹ ਬੂਝੀਐ ਜਉ ਆਇ ਪਰੈ ਜਮ ਫੰਧੁ ॥'***
ਕੋਈ ਨਹੀਂ ਜਾਣਦਾ, ਕਿਹੜੇ ਵੇਲੇ ਜਮ੍ਹਾਂ ਦਾ ਫੰਧਾ ਗਲ 'ਚ ਪੈ ਜਾਣਾ ਹੈ। ਇੱਕ ਸਕਿੰਟ ਪਹਿਲਾਂ ਨਹੀਂ ਪਤਾ ਹੋਇਆ ਕਰਦਾ। ਕਾਲ ਨਾਲ ਲੱਗਿਆ ਫਿਰਦਾ ਹੈ, ਕੋਲ ਫਿਰਦਾ ਹੈ, ਲੇਕਿਨ ਪਤਾ ਨਹੀਂ ਲਗਦਾ, ਇੱਕ ਸਕਿੰਟ ਨਹੀਂ ਪਹਿਲਾਂ ਪਤਾ ਲਗਦਾ। ਮਸਤ ਹਾਂ ਅਸੀਂ ਆਪਣੀਆਂ ਗੱਲਾਂ 'ਚ, ਆਪਣੇ ਕੰਮਾਂ 'ਚ। ਲੇਕਿਨ ਓਧਰਲੇ ਪਾਸੇ ਕਾਲ ਦਾ ਗੁਲੇਲਾ ਲਗ ਜਾਂਦਾ ਹੈ -

***ਧਾਰਨਾ - ਤੇਰੇ ਕਾਲ ਨੇ ਗੁਲੇਲਾ ਮਾਰਨੈ,***
***ਚੋਗਾ ਚੁਗਦੇ ਦੇ।***

ਹਰ ਰੋਜ਼ ਦਾ ਤਜਰਬਾ ਹੈ, ਇੱਕ ਸਕਿੰਟ ਆਦਮੀ ਨੂੰ ਪਤਾ ਨਹੀਂ ਹੁੰਦਾ ਕਿਉਂਕਿ ਕਾਲ ਜਿਹੜਾ ਹੈ ਐਉਂ ਸਮਝ ਲਓ ਕਿ ਮਸ਼ੀਨਗਨ ਭਰੀ ਪਈ ਹੈ। ਉਹਨੇ ਚਲਾਈ ਜਾਣੀ ਹੈ, ਕੀਹਦੇ ਲਗਦੀ ਹੈ, ਕੀਹਦੇ ਨਹੀਂ ਲਗਦੀ, ਉਹਨੂੰ ਕੋਈ ਪ੍ਰਵਾਹ ਨਹੀਂ, ਬੱਚੇ ਦੇ ਲੱਗੀ, ਬੁੱਢੇ ਦੇ ਲੱਗੀ, ਜਵਾਨ ਦੇ ਲੱਗੀ ਸਾਰਿਆਂ ਨੂੰ ਛੱਡ ਕੇ ਇਕੱਲਾ ਚਲਿਆ ਗਿਆ। ਐਹੋ ਜਿਹਾ ਨਾ ਕੋਈ ਤਰਸ ਹੈ ਨਾ ਕੋਈ ਬਾਤ ਹੈ।

ਇੱਕ ਦਿਨ ਮੈਂ ਰੋਪੜ ਜਾਂਦਾ ਸੀ, ਕੁਰਾਲੀ ਤੋਂ ਲੰਘ ਗਿਆ ਅੱਗੇ ਪੰਜ ਸੱਤ ਕਿਲੋਮੀਟਰ ਜਾ ਕੇ ਕੀ ਦੇਖਿਆ, ਦੋ ਬੱਸਾਂ ਬੁਰੀ ਤਰ੍ਹਾਂ ਦੇ ਨਾਲ ਟੁੱਟੀਆਂ ਪਈਆਂ ਨੇ ਓਥੇ। ਇੱਕ ਜੀਪ, ਦੋ ਬੱਸਾਂ। ਇੱਕ ਸਕਿੰਟ ਪਹਿਲਾਂ ਕਿਸੇ ਨੂੰ ਨਹੀਂ ਸੀ ਪਤਾ ਕਿ ਆਹ ਭਾਣਾ ਵਰਤ ਜਾਣਾ ਹੈ। ਕਿੰਨੇ ਬੰਦੇ ਮਰ ਗਏ, ਕਿੰਨੇ ਜ਼ਖਮੀ ਹੋ ਗਏ। ਉਹਨੂੰ ਦੇਖ ਕੇ ਤਾਂ ਐਉਂ ਲਗਦਾ ਸੀ ਕਿ ਕੋਈ ਵੀ ਨਹੀਂ ਬਚਿਆ ਹੋਣਾ। ਬੁਰੀ ਤਰ੍ਹਾਂ ਟੁੱਟ ਗਈਆਂ। ਇੱਕ ਸਕਿੰਟ ਪਹਿਲਾਂ ਨਹੀਂ ਪਤਾ। ਸੋ ਜਿਹੜੀ ਚੀਜ਼ ਅਚਾਨਕ ਹੋ ਜਾਣੀ ਹੈ, ਫੇਰ ਪ੍ਰਮੇਸ਼ਰ ਨੂੰ ਬੰਦਾ ਭੁਲਾ ਕੇ ਰੱਖੇ ਫੇਰ ਤਾਂ ਬੜੀ ਮਾੜੀ ਚੀਜ਼ ਹੈ। ਇਸੇ ਕਰਕੇ ਸਾਨੂੰ ਰੂਹਾਨੀ ਬੈਰਾਗ ਨਹੀਂ ਹੁੰਦਾ। ਕਿਉਂਕਿ ਸਾਡੀ ਉਲਟੀ approach (ਪਹੁੰਚ) ਹੈ। ਗੁਰੂ ਨੌਵੇਂ ਪਾਤਸ਼ਾਹ ਨੂੰ ਪੁਛਿਆ ਪਾਤਸ਼ਾਹ! ਇਹ ਸਾਰੀਆਂ ਗੱਲਾਂ ਜਾਣਦਾ ਹੈ, ਅਰਥ ਬੜੇ ਜਾਣਦਾ ਹੈ, ਲੈਕਚਰ ਬੜੇ ਕਰ ਸਕਦਾ ਹੈ, ਪੜ੍ਹਿਆ ਲਿਖਿਆ ਬਹੁਤ ਹੈ ਤੇ ਫੇਰ ਵਜਹ ਕੀ ਹੈ, ਪ੍ਰਮੇਸ਼ਰ ਦਾ ਭਜਨ ਕਿਉਂ ਨਹੀਂ ਕਰਦਾ। ਮਹਾਰਾਜ ਕਹਿੰਦੇ ਇੱਕੋ ਹੀ ਕਾਰਨ ਹੈ ਕਿ ਇਹਨੇ ਸੰਸਾਰ ਤੋਂ ਜਾਣਾ ਮੰਨਿਆ ਨਹੀਂ ਹੈ। ਨਾ ਇਹ ਮੰਨਦਾ ਹੈ ਕਿ ਜਾਣਾ ਮੈਂ ਕਿੱਥੇ ਹੈ, ਨਹੀਂ ਤਾਂ ਫਿਕਰ ਪੈ ਜਾਂਦਾ ਹੈ ਆਦਮੀ ਨੂੰ ਕਿ ਜਾਣਾ ਹੈ, ਉਥੇ ਤਾਂ ਕੋਈ ਵੀ ਨਹੀਂ ਹੈ -

***ਜਹ ਮਾਤ ਪਿਤਾ ਸੁਤ ਮੀਤ ਨ ਭਾਈ ॥***
***ਮਨ ਊਹਾ ਨਾਮੁ ਤੇਰੈ ਸੰਗਿ ਸਹਾਈ ॥***
***ਅੰਗ - ੨੬੪***

ਉਹ ਪੜ੍ਹਦੇ ਹੀ ਜਾਂਦੇ ਹਾਂ, ਪੜ੍ਹਦੇ ਹੀ ਜਾਂਦੇ ਹਾਂ; ਮੈਂ ਪੰਜ ਪਾਠ ਸੁਖਮਨੀ ਸਾਹਿਬ ਦੇ ਕਰ ਲਏ, ਮੈਂ ਦਸ ਕਰ ਲਏ। ਮੈਂ ਸਵਾ ਸੌ ਪਾਠ ਕਰਕੇ ਹਟਿਆ ਹਾਂ ਪਰ ਕੁਛ ਅੰਦਰ ਵੀ ਬਚਿਆ ਹੈ ਤੇਰੇ? ਆਦਮੀ ਕੰਬ ਜਾਂਦਾ ਹੈ ਜਦੋਂ ਇਹ ਦੇਖਦਾ ਹੈ ਕਿ ਨਾ ਮਾਂ ਨਾ ਪਿਓ, ਨਾ ਕੋਈ ਮਿੱਤਰ, ਨਾ ਕੋਈ ਦੋਸਤ, ਮੈਂ ਇਕੱਲੇ ਨੇ ਜਾਣਾ ਹੈ? ਵਾਕਿਫ ਹੀ ਕੋਈ ਨਹੀਂ ਹੋਣਾ, ਫੇਰ ਕਹਿੰਦੇ ਉਥੇ ਸਹੂਲਤ ਹੀ ਕੋਈ ਨਹੀਂ।

***ਜਿਹ ਪੈਡੈ ਮਹਾ ਅੰਧ ਗੁਬਾਰਾ ॥ ਅੰਗ - ੨੬੪***

ਹਨ੍ਹੇਰ ਪਿਆ ਹੈ, ਬੈਟਰੀ ਨਹੀਂ ਹੈ ਉਥੇ, ਫਿਕਰ ਨਹੀਂ ਇਸਦੇ ਮਨ ਵਿੱਚ ਹੁੰਦਾ ਇਨ੍ਹਾਂ ਚੀਜ਼ਾਂ ਨੂੰ ਸੁਣ ਕੇ। ਮਹਾਰਾਜ ਕਹਿੰਦੇ ਪਿਆਸ ਬੜੀ ਲੱਗਣੀ ਹੈ ਉਥੇ, ਔਖਾ ਹੋ ਜਾਏਂਗਾ। ਭੁੱਖਾ ਮਰ ਜਾਏਂਗਾ, ਗਰਮੀ ਬੇਅੰਤ ਹੈ। ਇਸ ਜੀਵ ਦੇ ਉੱਤੇ ਕੋਈ ਅਸਰ ਨਹੀਂ ਹੁੰਦਾ, ਕਾਰਨ ਮਹਾਰਾਜ ਦਸਦੇ ਨੇ -

***ਧਾਰਨਾ - ਨਹੀਂਓਂ ਮਰਨ ਪਛਾਣਦਾ,***
***ਝੂਠੇ ਲਾਲਚ ਲਗ ਕੇ ਬੰਦਾ।***

***ਚੇਤਨਾ ਹੈ ਤਉ ਚੇਤ ਲੈ***
***ਨਿਸਿ ਦਿਨਿ ਮੈ ਪ੍ਰਾਨੀ ॥***
***ਛਿਨੁ ਛਿਨੁ ਅਉਧ ਬਿਹਾਤੁ ਹੈ***
***ਫੂਟੈ ਘਟ ਜਿਉ ਪਾਨੀ ॥ ੧ ॥ ਰਹਾਉ ॥***
***ਹਰਿ ਗੁਨ ਕਾਹਿ ਨ***
***ਗਾਵਹੀ ਮੂਰਖ ਅਗਿਆਨਾ ॥***
***ਝੂਠੈ ਲਾਲਚਿ ਲਾਗਿ ਕੈ ਨਹਿ ਮਰਨੁ ਪਛਾਨਾ ॥***
***੧ ॥ ਅਜਹੂ ਕਛੁ ਬਿਗਰਿਓ ਨਹੀ***
***ਜੋ ਪ੍ਰਭ ਗੁਨ ਗਾਵੈ ॥***
***ਕਹੁ ਨਾਨਕ ਤਿਹ ਭਜਨ ਤੇ ਨਿਰਭੈ ਪਦੁ ਪਾਵੈ ॥***
***ਅੰਗ - ੭੨੬***

ਮਹਾਰਾਜ ਕਹਿਣ ਲੱਗੇ, ਪਿਆਰਿਓ! ਇਹ ਮਨੁੱਖ ਰੋਜ਼ ਦੇਖਦਾ ਹੈ, ਚਲੋ-ਚਲੀ ਦਾ ਮੇਲਾ ਹੈ, ਬਹੁਤ ਸਾਰੇ ਪ੍ਰੇਮੀ ਕਹਿਣਗੇ ਜੀ ਇਹ ਤਾਂ ਢਹਿੰਦੀ ਕਲਾ ਦੇ ਉਪਦੇਸ਼ ਕਰੇ ਨੇ ਗੁਰੂ ਸਾਹਿਬ ਨੇ। ਢਹਿੰਦੀ ਕਲਾ ਨਹੀਂ, ਇੱਕ ਚੀਜ਼ ਸਾਮ੍ਹਣੇ ਤੁਰੀ ਜਾ ਰਹੀ ਹੈ। ਉਹ ਦਿਖਾ ਰਹੇ ਨੇ ਕਿ ਆਹ ਸਤਿ ਹੈ, ਆਹ ਅਸਤਿ ਹੈ। ਗੁਰੂ ਨਾਨਕ ਪਾਤਸ਼ਾਹ ਸਿਆਲਕੋਟ ਚਲੇ ਜਾਂਦੇ ਨੇ। ਉਥੇ ਇੱਕ ਪੀਰ ਹਮਜ਼ਾਗੌਂਸ ਨਾਮ ਦਾ, ਕਿਲ੍ਹੇ ਦੇ ਵਿੱਚ ਬੈਠਾ ਹੈ, ਗੁਰੂ ਨਾਨਕ ਪਾਤਸ਼ਾਹ ਨੇ ਮਰਦਾਨੇ ਨੂੰ ਭੇਜਿਆ, ਮਰਦਾਨਿਆਂ! ਔਹ ਸਾਮ੍ਹਣੇ ਗੁੰਬਦ ਹੈ, ਉਹਦੇ 'ਚ ਇੱਕ ਪੀਰ ਗੁੱਸੇ 'ਚ ਆਇਆ ਹੋਇਆ, ਚਿਲ੍ਹਾ ਕੱਟ ਰਿਹਾ ਹੈ, ਜਾਹ ਉਹਨੂੰ ਆਵਾਜ਼ ਦੇ ਕੇ ਸਾਡੇ ਕੋਲ ਬੁਲਾ ਲਿਆ। ਜਲ ਰਿਹਾ ਹੈ, ਭਖ ਰਿਹਾ ਹੈ ਤੇ ਉਹਨੂੰ ਕੁਛ ਸ਼ਾਂਤੀ ਦੇਈਏ। ਮਰਦਾਨਾ ਜਾਂਦਾ ਹੈ ਤੇ ਉਹਦੇ ਮੁਰੀਦ ਕਹਿਣ ਲੱਗੇ, ਭਾਈ ਮਰਦਾਨਾ! ਸਾਡਾ ਪੀਰ ਤੇਰੇ ਗੁਰੂ ਨਾਲੋਂ ਘੱਟ ਨਹੀਂ, ਕਿਉਂ ਜਾਵੇ ਉਹ। ਫੇਰ ਦੂਸਰਾ ਉਹ ਚਿਲ੍ਹੇ ਵਿੱਚ ਬੈਠਾ ਹੈ, ਅੱਜ 25 ਦਿਨ ਹੋਏ ਨੇ, ਪੰਦਰਾਂ ਦਿਨ ਤੋਂ ਬਾਅਦ ਗੁਰੂ ਨਾਨਕ ਨੂੰ ਕਹਿ ਦੇ ਕਿ ਇੰਤਜ਼ਾਰ ਕਰ ਲੈ ਬੈਠ ਕੇ ਉਥੇ। ਵਾਪਸ ਆ ਗਿਆ, ਮਹਾਰਾਜ! ਕਹਿੰਦੇ ਮਰਦਾਨਿਆਂ! ਇੱਕ ਵਾਰੀ ਫੇਰ ਜਾਹ। ਦੁਬਾਰਾ ਫੇਰ ਗਿਆ। ਫੇਰ ਬੇਨਤੀ ਕਰੀ, ਨਾਲ ਸਮਝਾਇਆ ਕਹਿੰਦੇ ਪਿਆਰਿਓ! ਗੁਰੂ ਨਾਨਕ ਬੇਅੰਤ ਪੀਰਾਂ, ਫਕੀਰਾਂ ਨੂੰ ਮਿਲ ਚੁੱਕਿਆ ਹੈ। ਉਹ ਸਾਰੇ ਪੀਰ ਇੱਥੋਂ ਤਕ ਕਿ ਕਾਹਬਾ ਸ਼ਰੀਫ ਦੇ ਜਿਹੜੇ ਮਜ਼ਾਰ ਨੇ ਉਹ ਵੀ ਇਨ੍ਹਾਂ ਦੀ ਇੱਜ਼ਤ ਕਰਦੇ ਨੇ, ਸਤਿਕਾਰ ਨਾਲ ਇਨ੍ਹਾਂ ਦੇ ਚਰਨਾਂ 'ਤੇ ਸਿਜਦਾ ਕੀਤਾ ਹੈ, ਕੋਈ

ਭੇਤ ਹੈ ਤੁਸੀਂ ਕਹਿ ਦਿਓ ਆਪਣੇ ਪੀਰ ਨੂੰ। ਬੁਰੀ ਬਾਤ ਨਹੀਂ ਮੈਂ ਕਹਿ ਰਿਹਾ। ਕਹਿੰਦੇ, ਅਸੀਂ ਪੀਰ ਪ੍ਰਸਤ ਹਾਂ। ਜਿਵੇਂ ਤੂੰ ਗੁਰੂ ਪ੍ਰਸਤ ਹੈਂ ਅਸੀਂ ਗੁਰੂ ਪ੍ਰਸਤ ਹਾਂ। ਸਾਨੂੰ ਵੀ ਆਪਣੇ ਪੀਰ ਦਾ ਧਿਆਨ ਹੈ, ਅਸੀਂ ਨਹੀਂ ਕਹਿਣਾ। ਤੀਸਰੀ ਵਾਰੀ ਮਹਾਰਾਜ ਨੇ ਫੇਰ ਭੇਜਿਆ ਕਹਿੰਦੇ, ਮਰਦਾਨਿਆਂ! ਜਾਹ, ਜਾ ਕੇ ਫੇਰ ਕਹਿ ਦੇ, ਨਾਲ ਐਉਂ ਕਹਿ ਦੇਈਂ, ਹੁਣ ਤਾਂ ਆ ਜਾਵੇ, ਚੰਗੀ ਗੱਲ ਹੈ, ਆਉਣਾ ਉਹਨੂੰ ਪੈਣਾ ਹੈ, ਬਾਰ੍ਹਾਂ ਵਜੇ ਆ ਜਾਏਗਾ ਫੇਰ। ਫੇਰ ਨਾਲੇ ਅਫਸੋਸ ਕਰੇਗਾ, ਨਾਲੇ ਆਵੇਗਾ, ਨਾਲੇ ਤੁਹਾਨੂੰ ਬੁਰਾ ਭਲਾ ਕਹੇਗਾ। ਚੰਗਾ ਹੈ ਜੇ ਹੁਣ ਵੀ ਹਾਕ ਮਾਰ ਦਿਓ। ਕਹਿੰਦਾ, ਤੈਨੂੰ ਇੱਕ ਵਾਰੀ ਜਿਹੜੀ ਗੱਲ ਕਹਿ ਦਿੱਤੀ, ਉਹ ਕਹਿ ਦਿੱਤੀ, ਤੂੰ ਬਾਰ-ਬਾਰ ਕਹੀ ਜਾਂਦਾ ਹੈ, ਬੜਾ ਢੀਠ ਬੰਦਾ ਹੈਂ। ਤੂੰ ਦਸਦਾ ਨਹੀਂ ਉਨ੍ਹਾਂ ਨੂੰ? ਕਹਿੰਦਾ, ਮੈਂ ਤਾਂ ਹੁਕਮ ਦਾ ਬੰਨ੍ਹਿਆ ਹੋਇਆ ਹਾਂ ਪਿਆਰਿਓ! ਹੁਕਮੀ ਬੰਦਾ ਹਾਂ। ਜਿਹੜਾ ਕੁਛ ਤੁਹਾਡਾ ਜੀਅ ਕਰਦਾ ਹੈ ਕਹਿ ਲਓ। ਪਰ ਤੁਹਾਡਾ ਪੀਰ ਗੁਰੂ ਨਾਨਕ ਕੋਲ 12 ਵਜੇ ਆਪੇ ਹੀ ਪਹੁੰਚ ਜਾਏਗਾ।

ਸਾਰਾ ਸ਼ਹਿਰ ਸਹਿਮਿਆ ਪਿਆ ਹੈ ਕਿ ਫਕੀਰ ਨੇ ਸ਼ਹਿਰ ਗਰਕ ਕਰ ਦੇਣਾ ਹੈ। ਪੰਦਰਾਂ ਦਿਨ ਉਹਦਾ ਚਿਲ੍ਹਾ ਬਾਕੀ ਬਚਦਾ ਹੈ, ਪੰਦਰਾਂ ਦਿਨਾਂ 'ਚ ਗਰਕ ਕਰ ਦੇਵੇਗਾ। ਇੱਕ ਦਮ ਖਬਰ ਗੁਰੂ ਨਾਨਕ ਪਾਤਸ਼ਾਹ ਦੀ ਪਹੁੰਚ ਗਈ ਕਿ ਆ ਗਿਆ ਰਖਣਵਾਲਾ ਸ਼ਹਿਰ ਨੂੰ। ਉਸ ਵੇਲੇ ਹੁੰਮ-ਹੁੰਮਾ ਕੇ, ਸਾਰੇ ਦੇ ਸਾਰੇ ਜੋ ਵਸਨੀਕ ਸੀ ਉਥੇ ਦੇ, ਗੁਰੂ ਨਾਨਕ ਪਾਤਸ਼ਾਹ ਵਲ ਨੂੰ ਚੱਲ ਪਏ। ਬੇਰੀ ਦੇ ਹੇਠ ਗੁਰੂ ਨਾਨਕ ਬੈਠੇ ਨੇ। ਉਥੇ ਪਹੁੰਚ ਜਾਂਦੇ ਨੇ, ਨਮਸ਼ਕਾਰਾਂ ਕਰਦੇ ਨੇ, ਬਹੁਤ ਰੋਂਦੇ ਨੇ ਕਿ ਮਹਾਰਾਜ ਸਾਡਾ ਕਸੂਰ ਕੋਈ ਨਹੀਂ। ਅਸੀਂ ਕੀ ਕਰਿਆ ਹੈ ਕਿ ਪੀਰ ਸ਼ਹਿਰ ਨੂੰ ਗਰਕ ਕਰਨ ਲੱਗਿਆ ਹੈ। ਕਿਉਂਕਿ ਐਸੀਆਂ ਸ਼ਕਤੀਆਂ ਆਮ ਹੋਇਆ ਕਰਦੀਆਂ ਸੀ। ਗੁਰੂ ਨਾਨਕ ਨੇ ਸਾਨੂੰ ਇਨ੍ਹਾਂ ਸ਼ਕਤੀਆਂ ਤੋਂ ਵਰਜਿਆ ਹੈ, ਕਿਉਂਕਿ ਮੁਰਦੇ ਜੋ ਹੋਏ, ਮੁਰਦੇ ਦਾ ਕੰਮ ਨਹੀਂ ਹੈ ਸ਼ਕਤੀਆਂ ਦਿਖਾਉਣਾ। ਇਸ ਕਰਕੇ ਬਾਰ੍ਹਾਂ ਵਜੇ ਮਹਾਰਾਜ ਦੇ ਮੁਖ 'ਚੋਂ ਨਿਕਲ ਚੁੱਕਿਆ ਸੀ। ਧੁੱਪ ਘੜੀ ਦੇਖਣ ਲੱਗ ਗਏ, ਖੜ੍ਹੇ ਹੋ ਹੋ ਦੇਖਦੇ ਨੇ ਕਿ ਅੰਗੂਠੇ 'ਤੇ ਛਾਉਂ ਆ ਗਈ ਕਿ ਨਹੀਂ ਆ ਗਈ। ਕਿਉਂਕਿ ਆਹੀ ਤਰੀਕਾ ਹੁੰਦਾ ਹੈ ਸਿੱਧਾ ਆਦਮੀ ਖੜ੍ਹਾ ਹੈ ਸਹੀ ਕੱਦ ਜਿਹਦਾ ਹੋਵੇ। ਉਹ ਬਿਲਕੁਲ ਹੇਠਾਂ ਅੱਖਾਂ ਕਰਕੇ ਦੇਖੇ, ਜੇ ਸੂਰਜ ਦੀ ਧੁੱਪ ਅੰਗੂਠੇ ਨਾਲ ਲਗ ਗਈ, ਫੇਰ ਸਮਝ ਲਓ ਬਾਰ੍ਹਾਂ ਵਜ ਗਏ। ਅੱਧਾ ਦਿਨ ਲੰਘ ਗਿਆ। ਇਸ ਤਰ੍ਹਾਂ ਦੇ ਨਾਲ ਦੇਖਦੇ ਨੇ ਕਿ ਹੁਣ ਵੱਜੇ ਬਾਰ੍ਹਾਂ ਕਿ ਹੁਣ ਬਾਰ੍ਹਾਂ, ਘੜਿਆਲ ਵੱਜਣ ਵਾਲਾ ਹੈ ਬਾਰ੍ਹਾਂ ਦਾ। ਆਵਾਜ਼ ਆਈ ਗੜਗੜਾਹਟ ਦੀ, ਜਿਵੇਂ ਕੋਈ ਬਹੁਤ ਵੱਡਾ ਖੜਕਾ ਹੋਇਆ ਹੁੰਦਾ ਹੈ। ਹਫੜਾ-ਦਫੜੀ ਮਚ ਗਈ ਉਥੇ। ਪੀਰ ਇੱਕ ਦਮ ਬਾਹਰ ਆ ਗਿਆ। ਗੁੰਬਦ ਫਟ ਗਿਆ ਖਰਬੂਜੇ ਵਾਂਗਣ, ਜਿਵੇਂ ਖਰਬੂਜੇ ਦੀਆਂ ਫਾੜੀਆਂ ਬਾਹਰ ਨੂੰ ਹੋ ਜਾਣ, ਇੱਕ ਦਮ ਬਾਹਰ ਨੂੰ ਗਿਆ। ਸੂਰਜ ਦੀ ਲੋਅ ਪੈ ਗਈ, ਸੂਰਜ ਉਹਨੇ ਕਿਹਾ ਸੀ ਕਿ ਤਾਂ ਦੇਖਣਾ ਹੈ ਜਦ ਸ਼ਹਿਰ ਗਰਕ ਹੋ ਜਾਏਗਾ। ਕਿਲ੍ਹਾ ਟੁੱਟ ਗਿਆ, ਬਾਹਰ ਆ ਗਿਆ, ਘਬਰਾਇਆ ਹੋਇਆ ਬਹੁਤ ਹੈ।

ਮੁਰੀਦਾਂ ਨੂੰ ਕਹਿਣ ਲੱਗਿਆ ਕਿ ਕੋਈ ਆਇਆ ਸੀ ਇੱਥੇ?

ਨੀਵੀਆਂ ਪਾਈ ਖੜ੍ਹੇ ਨੇ ਕਹਿੰਦੇ ਬੋਲਦੇ ਕਿਉਂ ਨਹੀਂ?

ਕਹਿੰਦੇ ਕਿ ਗੁਰੂ ਨਾਨਕ ਆਇਆ ਹੋਇਆ ਹੈ ਉਹਦਾ ਤਿੰਨ ਵਾਰੀ ਆਇਆ ਸੀ ਮਰਦਾਨਾ।

ਕੀ ਕਹਿੰਦਾ ਸੀ?

ਕਹਿੰਦੇ ਤੁਹਾਨੂੰ ਬੁਲਾਇਆ ਸੀ, ਜਾਂਦੇ ਹੋਏ ਕਹਿ ਗਿਆ ਕਿ ਬਾਰ੍ਹਾਂ ਵਜੇ ਫੇਰ ਆਪੇ ਆਏਗਾ।

ਫੇਰ ਕਹਿੰਦਾ, ਬੇਇਜ਼ਤੀ ਕਰਾ ਕੇ ਹੀ ਤੁਹਾਨੂੰ ਮੱਤ ਆਈ ਨਾ ਕੁਛ? ਤੁਸੀਂ ਪਹਿਲਾਂ ਹੀ ਮੈਨੂੰ ਆਵਾਜ਼ ਮਾਰ ਦਿੰਦੇ।

ਐਡਾ ਵੱਡਾ ਗੁਰੂ ਨਾਨਕ ਆਇਆ ਹੋਵੇ ਤੇ ਮੈਂ ਬੈਠਾ ਰਹਾਂ। ਮੈਂ ਨਹੀਂ, ਮੈਂ ਤਾਂ ਉਹਦਾ ਨਾਉਂ ਸੁਣਦੇ ਹੀ ਚਲੇ ਜਾਣਾ ਹੈ। ਚਲੋ ਮੈਨੂੰ ਲੈ ਕੇ ਚਲੋ। ਥੱਕਿਆ ਹੋਇਆ ਹੈ, ਭੁੱਖਾ ਹੈ, ਖਾਧਾ ਕੁਛ ਨਹੀਂ ਪੱਚੀ ਦਿਨ ਤੋਂ। ਜੌਂ ਦੇ ਆਸਰੇ ਵਰਤ ਰੱਖ ਰਿਹਾ ਹੈ, ਪਹਿਲਾਂ ਵੀਹ ਦਿਨ ਵਿੱਚ ਵੀਹ ਦਾਣੇ ਖਾ ਕੇ ਦੂਜੇ ਦਿਨ ਉਨੀਂ, ਤੀਸਰੇ ਦਿਨ ਅਠਾਰ੍ਹਾਂ, ਐਸ ਤਰ੍ਹਾਂ ਘਟਾਉਂਦੇ-ਘਟਾਉਂਦੇ, ਵੀਹਵੇਂ ਦਿਨ ਇੱਕ ਦਾਣੇ 'ਤੇ ਆ ਜਾਂਦੇ ਸੀ, ਇੱਕੀਵੇਂ ਦਿਨ ਦੋ 'ਤੇ, ਇਵੇਂ ਜਿਵੇਂ ਵਧਦੇ-ਵਧਦੇ ਦੋ ਦਾਣਿਆ 'ਤੇ ਆ ਜਾਂਦੇ ਸੀ, ਚਿਲ੍ਹਾ ਕੱਟ ਹੋ ਜਾਂਦਾ ਸੀ, 41-42 ਦਿਨਾਂ ਦਾ। ਗੁਰੂ ਨਾਨਕ ਪਾਤਸ਼ਾਹ ਦੇ ਪਾਸ ਆ ਕੇ, ਮਹਾਰਾਜ ਜੀ ਨੇ ਆਦਰ ਨਾਲ ਬਿਠਾ ਲਿਆ, ਕਹਿੰਦੇ ਪੀਰ ਜੀ! 'ਕਰੇ ਗੀਗਾ ਤੇ ਭਰੇ ਬੀਬਾ।' ਇਹ ਕੀ ਗੱਲ ਤੁਸੀਂ ਕਰੀ ਹੈ। ਕਿਉਂ ਸ਼ਹਿਰ ਨੂੰ ਗਰਕ ਕਰਨ ਲੱਗ ਗਏ? ਭਲੇ ਬੰਦੇ ਵੀ ਹੁੰਦੇ ਨੇ ਹਰ ਥਾਂ 'ਤੇ, ਜੇ ਬੁਰੇ ਨੇ ਬੁਰਿਆਂ ਦੇ ਨਾਲ ਭਲੇ ਵੀ ਨੇ। ਭਲਿਆਂ ਦੇ ਪ੍ਰਤਾਪ ਦੇ ਨਾਲ ਸ਼ਹਿਰ ਬਚ ਜਾਇਆ ਕਰਦਾ ਹੈ। ਐਨਾ ਕਹਿਰ ਨਹੀਂ ਸੀ ਕਰਨਾ, ਦਰਵੇਸ਼ ਦਾ ਕਹਿਰ ਜਿਹੜਾ, ਆਪਣੀ ਜਾਨ ਦੇ ਉੱਤੇ ਉਹ ਠੀਕ ਨਹੀਂ ਹੁੰਦਾ ਝੱਲਣਾ। ਕਹਿੰਦਾ ਮਹਾਰਾਜ! ਇਹ ਤਾਂ ਝੂਠਿਆਂ ਦਾ ਸ਼ੌਹਿਰ ਹੈ। ਕਹਿੰਦੇ, ਗੱਲ ਕੀ ਹੋਈ?

ਕਹਿੰਦਾ, ਮਹਾਰਾਜ! ਇੱਥੇ ਗੀਗਾ ਖੱਤਰੀ ਸੀ, ਉਹਦੇ ਉਲਾਦ ਨਹੀਂ ਸੀ ਹੁੰਦੀ, ਅਸੀਂ ਕਿਹਾ ਕਿ ਓਲਾਦ ਹੋ ਜਾਊ, ਪਹਿਲਾ ਫਲ ਸਾਨੂੰ ਦੇ ਦੇਈਂ। ਬੱਚਾ ਹੋ ਗਿਆ ਤੇ ਸਾਨੂੰ ਨਹੀਂ ਦਿੱਤਾ। ਕਹਿੰਦਾ ਕਿ ਮਹਾਰਾਜ! ਇਹ ਤਾਂ ਮਨ ਨੂੰ ਮੋਂਹਦਾ ਹੈ, ਇਹ ਤਾਂ ਦੇ ਦਿਓ ਸਾਨੂੰ, ਜਿਹੜਾ ਦੂਜਾ ਹੋਏਗਾ, ਅਸੀਂ ਉਹਦਾ ਚਿਹਰਾ ਨਹੀਂ ਦੇਖਾਂਗੇ, ਉਹ ਤੁਹਾਨੂੰ ਦੇ ਦੇਵਾਂਗੇ। ਦੂਜਾ ਹੋ ਗਿਆ ਉਸ ਤੋਂ ਵੀ ਮੁੱਕਰ ਗਏ, ਤੀਸਰਾ ਹੋ ਗਿਆ ਫੇਰ ਮੁੱਕਰ ਗਏ, ਚੌਥਾ ਹੋ ਗਿਆ ਤਾਂ ਸਾਫ ਜਵਾਬ ਦੇ ਦਿੱਤਾ ਕਿ ਤੇਰਾ ਮਜ਼੍ਹਬ ਹੋਰ, ਸਾਡਾ ਮਜ਼੍ਹਬ ਹੋਰ, ਬੱਚਾ ਨਹੀਂ ਦੇਣਾ ਅਸੀਂ। ਮਹਾਰਾਜ! ਜੇ ਝੂਠਾ ਬੰਦਿਆਂ ਤੋਂ ਪੀਰਾਂ-ਫਕੀਰਾਂ ਦੀ ਇਸ ਤਰ੍ਹਾਂ ਦੇ ਨਾਲ ਬੇਇਜ਼ਤੀ ਹੋਣ ਲਗ ਜਾਵੇ ਤਾਂ ਇਹ ਤਾਂ ਲੋਕ ਬਹੁਤ ਚਾਮਲ ਜਾਣਗੇ। ਮਹਾਰਾਜ ਕਹਿੰਦੇ, ਨਹੀਂ ਪੀਰ ਜੀ! ਫੇਰ ਵੀ ਪੀਰ ਦਾ ਕੰਮ ਸਬਰ ਵਿੱਚ ਹੁੰਦਾ ਹੈ। ਇਹ ਗਲਤੀਆਂ ਕਰਦੇ ਨੇ, ਭੁੱਲੜ ਨੇ ਆਪਣਾ ਕੰਮ ਨਹੀਂ ਕਿ ਇਨ੍ਹਾਂ ਨੂੰ ਪੈਰ-ਪੈਰ 'ਤੇ ਐਸ ਤਰ੍ਹਾਂ

ਸਜ਼ਾ ਦੇਣਾ।

ਪਹਿਲਾਂ ਵੀ ਸ਼ਹਿਰ ਗਰਕ ਹੋਇਆ ਸੀ?

ਕਹਿੰਦਾ, ਹਾਂ ਮਹਾਰਾਜ! ਪਹਿਲਾਂ ਜਦੋਂ ਪੂਰਨ ਦੇ ਹੱਥ ਵੱਢੇ ਨੇ ਉਸ ਵੇਲੇ ਹੋਇਆ ਸੀ।

ਕਹਿੰਦੇ, ਸ਼ਹਿਰ 'ਚ ਕੋਈ ਤਾਂ ਚੰਗਾ ਹੋਏਗਾ?

ਕਹਿੰਦਾ, ਨਾ ਮਹਾਰਾਜ! ਇਹ ਸਾਰਾ ਸ਼ਹਿਰ ਝੂਠਿਆਂ ਦਾ ਹੈ।

ਕਹਿੰਦੇ, ਤੈਨੂੰ ਕਿਵੇਂ ਪਤਾ ਹੈ?

ਕਹਿੰਦੇ, ਇੱਕ ਵੀ ਬੰਦਾ ਨਹੀਂ ਆਇਆ, ਜਿਹਨੇ ਹਾਅ ਦਾ ਨਾਅਰਾ ਮਾਰਿਆ ਹੋਵੇ ਜਾਂ ਇਨਸਾਫ ਕਰਾਉਣ ਲਈ ਕਿਹਾ ਹੋਵੇ। ਐਸੇ ਝੂਠੇ ਰੱਖਣੇ ਨਹੀਂ ਚਾਹੀਦੇ, ਗਰਕ ਹੋ ਜਾਣੇ ਚਾਹੀਦੇ ਨੇ। ਮਹਾਰਾਜ ਕਹਿੰਦੇ, ਕੋਈ ਨਾ ਆਪਾਂ ਹੁਣ ਪਤਾ ਕਰ ਲੈਂਦੇ ਹਾਂ। ਸੋਨੇ ਦਾ ਟਕਾ ਕਿਸੇ ਨੇ ਚਾੜ੍ਹਿਆ, ਕਹਿੰਦੇ ਮਰਦਾਨਿਆਂ! ਆਹ ਲੈ ਜਾ, ਇੱਕ ਪੈਸੇ ਦਾ ਸੱਚ ਲਿਆ ਖਰੀਦ ਕੇ, ਇੱਕ ਦਾ ਝੂਠ ਲਿਆ। ਹੱਟੀ-ਹੱਟੀ ਤੁਰਿਆ ਫਿਰਦਾ ਹੈ, ਅਜੀਬ ਸੌਦਾ ਹੈ, ਦੇਣ ਵਾਲਾ ਕੋਈ ਨਹੀਂ। ਅਖੀਰ ਇੱਕ ਬਾਈ ਸਾਲ ਦਾ ਨੌਜਵਾਨ ਉਹਨੇ ਸੁਣਿਆ, ਕਹਿੰਦਾ ਆਹ ਭਾਈ! ਮੈਂ ਤੈਨੂੰ ਸੌਦਾ ਦੇਵਾਂ। ਦੋ ਪੁੜੀਆਂ ਉਹਦੇ ਹੱਥ 'ਚ ਫੜਾ ਦਿੱਤੀਆਂ ਲਿਖ ਕੇ, ਕਹਿੰਦਾ ਲੈ ਜਾ। ਜਾ ਕੇ ਮਰਦਾਨੇ ਨੇ ਕਿਹਾ ਕਿ ਪੀਰ ਜੀ! ਤੁਸੀਂ ਖੋਲ੍ਹੋ ਆਪਣੇ ਹੱਥ ਨਾਲ। ਉਥੇ ਲਿਖਿਆ ਹੋਇਆ ਹੈ ਕਿ ਮਰਨਾ ਸੱਚ, ਜੀਉਣਾ ਝੂਠ। ਕਹਿੰਦੇ, ਜਿਸ ਸ਼ਹਿਰ ਦੇ ਅੰਦਰ ਇੱਕ ਵੀ ਬੰਦਾ ਹੈ ਜਿਹਨੂੰ ਮਰਨਾ ਯਾਦ ਹੈ, ਉਹਦੀ ਬਦੌਲਤ ਸ਼ਹਿਰ ਵਸਦਾ ਰਹਿੰਦਾ ਹੈ। ਕਿਉਂਕਿ ਉਹਦੀ ਸੁਰਤੀ ਪ੍ਰਮੇਸ਼ਰ ਨਾਲ ਜੁੜਦੀ ਹੈ, ਵੈਰਾਗੀ ਬੰਦੇ ਦੀ।

***ਜੋ ਮਨਿ ਚਿਤਿ ਇਕੁ ਅਰਾਧਦੇ***
***ਤਿਨ ਕੀ ਬਰਕਤਿ ਖਾਹਿ ਅਸੰਖ ਕਰੋੜੇ ॥***
***ਅੰਗ - ੩੦੬***

ਸੋ ਇਹ ਤਾਂ ਸ਼ਹਿਰ ਝੂਠਾ ਨਹੀਂ ਹੈ। ਇੱਕ ਬੰਦਾ ਇਹਦੇ ਵਿੱਚ ਸੱਚ ਤੇ ਝੂਠ ਦੀ ਪਛਾਣ ਕਰਨ ਵਾਲਾ ਹੈ, ਉਹਦੀ ਬਦੌਲਤ ਇਹ ਸ਼ਹਿਰ ਵਸਦਾ ਰਹਿਣਦੇ। ਸੋ ਇਸ ਤਰ੍ਹਾਂ ਜਿਹੜੀ ਸਤਿ ਬਾਤ ਹੈ ਉਸਨੂੰ ਅਸੀਂ ਅਸਤਿ ਕਰਕੇ ਜਾਣਦੇ ਹਾਂ। ਸੰਸਾਰ ਤੋਂ ਅਸੀਂ ਚਲੇ ਜਾਣਾ ਹੈ ਰਹਿਣਾ ਨਹੀਂ ਹੈ ਕਿਸੇ ਨੇ ਵੀ।

ਗੁਰੂ ਮਹਾਰਾਜ ਕਹਿਣ ਲੱਗੇ, ਪਿਆਰਿਓ! ਇਹ ਭਜਨ ਤਾਂ ਨਹੀਂ ਕਰਦਾ, ਕਿਉਂਕਿ ਇਹਦਾ ਜਿਹੜਾ ਚਿੱਤ ਹੈ, ਮਾਇਆ 'ਚ ਫਸਿਆ ਹੋਇਆ ਹੈ, ਇਹ ਜੀਉਣ ਨੂੰ ਸਤਿ ਜਾਣਦਾ ਹੈ ਤੇ ਜਿਹੜਾ ਸਤਿ ਹੈ ਇਹ ਸੰਸਾਰ 'ਤੇ ਰਹਿੰਦਾ ਕਿਤੇ ਨਹੀਂ ਹੈ।

ਇਕ ਵਾਰੀ ਜ਼ਮੀਨ ਅਸਮਾਨ ਨੂੰ ਪੁੱਛਣ ਲੱਗੀ, ਕਹਿੰਦੀ ਐ ਅਸਮਾਨ! ਜਿੱਡਾ ਕੁ ਪ੍ਰਮੇਸ਼ਰ ਸੁਣੀਦਾ ਹੈ, ਐਡਾ ਕੁ ਤੂੰ ਵੀ ਹੈਗਾ, ਕਿਉਂਕਿ ਹਰ ਥਾਂ ਦੇ ਉਤੇ ਸਪੇਸ ਹੈ। ਇੱਕ ਗੱਲ ਦਸ, ਮੇਰੀ ਗੋਦ ਦੇ ਵਿੱਚ ਵੱਡੇ-ਵੱਡੇ ਆਏ, ਐਸੇ ਆਏ ਜਿਨ੍ਹਾਂ ਨੇ ਦੁਨੀਆਂ ਨੂੰ ਲਤਾੜ ਕੇ ਰੱਖ ਦਿੱਤਾ। ਵੱਡੇ-ਵੱਡੇ ਬਾਦਸ਼ਾਹ ਕਹਾਏ। ਵੱਡੇ-ਵੱਡੇ ਸਾਧੂ ਵੀ ਆਏ, ਵੱਡੇ-ਵੱਡੇ ਮਹਾਤਮਾ ਵੀ ਆਏ, ਬੜੇ ਅਵਤਾਰ ਵੀ ਆਏ, ਬੜੇ ਪੈਗੰਬਰ ਆਏ। ਉਹ ਚਲੇ ਕਿੱਥੇ ਗਏ, ਐਸ ਤਰ੍ਹਾਂ ਪੜ੍ਹ ਲਓ ਪਿਆਰ ਨਾਲ -

***ਧਾਰਨਾ - ਕਿਥੇ ਗਏ ਨੇ ਪੈਗੰਬਰ ਪੀਰ***
***ਅਉਲੀਏ, ਦਿਸਦਾ ਨਾ ਕੋਈ ਜਗ 'ਤੇ।***

***ਜਿਮੀ ਪੁਛੈ ਅਸਮਾਨ ਫਰੀਦਾ***
***ਖੇਵਟ ਕਿੰਨਿ ਗਏ ॥ ਅੰਗ - ੪੮੮***

ਐ ਅਸਮਾਨ! ਤੇਰੀ ਪਹੁੰਚ, ਦੂਰ ਦਰਾਜ਼ ਖੰਡਾਂ-ਬ੍ਰਹਿਮੰਡਾਂ, ਕਰੋੜਾਂ ਬ੍ਰਹਿਮੰਡਾਂ ਤਕ ਹੈ, ਆਹ ਜਿਹੜੇ ਮੇਰੀ ਛਾਤੀ ਦੇ ਉਤੇ ਨਾਟ ਕਰਦੇ ਰਹੇ ਨੇ, ਫੌਜਾਂ ਲੈ ਲੈ ਕੇ ਇੱਕ ਦੂਜੇ ਨੂੰ ਲੁਟਦੇ ਰਹੇ ਨੇ, ਮਾਰਦੇ ਰਹੇ ਨੇ। ਵੱਡੀਆਂ-ਵੱਡੀਆਂ ਸ਼ਕਤੀਆਂ ਵਾਲੇ ਇੱਥੇ ਮੇਰੇ ਪਾਸ ਹੋ ਕੇ ਸਾਰੇ ਚਲੇ ਕਿੱਥੇ ਗਏ? ਕਹਿਣ ਲੱਗਿਆ, ਦੇਖ! ਜੀਵ ਦੋ ਚੀਜ਼ਾਂ ਦਾ ਬਣਿਆ ਹੋਇਆ, ਇੱਕ ਹਿੱਸਾ ਉਹਦਾ ਹੈਗਾ ਪਾਣੀ, ਮਿੱਟੀ, ਅੱਗ, ਹਵਾ ਤੇ ਮੇਰਾ ਆਕਾਸ਼ ਦਾ; ਉਹ ਪੰਜ ਤੱਤਾਂ ਦਾ ਬਣਿਆ ਹੋਇਆ ਹੈ। ਦੂਸਰਾ ਇਹਦੇ ਵਿੱਚ ਚੇਤਨ ਜੋਤ ਹੋਇਆ ਕਰਦੀ ਹੈ। ਜਿਹਨੂੰ ਰੂਹ ਕਹਿੰਦੇ ਨੇ, ਜਿਹੜਾ ਤਾਂ ਤੇਰਾ ਸੀ ਉਹ ਤਾਂ ਇੱਥੇ ਹੀ ਰਹਿ ਗਿਆ। ਜਿਹੜੀ ਰੂਹ ਸੀ ਉਹ ਇੱਥੇ ਨਹੀਂ ਹੈ, ਉਹ ਚਲੀ ਗਈ।

***ਜਿਮੀ ਪੁਛੈ ਅਸਮਾਨ ਫਰੀਦਾ***
***ਖੇਵਟ ਕਿੰਨਿ ਗਏ ॥***
***ਜਾਲਣ ਗੋਰਾਂ ਨਾਲਿ ਉਲਾਮੇ ਜੀਅ ਸਹੇ ॥***
***ਅੰਗ - ੪੮੮***

ਕਹਿੰਦੇ ਕੁਛ ਤਾਂ ਜਾਲ ਦਿੱਤੇ, ਕੁਛ ਕਬਰਾਂ ਦੇ ਵਿੱਚ ਦੱਬੇ ਪਏ ਨੇ। ਇਹਦੇ ਵਿੱਚ ਜਿਹੜਾ ਜੀਅ ਸੀ, ਉਹ ਦਰਗਾਹ ਦੇ ਵਿੱਚ ਜਾ ਕੇ ਉਲ੍ਹਾਮੇ ਸਹਿੰਦਾ ਹੈ, ਪੀਰਾਂ-ਪੈਗੰਬਰਾਂ, ਔਲੀਆਂ ਦੇ। ਉਥੇ ਬਾਰ-ਬਾਰ ਪੇਸ਼ੀ ਹੁੰਦੀ ਹੈ ਕਿ ਆਹੀ ਦੱਸ ਕੇ ਆਇਆ ਸੀ, ਆਹੀ ਉਪਦੇਸ਼ ਦੇ ਕੇ ਆਇਆ ਸੀ? ਕਿਵੇਂ ਜਨਤਾ ਖਹਿ-ਖਹਿ ਮਰਦੀ ਹੈ, ਮਜ਼੍ਹਬ ਦੇ ਨਾਉਂ 'ਤੇ। ਬਾਹਰ ਕੱਢੇ ਨੇ, ਦਰਵਾਜ਼ੇ 'ਤੇ ਖੜ੍ਹੇ ਨੇ। ਹੁਕਮ ਨਹੀਂ ਹੈ ਅੰਦਰ ਵੜਨ ਦਾ। ਉਹ ਉਲ੍ਹਾਭੇ ਸਹਿ ਰਹੇ ਨੇ ਜਿਨ੍ਹਾਂ ਨੂੰ ਇੱਥੇ ਬਣਾ ਕੇ ਗਏ। ਚਾਹੇ ਸੰਤ ਹੈ, ਉਹਦੇ ਮੁਰੀਦ ਨੇ; ਚਾਹੇ ਕੋਈ ਗੁਰੂ ਪੀਰ ਔਲੀਆ ਹੈ; ਉਹਦੇ ਸਿੱਖ ਸੇਵਕ ਮੁਰੀਦ ਨੇ, ਪੀਰ ਹੈ ਕੋਈ, ਚਾਹੇ ਪੈਗੰਬਰ ਹੈ। ਉਹ ਸਾਰਿਆਂ ਦੇ ਪਿਛੋਂ ਉਨ੍ਹਾਂ ਨੂੰ ਮੰਨਣ ਵਾਲੇ ਹੁੰਦੇ ਨੇ। ਲੇਕਿਨ ਅਗਿਆਨੀ ਲੋਕ ਆਪਸ ਵਿੱਚ ਲੜੀ ਜਾਂਦੇ ਨੇ। ਉਹ ਮੰਤਕ ਕੱਢ ਲੈਂਦੇ ਨੇ, ਅਰਥ ਗਲਤ ਕੱਢ ਲੈਂਦੇ ਨੇ। ਆਪਸ ਵਿੱਚ ਲੜਾਈ ਭੜਾਈ, ਜਿਹੜਾ ਸੁਭਾਅ ਹੈ; ਗੁਰੂ ਦਾ ਸੁਭਾਅ ਓਹੀ ਬਣਾ ਦਿੰਦੇ ਨੇ, ਕਹਿੰਦੇ ਫੇਰ ਉਥੇ ਉਲਾਂਭੇ ਮਿਲਦੇ ਨੇ ਦਰਗਾਹ 'ਚ। ਅਰ ਉਨ੍ਹਾਂ ਨੂੰ ਸਜ਼ਾ ਕਿੰਨੀ ਮਿਲਦੀ ਹੈ, ਕਹਿੰਦੇ ਇੱਕ ਕਲਪ, ਚਾਰ ਅਰਬ, ਬੱਤੀ ਕਰੋੜ ਸਾਲ ਦਰਵਾਜ਼ੇ 'ਤੇ ਖੜ੍ਹਨਾ ਪੈਂਦਾ ਹੈ, ਉਲਾਂਭੇ ਸਹਿਣੇ ਪੈਂਦੇ ਨੇ। ਆਹ ਹਾਲ ਹੈ ਕਹਿੰਦੇ ਦੁਨੀਆਂ ਦਾ -

***ਏਕ ਸ਼ਿਵ ਭਏ ਏਕ ਗਏ, ਏਕ ਫੇਰ ਭਏ,***
***ਰਾਮ ਚੰਦ੍ਰ ਕ੍ਰਿਸ਼ਨ ਕੇ ਅਵਤਾਰ ਭੀ ਅਨੇਕ ਹੈਂ॥***
***ਬ੍ਰਹਮਾ ਅਰੁ ਬਿਸ਼ਨ ਕੇਤੇ ਬੇਦ ਔ ਪੁਰਾਨ ਕੇਤੇ,***

***ਸਿੰਮ੍ਰਿਤਿ ਸਮੂਹਨ ਕੈ ਹੁਇ ਹੁਇ ਬਿਤਾਏ ਹੈਂ॥***
***ਮੋਨਦੀ ਮਦਾਰ ਕੇਤੇ ਅਸੁਨੀ ਕੁਮਾਰ ਕੇਤੇ***
***ਅੰਸਾ ਅਵਤਾਰ ਕੇਤੇ ਕਾਲ ਬਸ ਭਏ ਹੈਂ॥***
***ਪੀਰ ਔ ਪਿਕਾਂਬਰ ਕੇਤੇ ਗਨੇ ਨ ਪਰਤ ਏਤੇ***
***ਭੂਮ ਹੀ ਤੇ ਹੋਇਕੈ ਫੇਰੇ ਭੂਮ ਹੀ ਮਿਲਏ ਹੈਂ॥***
***ਤ੍ਵਪ੍ਰਸਾਦਿ ਕਬਿਤ (ਅਕਾਲ ਉਸਤਤਿ)***

ਸੋ ਸੰਸਾਰ ਰਹਿਣ ਵਾਲਾ ਥਾਉਂ ਨਹੀਂ ਹੈ ਪਿਆਰਿਓ! ਇਹਦੇ ਵਿਚ ਮਨ ਲਾ ਕੇ ਅਸਲੀ ਗੱਲ ਨੂੰ ਅਸੀਂ ਭੁੱਲ ਗਏ। ਇਹ ਤਾਂ ਨਹੀਂ ਹੈ ਕਿ ਮੌਤ ਵਾਰਨਿੰਗ ਨਹੀਂ ਦਿੰਦੀ, ਬਾਰ-ਬਾਰ ਵਾਰਨਿੰਗ ਦਿੰਦੀ ਹੈ। ਮਾਂ-ਪਿਉ ਜਾਂਦੇ ਨੇ, ਚਲੇ ਜਾਂਦੇ ਨੇ, ਫੇਰ ਵੀ ਨਹੀਂ ਸਮਝਦਾ, ਇਹੀ ਕਹੇਗਾ ਕਿ ਮੈਂ ਤਾਂ ਨਹੀਂ ਜਾਣਾ ਇਹੀ ਗਏ ਨੇ। ਬਾਣੀ ਕਹਿੰਦੀ -

***ਫਰੀਦਾ ਕਿਥੈ ਤੈਡੇ ਮਾਪਿਆ ਜਿਨ੍ਹੀ ਤੂ ਜਣਿਓਹਿ ॥***
***ਤੈ ਪਾਸਹੁ ਓਇ ਲਦਿ ਗਏ ਤੂੰ ਅਜੈ ਨ ਪਤੀਣੋਹਿ ॥***
***ਅੰਗ - ੧੩੮੧***

ਉਹ ਦਸ ਤਾਂ ਸਹੀ ਚਲੇ ਗਏ ਕਿੱਥੇ ਗਏ, ਜਿਹੜੇ ਤੈਨੂੰ ਗੋਦੀ 'ਚ ਚੁੱਕ ਕੇ ਦਿਖਾਉਣ ਜਾਂਦੇ ਸੀ ਮੇਲਾ। ਉਂਗਲੀ ਫੜਾ ਕੇ ਤੈਨੂੰ ਸਕੂਲ 'ਚ ਲੈ ਕੇ ਜਾਂਦੇ ਸੀ। ਉਹ ਕਿੱਥੇ ਚਲੇ ਗਏ, ਤੈਨੂੰ ਕਦੇ ਖਿਆਲ ਹੀ ਨਹੀਂ ਆਉਂਦਾ। ਫੇਰ ਇਹ ਹੈ ਕਿ ਤੈਨੂੰ ਪਹਿਲੀ ਵਾਰਨਿੰਗ ਆਉਂਦੀ ਹੈ ਕਿ ਤੇਰੇ ਕੰਨ ਕੋਲ ਸਫੈਦ ਵਾਲ, ਮੌਤ ਦਾ ਸੰਦੇਸਾ ਪੈਦਾ ਕਰ ਦਿੰਦਾ ਹੈ, ਪਿਆਰਿਆ! ਖਬਰਦਾਰ ਹੋ ਤੇਰਾ ਸਮਾਂ ਬੀਤ ਰਿਹਾ ਹੈ। ਜਿਵੇਂ ਟੀਚਰ ਇਮਤਿਹਾਨ ਹਾਲ ਵਿਚ ਵਿਚ ਕਹਿੰਦੇ ਨੇ, ਚੌਥਾ ਹਿੱਸਾ ਸਮਾਂ ਲੰਘ ਗਿਆ, ਅੱਧਾ ਸਮਾਂ ਲੰਘ ਗਿਆ, ਹੁਣ ਪੌਣਾ ਸਮਾਂ ਲੰਘ ਗਿਆ। ਵਾਰਨਿੰਗ ਆਉਂਦੀ ਹੈ ਲੇਕਿਨ ਇਹਨੂੰ ਕੁਛ ਯਾਦ ਨਹੀ ਰਹਿੰਦਾ, ਐਉਂ ਪੜ੍ਹ ਲਓ -

***ਧਾਰਨਾ - ਤੇਰੀ ਦਾੜ੍ਹੀ ਹੋਈ ਭੂਰ,***
***ਪਿੱਛਾ ਦੂਰ ਰਹਿ ਗਿਆ।***

***ਦੇਖੁ ਫਰੀਦਾ ਜੁ ਥੀਆ ਦਾੜੀ ਹੋਈ ਭੂਰ ॥***
***ਅਗਹੁ ਨੇੜਾ ਆਇਆ ਪਿਛਾ ਰਹਿਆ ਦੂਰਿ ॥***
***ਅੰਗ - ੧੩੭੮***

ਇਮਤਿਹਾਨ ਲੈਣ ਵਾਲੇ ਅਧਿਆਪਕ ਨੇ ਆਵਾਜ਼ ਦੇ ਦਿੱਤੀ ਕਿ ਥੋੜ੍ਹਾ ਸਮਾਂ ਰਹਿ ਗਿਆ। ਕਹਿੰਦੇ ਇਹਨੂੰ ਸਮਝ ਹੀ ਨਹੀਂ ਆਉਂਦੀ, ਅਖੀਰ ਦੇ ਉੱਤੇ ਇਹਦੇ ਜਿਹੜੇ ਸਾਥੀ ਨੇ, ਉਹ ਇੱਕ-ਇੱਕ ਕਰਕੇ ਇਹਦਾ ਸਾਥ ਛੱਡਣਾ ਸ਼ੁਰੂ ਕਰ ਦਿੰਦੇ ਨੇ।

***ਚਬਣ ਚਲਣ ਰਤੰਨ ਸੇ ਸੁਣੀਅਰ ਬਹਿ ਗਏ ॥***
***ਹੇੜੇ ਮੁਤੀ ਧਾਹ ਸੇ ਜਾਨੀ ਚਲਿ ਗਏ ॥***
***ਅੰਗ - ੧੩੮੧***

ਉਹਦਾ ਤਾਂ ਇਲਾਜ ਕਰ ਲੈਂਦਾ ਹੈ, ਚਿੱਟੇ ਵਾਲ ਆਉਣੇ ਸ਼ੁਰੂ ਹੋ ਗਏ। ਯਮਰਾਜ ਸੁਨੇਹਾ ਲੈ ਕੇ ਆ ਗਏ ਕਿ ਹੁਣ ਤੂੰ ਕੁਛ ਕਰਿਆ ਨਹੀਂ, ਇਸ ਸੰਸਾਰ 'ਚ ਆ ਕੇ, ਹੁਣ ਕਰ ਲੈ, ਤੈਨੂੰ ਖਬਰਦਾਰ ਕਰਨ ਆਏ ਹਾਂ। ਸਫੈਦ ਵਾਲ ਆ ਜਾਂਦੇ ਨੇ। ਉਹ ਉਹਦੀ ਸੁਣਦਾ ਨਹੀਂ, ਬਜ਼ਾਰ ਚੋਂ ਜਾ ਕੇ ਰੰਗ ਲੈ ਆਉਂਦਾ ਹੈ, ਵਾਲਾਂ 'ਤੇ ਲਾ ਲੈਂਦਾ ਹੈ ਕਹਿੰਦਾ ਲੈ ਹੁਣ ਕੀ ਕਰਨਗੇ? ਉਹ ਤਾਂ ਹਟਣਾ ਨਹੀਂ ਹੈ ਪਿਆਰਿਓ! ਉਹ ਤਾਂ ਸਮਾਂ ਲੰਘਦਾ ਜਾਂਦਾ ਹੈ। ਹੁਣ ਸਾਥੀ ਸਾਥ ਛੱਡਣਾ ਸ਼ੁਰੂ ਕਰ ਦਿੰਦੇ ਨੇ। ਦੰਦ ਝੜ ਗਏ, ਨਵੇਂ ਲਵਾਉਣ ਦਾ ਯਤਨ ਕਰਦਾ ਹੈ। ਉਹ ਨਿਕਲ ਗਏ ਜਿਹੜੇ ਤੇਰੇ ਨਾਲ ਆਏ ਸੀ। ਲੱਤਾਂ ਕੰਬਣ ਲਗ ਗਈਆਂ, ਹੁਣ ਨਹੀਂ ਚਲਦੀਆਂ ਕਿ ਹੁਣ ਪੈਦਲ ਚੱਲੀਏ ਤੇ ਚੱਲ ਕੇ ਪੰਜਾਹ-ਪੰਜਾਹ ਮੀਲ, ਸੱਠ-ਸੱਠ ਮੀਲ ਪਹਿਲੇ ਜ਼ਮਾਨਿਆਂ 'ਚ ਪੈਦਲ ਤੁਰ ਜਾਂਦੇ ਸੀ। ਅੱਖਾਂ ਦੇਖਦੀਆਂ ਨਹੀਂ ਹਨ, ਐਨਕਾਂ ਲਵਾ ਲੈਂਦਾ ਹੈ, ਨੰਬਰ ਬਦਲਦਾ ਤੁਰਿਆ ਜਾਂਦਾ ਹੈ, ਦਿਸਦਾ ਹੀ ਨਹੀਂ, ਮੱਥੇ 'ਤੇ ਹੱਥ ਰੱਖ ਕੇ ਕਹਿੰਦਾ ਹੈ ਕਿ ਕਾਕਾ! ਸਾਊ! ਮੈਂ ਪਛਾਣਿਆ ਨਹੀਂ ਤੂੰ ਕੌਣ ਹੈਂ? ਉਹ ਚਿਹਰਾ ਹੀ ਨਹੀਂ ਲਗਦਾ, ਨਿਗ੍ਹਾ ਫਟ ਜਾਂਦੀ ਹੈ, ਪਛਾਣ 'ਚ ਆਉਂਦਾ ਹੀ ਨਹੀਂ। ਕੰਨ ਜਿਹੜੇ ਨੇ ਸੱਤ ਪਤਾਲਾਂ ਦੀ ਬਾਣੀ ਬਣ ਜਾਂਦੇ ਨੇ, ਸੁਣਦੇ ਹੀ ਨਹੀਂ ਹਨ। ਕਹਿੰਦਾ ਉੱਚੀ ਬੋਲ, ਉਹ ਹਾਰ ਕੇ ਤੁਰ ਜਾਂਦਾ ਹੈ ਕਿ ਇਹਦੇ ਨਾਲ ਕਿਹੜਾ ਮੱਥਾ ਮਾਰੇ, ਇਹਨੂੰ ਮਿਲਣਾ ਹੀ ਹੀ ਨਹੀਂ, ਪਹਿਲਾਂ ਜ਼ੋਰ-ਜ਼ੋਰ ਲਾ-ਲਾ ਕੇ ਬੋਲਾਂਗੇ ਤਾਂ ਇਹਨੂੰ ਗੱਲ ਬੋਲੇ ਬੱਦਲ ਨੂੰ ਸਮਝ 'ਚ ਆਉਣੀ ਹੈ। ਅਜੇ ਵੀ ਨਹੀਂ ਮੰਨਦਾ ਕਿ ਮੈਂ ਜਾਣਾ ਹੈ। ਅਜੇ ਵੀ ਵੈਰ-ਵਿਰੋਧ ਦੀਆਂ ਗੱਲਾਂ ਕਰਦਾ ਹੈ, ਲੜਾਈ, ਝਗੜਿਆਂ ਦੀਆਂ ਗੱਲਾਂ ਕਰਦਾ ਹੈ।

ਇੱਥੇ ਸਾਡੇ ਇੱਕ ਬੰਦਾ ਚੜ੍ਹਾਈ ਕਰਨ ਲੱਗਿਆ, ਮੁੰਡੇ ਇਕੱਠੇ ਕਰ ਲਏ, ਕਹਿੰਦਾ ਓਏ ਤੁਹਾਨੂੰ ਅਕਲ ਹੈ ਕੁਛ?

ਕਹਿੰਦੇ, ਕੀ ਗੱਲ ਬਾਪੂ?

ਕਹਿੰਦਾ, ਆਪਣਾ ਵੈਰ ਹੈ ਨਾ ਫਲਾਣੇ ਨਾਲ, ਕਹਿੰਦਾ ਮੈਨੂੰ ਤੁਸੀਂ ਉਨ੍ਹਾਂ ਦੀ ਖੁਰਲੀ 'ਚ ਸੁੱਟ ਆਇਓ। ਪੁਲਿਸ ਨੂੰ ਲੈ ਆਉਣਾ, ਕਹਿ ਦੇਣਾ ਕਿ ਸਾਡਾ ਬਾਪੂ ਉਨ੍ਹਾਂ ਨੇ ਮਾਰ ਦਿੱਤਾ। ਮੈਂ ਮਰਨ ਵਾਲਾ ਹੀ ਹਾਂ। ਓਧਰ ਜਮ੍ਹਾਂ ਨੇ ਬਾਂਹ ਫੜੀ ਹੋਈ ਹੈ, ਓਧਰ ਬਦਲੇ ਲੈਣ ਦੀ ਗੱਲ ਆ ਰਹੀ ਹੈ ਉਹਦੇ ਮਨ ਵਿਚ ਕਿ ਬਦਲਾ ਲੈ ਚਲਾਂ ਮਰ ਕੇ। ਉਹ ਨਹੀਂ ਪਤਾ ਲਗਦਾ, ਐਨਾ ignorant (ਅਗਿਆਨੀ) ਇਨਸਾਨ ਹੋ ਗਿਆ, ਹੈ ਤਾਂ ਮਨੁੱਖ, ਮਹਾਰਾਜ ਕਹਿੰਦੇ ਮਨੁੱਖ ਨਾ ਇਹਨੂੰ ਕਹੋ -

***ਆਵਨ ਆਏ ਸ੍ਰਿਸਟਿ ਮਹਿ ਬਿਨੁ ਬੂਝੇ ਪਸੁ ਢੋਰ ॥***
***ਨਾਨਕ ਗੁਰਮੁਖਿ ਸੋ ਬੁਝੈ ਜਾ ਕੈ ਭਾਗ ਮਥੋਰ ॥***
***ਅੰਗ - ੨੫੧***

ਬਾਬਾ ਫਰੀਦ 95 ਸਾਲ ਦੀ ਆਪ ਦੀ ਆਯੂ ਹੋਈ ਹੈ। 90 ਸਾਲ ਤੋਂ ਬਾਅਦ ਸੇਜਆਸਨੀ ਹੋਇਆ ਕਰਦਾ ਹੈ। ਸੇਜਾ ਤੇ ਆਸਨ ਲਗ ਜਾਂਦਾ ਹੈ। ਕੋਈ ਪਾਸਾ ਦੁਆਉਣ ਵਾਲਾ ਆ ਜਾਏ ਤਾਂ ਬੜੀ ਮਿਹਰਬਾਨੀ, ਨਹੀਂ ਤਾਂ ਪਿਆ ਰਹਿੰਦਾ ਹੈ ਓਥੇ ਹੀ। ਉਠ ਨਹੀਂ ਸਕਦਾ, ਕਿਸੇ ਨੇ ਫੜ ਕੇ ਉਠਾਲ ਦਿੱਤਾ ਤਾਂ ਠੀਕ ਹੈ, ਕੋਈ-ਕੋਈ ਹੈ ਵਿਰਲਾ-ਵਿਰਲਾ, ਜਿਹੜਾ ਤੁਰਦਾ ਫਿਰਦਾ ਜਾਂਦਾ ਹੈ। ਆਮ ਹਾਲਤ ਇਹੀ ਹੁੰਦੀ ਮਹਾਰਾਜ ਕਹਿੰਦੇ। ਜੇਠ ਦਾ ਮਹੀਨਾ ਹੈ ਪਾਣੀ ਦੀ ਪਿਆਸ ਲੱਗੀ ਹੋਈ ਹੈ। ਉਹ

ਚਾਰ ਕੁ ਫੁੱਟ ਦੇ ਉੱਤੇ ਪਾਣੀ ਪਿਆ ਹੈ। ਕਈ ਵਾਰੀ ਬਾਂਹ ਲੰਮੀ ਕਰੀ ਕਿ ਲੋਟਾ ਚੁੱਕ ਲਵਾਂ। ਚੁੱਕ ਨਾ ਸਕਿਆ, ਉਸ ਵੇਲੇ ਜੀਵਨ ਦੇ ਸਾਰੇ ਜਿਹੜੇ ਨਾਟ ਸੀ ਯਾਦ ਆ ਗਏ ਕਿ ਕਿਵੇਂ ਮੈਂ ਤੁਰਿਆ ਫਿਰਦਾ ਸੀ। ਕਿਸ ਤਰ੍ਹਾਂ ਦੇ ਨਾਲ ਦੂਰ-ਦਰਾਜ਼ ਦੇ ਸਫਰ ਕਰੇ। ਬਾਬਾ ਫਰੀਦ ਨੇ ਬਹੁਤ ਵੱਡੇ ਸਫਰ, ਗੁਰੂ ਨਾਨਕ ਪਾਤਸ਼ਾਹ ਵਾਂਗਣ ਕਰੇ ਨੇ। ਇਧਰਲੇ ਪਾਸੇ ਟਰਕੀ ਤੋਂ ਵੀ ਅੱਗੇ ਲਿਵਲਾਨ ਤਕ, ਆਹ ਜਿਹੜੇ ਰੂਸ ਦੇ ਵਿੱਚ ਇਸਲਾਮ ਦੇ ਦੇਸ਼ ਨੇ ਉਹ ਸਾਰਿਆਂ ਦੇ ਵਿਚ। ਆਸਾਮ ਤਕ, ਬ੍ਰਮਾ ਤਕ, ਲੰਕਾ ਤਕ ਘੁੰਮਿਆ ਹੋਇਆ ਸੀ ਬਾਬਾ ਫਰੀਦ। ਕਹਿੰਦਾ -

***ਫਰੀਦਾ ਇਨੀ ਨਿਕੀ ਜੰਘੀਐ***
***ਥਲ ਡੂੰਗਰ ਭਵਿਓਮ੍ਹਿ ॥***
***ਅਜੁ ਫਰੀਦੈ ਕੂਜੜਾ ਸੈ ਕੋਹਾਂ ਥੀਓਮਿ ॥***

***ਅੰਗ - ੧੩੭੮***

ਤੇ ਅੱਜ ਤਾਂ ਮੈਨੂੰ ਐਉਂ ਲਗ ਰਿਹਾ ਹੈ ਜਿਵੇਂ ਸੌ ਕੋਹ 'ਤੇ ਪਾਣੀ ਦਾ ਬਰਤਨ ਪਿਆ ਹੁੰਦਾ ਹੈ। ਉਸ ਵੇਲੇ ਅਫਸੋਸ ਆਇਆ ਮਨ ਦੇ ਅੰਦਰ ਤੇ ਆਪਣਾ ਹਾਲ ਦੇਖ ਐਉਂ ਬੋਲਦੇ ਨੇ ਆਪਣੇ ਅੰਦਰ -

***ਧਾਰਨਾ - ਤੈਨੂੰ ਛੱਡ ਗਏ ਬਾਲ ਸਖਾਈ***
***ਜਿੰਦੇ ਤੈਨੂੰ ਛੱਡ ਗਏ-ਜਿੰਦੇ ਤੈਨੂੰ ਛੱਡ ਗਏ।***
***ਚਬਣ ਚਲਣ ਰਤੰਨ ਸੇ ਸੁਣੀਅਰ ਬਹਿ ਗਏ ॥***
***ਹੇੜੇ ਮੁਤੀ ਧਾਹ ਸੇ ਜਾਨੀ ਚਲਿ ਗਏ ॥***

***ਅੰਗ - ੧੩੮੧***

ਕਿੱਥੇ ਗਈਆਂ ਅੱਖਾਂ, ਮੀਲ-ਮੀਲ, ਦੋ-ਦੋ ਮੀਲ ਤੋਂ ਬੰਦੇ ਨੂੰ ਪਛਾਣਦੀਆਂ ਸੀ। ਕਿੱਥੇ ਗਏ ਉਹ ਕੰਨ ਜਿਹੜੇ ਦੋ-ਦੋ ਸੌ, ਤਿੰਨ-ਤਿੰਨ ਸੌ ਫੁੱਟ ਤੋਂ ਗੱਲ ਕੀਤੀ ਹੋਈ ਆਰਾਮ ਨਾਲ ਸੁਣ ਲੈਂਦੇ ਸੀ। ਕਿੰਨੀ-ਕਿੰਨੀ ਵਾਟ ਤੁਰਨ ਵਾਲੀਆਂ ਲੱਤਾਂ ਦੀ ਸ਼ਕਤੀ ਕਿੱਥੇ ਗਈ, ਹੱਥਾਂ ਦੀ ਕਿੱਥੇ ਗਈ। ਹੁਣ ਤਾਂ ਹੱਥ ਕੰਬਦੇ ਨੇ, ਕੋਈ ਮੂੰਹ ਨੂੰ ਪਾਣੀ ਲਾਵੇ ਤਾਂ ਪਿਲਾ ਦੇਵੇ। ਆਹ ਹਾਲ ਹੋ ਜਾਂਦਾ ਹੈ। ਜਵਾਨ ਬੰਦਾ ਕਹਿੰਦਾ ਹੈ, ਇਹੀ ਬੁੜਾ ਹੋਇਆ ਹੈ ਮੈਂ ਨਹੀਂ ਹੋਣਾ। ਸਾਰਿਆਂ ਦੀ ਗੱਲ ਇਹੀ ਹੈ। ਮਹਾਰਾਜ ਕਹਿੰਦੇ ਆਹ ਸਾਰਾ ਜਿਹੜਾ ਰੌਲਾ-ਗੌਲਾ ਹੈ ਨਾ, ਇਹ ਅਸਲੀ ਗੱਲ ਨੂੰ ਤਾਂ ਭੁੱਲ ਗਿਆ, ਨਕਲੀ ਵੱਲ ਪੈ ਗਿਆ। ਸੰਸਾਰ ਵਲ ਪੂਰਾ ਪਿਆ ਹੋਇਆ ਹੈ, ਜਿਹੜਾ ਕੰਮ ਕਰਨ ਆਇਆ ਸੀ -

***ਭਈ ਪਰਾਪਤਿ ਮਾਨੁਖ ਦੇਹੁਰੀਆ ॥***
***ਗੋਬਿੰਦ ਮਿਲਣ ਕੀ ਇਹ ਤੇਰੀ ਬਰੀਆ ॥***
***ਅਵਰਿ ਕਾਜ ਤੇਰੈ ਕਿਤੈ ਨ ਕਾਮ ॥***
***ਮਿਲੁ ਸਾਧਸੰਗਤਿ ਭਜੁ ਕੇਵਲ ਨਾਮ ॥ ਅੰਗ- ੧੨***

ਓਸ ਤੋਂ ਗਾਫਲ ਹੋ ਕੇ ਜਨਮ ਗਵਾ ਲਿਆ। ਵਿਸ਼ਵਾਸ਼ ਕਰ ਲਿਆ ਸਰੀਰ ਦਾ ਕਿ ਜੋਬਨ ਨਹੀਂ ਜਾਣਾ। ਮਹਾਰਾਜ ਕਹਿੰਦੇ, ਜੋਬਨ ਤਾਂ ਚਲਿਆ ਜਾਂਦਾ ਹੈ। ਇਹ ਤਾਂ ਅਟੱਲ ਨਿਯਮ ਹੈ -

***ਧਾਰਨਾ - ਧਨ, ਜੋਬਨ, ਫੁੱਲਾਂ ਦੀ ਬਾੜੀਆਂ,***
***ਖਿੜੀਆਂ ਨਾ ਸਦਾ ਰਹਿਣੀਆਂ।***
***ਧਨੁ ਜੋਬਨੁ ਅਰੁ ਫੁਲੜਾ ਨਾਠੀਅੜੇ ਦਿਨ ਚਾਰਿ ॥***
***ਪਬਣਿ ਕੇਰੇ ਪਤ ਜਿਉ ਢਲਿ ਢੁਲਿ ਜੁੰਮਣਹਾਰ ॥***

***ਅੰਗ - ੨੩***

ਦੋ ਚਾਰ ਦਿਨ ਦਾ ਕੰਮ ਹੈ, ਉਸ ਤੋਂ ਬਾਅਦ ਫੇਰ ਬੁਢਾਪਾ ਆ ਜਾਂਦਾ ਹੈ, ਭਜਨ ਕਰਨ ਦਾ ਜਿਹੜਾ ਮੌਕਾ ਸੀ ਉਹ ਲੰਘਾ ਦਿੱਤਾ। ਸੋ ਇਸ ਤਰ੍ਹਾਂ ਦੇ ਨਾਲ ਮਹਾਰਾਜ ਗੁਰੂ ਨੌਵੇਂ ਪਾਤਸ਼ਾਹ ਕਹਿੰਦੇ ਨੇ ਕਿ -

***ਝੂਠੈ ਲਾਲਚਿ ਲਾਗਿ ਕੈ ਨਹਿ ਮਰਨੁ ਪਛਾਨਾ ॥***

***ਅੰਗ - ੭੨੬***

ਭੁੱਲ ਗਿਆ ਅਸਲੀਅਤ ਨੂੰ ਤੇ ਕਹਿਣ ਲੱਗ ਗਿਆ ਕਿ ਮਹਾਰਾਜ ਤਾਂ ਢਹਿੰਦੀ ਕਲਾ ਦਾ ਉਪਦੇਸ਼ ਦਿੰਦੇ ਨੇ।

ਉਹ ਤਾਂ ਅਸਲੀਅਤ ਦਸ ਰਹੇ ਨੇ। ਤੇਰੀਆਂ ਚੜ੍ਹਦੀ ਕਲਾ ਦੀਆਂ ਗੱਲਾਂ ਕੀ ਕਰਨਗੀਆਂ। ਭੁੱਲ ਗਿਆ ਪ੍ਰਮੇਸ਼ਰ ਨੂੰ, ਨਾਮ ਨਹੀਂ ਜਪਿਆ। ਜਦੋਂ ਤਕ ਅੰਦਰ ਵੈਰਾਗ ਨਹੀਂ ਹੁੰਦਾ -

***ਬਿਨੁ ਬੈਰਾਗ ਨ ਛੂਟਸਿ ਮਾਇਆ ॥***

***ਅੰਗ - ੩੨੯***

ਨਹੀਂ ਮਾਇਆ ਛੁਟਦੀ। ਲਗਨ ਨਹੀਂ ਕਦੇ ਵੀ ਲਗਦੀ। ਲਗਨ ਤਾਂ ਲਗਦੀ ਹੈ ਜੇ ਅੰਦਰ ਬੈਰਾਗ ਹੋ ਜਾਵੇ। ਧਰੂੰ ਨੂੰ ਬੈਰਾਗ ਹੋ ਗਿਆ, ਬਾਦਸ਼ਾਹ (ਪਿਤਾ) ਮੋੜ ਰਿਹਾ ਹੈ ਕਿ ਰਾਜ ਲੈ ਲੈ। ਨਹੀਂ ਮੁੜਿਆ। ਪੂਰਨ ਪਦ ਪ੍ਰਾਪਤ ਕਰਕੇ ਹੀ ਵਾਪਸ ਆਇਆ।

***ਰਾਮ ਜਪਉ ਜੀ ਐਸੇ ਐਸੇ ॥***
***ਧ੍ਰੂ ਪ੍ਰਹਿਲਾਦ ਜਪਿਓ ਹਰਿ ਜੈਸੇ ॥***

***ਅੰਗ - ੩੩੭***

ਸੋ ਲਗਨ ਦੀ ਗੱਲ ਹੋਇਆ ਕਰਦੀ ਹੈ।

ਗੁਰੂ ਨਾਨਕ ਪਾਤਸ਼ਾਹ ਕਹਿੰਦੇ ਬੇਟਾ! ਛੋਟੀ ਉਮਰ ਤੇ ਐਡੀ ਲਗਨ ਤੈਨੂੰ। ਤੂੰ ਤਾਂ ਸਾਰਿਆਂ ਤੋਂ ਪਹਿਲਾਂ ਆਉਂਦਾ ਹੈਂ। ਸਾਰਿਆਂ ਤੋਂ ਮਗਰ ਜਾਂਦਾ ਹੈਂ। ਸੇਵਾ ਵੀ ਕਰਦਾ ਹੈਂ ਕਾਰਨ ਕੀ ਹੈ?

ਕਹਿਣ ਲੱਗਿਆ ਕਿ ਸੱਚੇ ਪਾਤਸ਼ਾਹ! ਮੈਨੂੰ ਵਿਸ਼ਵਾਸ਼ ਹੋ ਗਿਆ ਕਿ ਕਾਲ ਦਾ ਗੁਲੇਲਾ, ਕਦੇ ਵੀ ਲਗ ਸਕਦਾ ਹੈ। ਮਹਾਰਾਜ ਕਹਿੰਦੇ, ਧੰਨ ਹੈਂ ਪਿਆਰਿਆ! ਤੇਰੇ ਪਿਛਲੇ ਜਨਮਾਂ ਦੇ ਸੰਸਕਾਰ, ਬਹੁਤ ਪ੍ਰਬਲ ਨੇ। ਬੰਦਗੀ ਕਰਨ ਵਾਲਾ ਹੈਂ ਤੂੰ। ਕ੍ਰਿਪਾ ਕਰੀ ਮਹਾਰਾਜ ਜੀ ਨੇ ਬੱਚੇ 'ਤੇ। ਕਿਉਂਕਿ ਬੈਰਾਗ ਪੈਦਾ ਹੋਇਆ ਅੰਦਰ। ਬੈਰਾਗ ਤੋਂ ਬਗੈਰ ਮਾਇਆ ਨਹੀਂ ਟੁੱਟਦੀ। ਗੱਲਾਂਬਾਤਾਂ ਵਾਲੀ ਤਾਂ ਦੁਨੀਆਂ ਬਹੁਤ ਹੈ। ਬੜੇ ਕਹਿੰਦੇ ਨੇ ਕਿ ਮੈਂ ਚੰਗਾ ਹਾਂ ਮੈਂ ਚੰਗਾ ਹਾਂ। ਪਰ ਚੰਗਿਆਈ ਦੇ ਨੇੜੇ ਤੇੜੇ ਵੀ ਨਹੀਂ, ਐਉਂ ਪੜ੍ਹ ਲਓ -

***ਗਲੀ ਅਸੀ ਚੰਗੀਆ ਆਚਾਰੀ ਬੁਰੀਆਹ ॥***
***ਮਨਹੁ ਕੁਸੁਧਾ ਕਾਲੀਆ ਬਾਹਰਿ ਚਿਟਵੀਆਹ ॥***

***ਅੰਗ - ੮੫***

ਆਹ ਸਾਡੇ ਮਨ ਵਿਚ ਹੋਣ ਕਰਕੇ ਗੱਲ ਬਣਦੀ ਨਹੀਂ ਹੈ। ਪੂਰਨ ਤੌਰ 'ਤੇ ਬੈਰਾਗ ਨਹੀਂ ਉਪਜਦਾ। ਦੁਨੀਆਂ ਨੂੰ ਵਿਚ ਰਖਦੇ ਹਾਂ। ਮਹਾਰਾਜ ਕਹਿੰਦੇ -

***ਲੋਗ ਕੁਟੰਬ ਸਭਹੁ ਤੇ ਤੋਰੈ***
***ਤਉ ਆਪਨ ਬੇਢੀ ਆਵੈ ਹੋ ॥ ਅੰਗ - ੬੫੭***

ਹਲਤ ਦੀ ਫਿਕਰ ਕਿਉਂ ਹੈ ਤੁਹਾਡੇ ਅੰਦਰ। ਜੋ ਕੁਛ ਤੁਹਾਡੇ ਮੱਥੇ ਵਿਚ ਕਲਮ ਲਿਖ ਦਿੱਤੀ, ਉਹ ਤਾਂ ਮਿਲਣੀ ਹੀ ਮਿਲਣੀ ਹੈ -

***ਜੈਸੀ ਕਲਮ ਵੁੜੀ ਹੈ ਮਸਤਕਿ***
***ਤੈਸੀ ਜੀਅੜੇ ਪਾਸਿ ॥ ਅੰਗ - ੭੪***

ਇੱਕ ਵਾਰੀ ਇੱਕ ਬਾਦਸ਼ਾਹ ਜਾ ਰਿਹਾ ਸੀ। ਜਾਂਦੇ-ਜਾਂਦੇ ਨਾਲ ਰਾਜ ਜੋਤਸ਼ੀ ਜਿਹੜਾ ਮੱਥਾ ਦੇਖ ਕੇ, ਚਰਨ ਦੇਖ ਕੇ, ਬੰਦੇ ਨੂੰ ਦੇਖ ਕੇ ਉਹਦੀ ਬੋਲ-ਚਾਲ ਦੇਖ ਕੇ, ਡੀਲ-ਡੌਲ ਦੇਖ ਕੇ, ਇੱਕ ਦਮ ਉਹਦੇ ਭਵਿੱਖਤ ਨੂੰ ਜਾਣ ਜਾਇਆ ਕਰਦਾ ਸੀ। ਬਾਦਸ਼ਾਹ ਤੋਂ ਇਜਾਜ਼ਤ ਲਈ ਕਿ ਮਹਾਰਾਜ! ਆਪਾਂ ਪੈਦਲ ਜੰਗਲ 'ਚੋਂ ਜਾ ਰਹੇ ਹਾਂ। ਜੇ ਆਗਿਆ ਹੋਵੇ ਤਾਂ ਮੈਂ ਕਿਰਿਆ ਕਰ ਆਵਾਂ। ਜੰਗਲ 'ਚ ਚਲਿਆ ਗਿਆ, ਵਾਪਸੀ ਦੇ ਉੱਤੇ ਇਕ ਬੱਚਾ ਲੱਕੜਾਂ ਵੱਢਦਾ ਹੈ। ਉਹਨੇ ਦੇਖਿਆ, ਚਰਨ ਦੇਖਿਆ, ਮਸਤਕ ਦੇਖਿਆ ਹੈਰਾਨ ਹੋ ਗਿਆ, ਬੱਚੇ ਨੂੰ ਹੇਠਾਂ ਲਾਹ ਲਿਆ। ਕਹਿੰਦਾ, ਬੇਟਾ! ਕੌਣ ਹੈਂ ਤੂੰ, ਕਿੱਥੇ ਰਹਿੰਦਾ ਹੈਂ। ਕਹਿਣ ਲੱਗਿਆ, ਮੈਂ ਇਸੇ ਪਿੰਡ 'ਚ ਰਹਿੰਦਾ ਹਾਂ, ਮੈਂ ਮਜ਼ਦੂਰ ਹਾਂ। ਮੇਰੀ ਮਾਂ ਵੀ ਮਜ਼ਦੂਰ ਹੈ। ਕਹਿੰਦਾ ਨਹੀਂ-ਨਹੀਂ ਸਮਾਂ ਆ ਗਿਆਂ ਹੈ, ਤੂੰ ਤਾਂ ਅੱਜ ਤੋਂ ਦੋ ਜਾਂ ਤਿੰਨ ਦਿਨ ਨੂੰ ਤਖਤ 'ਤੇ ਬੈਠ ਕੇ ਰਾਜ ਕਰਨ ਵਾਲਾ ਹੈਂ। ਸਮਾਂ ਆ ਚੁੱਕਿਆ ਹੈ। ਬੱਚਾ ਹੱਸ ਪਿਆ, ਕਹਿੰਦਾ ਸਾਡੇ ਤਾਂ ਰੋਟੀ ਨਹੀਂ ਖਾਣ ਨੂੰ ਹੈ। ਕੀਹਦਾ ਅਸੀਂ ਰਾਜ ਕਰਨਾ ਹੈ। ਕਹਿੰਦਾ, ਮੇਰਾ ਜੋਤਸ਼ ਨਹੀਂ ਗਲਤ ਹੁੰਦਾ। ਆਹ ਹਫਤੇ ਦੇ ਅੰਦਰ-ਅੰਦਰ ਤੂੰ ਬਾਦਸ਼ਾਹ ਵੀ ਬਣਨਾ ਹੈ ਤੇ ਰਾਜੇ ਦੀ ਲੜਕੀ ਦੇ ਨਾਲ ਤੂੰ ਸ਼ਾਦੀ ਵੀ ਕਰਾਉਣੀ ਹੈ। ਹੈਰਾਨ ਹੋ ਗਿਆ ਕਿ ਪ੍ਰਮੇਸ਼ਰ ਦੀ ਗਤਿ ਦਾ ਕੁਛ ਪਤਾ ਨਹੀਂ ਲਗਦਾ। ਓਧਰ ਜਦੋਂ ਰਾਜੇ ਕੋਲ ਗਿਆ, ਰਾਜੇ ਨੇ ਕਿਹਾ ਕਿ ਜੋਤਸ਼ੀ ਸਾਹਿਬ ਬੱਚੇ ਨਾਲ ਤੂੰ ਕੀ ਗੱਲਾਂ ਕਰ ਰਿਹਾ ਸੀ। ਕਹਿੰਦਾ, ਮਹਾਰਾਜ! ਮੈਂ ਤਾਂ ਪ੍ਰਮੇਸ਼ਰ ਦੀ ਕੁਦਰਤ ਦੇਖ ਕੇ ਹੈਰਾਨ ਹੋ ਗਿਆ। ਕਹਿੰਦੇ, ਕੁਛ ਸਾਨੂੰ ਵੀ ਦੱਸ? ਕਹਿੰਦਾ, ਮਹਾਰਾਜ! ਮੈਨੂੰ ਜੀਵਨ ਦਾਨ ਬਖਸ਼ੋ, ਫੇਰ ਮੈਂ ਕਹਿ ਸਕਦਾ ਹਾਂ। ਗੱਲ ਵੱਡੀ ਹੈ, ਤੁਹਾਡੇ ਤੋਂ ਵੀ ਸਹੀ ਨਹੀਂ ਜਾਣੀ। ਕਹਿੰਦਾ, ਜਾਹ, ਜਾਨ ਬਖਸ਼ੀ। ਕਹਿੰਦਾ ਮਹਾਰਾਜ! ਮੈਂ ਉਸ ਬੱਚੇ ਦੇ ਨਕਸ ਦੇਖੇ, ਮੱਥਾ ਦੇਖਿਆ, ਹੱਥ ਦੇਖਿਆ, ਪੈਰ ਦੇ ਵਿੱਚ ਰੇਖਾ ਦੇਖੀ, ਉਹ ਸਮਾਂ ਆ ਗਿਆ ਇਹ ਤਾਂ ਹਫਤੇ ਦੇ ਅੰਦਰ-ਅੰਦਰ ਤਖਤ 'ਤੇ ਬੈਠਣ ਵਾਲਾ ਹੈ ਤੇ ਨਾਲੇ ਤੁਹਾਡੀ ਲੜਕੀ ਦੇ ਨਾਲ ਉਸਦੀ ਸ਼ਾਦੀ ਹੋਣੀ ਹੈ। ਕਹਿੰਦਾ ਹੈਂ, ਮਜ਼ਦੂਰ ਨਾਲ? ਕਹਿੰਦਾ, ਮਰਵਾ ਦਿਓ ਇਹਨੂੰ, ਹੁਣੇ ਮਾਰ ਦਿਓ।

ਬੜੀ ਬਦਨਾਮੀ ਹੋਏਗੀ ਮੇਰੀ। ਵਜ਼ੀਰ ਕਹਿਣ ਲੱਗਿਆ ਕਿ ਮਹਾਰਾਜ! ਇਸ ਤਰ੍ਹਾਂ ਮਾਰਨ ਨਾਲ ਉਸ ਤੋਂ ਵੀ ਜ਼ਿਆਦਾ ਬਦਨਾਮੀ ਹੋਏਗੀ। ਆਪਣੇ ਕੋਲ ਕਾਨੂੰਨ ਹੈ, ਸਰਕਾਰੀ ਜੰਗਲ ਦੀ ਲੱਕੜ ਕੱਟਦਾ ਹੈ, ਇਹਦੇ ਉੱਤੇ ਜ਼ੁਰਮਾਨਾ ਕਰ ਦਿਓ ਵੱਡਾ। ਨਾ ਦੇ ਸਕਿਆ ਤਾਂ ਇਹਨੂੰ ਮਾਰ ਦਿਆਂਗੇ। ਕੋਰਟ ਵਿੱਚ ਬੁਲਾ ਲਿਆ ਬੁਲਾ ਕੇ ਕਹਿਣ ਲੱਗੇ, ਤੇਰੇ ਤੇ ਦੋਸ਼ ਹੈ ਕਿ ਤੂੰ ਸਰਕਾਰੀ ਜੰਗਲ ਕੱਟਦਾ ਸੀ। ਤੈਨੂੰ ਵੀਹ ਸੋਨੇ ਦੀਆਂ ਮੋਹਰਾਂ ਜ਼ੁਰਮਾਨਾ ਕੀਤਾ ਜਾਂਦਾ ਹੈ। ਦੋ ਦਿਨ ਦਿੱਤੇ ਜਾਂਦੇ ਨੇ। ਦੋ ਦਿਨਾਂ ਦੇ ਅੰਦਰ-ਅੰਦਰ ਭਰ ਦੇ, ਨਹੀਂ ਤਾਂ ਤੈਨੂੰ ਫੇਰ ਸਜ਼ਾਏ ਮੌਤ ਮਿਲੇਗੀ। ਬੜਾ ਉਦਾਸ ਹੋਇਆ, ਮਾਂ ਦੇ ਕੋਲ ਆ ਗਿਆ, ਮਾਂ ਨੇ ਗੱਲ ਸੁਣੀ ਉਹ ਵੀ ਬਹੁਤ ਉਦਾਸ ਹੋਈ, ਪੂਰਨ ਪਹੁੰਚੇ ਹੋਏ ਮਹਾਂਪੁਰਸ਼ ਏਸੇ ਪਿੰਡ ਦੇ ਵਿਚ ਸਨ ਤੇ ਸੇਵਾ ਕਰਨ ਲੋਕ ਜਾਇਆ ਕਰਦੇ ਸੀ। ਕਦੇ ਆਟਾ ਪੀਂਹਦੀ ਸੀ, ਕਦੇ ਪ੍ਰਸ਼ਾਦੇ ਲਾਹੁੰਦੀ, ਬਰਤਨ ਮਾਂਜਦੀ, ਝਾੜੂ ਦਿੰਦੀ, ਪਾਣੀ ਲਿਆ ਕੇ ਛਿੜਕਾਉ ਕਰਦੀ, ਲੜਕਾ ਵੀ ਨਾਲ ਲੱਗਿਆ ਰਹਿੰਦਾ ਸੀ ਅਤੇ ਦਿਨ ਰਾਤ ਅਖੰਡ ਭਜਨ ਕਰਦੀ ਸੀ, ਇੱਕ ਸਕਿੰਟ ਨਹੀਂ ਸੀ ਆਉਣ ਦਿੰਦੀ, ਜਿਹਦੇ ਵਿਚ ਪ੍ਰਮੇਸ਼ਰ ਦਾ ਨਾਮ ਭੁੱਲ ਜਾਵੇ। ਮਹਾਤਮਾ ਨੇ ਚਿਹਰਾ ਦੇਖਿਆ, ਕਹਿਣ ਲੱਗੇ, ਬੀਬੀ! ਤੂੰ ਅੱਜ ਉਦਾਸ ਕਿਉਂ ਹੈਂ, ਤੇਰਾ ਤਾਂ ਚਿਹਰਾ ਦਗ-ਦਗ ਕਰਦਾ ਹੁੰਦਾ, ਖਿੜਿਆ ਰਹਿੰਦਾ, ਐਨੀ ਗਰੀਬੀ ਦਾ ਤੈਨੂੰ ਦੁੱਖ ਨਹੀਂ ਹੋਇਆ, ਹੋਰ ਕਿਹੜੀ ਚਿੰਤਾ ਹੈ ਜਿਹੜੀ ਤੇਰੇ ਮਨ ਵਿਚ ਬੈਠ ਗਈ? ਕਹਿਣ ਲੱਗੀ, ਮਹਾਰਾਜ! ਆਹ ਗੱਲ ਹੋ ਗਈ, ਰਾਜੇ ਨੇ ਡੰਨ ਲਾ ਦਿੱਤਾ, ਵੀਹ ਸੋਨੇ ਦੀਆਂ ਮੋਹਰਾਂ ਜ਼ੁਰਮਾਨੇ ਕਰ ਦਿੱਤਾ। ਮੇਰੇ ਕੋਲ ਤਾਂ ਇੱਕ ਵੀ ਪੈਸਾ ਨਹੀਂ ਹੈ, ਨਾ ਕੋਈ ਮੈਨੂੰ ਦਿੰਦਾ ਹੈ, ਉਹਨੇ ਕਹਿ ਦਿੱਤਾ ਕਿ ਇਹਨੂੰ ਫਾਂਸੀ ਹੋ ਜਾਏਗੀ ਪਰਸੋਂ ਨੂੰ। ਕਿਤੇ ਹੱਥ ਨਹੀਂ ਪੈਂਦਾ ਮੈਂ ਸਾਰੇ ਮੰਗ-ਤੁੰਗ ਕੇ ਦੇਖ ਲਿਆ। ਮਹਾਤਮਾ ਅੰਤਰ ਧਿਆਨ ਹੋ ਗਏ ਕਹਿੰਦੇ ਬੀਬਾ! ਤੂੰ ਪ੍ਰਮੇਸ਼ਰ ਦਾ ਭਜਨ ਕਰ, ਭਰੋਸਾ ਰੱਖ, ਇਹਦੇ ਮਸਤਕ ਵਿੱਚ ਐਸਾ ਲੇਖ ਲਿਖਿਆ ਹੈ ਪ੍ਰਮੇਸ਼ਰ ਨੇ ਕਿ ਇਹਨੇ ਤਾਂ ਇਸ ਹਫਤੇ ਦੇ ਵਿੱਚ ਬਾਦਸ਼ਾਹੀ ਤਖਤ 'ਤੇ ਬੈਠਣਾ ਹੈ। ਬਚਨ 'ਤੇ ਭਰੋਸਾ ਕਰਿਆ, ਭਜਨ ਕਰਨਾ ਸ਼ੁਰੂ ਕਰ ਦਿੱਤਾ। ਸਵੇਰ ਵੇਲੇ ਕੋਈ ਬੀਬੀ ਆਈ ਕਹਿਣ ਲੱਗੀ, ਘਰ ਲਿਪਣਾ ਹੈ, ਜਾਹ ਇਹਦੇ ਵਿਚ ਜਿਹੜਾ ਨਾਲਾ ਚਲਦਾ ਹੈ, ਇਹਦੇ ਵਿਚੋਂ ਮਿੱਟੀ ਲਿਆ ਕੱਢ ਕੇ,। ਉਹ ਚਲੀ ਗਈ, ਨਾਲ ਲੜਕਾ ਹੈ, ਜਦੋਂ ਮਿੱਟੀ ਕੱਢ ਰਹੇ ਨੇ ਤਾਂ ਹੱਥ 'ਚ ਇੱਕ ਥੈਲੀ ਆ ਗਈ ਉਨ੍ਹਾਂ ਦੇ ਉਹ ਲੈ ਕੇ ਮਹਾਂਪੁਰਸ਼ਾਂ ਕੋਲ ਆ ਗਏ। ਮਹਾਰਾਜ! ਆਹ ਪਤਾ ਨਹੀਂ ਕੀ ਹੈ? ਮਹਾਂਪੁਰਸ਼ ਕਹਿੰਦੇ, ਬੀਬਾ! ਪ੍ਰਮੇਸ਼ਰ ਦੀ ਦਇਆਲਤਾ ਹੋ ਗਈ ਇਹ ਤਾਂ ਬਹੁਤ ਕੀਮਤੀ ਲਾਲ ਨੇ, ਲੱਖਾਂ-ਲੱਖਾਂ ਦਾ ਇੱਕ-ਇੱਕ ਹੈ, ਜਾਹ ਰਾਜੇ ਨੂੰ ਦੇ ਦੇਈਂ, ਉਹਨੂੰ ਕਹਿ ਦੇਈਂ ਕਿ ਦੋ ਲੈ ਲੈ, ਇੱਕ ਦੀ ਥਾਂ 'ਤੇ। ਵੀਹ ਮੋਹਰਾਂ ਕੀ ਨੇ ਇਹ ਤਾਂ ਸੈਂਕੜੇ ਮੋਹਰਾਂ ਤੋਂ ਵੀ ਮਹਿੰਗਾ ਹੈ। ਘਰ ਆ ਗਈ, ਓਧਰ ਸਮਾਂ ਆ ਗਿਆ, ਓਧਰ ਉਹ ਚਲੀ ਗਈ ਰਾਜੇ ਕੋਲ ਦੋ ਲਾਲ ਲੈ ਕੇ ਕਿ ਆਹ ਲੈ ਲਓ ਤੁਸੀਂ। ਮੋਹਰਾਂ ਤਾਂ ਸਾਡੇ ਕੋਲ ਹੈ ਨਹੀਂ। ਰਾਜੇ ਨੇ ਜੌਹਰੀ ਬੁਲਾਇਆ ਤਾਂ ਉਹ ਕਹਿਣ ਲੱਗੇ ਕਿ ਜੀ ਇਹ ਤਾਂ ਲੱਖਾਂ ਰੁਪਏ ਦੇ ਨੇ। ਰਾਜਾ ਹੈਰਾਨ ਹੋ ਗਿਆ ਕਿ ਆਹ ਮਾਈ, ਕਿਸੇ ਬਿਪਤਾ ਦੀ ਮਾਰੀ ਛੁਪੀ ਬੈਠੀ ਹੈ। ਇਹ ਤਾਂ ਬਹੁਤ ਅਮੀਰ ਹੈ। ਕਿੰਨੇ ਕੁ ਨੇ ਮਾਈ? ਕਹਿੰਦੀ, ਬੇਅੰਤ ਨੇ, ਗਿਣਤੀ ਤਾਂ ਕਰੀ ਨਹੀਂ, ਸੈਕੜਿਆਂ ਤੋਂ ਉੱਤੇ ਨੇ। ਮਨ 'ਚ ਸੋਚਿਆ ਕਿ ਇਹ ਤਾਂ ਬਹੁਤ ਅਮੀਰ ਹੈ, ਉਸੇ ਵੇਲੇ ਲੜਕੀ ਦੀ ਸ਼ਾਦੀ ਕਰਕੇ, ਰਾਜ ਗੱਦੀ 'ਤੇ ਬਿਠਾ ਦਿੱਤਾ। ਮਹਾਰਾਜ ਕਹਿੰਦੇ -

***ਜੇ ਕੋ ਹੋਵੈ ਦੁਬਲਾ ਨੰਗ ਭੁਖ ਕੀ ਪੀਰ ॥***

*ਦਮੜਾ ਪਲੈ ਨਾ ਪਵੈ ਨਾ ਕੋ ਦੇਵੈ ਧੀਰ ॥*
*ਸੁਆਰਥੁ ਸੁਆਉ ਨ ਕੋ ਕਰੇ*
*ਨਾ ਕਿਛੁ ਹੋਵੈ ਕਾਜੁ ॥*
*ਚਿਤਿ ਆਵੈ ਓਸੁ ਪਾਰਬ੍ਰਹਮੁ*
*ਤਾ ਨਿਹਚਲੁ ਹੋਵੈ ਰਾਜੁ ॥ ਅੰਗ - ੭੦*

ਇੱਥੇ ਦਾ ਰਾਜ ਹੀ ਨਹੀਂ, ਦਰਗਾਹ ਦਾ ਰਾਜ ਵੀ ਮਿਲ ਜਾਂਦਾ ਹੈ ਓਸਨੂੰ। ਸੋ –

*ਜੈਸੀ ਕਲਮ ਵੁੜੀ ਹੈ ਮਸਤਕਿ*
*ਤੈਸੀ ਜੀਅੜੇ ਪਾਸਿ ॥ ਅੰਗ - ੭੪*

ਜਿਹੋ ਜਿਹੇ ਲੇਖ ਲਿਖਾ ਕੇ ਆਏ ਹਾਂ ਉਹ ਤਾਂ ਪਿਆਰਿਓ! ਭੋਗਣੇ ਹੀ ਭੋਗਣੇ ਨੇ ਜਿਹੜਾ ਕੁਛ ਮਿਲਣਾ ਹੈ, ਉਹ ਮਿਲਣਾ ਹੀ ਹੈ। ਫੇਰ ਇਹਦੀ ਚਿੰਤਾ ਕਿਉਂ ਕਰੀਏ।

*ਕਾਹੇ ਰੇ ਮਨ ਚਿਤਵਹਿ ਉਦਮੁ*
*ਜਾ ਆਹਰਿ ਹਰਿ ਜੀਉ ਪਰਿਆ ॥*
*ਸੈਲ ਪਥਰ ਮਹਿ ਜੰਤ ਉਪਾਏ*
*ਤਾ ਕਾ ਰਿਜਕੁ ਆਗੈ ਕਰਿ ਧਰਿਆ ॥*
*ਅੰਗ - ੧੦*

ਫਿਕਰ ਕਰ ਪ੍ਰਮੇਸ਼ਰ ਦੇ ਨਾਲ ਦਾ, ਉਮਰ ਬੀਤਦੀ ਜਾਂਦੀ ਹੈ। ਸੋ ਇਸ ਤਰ੍ਹਾਂ ਦੇ ਨਾਲ ਦੁਨੀਆਂ ਦੇ ਵਿੱਚ ਲਗ ਕੇ ਅਸੀਂ ਆਪਣਾ ਜਨਮ ਬਰਬਾਦ ਕਰ ਲੈਂਦੇ ਹਾਂ। ਦਰਗਾਹ ਦਾ ਸਾਨੂੰ ਚਿੱਤ ਚੇਤਾ ਨਹੀਂ ਰਹਿੰਦਾ। ਜਿੱਥੇ ਜਾ ਕੇ ਰਹਿਣਾ ਵਸਣਾ ਹੈ, ਉਥੇ ਵੀ ਕੁਛ ਸੰਵਾਰ ਲਈਏ, ਕੋਈ ਵਿਰਲਾ ਬੰਦਾ ਹੈ।

ਇੱਕ ਵਾਰੀ ਇੱਕ ਰਾਜ ਦੇ ਵਿਚ ਐਸਾ ਅਸੂਲ ਸੀ ਕਿ ਰਾਜਾ ਆਉਂਦਾ ਸੀ, ਮਰਜ਼ੀ ਦੇ ਨਾਲ ਤਖਤ 'ਤੇ ਬਹਿੰਦਾ ਸੀ, ਲੇਕਿਨ ਵੀਹ ਸਾਲ ਦੀ ਵਾਰੀ ਸੀ ਉਸ ਤੋਂ ਬਾਅਦ ਉਹਨੂੰ ਲਾਹ ਕੇ ਇੱਕ ਨਿਰਜਨ ਜਜੀਰਾ ਸੀ, ਟਾਪੂ ਸੀ, ਉਹਦੇ ਵਿਚ ਛੱਡ ਆਉਂਦੇ ਸੀ। ਇੱਕ ਐਸਾ ਸਮਾਂ ਆਇਆ ਕਿ ਕੋਈ ਤਖਤ 'ਤੇ ਨਾ ਬੈਠੇ ਕਿ ਉਥੇ ਜਾਣਾ ਬਹੁਤ ਔਖਾ ਹੈ। ਇੱਕ ਨੌਜਵਾਨ ਆਇਆ, ਵੀਹ ਸਾਲ ਦਾ। ਕਹਿੰਦਾ, ਮੈਂ ਲੈਂਦਾ ਹਾਂ ਤਖਤ, ਸ਼ਰਤਾਂ ਸੁਣਾ ਦਿੱਤੀਆਂ, ਮੰਨ ਲਈਆਂ ਉਸਨੇ। ਜਦੋਂ ਸਾਲ ਹੋ ਗਿਆ ਰਾਜ ਕਰਦੇ ਨੇ, ਜਦ ਚੰਗੀ ਤਰ੍ਹਾਂ ਰਾਜ ਪ੍ਰਬੰਧ ਹੱਥ ਵਿਚ ਆ ਗਿਆ, ਇੰਜਨੀਅਰ ਬੁਲਾਏ, ਡਿਵੈਲਪਮੈਂਟ ਦੇ ਸਾਰੇ ਬੁਲਾਏ, ਮੀਟਿੰਗ ਕਰੀ ਕਿ ਮੈਂ ਉਹ ਦੇਖਣਾ ਚਾਹੁੰਦਾ ਹਾਂ ਟਾਪੂ, ਜਿੱਥੇ ਮੈਨੂੰ ਵੀਹ ਸਾਲ ਬਾਅਦ ਛੱਡੋਂਗੇ। ਜਹਾਜ਼ ਦੇ ਵਿਚ ਚਲੇ ਗਏ, ਜਾ ਕੇ ਉਥੇ ਹੁਕਮ ਕਰ ਦਿੱਤਾ ਕਿ ਇਹਨੂੰ ਆਬਾਦ ਕਰੋ, ਇੱਥੇ ਪਾਰਕ ਬਣਾਓ, ਫੁਹਾਰੇ ਲਾਓ, ਇੱਥੇ ਬਿਲਡਿੰਗਾਂ ਬਣਾਓ, ਇੱਥੇ ਵਸਣ ਨੂੰ ਥਾਉਂ ਦਿਓ। ਐਸਾ ਸੁੰਦਰ ਬਣਾਇਆ ਕਿ ਹਰੇਕ ਦਾ ਜੀਅ ਕਰੇ ਕਿ ਮੈਂ ਉਥੇ ਜਾ ਕੇ ਵਸ ਜਾਵਾਂ। ਜਦੋਂ ਵਾਰੀ ਪੂਰੀ ਹੋਣ 'ਚ ਦੋ ਤਿੰਨ ਮਹੀਨੇ ਰਹਿ ਗਏ, ਕਹਿਣ ਲੱਗਿਆ ਕਿ ਲਓ ਬਈ ਆਪਣਾ ਨਵਾਂ ਰਾਜਾ ਟੋਲ੍ਹ ਤੇ ਮੇਰਾ ਅਸਤੀਫਾ ਪਹਿਲਾਂ ਹੀ ਮਨਜ਼ੂਰ ਕਰ ਲਓ। ਮੈਂ ਤਾਂ ਹੁਣ ਉਥੇ ਜਾਂਦਾ ਹਾਂ ਜਿੱਥੇ ਤੁਸੀਂ ਛੱਡਦੇ ਓਂ? ਕਹਿੰਦੇ, ਹੁਣ ਕੀ ਛੱਡਣਾ ਹੈ, ਉਹ ਤਾਂ ਇਹਦੇ ਨਾਲੋਂ ਵੀ ਚੰਗਾ ਬਣਾ ਲਿਆ। ਸੋ ਜਿਨ੍ਹਾਂ ਨੇ ਅਗਾਂਹਾਂ ਦਾ ਪਾਸਾ ਸਵਾਰ ਲਿਆ। ਉਨ੍ਹਾ ਦੇ ਮਨਾਂ 'ਚ ਖੁਸ਼ੀਆਂ ਹੁੰਦੀਆਂ ਨੇ –

*ਕਬੀਰ ਜਿਸੁ ਮਰਨੇ ਤੇ ਜਗੁ ਡਰੈ*
*ਮੇਰੈ ਮਨਿ ਆਨੰਦੁ ॥*
*ਮਰਨੇ ਹੀ ਤੇ ਪਾਈਐ ਪੂਰਨੁ ਪਰਮਾਨੰਦੁ ॥*
*ਅੰਗ - ੧੩੬੫*

ਸੋ ਐਉਂ ਭੁਲੇਖਾ ਖਾ ਕੇ ਆਦਮੀ ਆਪਣਾ ਸਾਰਾ ਸਮਾਂ ਜਿਹੜਾ ਨਸ਼ਟ ਕਰ ਦਿੰਦਾ ਹੈ, ਕਿਸੇ ਕਿਨਾਰੇ 'ਤੇ ਨਹੀਂ ਪਹੁੰਚਦਾ। ਇਹ ਪ੍ਰੇਮੀ ਜਿਹੜਾ ਜੱਗਾ ਸਿੰਘ ਸੀ, ਇਹਦੇ ਮਨ ਦੇ ਅੰਦਰ ਬਹੁਤ ਬੈਰਾਗ ਦੀ ਕਾਂਗ ਉੱਠੀ। ਗੁਰੂ ਦਸ਼ਮੇਸ਼ ਪਿਤਾ ਦੇ ਚਰਨਾਂ 'ਚ ਗਿਆ, ਪਾਤਸ਼ਾਹ! ਮੇਰੇ ਜੀਵਨ ਦਾ ਉਧਾਰ ਕਰ ਦਿਓ। ਮੈਂ ਤੁਹਾਡੀ ਸ਼ਰਨ ਆਇਆ, ਮੈਨੂੰ ਸਿੱਖੀ ਦਾਨ ਕਰ ਦਿਓ। ਮਹਾਰਾਜ ਕਹਿੰਦੇ, ਜੱਗਾ ਸਿੰਘਾ! ਸਿੱਖੀ ਤਾਂ ਬਹੁਤ ਔਖੀ ਹੈ, ਗੁਰੂ ਨੂੰ ਮਨ ਵੇਚਣਾ ਪੈਂਦਾ ਹੈ। ਜਦ ਤਕ ਮਨ ਨਹੀਂ ਵੇਚਦਾ, ਓਨੀਂ ਦੇਰ ਤਕ ਕਾਰਜ ਰਾਸ ਨਹੀਂ ਹੁੰਦਾ।

*ਮਨੁ ਬੇਚੈ ਸਤਿਗੁਰ ਕੈ ਪਾਸਿ ॥*
*ਤਿਸੁ ਸੇਵਕ ਕੇ ਕਾਰਜ ਰਾਸਿ ॥ ਅੰਗ - ੨੮੬*

ਸੋ ਸਾਡੇ ਇਹ ਗੱਲ ਸਮਝ 'ਚ ਨਹੀਂ ਆਉਂਦੀ। ਗੱਲੀਂ-ਬਾਤੀਂ ਤਾਂ ਅਸੀਂ ਬਹੁਤ ਸਿਆਣੇ ਹਾਂ, ਵਿਦਵਾਨ ਹਾਂ, ਲੇਕਿਨ ਮਨ ਤਾਂ ਵੇਚਦੇ ਹੀ ਨਹੀਂ, ਅਸੀਂ ਗੁਰੂ ਨੂੰ ਦਿੰਦੇ ਹੀ ਨਹੀਂ। ਹੋਰ ਲੈ ਲੈ, ਗੁਰੂ ਕਹਿੰਦਾ –

*ਤਨੁ ਮਨੁ ਧਨੁ ਸਭੁ ਸਉਪਿ ਗੁਰ ਕਉ*
*ਹੁਕਮਿ ਮੰਨਿਐ ਪਾਈਐ ॥ ਅੰਗ - ੧*

ਜੋ ਗੁਰੂ ਦੀ ਆਗਿਆ ਹੈ ਉਸ ਨੂੰ ਮੰਨੇ। ਇਹ ਸਾਰਾ ਸੰਸਾਰ ਹੁਕਮ 'ਚ ਚੱਲ ਰਿਹਾ ਹੈ। ਤੇਰਾ ਜ਼ੋਰ ਨਹੀਂ ਚੱਲਣਾ।

*ਇਸ ਕਾ ਬਲੁ ਨਾਹੀ ਇਸੁ ਹਾਥ ॥*
*ਕਰਨ ਕਰਾਵਨ ਸਰਬ ਕੋ ਨਾਥ ॥*
*ਆਗਿਆਕਾਰੀ ਬਪੁਰਾ ਜੀਉ ॥*
*ਜੋ ਤਿਸੁ ਭਾਵੈ ਸੋਈ ਫੁਨਿ ਥੀਉ ॥ ਅੰਗ- ੨੭੭*

ਇਹ ਤਾਂ ਹੁਕਮ ਦੀ ਖੇਡ ਹੋ ਰਹੀ ਹੈ। ਤੇਰੇ 'ਚ ਤਾਕਤ ਨਹੀਂ ਕਿ ਤੂੰ ਵਾਹਿਗੁਰੂ ਦੇ ਹੁਕਮ ਨੂੰ ਮੋੜ ਦੇਵੇਂ। ਕੋਈ ਹੋਰ ਸ਼ਕਲ ਦੇ ਦੇਵੇਂ। ਉਹ ਤਾਂ ਜਿਵੇਂ ਨਚਾ ਰਿਹਾ ਹੈ, ਇਸ ਤਰ੍ਹਾਂ ਸੰਸਾਰ ਨੱਚ ਰਿਹਾ ਹੈ। ਮੈਂ ਕਰਦਾ ਹਾਂ-ਮੈਂ ਆਹ ਕਰਦਾ ਹਾਂ, ਇਸ ਨਾਲ ਬੰਨ੍ਹਿਆ ਜਾ ਰਿਹਾ ਹੈ, ਬੰਨ੍ਹਿਆ ਹੋਇਆ ਕਰਮਾਂ ਦੀ ਸਜ਼ਾ ਭੁਗਤ ਰਿਹਾ ਹੈ। ਉਹ ਵੀ ਹੁਕਮ ਦੀ ਕਿਰਿਆ ਹੋ ਰਹੀ ਹੈ। ਸੋ ਮਹਾਰਾਜ ਕਹਿੰਦੇ ਪਿਆਰਿਆ! ਤੂੰ ਮਨ ਦੇ ਦੇ ਗੁਰੂ ਨੂੰ, ਜਦੋਂ ਤੱਕ ਤੂੰ ਮਨ ਦਾ ਸੌਦਾ ਨਹੀਂ ਕਰਦਾ। ਤੂੰ ਪਾਰ ਨਹੀਂ ਉਤਰਨਾ। ਸੋ ਹੁਣ ਸਮਾਂ ਇਜਾਜ਼ਤ ਨਹੀਂ ਦਿੰਦਾ, ਇੱਥੇ ਹੀ ਸਮਾਪਤੀ ਹੈ।

ਅਨੰਦ ਸਾਹਿਬ, ਗੁਰ ਸਤੋਤਰ, ਅਰਦਾਸ, ਹੁਕਮਨਾਮਾ।

*******

# ਸੁਰਤਿ ਸਬਦਿ ਮਾਰਗ

*ਸੰਤ ਵਰਿਆਮ ਸਿੰਘ ਜੀ,*
*ਬਾਨੀ ਵਿ. ਗੁ. ਰੂ. ਮਿਸ਼ਨ*

ਸ਼ਾਨ – ................................................।

***ਸਤਿਨਾਮੁ ਸ੍ਰੀ ਵਾਹਿਗੁਰੂ,***
***ਧੰਨ ਸ੍ਰੀ ਗੁਰੂ ਨਾਨਕ ਦੇਵ ਜੀਓ ਮਹਾਰਾਜ!***
***ਡੰਡਉਤਿ ਬੰਦਨ ਅਨਿਕ ਬਾਰ***
***ਸਰਬ ਕਲਾ ਸਮਰਥ॥ ਅੰਗ – ੨੫੬***

***ਫਿਰਤ ਫਿਰਤ ਪ੍ਰਭ ਆਇਆ***
***ਪਰਿਆ ਤਉ ਸਰਨਾਇ॥***
***ਨਾਨਕ ਕੀ ਪ੍ਰਭ ਬੇਨਤੀ ਅਪਨੀ ਭਗਤੀ ਲਾਇ॥***
***ਅੰਗ – ੨੮੯***

***ਧਾਰਨਾ – ਆਪ ਮੁਕਤ ਮੋਹਿ ਤਾਰੇ ਜੀ,***
***ਐਸੇ ਗੁਰਾਂ ਤੋਂ ਬਲਿ ਬਲਿ ਜਾਈਐ – ੨, ੨.***

***ਨਾਰਾਇਨ ਨਰਪਤਿ ਨਮਸਕਾਰੈ ॥***
***ਐਸੇ ਗੁਰ ਕਉ ਬਲਿ ਬਲਿ ਜਾਈਐ***
***ਆਪਿ ਮੁਕਤੁ ਮੋਹਿ ਤਾਰੈ ॥ ੧ ॥ ਰਹਾਉ ॥***
***ਕਵਨ ਕਵਨ ਕਵਨ ਗੁਨ ਕਹੀਐ***
***ਅੰਤੁ ਨਹੀ ਕਛੁ ਪਾਰੈ ॥***
***ਲਾਖ ਲਾਖ ਲਾਖ ਕਈ ਕੋਰੈ***
***ਕੋ ਹੈ ਐਸੋ ਬੀਚਾਰੈ ॥ ੧ ॥***
***ਬਿਸਮ ਬਿਸਮ ਬਿਸਮ ਹੀ ਭਈ ਹੈ***
***ਲਾਲ ਗੁਲਾਲ ਰੰਗਾਰੈ ॥***
***ਕਹੁ ਨਾਨਕ ਸੰਤਨ ਰਸੁ ਆਈ ਹੈ***
***ਜਿਉ ਚਾਖਿ ਗੂੰਗਾ ਮੁਸਕਾਰੈ ॥ ਅੰਗ– ੧੩੦੧***

***ਧਾਰਨਾ – ਕਿਤ ਬਿਧ ਮਨ ਧੀਰੇ ਜੀ,***
***ਕਿਤ ਬਿਧ ਮਨ ਧੀਰੇ ਜੀ –੩***

***ਸੁੰਦਰ ਸੇਜ ਅਨੇਕ ਸੁਖ ਰਸ ਭੋਗਣ ਪੂਰੇ ॥***
***ਗ੍ਰਿਹ ਸੋਇਨ ਚੰਦਨ ਸੁਗੰਧ ਲਾਇ ਮੋਤੀ ਹੀਰੇ ॥***
***ਮਨ ਇਛੇ ਸੁਖ ਮਾਣਦਾ ਕਿਛੁ ਨਾਹਿ ਵਿਸੂਰੇ ॥***
***ਸੋ ਪ੍ਰਭੁ ਚਿਤਿ ਨ ਆਵਈ ਵਿਸਟਾ ਕੇ ਕੀਰੇ ॥***
***ਬਿਨੁ ਹਰਿ ਨਾਮ ਨ ਸਾਂਤਿ ਹੋਇ***
***ਕਿਤੁ ਬਿਧਿ ਮਨੁ ਧੀਰੇ ॥ ਅੰਗ – ੭੦੭***

ਸਾਧ ਸੰਗਤ, ਗੱਜ ਕੇ ਬੋਲਣਾ ਜੀ – ਸਤਿਨਾਮ ਸ੍ਰੀ ਵਾਹਿਗੁਰੂ। ਗੁਰੂ ਮਹਾਰਾਜ ਜੀ ਦੀ ਹਜ਼ੂਰੀ ਵਿਚ ਆਪ ਇਕੱਤਰ ਹੋਏ ਹੋਂ। ਬਹੁਤ ਪਿਆਰ ਦਾ ਪ੍ਰਸੰਗ ਸ੍ਰਵਣ ਕਰ ਰਹੇ ਸੀ। ਸਾਰਾ ਸੰਸਾਰ ਸ਼ਾਂਤੀ ਵਾਸਤੇ ਅਨੇਕਾਂ ਕਿਸਮ ਦੇ ਯਤਨ ਕਰਦਾ ਹੈ – ਕੋਈ ਮਾਇਆ ਦੇ ਵਿਚ ਸੁਖ ਭਾਲਦਾ ਹੈ, ਕੋਈ ਪੁੱਤਰਾਂ ਦੀ ਪ੍ਰਾਪਤੀ ਵਿਚ ਸੁਖ ਭਾਲਦਾ ਹੈ, ਕੋਈ ਬਹੁਤ ਵੱਡੀਆਂ ਬਿਲਡਿੰਗਾਂ ਬਣਾ ਕੇ ਸੁਖ ਭਾਲਦਾ ਹੈ, ਕੋਈ ਰਾਜਸੀ ਅਹੁਦੇ ਪ੍ਰਾਪਤ ਕਰਕੇ ਸੁਖ ਭਾਲਦਾ ਹੈ। ਅਨੇਕਾਂ ਹੀ ਸੰਸਾਰ ਦੀਆਂ ਧਾਰਨਾਵਾਂ ਹਨ, ਮਨੌਤਾਂ ਹਨ। ਬੜੀਆਂ ਠੋਸ ਦਲੀਲਾਂ ਨੇ ਇਨ੍ਹਾਂ ਦੇ ਪਿਛੇ ਕਿ ਜੇ ਪੈਸਾ ਨਾ ਹੋਵੇ ਤਾਂ ਆਦਮੀ ਕਿਵੇਂ ਸੁਖੀ ਹੋ ਸਕਦਾ ਹੈ? ਚੰਗੀ ਕੋਠੀ ਵਿਚ ਰਹਿਣ ਵਾਸਤੇ ਥਾਂ ਨਾ ਮਿਲਦਾ ਹੋਵੇ, ਸਵਾਰੀ ਕੋਲ ਨਾ ਹੋਵੇ ਤੇ ਚਾਰ ਬੰਦਿਆਂ ਵਿਚ ਇੱਜ਼ਤ ਨਾ ਹੋਵੇ, ਰਾਜਸੀ ਸ਼ਕਤੀ ਵੀ ਹੱਥ ਵਿਚ ਨਾ ਹੋਵੇ, ਕਿਵੇਂ ਆਦਮੀ ਸੁਖੀ ਹੋ ਜਾਏਗਾ? ਤੇ ਸੁਖ ਦੇ ਯਤਨ ਕਰਨ ਵਾਸਤੇ, ਇਨ੍ਹਾਂ ਦੀ ਪ੍ਰਾਪਤੀ ਵਾਸਤੇ ਆਦਮੀ ਦਿਨ-ਰਾਤ ਇਕ ਕਰ ਦਿੰਦਾ ਹੈ ਕਿ ਮੈਂ ਸੁਖੀ ਹੋ ਜਾਵਾਂ, ਪਰ ਕੋਈ ਸੁਖੀ ਹੋਇਐ? ਜਿਉਂ-ਜਿਉਂ ਪ੍ਰਕਿਰਤੀ ਦਾ ਪਸਾਰਾ ਹੁੰਦਾ ਹੈ – ਪ੍ਰਵਿਰਤੀ ਦਾ, ਓਨਾਂ ਹੀ ਉਹਦੇ ਵਿਚੋਂ ਦੁਖ ਨਿਕਲਦਾ ਚਲਿਆ ਜਾਂਦਾ ਹੈ। ਜੇ ਇਕ ਸੇਰ ਸੁਖ ਨਿਕਲਦਾ ਹੈ ਤਾਂ ਇਕ ਮਣ ਉਹਦੇ ਪਿਛੇ ਦੁਖ ਛੁਪਿਆ ਪਿਆ ਹੈ –

***ਸੁਖੁ ਮਾਂਗਤ ਦੁਖੁ ਆਗੈ ਆਵੈ॥***
***ਸੋ ਸੁਖੁ ਹਮਹੁ ਨ ਮਾਂਗਿਆ ਭਾਵੈ॥ ਅੰਗ – ੩੩੦***

ਕਹਿੰਦੇ, ਐਹੋ ਜਿਹੇ ਸੁਖ ਦੀ ਕੋਈ ਲੋੜ ਨਹੀਂ ਜਿਹੜਾ ਸੁਖ ਮੰਗਣ ਤੋਂ ਬਾਅਦ ਦੁਖ ਅੱਗੇ ਆ ਜਾਵੇ। ਵਿਚਾਰ ਕੇ ਦੇਖ ਲਓ। ਪੁੱਤਰ ਦੀ ਪ੍ਰਾਪਤੀ ਨਹੀਂ ਹੋਈ, ਮਾਰਿਆ ਮਾਰਿਆ ਫਿਰਦਾ ਹੈ, ਬਹੁਤ ਅਜਿਹੇ ਕੰਮ ਕਰਦਾ ਹੈ, ਥਾਂ ਥਾਂ ਤੇ ਜਾ ਕੇ ਨੀਵਾਂ ਹੁੰਦਾ ਹੈ; ਜਿਥੇ ਨਹੀਂ ਵੀ ਸੀ ਝੁਕਣਾ, ਉਥੇ ਜਾ ਕੇ ਸਿਰ ਝੁਕਾਉਂਦਾ ਹੈ। ਪੁੱਤਰ ਪ੍ਰਾਪਤ ਹੋ ਜਾਂਦਾ ਹੈ। ਅਖੀਰ ਓਹੀ ਪੁੱਤਰ ਪੈਦਾ ਹੋ ਕੇ ਬਿਮਾਰ ਹੋ ਜਾਂਦਾ ਹੈ। ਉਹ ਜਿਹੜਾ ਸੁਖ ਥੋੜ੍ਹੀ ਦੇਰ ਵਾਸਤੇ ਪ੍ਰਾਪਤ ਹੋਇਆ ਸੀ, ਉਹ ਕਿੰਨੇ ਦੁਖ ਵਿਚ ਬਦਲ ਗਿਆ। ਦੌੜਿਆ ਫਿਰਦਾ ਹੈ ਕਿ ਕਿਤੇ ਇਹਨੂੰ ਆਹ ਗੱਲ ਨਾ ਹੋ ਜਾਵੇ, ਔਹ ਗੱਲ ਨਾ ਹੋ ਜਾਵੇ। ਕੋਈ ਬੱਚਾ ਨਲਾਇਕ ਨਿਕਲ ਜਾਵੇ, ਗਲਤ ਸੰਗਤ ਵਿਚ ਪੈ ਜਾਵੇ, ਸ਼ਰਾਬੀ ਬਣ ਜਾਵੇ, ਜੁਏਬਾਜ਼ ਬਣ ਜਾਵੇ, ਹੋਰ ਚੋਰ-ਚਕਾਰ ਬਣ ਜਾਵੇ – ਕਿੰਨਾ ਦੁਖ ਖੜ੍ਹਾ ਹੋ ਜਾਂਦਾ ਹੈ। ਸੁਖ ਤਾਂ ਥੋੜ੍ਹੀ ਦੇਰ ਵਾਸਤੇ ਮਹਿਸੂਸ ਹੋਇਆ ਸੀ, ਬਾਅਦ ਵਿਚ ਕਿੰਨਾ ਦੁਖ ਪ੍ਰਾਪਤ ਹੋਇਆ।

ਮਹਾਰਾਜ ਕਹਿੰਦੇ ਨੇ, ਸੰਸਾਰ ਦੀਆਂ ਜਿੰਨੀਆਂ ਵੱਡੀਆਂ ਵਡਿਆਈਆਂ ਨੇ – 'ਸੁੰਦਰ ਸੇਜ ਅਨੇਕ ਸੁਖ ਰਸ ਭੋਗਣ ਪੂਰੇ॥' ਸੁਖਾਂ ਦੀ ਗਿਣਤੀ ਕੋਈ ਨਹੀਂ ਹੈ ਤੇ ਰਸਾਂ ਦੇ ਭੋਗਾਂ ਦੇ ਵਿਚ ਕੋਈ ਰੁਕਾਵਟ ਨਹੀਂ ਕਿਉਂਕਿ ਸਰੀਰ ਸੁਅਸਥ ਨਾ ਹੋਵੇ, ਮਿੱਠਾ ਖਾਣ ਨੂੰ ਜੀਅ ਕਰਦਾ ਹੋਵੇ, ਡਾਕਟਰ ਬੰਦ ਕਰ ਦਿੰਦਾ ਹੈ ਕਿ ਤੈਨੂੰ ਬਲੱਡ ਸ਼ੂਗਰ ਹੈ – ਮਿੱਠਾ ਨਾ ਖਾਈਂ। ਉਹਦਾ ਜੀਅ ਕਰਦਾ ਹੋਵੇ ਫਲ ਖਾਣ ਨੂੰ – ਖਾ ਨਹੀਂ ਸਕਦਾ। ਕੋਈ ਰਸ ਭੋਗਣ ਨੂੰ ਜੀਅ ਕਰਦਾ ਹੋਵੇ – ਨਹੀਂ ਭੋਗ ਸਕਦਾ ਕਿਉਂਕਿ ਅੱਗੇ ਬਿਮਾਰੀ ਦਾ ਪਰਛਾਵਾਂ ਹੈ। ਲੇਕਿਨ ਮਹਾਰਾਜ ਕਹਿੰਦੇ, ਐਨੇ ਸੁਖ ਹੋਣ, ਐਨੇ ਰਸ ਹੋਣ ਜਿਨ੍ਹਾਂ ਦਾ ਕੋਈ ਅਸਰ ਨਾ ਹੁੰਦਾ ਹੋਵੇ – **'ਗ੍ਰਿਹ ਸੋਇਨ ਚੰਦਨ ਸੁਗੰਧ ਲਾਇ ਮੋਤੀ ਹੀਰੇ।'** ਮੋਤੀ ਤੇ ਹੀਰੇ ਲਾ ਕੇ ਸਜਾਵਟ ਕੀਤੀ ਹੋਵੇ ਕੋਠੀਆਂ ਦੀ, ਤੇ '**ਮਨ ਇਛੇ ਸੁਖ ਮਾਣਦਾ ਕਿਛੁ ਨਾਹਿ ਵਿਸੂਰੇ॥**' ਜਿੰਨੇ ਮਨ ਦੇ ਅੰਦਰ ਖਿਆਲ ਆਉਂਦੇ ਨੇ, ਓਨਾਂ ਹੀ ਉਹਨੂੰ ਸੁਖ ਪ੍ਰਾਪਤ ਹੋ ਜਾਂਦਾ ਹੈ ਤੇ ਕਿਸੇ

ਸੁਖ ਦਾ ਬਾਅਦ ਵਿਚ ਦੁਖ ਜਾ ਨਿਕਲਦਾ ਹੋਵੇ, ਪਰ ਜੇ ਵਾਹਿਗੁਰੂ ਚਿਤ ਨਹੀਂ ਆਉਂਦਾ, ਚਿਤ ਵਿਚ ਨਹੀਂ ਵਸਦਾ......ਅਸੀਂ ਜ਼ੁਬਾਨ ਦੇ ਨਾਲ ਵਾਹਿਗੁਰੂ ਨੂੰ ਯਾਦ ਕਰ ਲੈਂਦੇ ਹਾਂ, ਚਿਤ ਵਿਚ ਨਹੀਂ ਵਸਿਆ ਅਜੇ, ਸੁਆਸ ਦੇ ਨਾਲ ਨਾਮ ਜਪਦੇ ਹਾਂ ਪਰ ਚਿਤ ਵਿਚ ਨਹੀਂ ਵਸਿਆ। ਕਹਿੰਦੇ, ਜੇ ਚਿਤ ਵਿਚ ਨਹੀਂ ਵਸਿਆ ਤਾਂ ਵਿਸ਼ਟਾ ਦੇ ਕੀੜੇ ਵਰਗਾ ਹਾਲ ਹੋਇਆ ਕਰਦਾ ਹੈ। ਕੁਰਬਲ-ਕੁਰਬਲ ਕਰਦਾ ਫਿਰਦਾ ਸੰਸਾਰ, ਹਾਏ ਹਾਏ ਹੋ ਰਹੀ ਹੈ - ਚਾਰੇ ਪਾਸੇ, ਕੋਈ ਸੁਖੀ ਨਹੀਂ। ਮਹਾਰਾਜ ਕਹਿੰਦੇ -

***ਐਸਾ ਜਗੁ ਦੇਖਿਆ ਜੁਆਰੀ॥***
***ਸਭਿ ਸੁਖ ਮਾਗੈ ਨਾਮੁ ਬਿਸਾਰੀ॥ ਅੰਗ - ੨੨੨***

ਨਾਮ ਨੂੰ ਭੁੱਲ ਕੇ ਸੰਸਾਰ ਸੁਖ ਚਾਹੁੰਦਾ ਹੈ। ਐਡਾ ਜੁਏਬਾਜ਼ ਹੈ ਕਿ ਇਹਨੂੰ ਪਤਾ ਹੀ ਨਹੀਂ ਕਿ ਗਲਤ ਦਾਉ ਦੇ ਉਤੇ ਦਾਉ ਲਾਈ ਜਾਂਦਾ ਹੈ, ਨਾਮ ਵੱਲ ਨਹੀਂ ਆਉਂਦਾ। ਤੇ ਦੂਸਰੇ ਪਾਸੇ ਮਹਾਰਾਜ ਕਹਿੰਦੇ ਕਿ ਜੇ ਇਨ੍ਹਾਂ ਚੀਜ਼ਾਂ ਦੀ ਨਾ ਪ੍ਰਾਪਤੀ ਹੋਵੇ - ਚੰਗੀ ਕੋਠੀ ਕੋਲ ਨਾ ਹੋਵੇ, ਚੰਗੀ ਸਵਾਰੀ ਨਾ ਹੋਵੇ, ਚਾਰ ਬੰਦਿਆਂ ਵਿਚ ਇਜ਼ਤ ਨਾ ਹੋਵੇ, ਕੋਈ ਜਾਇਦਾਦ ਨਾ ਹੋਵੇ; ਫੇਰ ਆਦਮੀ ਦਾ ਮਨ ਕਿਹੋ ਜਿਹਾ ਹੁੰਦਾ ਹੈ? ਕਹਿੰਦੇ, ਜੇ ਬੰਦਗੀ ਵਾਲਾ ਹੈ ਤਾਂ ਉਹਦਾ ਮਨ ਪਰਮ ਸ਼ਾਂਤ ਹੋਇਆ ਕਰਦਾ ਹੈ, ਸਭ ਹਾਲਾਤ ਵਿਚ ਰਹਿੰਦੇ ਹੋਏ -

***ਬਸਤਾ ਤੂਟੀ ਝੁੰਪੜੀ ਚੀਰ ਸਭਿ ਛਿੰਨਾ ॥***
***ਜਾਤਿ ਨ ਪਤਿ ਨ ਆਦਰੋ ਉਦਿਆਨ ਭ੍ਰਮਿੰਨਾ ॥***
***ਮਿਤ੍ਰ ਨ ਇਠ ਧਨ ਰੂਪਹੀਣ ਕਿਛੁ ਸਾਕੁ ਨ***
***ਸਿੰਨਾ ॥ ਰਾਜਾ ਸਗਲੀ ਸ੍ਰਿਸਟਿ ਕਾ***
***ਹਰਿ ਨਾਮਿ ਮਨੁ ਭਿੰਨਾ ॥***
***ਤਿਸ ਕੀ ਧੂੜਿ ਮਨੁ ਉਧਰੈ***
***ਪ੍ਰਭੁ ਹੋਇ ਸੁਪ੍ਰਸੰਨਾ ॥ ਅੰਗ - ੭੦੭***

ਜੇ ਨਾਮ ਦੇ ਵਿਚ ਮਨ ਭਿੱਜਿਆ ਹੋਇਆ ਹੈ ਤਾਂ ਕਹਿੰਦੇ, ਉਹ ਤਾਂ ਸਾਰੀ ਸ੍ਰਿਸ਼ਟੀ ਦਾ ਰਾਜਾ ਹੈ। ਸੋ ਇਸ ਕਰਕੇ ਸੁੱਖ ਨੂੰ ਸੰਸਾਰ ਚਾਹੁੰਦਾ ਹੈ ਪਰ ਸੁਖ, ਨਾਮ ਦੀ ਪ੍ਰਾਪਤੀ ਤੋਂ ਬਗੈਰ ਨਹੀਂ ਹੋਇਆ ਕਰਦਾ।

ਸੋ ਪਿਛਲੇ ਕਈ ਦੀਵਾਨਾਂ ਤੋਂ ਇਹ ਵਿਚਾਰ ਚੱਲ ਰਹੀ ਸੀ ਕਿ ਆਦਮੀ ਨਾਮ ਨੂੰ ਕਿਵੇਂ ਪ੍ਰਾਪਤ ਕਰ ਸਕਦਾ ਹੈ; ਕਿਸ ਤਰ੍ਹਾਂ ਉਸ ਅਵਸਥਾ ਨੂੰ ਪਹੁੰਚ ਸਕਦਾ ਹੈ ਜਿਥੇ ਗੁਰੂ ਮਹਾਰਾਜ ਬਾਰ-ਬਾਰ ਸਾਨੂੰ ਪਹੁੰਚਾਉਣ ਦਾ ਇਸ਼ਾਰਾ ਕਰਦੇ ਨੇ। ਸਾਰਾ ਸੰਸਾਰ ਨਾਮ ਜਪਦਾ ਹੈ -

***ਰਾਮ ਰਾਮ ਸਭੁ ਕੋ ਕਹੈ***
***ਕਹਿਐ ਰਾਮੁ ਨ ਹੋਇ ॥***
***ਗੁਰ ਪਰਸਾਦੀ ਰਾਮੁ ਮਨਿ ਵਸੈ***
***ਤਾ ਫਲੁ ਪਾਵੈ ਕੋਇ॥ ਅੰਗ - ੪੯੧***

ਕਹਿੰਦੇ, ਜਿੰਨੀ ਦੇਰ ਤਕ ਚਿਤ ਵਿਚ ਨਹੀਂ ਵਸਦਾ, ਮਨ ਵਿਚ ਨਹੀਂ ਵਸਦਾ, ਓਨਾਂ ਚਿਰ - ਸਾਰਾ ਸੰਸਾਰ ਕਹੀ ਜਾਂਦਾ ਹੈ - ਕਹਿਣ ਨਾਲ ਤਾਂ ਗੱਲ ਬਣਦੀ ਨਹੀਂ। ਜ਼ਰੂਰ ਇਸ ਗੱਲ ਵਿਚ ਭੇਦ ਹੈਗਾ ਕੋਈ, ਜਿਹੜਾ ਸਮਝਣ ਦੀ ਲੋੜ ਹੈ। ਇਸ਼ਾਰਾ ਹੈ ਮਹਾਰਾਜ ਦਾ ਕੋਈ ਗਹਿਰਾ, ਜਿਸਨੂੰ ਸਾਨੂੰ ਸਮਝਣਾ ਚਾਹੀਦਾ ਹੈ ਕਿ ਨਾਮ ਅਸੀਂ ਜਪਦੇ ਹਾਂ, ਅੰਮ੍ਰਿਤ ਵੇਲੇ ਉਠਦੇ ਹਾਂ, ਨਿਤਨੇਮ ਕਰਦੇ ਹਾਂ; ਪਰ ਇਹ ਸਭ ਕੁਛ ਕਰਦੇ ਹੋਏ ਫੇਰ ਕੀ ਵਜਾਹ ਹੈ - ਸਾਡੇ ਅੰਦਰ ਓਹੀ ਚੀਜ਼ਾਂ ਨੇ, ਓਹੀ ਗੁੱਸਾ ਹੈ, ਓਹੀ ਨਿੰਦਿਆ ਹੈ, ਓਹੀ ਨਫਰਤ ਹੈ, ਓਹੀ ਬੇ-ਰਸੀ ਹੈ; ਰਸ ਵਿਚ ਅਸੀਂ ਆਉਂਦੇ ਨਹੀਂ ਹਾਂ; ਉਹੀ ਝੁੰਜਲਾਹਟ ਹੈ, ਉਸੇ ਤਰ੍ਹਾਂ ਮਨ ਦੇ ਅੰਦਰ ਮਹੌਲ ਚਲਦੇ ਨੇ। ਫੇਰ ਵਜਾਹ ਕੀ ਹੈ? ਨਾਮ ਵਿਚ ਅਸਰ ਨਹੀਂ ਹੈ ਜਾਂ ਸਾਡੀ ਪਹੁੰਚ ਵਿੱਚ ਫਰਕ ਹੈ?

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਜੋ ਬਾਣੀ ਹੈ, ਸਾਧਸੰਗਤ ਜੀ! ਸਾਰੇ ਸੰਸਾਰ ਦੇ ਧਾਰਮਿਕ ਇਤਿਹਾਸ ਦੇ ਅੰਦਰ ਕੇਵਲ ਇਕੋ ਇਕ ਚੀਜ਼ ਹੈ ਜਿਹਨੂੰ ਮੌਲਿਕ ਕਿਹਾ ਜਾ ਸਕਦਾ ਹੈ, ਜੋ ਮੂਲ ਰੂਪ ਵਿਚ ਪੂਰੀ ਤਰ੍ਹਾਂ ਕਾਇਮ ਹੈ, ਜਿਸ ਦੀ ਪ੍ਰਮਾਣੀਕਤਾ ਪੂਰੀ ਤਰ੍ਹਾਂ ਮੰਨੀ ਜਾਂਦੀ ਹੈ। ਬਾਕੀਆਂ ਦਾ ਇਹ ਹੈ ਕਿ ਜਿੰਨੇ ਧਰਮ ਗ੍ਰੰਥ ਨੇ, ਉਹ ਜਿਨ੍ਹਾਂ ਨੇ ਉਚਾਰਣ ਕਰੇ ਨੇ, ਉਨ੍ਹਾਂ ਨੇ ਲਿਖੇ ਨਹੀਂ। ਲਿਖਣ ਵਾਲੇ ਤਾਂ ਬਾਅਦ ਵਿਚ ਆਏ ਨੇ। ਬਾਈਬਲ ਵਿਚ ਈਸਾ ਜੀ ਦੇ ਬਚਨ ਨੇ। ਬੜੀ ਦੇਰ ਤੋਂ ਬਾਅਦ ਇਹ ਲਿਖਤੀ ਵਜੂਦ ਵਿਚ ਆਈ। ਓਨੀ ਦੇਰ ਤਕ ਇਹ ਯਾਦ ਉਤੇ ਹੀ ਕਾਇਮ ਰਹੀ। ਯਾਦ ਦਾ ਕੋਈ ਭਰੋਸਾ ਨਹੀਂ ਹੋਇਆ ਕਰਦਾ। ਯਾਦ ਆਦਮੀ ਦੀ ਬਦਲ ਜਾਇਆ ਕਰਦੀ ਹੈ। ਅੱਜ ਯਾਦ ਹੈ, ਕੱਲ੍ਹ ਨੂੰ ਹੈਰਾਨ ਹੁੰਦੇ ਹਾਂ ਕਿ ਇਸ ਬੰਦੇ ਦਾ ਮੈਨੂੰ ਨਾਉਂ ਹੀ ਨਹੀਂ ਆਉਂਦਾ - ਦੇਖਿਆ ਤਾਂ ਹੈ ਮੈਂ। ਕਿੰਨੀ ਕੁ ਯਾਦਦਾਸ਼ਤ ਹੈ ਸਾਡੀ। ਰੋਜ਼ ਦੋ ਚਾਰ ਹਜ਼ਾਰ ਬੰਦਿਆਂ ਨਾਲ ਵਾਹ ਪੈਂਦਾ ਹੋਵੇ; ਕਿੰਨੀ ਕੁ ਯਾਦਦਾਸ਼ਤ ਅਸੀਂ ਰੱਖ ਲਵਾਂਗੇ? ਸੋ ਉਹ ਯਾਦਦਾਸ਼ਤ ਤੋਂ ਲਿਖੀ ਗਈ ਹੈ। ਜੋ 'ਗੀਤਾ' ਉਚਾਰੀ ਗਈ ਹੈ, ਉਹ convey ਕੀਤੀ ਗਈ ਹੈ ਜਿਸਨੂੰ ਬਾਅਦ ਵਿਚ ਬਿਆਸ ਜੀ ਨੇ ਲਿਖਤੀ ਸ਼ਕਲ ਵਿਚ ਲਿਆਂਦਾ। 'ਬੇਦ' ਰਿਸ਼ੀਆਂ ਮੁਨੀਆਂ ਦੇ ਅਨੁਭਵ ਵਿਚੋਂ ਆਏ; ਬਹੁਤ ਦੇਰ ਤੋਂ ਬਾਅਦ ਯਾਦਦਾਸ਼ਤ ਦੇ ਬਲ ਉਤੇ ਲਿਖੇ ਗਏ। ਕੁਰਾਨ ਸ਼ਰੀਫ, ਮੁਹੰਮਦ ਸਾਹਿਬ ਬੋਲਦੇ ਗਏ ਲੇਕਿਨ ਬਾਅਦ ਵਿਚ ਜਾ ਕੇ ਇਹਨੂੰ ਸਾਰੇ ਨੂੰ ਲਿਖਿਆ ਪੜ੍ਹਿਆ ਗਿਆ ਤੇ ਬਹੁਤ ਸਾਰੀਆਂ ਐਸੀਆਂ ਆਇਤਾਂ ਸੀ ਜਿਹੜੀਆਂ ਕੱਟਣੀਆਂ ਪਈਆਂ - ਲਿਖਤ ਵਿਚ ਗਿਣੀਆਂ ਨਹੀਂ। ਇਹ ਕੇਵਲ ਗੁਰਬਾਣੀ ਹੈ ਜੋ ਲਿਖਤੀ ਰੂਪ ਵਿਚ ਚਲੀ ਆ ਰਹੀ ਹੈ। ਬਾਬਾ ਮੋਹਨ ਜੀ ਪਾਸ ਪੋਥੀਆਂ ਸਨ; ਗੁਰੂ ਮਹਾਰਾਜ ਜੀ - ਗੁਰੂ ਪੰਜਵੇਂ ਪਾਤਸ਼ਾਹ ਜੀ ਨੇ ਰੂਪ ਦਿਤਾ ਲਿਖਤੀ - 'ਗੁਰੂ ਗ੍ਰੰਥ ਸਾਹਿਬ' ਜੋ ਸਾਡੇ ਸਾਮ੍ਹਣੇ ਪ੍ਰਕਾਸ਼ ਹੈ, ਇਹ ਉਨ੍ਹਾ ਦੀ ਕ੍ਰਿਪਾ ਹੈ। ਇਸ ਤੋਂ ਬਾਅਦ ਦੂਜੀ ਵਾਰੀ ਟੈਸਟ ਹੋਇਆ ਕਿ ਕੀ ਸਮਰੱਥ ਗੁਰੂ ਜੋ ਹੈ, ਉਹਦਾ ਸਬੰਧ ਦਰਗਾਹ ਵਿਚ ਹੈ? ਕਿਉਂਕਿ ਇਹ ਬਾਣੀ ਸਾਰੀ ਰਿਲੇਅ ਹੋਈ ਹੋਈ ਐ - ਆਪਣੀ ਉਚਾਰੀ ਹੋਈ ਨਹੀਂ ਹੈ -

***ਹਉ ਆਪਹੁ ਬੋਲਿ ਨ ਜਾਣਦਾ***
***ਮੈ ਕਹਿਆ ਸਭੁ ਹੁਕਮਾਉ ਜੀਉ॥ ਅੰਗ - ੭੬੩***

ਅੰਦਰੋਂ ਚੀਜ਼ ਆਉਂਦੀ ਸੀ, ਉਸਨੂੰ ਲਿਖਤੀ ਰੂਪ ਗੁਰੂ ਮਹਾਰਾਜ ਨੇ ਦਿਤਾ।

ਗੁਰੂ ਦਸਵੇਂ ਪਾਤਸ਼ਾਹ ਮਹਾਰਾਜ ਜੀ ਨੇ ਜਦੋਂ ਦਮਦਮਾ ਸਾਹਿਬ (ਸਾਬੋ ਦੀ ਤਲਵੰਡੀ) ਇਹ ਕਿਹਾ ਕਿ ਭਾਈ ਹੁਣ ਸਾਨੂੰ ਕੁਝ ਫੁਰਸਤ ਹੈ, ਤੁਹਾਡੇ ਨਾਲ ਅਸੀਂ ਬਚਨ ਕੀਤਾ ਸੀ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਅਰਥ ਤੁਹਾਨੂੰ ਸਾਰਿਆਂ ਨੂੰ ਸੁਣਾਵਾਂਗੇ। ਜਾਉ, ਧੀਰ ਮੱਲ ਤੋਂ ਬੀੜ ਲੈ ਕੇ ਆਉ, ਨਾਲੇ ਉਤਾਰਾ ਕਰ ਲਵਾਂਗੇ, ਨਾਲ ਦੀ ਨਾਲ ਅਰਥ ਕਰੀ ਜਾਵਾਂਗੇ। ਉਸ ਵੇਲੇ ਉਹਨੇ ਜਵਾਬ ਦੇ ਕੇ ਤਰਕ ਮਾਰੀ। ਕਹਿਣ ਲੱਗਿਆ, "ਜੇ ਇਹ ਸਚਮੁੱਚ ਹੀ ਗੁਰੂ ਨਾਨਕ ਦਾ ਰੂਪ ਹੈ, ਤਾਂ ਫੇਰ ਇਨ੍ਹਾਂ ਨੂੰ ਕੀ ਔਖੀ ਹੈ, ਆਪਣੇ ਅਨੁਭਵ ਤੋਂ ਬਾਣੀ ਉਚਾਰਨ ਕਰ ਲੈਣ! ਬਹੁਤ ਸਾਰੇ ਯੁੱਧ ਹੋ ਚੁੱਕੇ ਸੀ, ਆਖਰੀ ਯੁੱਧ ਦੇ ਅੰਦਰ ਅਨੰਦਪੁਰ ਸਾਹਿਬ ਛੱਡਣਾ ਪਿਆ, ਸਾਹਿਬਜ਼ਾਦਿਆਂ ਦੀ ਸ਼ਹੀਦੀ ਹੋਈ, ਛੋਟੇ ਸਾਹਿਬਜ਼ਾਦਿਆਂ ਨੂੰ ਨੀਹਾਂ ਵਿਚ ਚਿਣਿਆ ਗਿਆ ਤੇ ਉਸ ਵੇਲੇ ਕੇਵਲ ਦੋ ਸਿੰਘ ਨਾਲ ਨੇ, ਆਪ ਮਾਲਵੇ ਦੇ ਵਿਚ ਪਹੁੰਚਦੇ ਨੇ। ਬਹੁਤ ਸਾਰੀ ਸੰਗਤ ਪਿਛਲੀ ਸੀ, ਬਹੁਤ ਸਾਰੀ ਨਵੀਂ ਸੀ। ਕਿੰਨਿਆਂ ਦੇ ਮਨਾਂ ਦੇ ਅੰਦਰ ਇਹ ਸ਼ੰਕੇ ਗੁਜ਼ਰਦੇ ਸੀ ਕਿ ਗੁਰੂ ਮਹਾਰਾਜ ਨੇ ਸ਼ਕਤੀ ਕਿਉਂ ਨ ਵਰਤੀ; ਜਦੋਂ ਇਹ ਸਮਰੱਥ ਨੇ ਤਾਂ ਇਹ ਸ਼ਕਤੀ ਵਰਤ ਲੈਂਦੇ। ਇਹ ਸਾਰਿਆਂ ਸ਼ੰਕਿਆਂ ਦਾ ਉਤਰ ਦੇਣਾ ਜ਼ਰੂਰੀ ਸੀ।

ਮਹਾਰਾਜ ਕਹਿਣ ਲੱਗੇ, ਇਕ ਤੰਬੂ ਲਾ ਲਓ, ਭਾਈ ਮਨੀ ਸਿੰਘ ਲਿਖਿਆ ਕਰਨਗੇ। 14 ਸਾਲ ਦੀ ਇਨ੍ਹਾਂ ਦੀ ਉਮਰ ਸੀ। "ਸੱਚੇ ਪਾਤਸ਼ਾਹ! ਮੈਂ 14 ਸਾਲ ਦਾ ਬੱਚਾ ਹਾਂ, ਮੈਨੂੰ ਕੀ ਪਤਾ ਹੈ ਬਾਣੀ ਦੇ ਅਨੁਭਵ ਦਾ? ਇਹਦੇ ਵਿਚ ਕਿਵੇਂ ਔਂਕੁੜ ਲਗਦੇ ਨੇ, ਕਿਵੇਂ ਸਿਹਾਰੀਆਂ, ਕਿਵੇਂ ਬਿਹਾਰੀਆਂ, ਕਿਵੇਂ ਲਾਵਾਂ, ਕਿਵੇਂ ਦੁਲਾਵਾਂ। ਪਾਤਸ਼ਾਹ! ਮੈਨੂੰ ਵਿਆਕਰਣ ਦੀ ਸੋਝੀ ਨਹੀਂ ਹੈ; ਮੈਨੂੰ ਗੁਰਬਾਣੀ ਦੇ ਗੂੜ੍ਹ ਭਾਵ ਦਾ ਕੋਈ ਪਤਾ ਨਹੀਂ ਹੈ।" ਮਹਾਰਾਜ ਕਹਿੰਦੇ, "ਭਾਈ ਮਨੀ ਸਿੰਘ! ਕਲਮ ਰੱਖੀ ਜਾਈਂ, ਅਕਾਲ ਪੁਰਖ ਨੇ ਚਲਾਉਣੀ ਹੈ।" ਆਪ ਸਮਾਧੀ ਸਥਿਤ ਹੋ ਕੇ ਬਹਿ ਜਾਂਦੇ ਨੇ। ਤੇ ਆਪ ਕੋਈ ਤਕਰੀਬਨ ਪੌਣੇ ਤਿੰਨ ਪੱਤਰੇ ਰੋਜ਼ ਉਚਾਰਿਆ ਕਰਦੇ ਸੀ ਤੇ ਰੋਜ਼ ਦੀ ਰੋਜ਼ ਉਨ੍ਹਾਂ ਦੀ ਕਥਾ ਕਰਿਆਂ ਕਰਦੇ ਸੀ। ਸਾਰੀ ਗੁਰਬਾਣੀ ਇਸੇ ਤਰ੍ਹਾਂ ਅਨੁਭਵ ਦੇ ਵਿਚੋਂ ਆਪ ਨੇ ਉਚਾਰਣ ਕੀਤੀ। ਸੋ ਇਹ ਪ੍ਰਮਾਣੀਕਤਾ ਹੈ। ਪਹਿਲੀ ਬੀੜ ਮਿਲਾ ਲਓ, ਇਹ ਮਿਲਾ ਲਓ; ਕੇਵਲ ਇਕ ਅੱਖ੍ਰ ਦਾ ਫਰਕ ਹੈ। ਉਥੇ '**ਕਹੁ ਕਬੀਰ ਜਨ ਭਏ ਖਲਾਸੇ ਪ੍ਰੇਮ ਭਗਤਿ ਜਿਹ ਜਾਨੀ॥** ਹੈ, ਇਹਨਾਂ ਵਿਚ –

***ਕਹੁ ਕਬੀਰ ਜਨ ਭਏ ਖਾਲਸੇ***
***ਪ੍ਰੇਮ ਭਗਤਿ ਜਿਹ ਜਾਨੀ॥ ਅੰਗ – ੬੫੪***

ਹੈ, ਜਾਣ ਕੇ ਇਹ ਫਰਕ ਪਾਇਆ ਗਿਆ ਸੀ। ਸੋ ਗੁਰੂ ਗ੍ਰੰਥ ਸਾਹਿਬ ਇਕ ਐਸਾ ਹੈ, ਸਾਡੇ ਉਪਰ ਐਸੀ ਕ੍ਰਿਪਾ ਕੀਤੀ ਹੈ ਕਿ ਸਾਨੂੰ ਇਹ ਬਿਲਕੁਲ ਸਹੀ ਬਾਣੀ ਮਿਲ ਗਈ ਤੇ ਇਹਦੇ ਅੰਦਰ ਜੋ ਕੁਝ ਵੀ ਹੈ, ਇਕੱਲੀ ਇਕੱਲੀ ਗੱਲ ਦਾ ਸਾਨੂੰ ਵਿਚਾਰ ਕਰਨਾ ਚਾਹੀਦਾ ਹੈ।

ਸੋ ਆਪ ਨੇ ਫੁਰਮਾਇਆ –

***ਰਾਮ ਰਾਮ ਸਭੁ ਕੋ ਕਹੈ ਕਹਿਐ ਰਾਮੁ ਨ ਹੋਇ॥***
***ਅੰਗ – ੪੯੧***

ਕਿ 'ਰਾਮ-ਰਾਮ' 'ਵਾਹਿਗੁਰੂ-ਵਾਹਿਗੁਰੂ' ਸਾਰੇ ਹੀ ਕਰਦੇ ਨੇ ਪਰ ਹੁੰਦਾ ਤਾਂ ਹੈ ਨਹੀਂ, ਮਨ ਵਿਚ ਨਹੀਂ ਵਸਦਾ, ਚਿਤ ਵਿਚ ਨਹੀਂ ਵਸਦਾ। ਫੇਰ ਜ਼ਰੂਰ ਇਸ ਵਿਚ ਕੋਈ ਭੇਦ ਹੈ। ਇਸੇ ਭੇਦ ਨੂੰ ਪੁੱਛਣ ਵਾਸਤੇ ਰਾਜਾ ਸ਼ਿਵਨਾਭ ਗੁਰੂ ਨਾਨਕ ਪਾਤਸ਼ਾਹ ਨੂੰ ਬੇਨਤੀ ਕਰਦਾ ਹੈ – ਲੰਕਾ ਦਾ ਰਾਜਾ, "ਹੇ ਸਤਿਗੁਰੂ! ਕ੍ਰਿਪਾ ਕਰਕੇ ਉਹ ਮਾਰਗ ਦੱਸੋ ਜਿਸ ਨਾਲ ਪ੍ਰਭੂ ਤੱਕ ਪਹੁੰਚੀਏ; ਤੇ ਮੈਂ ਸੁਣਿਐਂ ਕਿ ਉਹ ਅੰਦਰ ਹੀ ਹੈ ਆਦਮੀ ਦੇ – ਇਕ ਰਸਤਾ। ਕ੍ਰਿਪਾ ਕਰਕੇ ਉਸ ਰਸਤੇ ਦੀ ਸੋਝੀ ਪਾਉ।"

ਇਸੇ ਤਰ੍ਹਾਂ ਮਾਤਾ ਜੀਤੋ ਜੀ ਨੇ ਆ ਕੇ ਮਹਾਰਾਜ ਦਸਮੇਸ਼ ਪਿਤਾ ਦੇ ਪਾਸ ਬੇਨਤੀ ਕੀਤੀ ਕਿ ਪਾਤਸ਼ਾਹ! ਜੋ ਅੰਦਰਲੀਆਂ ਅਵਸਥਾਵਾਂ ਹਨ, ਆਪ ਕ੍ਰਿਪਾ ਕਰਕੇ ਦੱਸੋ ਤਾਂ ਕਿ ਅਸੀਂ ਉਨ੍ਹਾਂ ਨੂੰ ਪ੍ਰਗਟ ਕਰਨ ਦਾ ਯਤਨ ਕਰੀਏ ਤੇ ਉਸ ਰਸਤੇ ਤੇ ਤੁਰ ਕੇ ਉਸ ਥਾਂ ਤੇ, ਜਿਸ ਨੂੰ ਪਰਮ-ਪਦ ਕਹਿੰਦੇ ਨੇ, ਪਹੁੰਚਿਆ ਜਾ ਸਕੇ, ਪਰਮ ਅਵਸਥਾ ਵਿਚ ਨਿਵਾਸ ਕੀਤਾ ਜਾ ਸਕੇ। ਸੋ ਦੋਇ ਬਾਤਾਂ ਇਕੋ ਹੀ ਸਨ। ਗੁਰੂ ਨਾਨਕ ਪਾਤਸ਼ਾਹ ਰਾਜਾ ਸ਼ਿਵਨਾਭ ਨੂੰ ਕਹਿਣ ਲੱਗੇ, "ਰਾਜਨ! ਦੋ ਰਸਤੇ ਨੇ – ਇਕ ਰਸਤੇ ਨੂੰ 'ਕਸ਼ਟ ਮਾਰਗ' ਕਹਿੰਦੇ ਨੇ, ਇਕ ਨੂੰ 'ਸਹਿਜ ਮਾਰਗ' ਕਹਿੰਦੇ ਨੇ। ਰਸਤੇ ਤਾਂ ਬੇਅੰਤ ਨੇ ਪਰ ਇਹ ਦੋ ਰਸਤੇ ਨੇ ਜਿਹੜੇ ਗੁਰਮਤਿ ਵਿਚ ਪ੍ਰਵਾਨ ਨੇ।"

ਕਹਿਣ ਲੱਗਿਆ, "ਮਹਾਰਾਜ! ਮੈਨੂੰ ਦੋਹਾਂ ਦੀ ਹੀ ਸੋਝੀ ਕਰਾ ਦਿਓ।" ਤਾਂ ਮਹਾਰਾਜ ਪਹਿਲਾਂ ਇਹ ਦਸਦੇ ਨੇ ਕਿ ਜੋ ਥੋੜ੍ਹਾ ਔਖਾ ਰਸਤਾ ਹੈ, ਵਿਹਲ ਵਾਲੇ ਜਿਹੜੇ ਕਰ ਸਕਦੇ ਨੇ, ਲਗਨ ਵਾਲੇ ਕਰ ਸਕਦੇ ਨੇ; ਉਹ ਰਸਤਾ ਇਸ ਤਰ੍ਹਾਂ ਦੇ ਨਾਲ ਹੈ – ਪਿਛਲੇ ਚਾਰ ਦੀਵਾਨਾਂ ਵਿਚ ਇਸਦੀ ਵਿਚਾਰ ਹੋ ਚੁੱਕੀ ਹੈ। ਉਸ ਦੀਆਂ ਕੁਝ ਰਹਿਤਾਂ ਹੁੰਦੀਆਂ ਨੇ। ਜਦ ਤਾਈਂ ਆਦਮੀ ਰਹਿਤਾਂ ਨਹੀਂ ਰਖਦਾ, ਓਨੀ ਦੇਰ ਤਕ ਭਵਸਾਗਰ ਤੋਂ ਪਾਰ ਨਹੀਂ ਹੋ ਸਕਦਾ। ਜਿਸ ਤਰ੍ਹਾਂ ਇਕ ਜਹਾਜ਼ ਹੈ, ਉਹਦੇ ਵਿਚ 50-60 ਗਲੀਆਂ ਹੋ ਜਾਣ; ਕੀ ਹੋਏਗਾ? ਸਮੁੰਦਰ ਦਾ ਪਾਣੀ ਪੈਣਾ ਸ਼ੁਰੂ ਹੋ ਜਾਏਗਾ। ਜਦ ਤੱਕ ਉਹ ਗਲੀਆਂ ਬੰਦ ਨਹੀਂ ਕਰਦੇ, ਅਸੀਂ hole plug (ਬੰਦ) ਨਹੀਂ ਕਰਦੇ, ਅਸੀਂ hole plug ਨਹੀਂ ਕਰਦੇ, ਸਮੁੰਦਰ ਪਾਰ ਨਹੀਂ ਹੋ ਸਕਦਾ। ਜਹਾਜ਼ ਡੁੱਬ ਜਾਏਗਾ – ਪਾਣੀ ਭਰ ਜਾਏਗਾ – ਪਾਣੀ ਭਰ ਕੇ। ਇਸੇ ਤਰ੍ਹਾਂ ਸਾਡੇ ਅੰਤਸ਼ਕਰਣ ਦੇ ਅੰਦਰ ਕੁਛ holes ਨੇ, ਗਲੀਆਂ ਨੇ; ਇਉਂ ਸਮਝ ਲਓ, ਕੁਝ ਗਿਰਾਵਟਾਂ ਨੇ। ਜਦ ਤਕ ਅਸੀਂ ਇਨ੍ਹਾਂ ਨੂੰ plug (ਬੰਦ) ਨਹੀਂ ਕਰਦੇ, ਓਨੀ ਦੇਰ ਤੱਕ ਗੱਲ ਨਹੀਂ ਬਣਨੀ, ਜਾਂ ਇਉਂ ਸਮਝ ਲਓ, ਕੁਝ ਤਾਰਾਂ ਨੇ; ਜਿੰਨੀ ਦੇਰ ਤਕ ਓਹ ਟੁੱਟੀਆਂ ਹੋਈਆਂ ਨੇ, ਓਨੀ ਦੇਰ ਤਕ ਉਡਾਰੀ ਨਹੀਂ ਮਾਰੀ ਜਾ ਸਕਦੀ। ਸੋ ਉਨ੍ਹਾ ਦੇ ਬਾਰੇ ਪਿੱਛੇ ਬੜੇ ਵਿਸਥਾਰ ਦੇ ਨਾਲ ਵਿਚਾਰ ਕੀਤੀ ਗਈ ਸੀ।

ਸਭ ਤੋਂ ਪਹਿਲਾਂ ਆਦਮੀ ਦੇ ਮਨ ਦੇ ਅੰਦਰ 'ਅਹਿੰਸਾ' ਦੀ ਲੋੜ ਹੈ। ਕਿਸੇ ਜੀਵ ਨੂੰ ਦੁੱਖ ਨਾ ਦੇਣਾ –

***ਦੁਖੁ ਨ ਦੇਈ ਕਿਸੈ ਜੀਅ***
***ਪਤਿ ਸਿਉ ਘਰਿ ਜਾਵਉ॥ ਅੰਗ – ੩੨੨***

ਇੱਜ਼ਤ ਮਾਣ ਦੇ ਨਾਲ ਆਪਣੇ ਘਰ ਜਾਵਾਂਗੇ ਜੇ ਅਸੀਂ

ਕਿਸੇ ਜੀਅ ਨੂੰ ਦੁੱਖ ਨਾ ਦਿੱਤਾ – ਨਾ ਸਰੀਰਕ ਤੌਰ ਤੇ, ਨਾ ਬਚਨ ਦੇ ਤੌਰ ਤੇ, ਨਾ ਮਾਨਸਿਕ ਤੌਰ ਤੇ, ਨਾ ਬੁੱਧੀ ਦੇ ਤੌਰ ਤੇ, ਨਾ ਆਪਣੇ ਆਤਮਕ ਬਲ ਦੇ ਨਾਲ। ਪੰਜ ਕਿਸਮ ਦੀ ਹਿੰਸਾ ਹੁੰਦੀ ਹੈ। ਪੰਜ ਹੀ ਕਿਸਮ ਦੀ ਹਿੰਸਾ ਛੱਡ ਕੇ ਜਦ ਅਸੀਂ ਪਹਿਰਾ ਦਿੰਦੇ ਹਾਂ ਕਿ ਜ਼ੁਬਾਨ ਤੋਂ ਰੁੱਖਾ ਨਹੀਂ ਬੋਲਣਾ, ਸਰੀਰ ਨਾਲ ਕਿਸੇ ਦਾ ਨੁਕਸਾਨ ਨਹੀਂ ਕਰਨਾ, ਮਨ ਦੇ ਨਾਲ ਕਿਸੇ ਦਾ ਬੁਰਾ ਨਹੀਂ ਚਿਤਵਨਾ; ਰੋਜ਼ ਹੀ ਕਹਿਣਾ ਹੈ – 'ਨਾਨਕ ਨਾਮ ਚੜ੍ਹਦੀ ਕਲਾ ਤੇਰੇ ਭਾਣੇ ਸਰਬੱਤ ਕਾ ਭਲਾ॥' ਦਿਲੋਂ ਕਹਿਣਾ ਹੈ, ਦੁਸ਼ਮਣਾਂ ਦਾ ਵੀ ਭਲਾ, ਪਾਤਸ਼ਾਹ! ਜਿਹੜੇ ਮੇਰੇ ਨਾਲ ਬੁਰਿਆਈਆਂ ਕਰਦੇ ਨੇ, ਉਨ੍ਹਾਂ ਦਾ ਵੀ ਭਲਾ; ਉਹ ਭੁੱਲੇ ਹੋਏ ਨੇ, ਉਨ੍ਹਾਂ ਨੂੰ ਸੋਝੀ ਦੇਹ।

ਪਿਛਲੀ ਵਾਰੀ ਮੈਂ ਦੱਸਿਆ ਸੀ ਕਿ ਬਾਬਾ ਫਰੀਦ ਜੀ ਜਾਂਦੇ ਨੇ ਤੇ ਜਾਂਦੇ ਜਾਂਦੇ ਰਸਤੇ ਦੇ ਵਿਚ ਇਕ ਬਹੁਤ ਗਲਤ ਬੰਦਾ ਮਿਲਿਆ। ਉਹਨੇ ਆ ਕੇ ਨਾਲੇ ਤਾਂ ਸਮਾਨ ਖੋਹ ਲਿਆ – ਜਿਹੜੇ ਮਾੜੇ-ਮੋਟੇ ਇਕ ਦੋ ਕੱਪੜੇ ਸੀ, ਨਾਲੇ ਧੱਕੇ-ਧੁੱਕੇ ਬਹੁਤ ਮਾਰੇ। ਮੁਰੀਦ ਕਹਿਣ ਲੱਗੇ, ਬਾਬਾ ਜੀ, ਅਸੀਂ ਇਹ ਦੇਖ ਨਹੀਂ ਸਕਦੇ। ਕਹਿੰਦੇ, ਨਹੀਂ। ਸ਼ਾਂਤ ਰਹੋ। ਅਖੀਰ, ਜਦੋਂ ਉਹ ਚਲਿਆ ਗਿਆ, ਇਨ੍ਹਾਂ ਦੇ ਨੇਤਰਾਂ 'ਚੋਂ ਜਲ ਜਾਣ ਲਗ ਗਿਆ। ਤਾਂ ਮੁਰੀਦਾਂ ਨੇ ਕਿਹਾ, "ਮੁਰਸ਼ਦ! ਜਦੋਂ ਉਹ ਹਾਜ਼ਰ ਸੀ, ਧੱਕੇ ਮਾਰਦਾ ਸੀ, ਉਸ ਵੇਲੇ ਅਸੀਂ ਕਹਿੰਦੇ ਸੀ ਇਹਨੂੰ ਫੜ ਲਈਏ; ਹੁਣ ਤੁਸੀਂ ਕਿਉਂ ਰੋਂਦੇ ਹੋ?" ਕਹਿੰਦੇ, "ਮੈਂ ਇਉਂ ਨਹੀਂ ਰੋਂਦਾ, ਮੈਂ ਤਾਂ ਅੱਲਾ ਤਾਲਾ ਨੂੰ ਕਹਿੰਦਾ ਹਾਂ, ਹੇ ਅੱਲਾ ਤਾਲਾ! ਤੂੰ ਇਹ ਬੰਦਾ ਕਿੰਨੀ ਭੁੱਲ ਵਿਚ ਪਾਇਆ ਹੋਇਆ ਹੈ, ਤੂੰ ਇਹਦੇ ਉਤੇ ਕ੍ਰਿਪਾ ਕਰ, ਇਹਦੇ ਔਗੁਣਾਂ ਨੂੰ ਮਾਫ ਕਰ। ਇਹ ਤਾਂ ਗਲਤ ਰਸਤੇ ਜਾ ਰਿਹਾ ਹੈ, ਡੁੱਬਣ ਦੇ ਰਸਤੇ ਜਾ ਰਿਹਾ ਹੈ।" ਇਹ ਤਾਂ ਮੈਂ ਬੇਨਤੀ ਕਰ ਰਿਹਾ ਹਾਂ – ਅੱਲਾ ਤਾਲਾ ਦੇ ਪਾਸ। ਥੋੜ੍ਹੀ ਦੇਰ ਦੇ ਬਾਅਦ ਕੀ ਦੇਖਦੇ ਨੇ ਕਿ ਉਹ ਬੰਦਾ ਮੁੜ ਕੇ ਆ ਗਿਆ; ਨਾਲੇ ਤਾਂ ਚਰਨਾਂ 'ਤੇ ਢਹਿ ਪਿਆ, ਨਾਲੇ ਕਹਿੰਦਾ ਹੈ, ਫਕੀਰ ਸਾਈਂ! ਮੈਂ ਬੜਾ ਭੁੱਲਿਆਂ ਹਾਂ। ਮੈਨੂੰ ਬੜਾ ਪਛਤਾਵਾ ਹੋਇਆ ਹੈ ਕਿ ਤੈਨੂੰ ਮੈਂ ਦੁੱਖ ਦਿਤਾ। ਸੋ ਕਿੱਡੀ ਬੜੀ ਅਵਸਥਾ ਹੈ ਕਿ ਧੱਕੇ ਮਾਰਨ ਵਾਲੇ ਦਾ ਵੀ ਭਲਾ ਚਾਹੁੰਦੇ ਨੇ। ਸੋ ਇਹ 'ਅਹਿੰਸਾ' ਹੋਇਆ ਕਰਦੀ ਹੈ – 'ਨਾਨਕ ਨਾਮ ਚੜ੍ਹਦੀ ਕਲਾ ਤੇਰੇ ਭਾਣੇ ਸਰਬਤ ਕਾ ਭਲਾ।' ਨਾ ਬੁੱਧੀ ਨਾਲ ਕਿਸੇ ਦਾ ਨੁਕਸਾਨ ਕਰਨਾ, ਨਾ ਆਤਮਕ ਬਲ ਨਾਲ ਕਰਨਾ।

ਦੂਸਰੀ ਹੋਇਆ ਕਰਦੀ ਹੈ ਸ'ਤਿ' – ਸਤਿ ਦਾ ਜੀਵਨ। ਅੰਦਰੋਂ ਵੀ ਓਹੋ ਜਿਹਾ ਤੇ ਬਾਹਰੋਂ ਵੀ ਓਹੋ ਜਿਹਾ। ਕੋਈ ਲੁਕੋ ਵਾਲਾ ਜੀਵਨ ਨਾ ਹੋਵੇ, ਛੁਪੀ ਹੋਈ ਬਾਤ ਜੀਵਨ 'ਚ ਨਾ ਹੋਵੇ ਕੋਈ। ਓਹੋ ਜਿਹਾ ਹੀ ਹੋਵੇ, ਜਿਹੋ ਜਿਹਾ ਹੈ; ਮਾੜਾ ਹੈ ਤਾਂ ਵੀ ਪਬਲਿਕ ਦੇ ਸਾਮ੍ਹਣੇ, ਚੰਗਾ ਹੈ ਤਾਂ ਵੀ ਸਾਮ੍ਹਣੇ – ਛੁਪਾ ਨਾ ਕਰੇ। ਬਾਜ਼ ਨੂੰ ਕੋਈ ਬੁਰਾ ਨਹੀਂ ਕਹਿੰਦਾ ਕਿਉਂਕਿ ਉਹਦਾ ਸੁਭਾਅ ਹੈ ਝਪਟਾ ਮਾਰਨਾ। ਬਗੁਲੇ ਨੂੰ ਸਾਰੇ ਹੀ ਬੁਰਾ ਕਹਿੰਦੇ ਨੇ ਕਿਉਂਕਿ ਉਹ ਧੋਖਾ ਦਿੰਦਾ ਹੈ। ਅੱਖਾਂ ਮੀਟ ਕੇ ਇਕ ਲੱਤ ਦੇ ਭਾਰ ਖੜ੍ਹਾ ਰਹਿੰਦਾ ਹੈ ਤੇ ਜਦ ਸ਼ਿਕਾਰ ਨੇੜੇ ਆ ਗਿਆ, ਉਸੇ ਵੇਲੇ ਚੁੰਝ ਨਾਲ ਡੱਡੀ ਫੜ ਲੈਂਦਾ ਹੈ। ਉਹਨੂੰ ਬੁਰਾ ਕਹਿੰਦੇ ਨੇ ਕਿਉਂਕਿ ਵਿਖਾਵਾ ਕਰਦਾ ਹੈ। ਦਿਸਦਾ ਹੋਰ ਹੈ ਲੇਕਿਨ ਹੈ ਅਸਲ ਵਿਚ ਹੋਰ ਤਰ੍ਹਾਂ। ਸੋ ਸਤਿ ਦਾ ਜੀਵਨ ਹੋਣਾ ਚਾਹੀਦਾ ਹੈ। ਧੋਖਾ ਨਹੀਂ ਜੀਵਨ ਵਿਚ ਚਾਹੀਦਾ, ਪਰਦਾ ਨਹੀਂ ਚਾਹੀਦਾ।

ਤੀਸਰੀ ਹੋਇਆ ਕਰਦੀ ਹੈ 'ਚੋਰੀ ਨਾ ਕਰਨਾ।' ਨਾ ਸਰੀਰਕ ਚੋਰੀ ਹੋਵੇ – ਕਿਸੇ ਦੀ ਵਸਤੂ ਚੁਕਣੀ, ਤੇ ਨਾ ਮਾਨਸਿਕ ਚੋਰੀ ਹੋਵੇ। ਮਾਨਸਿਕ ਚੋਰੀ ਉਹਨੂੰ ਕਹਿੰਦੇ ਨੇ ਕਿ ਪਾਪ ਕਰਕੇ ਛੁਪਾ ਕੇ ਰੱਖੇ ਪਏ ਨੇ ਤੇ ਆਪ ਚੰਗਾ ਬਣਿਆ ਫਿਰਦਾ ਹੈ। ਲੋਕ ਉਸਤਤ ਕਰਦੇ ਨੇ ਪਰ ਕਦੇ ਨਹੀਂ ਕਹਿੰਦਾ ਕਿ ਮੈਂ ਤਾਂ ਮਾੜਾ ਹਾਂ, ਤੁਸੀਂ ਮੇਰੀ ਕਿਉਂ ਉਸਤਤ ਕਰੀ ਜਾਂਦੇ ਹੋ, ਤੁਹਾਨੂੰ ਨਹੀਂ ਪਤਾ ਮੈਂ ਕਿੰਨਾ ਮਾੜਾ ਹਾਂ। ਕਈ ਬੰਦੇ ਰਸਮ ਨਾਲ ਕਹਿ ਦਿੰਦੇ ਨੇ ਕਿ ਮੈਂ ਤਾਂ ਬਹੁਤ ਮਾੜਾ ਹਾਂ ਲੇਕਿਨ ਜੇ ਦੂਜਾ ਕਹਿ ਦੇਵੇ, ਫੇਰ ਗਲ ਪੈ ਜਾਂਦੇ ਨੇ। ਅਰਦਾਸ ਕਰਨਗੇ –

***ਹਉ ਅਪਰਾਧੀ ਗੁਨਹਗਾਰੁ ਹਉ ਬੇਮੁਖ ਮੰਦਾ॥***
***ਚੋਰੁ ਯਾਰੁ ਜੁਆਰਿ ਹਉ ਪਰ ਘਰਿ ਜੋਹੰਦਾ॥***
***ਭਾਈ ਗੁਰਦਾਸ ਜੀ – ਵਾਰ ੩੬/੨੧***

ਲੇਕਿਨ ਅੰਦਰੋਂ ਨਹੀਂ ਮੰਨਦੇ। ਜੇ ਕੋਈ ਮਾੜਾ ਜਿਹਾ ਕੁਛ ਕਹਿ ਦੇਵੇ ਤਾਂ ਗਲ ਪੈਣ ਨੂੰ ਤਿਆਰ ਹੋ ਜਾਣਗੇ। ਇਸ ਦਾ ਮਤਲਬ ਹੈ ਕਿ ਮਨ ਤੇ ਜੀਭ ਦਾ ਆਪਸ ਵਿਚ ਸਾਥ ਨਹੀਂ ਹੈ। ਉਹ ਕੁਝ ਹੋਰ ਸਮਝਦਾ ਹੈ, ਜ਼ੁਬਾਨ ਕੁਛ ਹੋਰ ਬੋਲ ਰਹੀ ਹੈ। ਚਿੱਤ ਨਾਲ ਨਹੀਂ ਸਾਥ ਦਿੰਦਾ –

***ਮਮਾ ਮਨ ਸਿਉ ਕਾਜੁ ਹੈ ਮਨ ਸਾਧੇ ਸਿਧਿ ਹੋਇ॥***
***ਮਨ ਹੀ ਮਨ ਸਿਉ ਕਹੈ ਕਬੀਰਾ***
***ਮਨ ਸਾ ਮਿਲਿਆ ਨ ਕੋਇ॥ ਅੰਗ – ੩੪੨***

ਸੋ ਇਹ ਚੀਜ਼ ਜੀਵਨ ਵਿਚੋਂ ਕੱਢ ਦੇਣੀ ਚਾਹੀਦੀ ਹੈ।

ਚੌਥਾ ਵਿਚਾਰ ਕਰਿਆ ਸੀ ਕਿ ਆਦਮੀ ਦੇ ਅੰਦਰ 'ਬ੍ਰਹਮਚਰੀਅ' ਚਾਹੀਦਾ ਹੈ –

***ਏਕਾ ਨਾਰੀ ਜਤੀ ਹੋਇ ਪਰਨਾਰੀ ਧੀ ਭੈਣ ਵਖਾਣੈ॥ ਭਾਈ ਗੁਰਦਾਸ ਜੀ – ਵਾਰ ੬/੮***
***ਨਿਜ ਨਾਰੀ ਕੇ ਸੰਗਿ ਨੇਹੁੰ ਤੁਮ ਨਿਤ ਬਢੈਯਹੁ॥***
***ਪਰ ਨਾਰੀ ਕੀ ਸੇ ਭੂਲਿ ਸੁਪਨੇ ਹੂੰ ਨ ਜੈਯਹੁ॥***
***ਦਸਮ ਗ੍ਰੰਥ***

**ਬ੍ਰਹਮਚਰੀਅ ਰੱਖਣਾ** – ਰਾਖੀ ਕਰਨੀ ਆਪਣੇ ਸਰੀਰ ਦੇ ਓਜ ਦੀ, ਤਾਕਤ ਦੀ।

ਪੰਜਵਾਂ ਹੋਇਆ ਕਰਦਾ ਹੈ ਕਿ 'ਧੀਰਜ' ਹੋਣਾ ਚਾਹੀਦਾ ਹੈ। ਧੀਰਜ ਦੇ ਬਾਰੇ ਵਿਚਾਰ ਕਰੀ ਸੀ ਕਿ ਗੁਰੂ ਅਮਰਦਾਸ ਜੀ ਮਹਾਰਾਜ ਦਾ ਕਿਵੇਂ ਨਿਰਾਦਰ ਕੀਤਾ ਦਾਤੂ ਜੀ ਨੇ ਲੇਕਿਨ ਆਪ ਦੇ ਬਚਨ ਕੀ ਸੀ? ਚਰਨ ਵੀ ਫੜ ਲਏ ਉਨ੍ਹਾਂ ਦੇ, ਘੁੱਟਣ ਲਗ ਗਏ ਤੇ ਕਹਿੰਦੇ, ਸਾਹਿਬ ਜੀ! ਤੁਸੀਂ ਗੁਰੂ ਕੇ ਸਾਹਿਬਜ਼ਾਦੇ ਹੋ ਤੇ ਮੈਂ ਨਫਰ। ਤੇ ਮੇਰੇ ਹੱਡ ਬੜੇ ਕਰੜੇ ਨੇ, ਤੁਹਾਡੇ ਕੋਮਲ ਚਰਨਾਂ ਨੂੰ ਕੋਈ ਸੱਟ ਤਾਂ ਨਹੀਂ ਲੱਗੀ? ਹੱਦ ਤੋਂ ਜ਼ਿਆਦਾ ਧੀਰਜ ਹੈ – ਹੱਦ ਹੁੰਦੀ ਹੈ, ਅਖੀਰਲੇ ਦਰਜੇ ਤੱਕ।

ਫਿਰ ਉਸ ਤੋਂ ਅਗਲਾ ਹੈ 'ਖਿਮਾ'। ਗੁਰੂ ਅੰਗਦ ਸਾਹਿਬ ਮਹਾਰਾਜ ਨੇ ਕਿਵੇਂ ਖਿਮਾ ਕੀਤੀ ਉਨ੍ਹਾਂ ਬੰਦਿਆਂ ਤੇ ਜਿਨ੍ਹਾਂ ਨੇ ਮਹਾਰਾਜ ਨੂੰ ਖਡੂਰ ਸਾਹਿਬ ਤੋਂ ਕੱਢਿਆ ਤੇ ਬਾਬਾ ਅਮਰਦਾਸ ਜੀ ਨੇ ਜਦੋਂ ਤਪੇ ਨੂੰ ਉਹਦੇ ਸਲੂਕ ਦਾ ਫਲ ਚਖਾਇਆ ਤਾਂ ਮਹਾਰਾਜ ਨੇ ਪਸੰਦ ਨਾ ਕੀਤਾ ਕਿ ਉਹ ਤਾਂ ਭੁਲਿਆ ਹੋਇਆ ਜੀਵ ਸੀ, ਪਰ ਤੁਹਾਨੂੰ ਇਹ ਨਹੀਂ ਸੀ ਕਰਨਾ ਚਾਹੀਦਾ। ਸੋ ਖਿਮਾ ਹੋਣੀ ਚਾਹੀਦੀ ਹੈ - ਮਨ ਦੇ ਅੰਦਰ।

ਉਸ ਤੋਂ ਬਾਅਦ ਹੋਇਆ ਕਰਦੀ ਹੈ 'ਦਇਆ।' ਇਹ ਸੱਤਵੀਂ ਚੀਜ਼ ਹੈ। ਸੋ ਜਦ ਤੱਕ ਦਇਆ ਨਹੀਂ ਮਨ ਵਿਚ ਆਉਂਦੀ - 'ਦਇਆ ਬਿਨ ਸਿਧ ਕਸਾਈ।' ਕਰੁਣਾ ਬਹੁਤ ਵੱਡੀ ਚੀਜ਼ ਹੈ। ਜਿਥੇ 'ਦਇਆ' ਹੈ, ਉਥੇ ਧਰਮ ਹੈ -

***ਧੌਲੁ ਧਰਮੁ ਦਇਆ ਕਾ ਪੂਤੁ॥ ਅੰਗ - ੩***

ਜੇ ਦਇਆ ਹੀ ਨਹੀਂ ਇਹਦੇ ਹਿਰਦੇ ਦੇ ਅੰਦਰ ਤਾਂ ਧਰਮ ਪੈਦਾ ਨਹੀਂ ਹੋਇਆ ਕਰਦਾ। ਸੋ ਉਸ ਬਾਰੇ ਮਹਾਰਾਜ ਦਸਦੇ ਨੇ ਕਿ -

***ਸਪਤਮ ਦੁਖੀ ਨ ਦੇਖੈ ਕਾਹੀ॥***
***ਪੰਨਾ - ੧੦੮ (ਸ੍ਰੀ ਗੁ. ਪ੍ਰ. ਪ੍ਰ ਗ੍ਰੰਥ)***

ਕਹਿੰਦੇ ਸੱਤਵਾਂ ਜਿਹੜਾ ਯਮ ਹੈ ਉਹ ਇਹ ਹੈ ਕਿ ਕਿਸੇ ਨੂੰ ਦੁਖੀ ਦੇਖ ਕੇ ਹੱਸੇ ਨ -

***ਜੈਸਾ ਬਿਤੁ ਤੈਸਾ ਹੋਇ ਵਰਤੈ ਅਪੁਨਾ ਬਲੁ ਨਹੀ ਹਾਰੈ॥ ਅੰਗ - ੬੭੯***

ਜਿੰਨੀ ਕੁ ਤਾਕਤ ਗੁਰੂ ਨੇ ਦਿਤੀ ਹੈ, ਓਨੀ ਤਾਕਤ ਆਪਣੀ ਵਰਤ ਕੇ ਦੂਸਰੇ ਦੇ ਦੁੱਖ ਨੂੰ ਨਵਿਰਤ ਕਰਨ ਦਾ ਕੋਈ ਯਤਨ ਕਰਨਾ ਚਾਹੀਦਾ ਹੈ। ਸੋ ਉਹ, ਤਾਂ ਕਰ ਸਕਦਾ ਹੈ ਜੇ ਦਇਆ ਹੋਵੇ -

***ਦਯਾ ਕਰੈ ਸਭ ਕੋ ਨਿਰਬਾਹੀ॥***
***ਪੰਨਾ - ੧੦੮ (ਸ੍ਰੀ ਗੁ. ਪ੍ਰ. ਪ੍ਰ. ਗ੍ਰੰਥ)***

ਸੋ ਦਇਆ ਜਿਸ ਨੇ ਵੀ ਕੀਤੀ ਹੈ ਉਹ ਬਹੁਤ ਉਚੀ ਪਦਵੀ ਤੇ ਪਹੁੰਚੇ ਨੇ।

ਬੀਬੀ ਰਾਵੀਆ ਇਕ ਸੂਫੀ ਫਕੀਰ ਹੋਈ ਹੈ। ਮੁਹੰਮਦ ਸਾਹਿਬ ਦੇ ਜਿਹੜੇ ਦੁਧੀਆ ਭਰਾ ਸੀ - ਉਨ੍ਹਾਂ ਤੋਂ 'ਸੂਫੀ ਮਤ' ਚੱਲਿਆ। ਆਪ ਵਾਹਿਗੁਰੂ ਦੀ ਹਜ਼ੂਰੀ ਵਿਚ ਰਹਿ ਕੇ ਭਜਨ ਕਰਿਆ ਕਰਦੇ ਸੀ। ਜਦੋਂ ਮਰੱਕਬੇ ਵਿਚ ਜਾਂਦੇ ਸੀ ਤਾਂ ਆਪ ਦਾ ਸਰੀਰ ਕੰਬਦਾ ਰਹਿੰਦਾ ਸੀ। ਮੁਰੀਦਾਂ ਨੇ ਪੁੱਛਿਆ, "ਮੁਰਸ਼ਦ! ਜਦੋਂ ਆਪ ਸਮਾਧੀ ਵਿਚ ਹੁੰਦੇ ਹੋ, ਮਰੱਕਬੇ 'ਚ ਹੁੰਦੇ ਹੋ, ਆਪ ਦਾ ਸਰੀਰ ਕਿਉਂ ਕੰਬਦਾ ਹੁੰਦਾ ਹੈ?" ਕਹਿਣ ਲੱਗੇ, "ਪ੍ਰੇਮੀਓ! ਜਦੋਂ ਮੈਂ ਬਾਰੇਗਾਹ ਖੁਦਾ ਵਿਚ ਪਹੁੰਚਦਾ ਹਾਂ - ਵਾਹਿਗੁਰੂ ਦੀ ਦਰਗਾਹ ਵਿਚ, ਉਥੇ ਮੈਂ ਦੇਖਦਾਂ ਕਿ ਬਹੁਤ ਵੱਡੇ-ਵੱਡੇ ਜਤੀ, ਤਪੀ, ਦਾਨੀ, ਨਾਮ ਜਪਣ ਵਾਲੇ, ਤਪੀਸਰ ਥਾਂ-ਥਾਂ ਤੇ ਬੇਅੰਤ ਬ੍ਰਹਿਮੰਡਾਂ ਵਿਚੋਂ ਉਥੇ ਪਹੁੰਚੇ ਹੋਏ, ਉਹ ਉਹਦੀ ਮਹਿਮਾ ਗਾਇਨ ਕਰਦੇ ਨੇ। ਉਹ ਐਡਾ ਸਮਰੱਥ ਹੈ ਕਿ ਉਥੇ ਮੈਂ ਡਰਦਾ ਰਹਿੰਦਾ ਹਾਂ ਕਿ ਉਥੇ ਮੈਨੂੰ ਕੋਈ ਫੁਰਨਾ ਨਾ ਆ ਜਾਵੇ। ਦਰਗਾਹ ਵਿਚ ਬੈਠ ਕੇ ਕਿਤੇ ਮੈਂ ਬੇਅਦਬੀ ਕਰ ਦਿਆਂ। ਇਸ ਕਰਕੇ ਮੇਰਾ ਸਰੀਰ ਕੰਬਦਾ ਰਹਿੰਦਾ ਹੈ।" ਕਿਉਂਕਿ ਹਜ਼ੂਰੀ ਦਾ ਭਜਨ ਹੁੰਦਾ ਹੈ, ਸਾਧ ਸੰਗਤਿ ਜੀ! ਜਦ ਤਕ ਅਸੀਂ ਹਜ਼ੂਰੀ ਦਾ ਭਜਨ ਨਹੀਂ ਕਰਦੇ, ਹਜ਼ੂਰੀ 'ਚ ਬੈਠ ਕੇ 'ਵਾਹਿਗੁਰੂ-ਵਾਹਿਗੁਰੂ' ਨਹੀਂ ਕਰਦੇ, ਉਹ ਸੁੰਨ ਨੂੰ ਹਾਕਾਂ ਮਾਰਨੀਆਂ ਹੋਇਆ ਕਰਦੀਆਂ ਨੇ। ਜਦ ਤਾਈਂ ਹਜ਼ੂਰੀ ਨਹੀਂ, ਸਾਮ੍ਹਣੇ ਨਹੀਂ ਦੇਖਦੇ ਜਿਸ ਦਾ ਨਾਉਂ ਲੈਂਦੇ ਹਾਂ, ਉਹ ਸਾਮ੍ਹਣੇ ਹੋਣਾ ਚਾਹੀਦਾ ਹੈ। ਇਹੀ ਵਜਾਹ ਹੈ ਕਿ ਹਾਜ਼ਰੀ ਨਾ ਹੋਣ ਕਰਕੇ, ਸਾਡੇ ਸਾਮ੍ਹਣੇ ਉਹ ਧੇਅ ਨਾ ਹੋਣ ਕਰਕੇ ਅਸੀਂ 'ਰਾਮ ਰਾਮ', 'ਵਾਹਿਗੁਰੂ ਵਾਹਿਗੁਰੂ' ਕਰੀਂ ਜਾਂਦੇ ਹਾਂ। ਪਰ ਜੁਗਤੀ ਦੇ ਨਾਲ ਛੇਤੀਂ ਗੱਲ ਨਿਬੜ ਜਾਇਆ ਕਰਦੀ ਹੈ, ਬਿਨਾਂ ਜੁਗਤੀ ਦੇ ਬੜਾ ਲੰਬਾ ਚੱਕਰ ਹੁੰਦਾ ਹੈ। ਇਕ ਬੰਦਾ ਕਹਿ ਦਿੰਦਾ ਹੈ - ਹਿਸਾਬਦਾਨ ਕਿ ਭਾਈ ਗਿਆਰਾਂ ਹਜ਼ਾਰ ਇਕ ਸੌ ਗਿਆਰਾਂ ਨੂੰ, ਗਿਆਰਾਂ ਹਜ਼ਾਰ ਇਕ ਸੌ ਗਿਆਰਾਂ ਵਾਰੀ ਜਮ੍ਹਾਂ ਕਰ। ਉਹ ਜਮ੍ਹਾਂ ਕਰੂ, ਕਿੰਨਾ ਟਾਇਮ ਲਗ ਜਾਊ, ਚੌਵੀ ਘੰਟੇ ਲਗ ਜਾਣਗੇ - 11, 11=22; 22 ਤੇ 11-33 ਇਉਂ ਕਰੀ ਜਾਊਂ; ਕਦ ਗਿਆਰਾਂ ਹਜ਼ਾਰ ਇਕ ਸੌ ਗਿਆਰਾਂ ਵਾਰੀ ਕਰਿਆ। ਜਿਹੜਾ ਫਾਰਮੂਲਾ ਜਾਣਦਾ ਹੈ, ਉਹ ਇਕ ਦਮ ਇਹਨੂੰ ਜ਼ਰ੍ਹਬ ਦੇ ਲਏਗਾ, ਗੁਣਾਂ ਕਰ ਲਏਗਾ। ਇਹ ਫਾਰਮੂਲੇ ਦੀ ਬਾਤ ਹੈ ਸਾਰੀ। ਸੋ, ਇਸੇ ਤਰ੍ਹਾਂ ਦੇ ਨਾਲ ਜਦ ਅਸੀਂ ਸੋਝੀ ਦੇ ਨਾਲ ਨਾਮ ਜਪਾਂਗੇ, ਉਸ ਵੇਲੇ ਬਹੁਤ ਵੱਡਾ ਫਲ ਥੋੜ੍ਹੇ ਜਿਹੇ ਸਮੇਂ ਵਿਚ ਹੀ ਸਾਨੂੰ ਪ੍ਰਾਪਤ ਹੋ ਜਾਇਆ ਕਰਦਾ ਹੈ।

ਸੋ ਉਸਦੀ ਇਕ ਮੁਰੀਦ ਸੀ - ਬੀਬੀ ਰਾਵੀਆ। ਉਹ ਪ੍ਰਮੇਸ਼ਰ ਦੀ ਹਜ਼ੂਰੀ ਹਰ ਵਖਤ ਰਖਦੀ ਸੀ, ਵਾਹਿਗੁਰੂ ਨੂੰ ਹਾਜ਼ਰ-ਨਾਜ਼ਰ ਸਮਝਦੀ ਹੁੰਦੀ ਸੀ ਤੇ ਸਰਬੱਤ ਵਿਚ ਪ੍ਰਮੇਸ਼ਰ ਰਮਿਆ ਹੋਇਆ ਦੇਖਿਆ ਕਰਦੀ ਸੀ। ਇੱਕ ਵਾਰੀ ਮੱਕੇ ਦੇ ਹੱਜ ਨੂੰ ਜਾ ਰਹੀ ਸੀ ਤੇ ਜਾਂਦੇ-ਜਾਂਦੇ ਜਦ 60 ਕੋਹ ਉਰੇ ਰਹਿ ਗਈ ਮੱਕੇ ਤੋਂ, ਉਸ ਵੇਲੇ ਨਾਲ ਦਾ ਸੰਗ ਤੁਰ ਗਿਆ, ਇਹ ਪਿੱਛੇ ਰਹਿ ਗਈ ਤੇ ਇਕ ਖੂਹ ਵਲ ਨਿਗਾਹ ਗਈ। ਕੀ ਦੇਖਦੀ ਹੈ ਕਿ ਇਕ ਕੁੱਤੀ ਖੂਹ ਦੇ ਦੁਆਲੇ ਕਤੂਰਿਆਂ ਨੂੰ ਲਈ ਘੁੰਮ ਰਹੀ ਹੈ। ਉਹ ਭਾਵ ਵਿਚ ਚਲੀ ਗਈ। ਜਦੋਂ ਬ੍ਰਹਮ ਭਾਵ ਵਿਚ ਚਲਿਆ ਜਾਵੇ, ਦੂਸਰੇ ਦੀ ਤਕਲੀਫ, ਆਪਣੀ ਲੱਗਣ ਲੱਗ ਜਾਇਆ ਕਰਦੀ ਹੈ, ਆਪਣੇ ਆਪ ਨੂੰ ਮਹਿਸੂਸ ਹੋਊ। ਦੁਖੀ ਉਹ ਹੋਊ, ਮਹਿਸੂਸ ਆਪਣੇ ਆਪ ਨੂੰ ਹੋਊ। ਤੇ ਉਸਨੂੰ ਲਗਿਆ ਕਿ ਇਨ੍ਹਾਂ ਨੂੰ ਬਹੁਤ ਪਿਆਸ ਲੱਗੀ ਹੋਈ ਹੈ ਤੇ ਇਨ੍ਹਾਂ ਨੂੰ ਕਿਵੇਂ ਪਾਣੀ ਪਿਲਾਇਆ ਜਾਵੇ। ਉਹ ਗੋਡੇ ਲਾਉਂਦੀ ਹੈ, ਖੂਹ ਵਿਚ ਝਾਕਦੀ ਹੈ ਲੇਕਿਨ ਖੂਹ ਦਾ ਪਾਣੀ ਕਿੰਨੀ ਦੂਰ ਹੈ। ਅਖੀਰ ਇਹਨੇ ਆ ਕੇ ਆਪਣੇ ਵਸਤਰ ਪਾੜ-ਪਾੜ ਕੇ ਰੱਸੀਆਂ ਵੱਟਣੀਆਂ ਸ਼ੁਰੂ ਕਰ ਦਿਤੀਆਂ। ਇਉਂ ਕਰਕੇ ਸਾਰੇ ਵਸਤਰ ਪਾੜ ਦਿੱਤੇ ਤੇ ਇਕ ਵਸਤਰ ਰੱਖ ਕੇ, ਉਹਨੂੰ ਪਾਣੀ ਵਿਚ ਭਿਉਂ-ਭਿਉਂ ਕੇ, ਬਾਹਰ ਕੱਢ-ਕੱਢ ਕੇ, ਨਿਚੋੜ-ਨਿਚੋੜ ਕੇ ਸਾਰਿਆਂ ਨੂੰ ਪਾਣੀ ਪਿਲਾਇਆ ਤੇ ਉਸ ਕੁੱਤੀ ਨੇ ਇਸ ਤਰ੍ਹਾਂ ਧੰਨਵਾਦ ਕੀਤਾ, ਉਪਰ ਨੂੰ ਦੇਖਿਆ ਜਿਵੇਂ ਪਰਮੇਸ਼ਰ ਦੀ ਦਰਗਾਹ ਵਿਚ ਦੁਆ ਕਰਦੀ ਹੋਵੇ। ਹੁਣ ਬਸਤਰ ਇਹਦੇ ਕੋਲ ਨਹੀਂ ਹੈ ਕੋਈ। ਟਿੱਬੇ ਵਿਚ ਰੇਤੇ ਵਿਚ ਟੋਆ ਪੁੱਟਿਆ ਉਹਨੇ ਗਲ-ਗਲ ਤਕ, ਉਹਦੇ ਵਿਚ ਬੈਠ ਗਈ।

ਓਧਰ ਹਾਜੀ ਹੱਜ ਕਰਨ ਵਾਸਤੇ ਜਾ ਰਹੇ ਨੇ। ਹੈਰਾਨੀ

ਹੋਈ ਕਿ ਕਾਹਬਾ ਨਜ਼ਰ ਨਹੀਂ ਆ ਰਿਹਾ ਕਿਸੇ ਨੂੰ। ਸਾਰੇ ਅਰਦਾਸ ਕਰਦੇ ਨੇ ਕਿ ਇਹ ਕੀ ਗੱਲ ਹੋ ਗਈ, ਅੱਜ ਪਹਿਲੀ ਵਾਰੀ ਕਾਹਬਾ ਕਿਉਂ ਨਹੀਂ ਸਾਨੂੰ ਨਜ਼ਰ ਆ ਰਿਹਾ? ਤਾਂ ਆਕਾਸ਼ਬਾਣੀ ਹੋਈ ਕਿ ਕਾਹਬਾ ਜੋ ਹੈ, ਉਹ ਰਾਵੀਆ ਦੇ ਦਰਸ਼ਨ ਕਰਨ ਗਿਆ ਹੋਇਆ ਹੈ ਤੇ 60 ਕੋਹ ਤੇ ਹੈ, ਓਥੇ ਜਾ ਕੇ ਦਰਸ਼ਨ ਕਰੋ। ਸਾਰੇ ਹਾਜੀ ਦਰਸ਼ਨ ਕਰਨ ਵਾਸਤੇ ਆਉਂਦੇ ਨੇ` ਉਥੇ ਆ ਕੇ ਦਰਸ਼ਨ ਹੋਏ। ਵੱਡੇ ਜਿਹੜੇ ਉਸ ਵੇਲੇ ਦੇ ਮੁਖੀ ਸੀ - ਇਬਰਾਹੀਮ, ਉਨ੍ਹਾਂ ਨੇ ਦੁਆ ਕਰੀ, ਹੇ ਅੱਲਾ ਤਾਲਾ! ਇਹ ਕੀ ਭੇਦ ਹੈ? ਕਹਿਣ ਲੱਗੇ, ਭੇਦ ਕੀ ਹੈ! ਰਾਵੀਆ ਨੇ ਮੈਨੂੰ ਜੀਵਾਂ ਵਿਚ ਜਾਣ ਕੇ ਦਇਆ ਕੀਤੀ ਤੇ ਉਸ ਦਇਆ ਦਾ ਫਲ ਹੈ ਕਿ ਕਾਹਬਾ ਉਹਦੇ ਦਰਸ਼ਨ ਨੂੰ ਆਇਆ ਹੋਇਆ ਹੈ। ਸੋ ਜਦੋਂ ਉਹ ਰਾਵੀਆ ਦੇ ਪਾਸ ਪਹੁੰਚਦੇ ਨੇ, ਹੈਰਾਨ ਹੋ ਗਏ ਕਿ ਜੰਗਲੀ ਜਾਨਵਰ ਇਕੱਠੇ ਹੋਏ ਬੈਠੇ ਨੇ। ਕੋਲ ਬਘਿਆੜ ਵੀ ਬੈਠਾ ਹੈ, ਬੱਕਰੀ ਵੀ ਬੈਠੀ ਹੈ। ਹੋਰ ਵੀ ਜ਼ਿਆਦਾ ਹੈਰਾਨੀ ਹੋਈ ਕਿ ਰਾਵੀਆ ਦੇ ਪਾਸ ਆਏ ਤਾਂ ਜਾਨਵਰ ਆਪਣੇ-ਆਪਣੇ ਸੁਭਾਅ ਵਿਚ ਆ ਕੇ ਗਾਇਬ ਹੋ ਗਏ ਤੇ ਉਸ ਤੋਂ ਬਾਅਦ ਇਨ੍ਹਾਂ ਨੇ ਕਿਹਾ ਕਿ ਰਾਵੀਆ! ਬਾਹਰ ਆ। ਕਹਿੰਦੀ, ਮੇਰੇ ਕੋਲ ਬਸਤਰ ਨਹੀਂ ਹਨ। ਬਸਤਰ ਦਿਤੇ ਗਏ, ਵਿਚਾਰ ਸ਼ੁਰੂ ਹੋਈ। ਕਹਿਣ ਲੱਗੇ ਕਿ ਕੀ ਗੱਲ, ਤੈਂ ਕੀ ਕਰਮ ਕਰਿਆ ਹੈ ਜਿਹਦੇ ਨਾਲ ਕਾਹਬਾ ਤੇਰਾ ਹੱਜ ਕਰਨ ਵਾਸਤੇ ਆਇਆ ਹੈ? ਕਹਿਣ ਲੱਗੀ, ਮੈਂ ਕੋਈ ਕੰਮ ਨਹੀਂ ਕਰਿਆ। ਮੇਰੇ ਦਿਲ ਵਿਚ ਦਇਆ ਉਪਜੀ, ਆਹ ਜੀਵਾਂ ਤੇ ਦਇਆ ਕੀਤੀ ਹੈ -

***ਅਠਸਠਿ ਤੀਰਥ ਸਗਲ ਪੁੰਨ***
***ਜੀਅ ਦਇਆ ਪਰਵਾਨੁ॥ ਅੰਗ - ੧੩੬***

ਇਸ ਕਰਕੇ ਕਹਿਣ ਲੱਗੇ, ਇਹ ਜਾਨਵਰ ਕਿਉਂ ਬੈਠੇ ਨੇ ਵਿਰੋਧੀ ਸੁਭਾਅ ਵਾਲੇ? ਇਹ ਕਹਿਣ ਲੱਗੀ, ਹਾਜੀ ਜਨੋ! ਮੇਰੇ ਮਨ ਦੇ ਅੰਦਰ ਕੋਈ ਵੈਰ ਨਹੀਂ ਹੈ, ਮੈਨੂੰ ਸਭ ਬ੍ਰਹਮ ਦ੍ਰਿਸ਼ਟੀ ਆ ਰਿਹਾ ਹੈ। ਜਿਥੇ ਬ੍ਰਹਮ ਦ੍ਰਿਸ਼ਟੀ ਹੋਵੇ ਉਥੇ ਸਾਰਿਆਂ ਦਾ ਸੁਭਾਅ ਬਦਲ ਜਾਂਦਾ ਹੈ। ਜੇ ਮਰਦਾਨਾ ਕੀਰਤਨ ਕਰਦਾ ਹੈ, ਪਾਤਸ਼ਾਹ! ਇਹ ਸ਼ੇਰ ਬੈਠੇ ਨੇ, ਇਹ ਹਿਰਨ ਬੈਠੇ ਨੇ - ਵਿਰੋਧੀ ਸੁਭਾਅ ਵਾਲੇ ਜਾਨਵਰ ਆ ਕੇ ਬੈਠੇ ਨੇ। ਕਹਿੰਦੇ, ਮਰਦਾਨਿਆਂ! ਸ਼ਬਦ ਦੀ ਤਾਰ ਨੇ ਸਾਰਿਆਂ ਦੀ ਸੁਰਤੀ ਨੂੰ ਓਥੇ ਪੁਚਾ ਦਿਤਾ ਜਿਥੇ ਅਦਵੈਤ ਹੋਇਆ ਕਰਦੀ ਹੈ - ਇਕ ਹੋ ਜਾਂਦੇ ਨੇ। ਕਿਉਂਕਿ ਅੰਦਰੋਂ ਇਕ ਨੇ, ਬਾਹਰੋਂ ਅਸੀਂ ਅੱਡ ਅੱਡ ਹੋਏ ਹੋਏ ਹਾਂ।

ਇਸ ਤਰ੍ਹਾਂ ਮਹਾਰਾਜ ਕਹਿੰਦੇ ਨੇ - 'ਦਯਾ ਕਰੈ ਸਭ ਕੋ ਨਿਰਬਾਹੀ।' ਸੋ 'ਦਇਆ' ਸੱਤਵੀਂ ਚੀਜ਼ ਹੈ - ਭਜਨ ਵਾਸਤੇ, ਜਿਹੜੀ ਹੱਦ ਤੋਂ ਜ਼ਿਆਦਾ ਜ਼ਰੂਰੀ ਹੈ। ਜੇ ਜਾਨਵਰ ਵੱਢ ਵੱਢ ਕੇ ਖਾਈ ਜਾਂਦਾ ਹੈ, ਦਇਆ ਕਿਥੋਂ ਆ ਜਾਊ, ਸਾਧ ਸੰਗਤਿ ਜੀ! ਕਈ ਕਹਿੰਦੇ ਨੇ ਕਿ ਫਿਰ ਤਾਂ ਜਾਨਵਰ ਵਧ ਜਾਣਗੇ। ਭਾਈ ਤੁਹਾਡੀ ਡਿਊਟੀ ਲੱਗੀ ਹੋਈ ਹੈ ਕਿ ਤੁਸੀਂ ਜਾਨਵਰ ਮਾਰਨੇ ਨੇ? ਜਿਹਨੇ ਭਜਨ ਬੰਦਗੀ ਕਰਨੀ ਹੈ, ਉਹ ਭਜਨ ਬੰਦਗੀ ਵਾਲੇ ਕਰਮ ਕਰੇ। ਜਿਨ੍ਹਾਂ ਨੇ ਲੇਖੇ-ਪੱਤੇ ਲੈਣੇ ਦੇਣੇ ਨੇ, ਅੱਜ ਇਹ ਉਨ੍ਹਾਂ ਨੂੰ ਵੱਢਦੇ ਨੇ, ਕੱਲ੍ਹ ਨੂੰ ਉਹ ਇਨ੍ਹਾਂ ਨੂੰ ਵੱਢਣਗੇ।

***ਕਬੀਰ ਖੂਬੁ ਖਾਨਾ ਖੀਚਰੀ***
***ਜਾ ਮਹਿ ਅੰਮ੍ਰਿਤੁ ਲੋਨੁ ॥***
***ਹੇਰਾ ਰੋਟੀ ਕਾਰਨੇ ਗਲਾ ਕਟਾਵੈ ਕਉਨੁ ॥***
***ਅੰਗ - ੧੩੭੪***

ਅੱਜ ਗਲ ਵੱਢ ਕੇ ਖਾਉ, ਕਲ੍ਹ ਨੂੰ ਵਢਾਉਣਾ ਪੈਣਾ ਹੈ ਗਲ। ਸੋ ਇਸ ਤਰ੍ਹਾ ਦੇ ਨਾਲ 'ਦਇਆ' ਬੜੀ ਚੀਜ਼ ਹੁੰਦੀ ਹੈ।

ਅੱਠਵਾਂ ਹੁੰਦਾ ਹੈ 'ਕੋਮਲ ਹਿਰਦਾ।' ਦਿਲ ਬਹੁਤ ਨਰਮ ਰੱਖਣਾ, ਕਰੂਰ ਹਿਰਦਾ ਨਹੀਂ ਰੱਖਣਾ, ਕਪਟ ਭਰਿਆ ਹਿਰਦਾ ਨਹੀਂ ਰੱਖਣਾ, ਖੋਟਾ ਹਿਰਦਾ ਨਹੀਂ ਰੱਖਣਾ - ਕੋਮਲ ਰੱਖਣਾ ਹੈ। ਜਿਸ ਦਾ ਕੋਮਲ ਹਿਰਦਾ ਹੋਵੇਗਾ, ਉਹਦੇ ਮੁਖ ਤੋਂ ਸੁਹਣੀਆਂ ਗੱਲਾਂ ਨਿਕਲਣਗੀਆਂ, ਕਰੂਰ ਗੱਲਾਂ, ਖੋਟੀਆਂ ਬਾਤਾਂ ਨਹੀਂ ਕਰਦਾ, ਤਾਹਨੇ ਮਿਹਣੇ ਨਹੀਂ ਮਾਰਿਆ ਕਰਦਾ ਕਿਉਂਕਿ ਹਿਰਦਾ ਕੋਮਲ ਹੈ -

***ਅਸਟਮ ਕੋਮਲ ਹਿਰਦਾ ਰਾਖੈ॥***
***ਸੁਭ ਉਪਦੇਸ਼ ਸਭਨ ਸੌਂ ਭਾਖੈ॥***
***ਪੰਨਾ - ੧੦੮ ਸ੍ਰੀ ਗੁ. ਪ੍ਰ. ਪ੍ਰ. ਗ੍ਰੰਥ***

ਉਹ ਜਦ ਵੀ ਦਏਗਾ, ਕਿਸੇ ਨੂੰ ਸ਼ੁਭ ਉਪਦੇਸ਼ ਹੀ ਦਏਗਾ, ਕਿਸੇ ਨੂੰ ਗਲਤ ਸਲਾਹ ਨਹੀਂ ਦੇਵੇਗਾ।

ਸੋ ਇਸ ਤਰ੍ਹਾਂ ਦੇ ਨਾਲ ਨੌਂਵਾਂ ਜੋ ਨੇਮ ਹੈ - ਯਮ, ਉਸ ਨੂੰ 'ਮਰਿਆਦਾ' ਕਹਿੰਦੇ ਨੇ - ਖਾਣ ਦੀ -

***ਨੌਮੇ ਯਮ ਮਿਰਜਾਦ ਅਹਾਰਾ॥***
***ਪੰਨਾ - ੧੦੮, (ਸ੍ਰੀ ਗੁ. ਪ੍ਰ. ਪ੍ਰ. ਗ੍ਰੰਥ***

ਮਰਿਯਾਦਾ ਦੇ ਨਾਲ ਖਾਣਾ। ਉਹ ਕੀ ਹੁੰਦਾ ਹੈ -

***ਅਲਪ ਅਹਾਰ ਸੁਲਪ ਸੀ ਨਿੰਦ੍ਰਾ***
***ਦਯਾ ਛਿਮਾ ਤਨ ਪ੍ਰੀਤਿ॥***
***(ਸ਼ਬਦ ਹਜ਼ਾਰੇ ਪਾ: ੧੦)***

ਤਿੰਨ ਕਿਸਮ ਦਾ ਖਾਣਾ ਹੁੰਦਾ ਹੈ - ਇਕ ਤਮੋ ਗੁਣੀ ਹੁੰਦਾ ਹੈ, ਇਕ ਰਜੋ ਗੁਣੀ ਹੁੰਦਾ ਹੈ ਤੇ ਇਕ ਸਤੋ ਗੁਣੀ ਹੁੰਦਾ ਹੈ -

'ਤਮੋ ਗੁਣੀ' ਖਾਣਾ ਹੁੰਦਾ ਹੈ ਮਾਸ, ਮੱਛੀ, ਸ਼ਰਾਬ, ਅੰਡੇ ਆਦਿ ਖਾ ਲੈਣੇ, ਗਲੀਆਂ ਸੜੀਆਂ ਚੀਜ਼ਾਂ ਖਾ ਲੈਣੀਆਂ। ਇਹ ਸਾਰਾ ਤਮੋ ਗੁਣੀ ਅਹਾਰ, ਬਿਰਤੀ ਨੂੰ ਤਮੋ ਗੁਣ ਕਰਦਾ ਹੈ ਤੇ ਇਹਦੇ ਨਾਲ ਆਦਮੀ ਵਿਚ ਆਲਸ ਵਧ ਜਾਂਦਾ ਹੈ, ਵਾਹਿਗੁਰੂ ਤੋਂ ਬੇਮੁਖ ਹੋ ਜਾਂਦਾ ਹੈ, ਅੰਦਰੋਂ ਪਰਤੀਤੀ ਘਟ ਜਾਂਦੀ ਹੈ; ਨਾ ਗੁਰੂ ਨਾਲ ਰਹਿੰਦੀ ਹੈ ਪਰਤੀਤੀ, ਨਾ ਵਾਹਿਗੁਰੂ ਤੇ ਪਰਤੀਤੀ ਰਹਿੰਦੀ ਹੈ ਤੇ ਅੰਦਰ ਨੀਂਦ ਛਾ ਜਾਂਦੀ ਹੈ, ਪਰਮੇਸ਼ਰ ਵਲੋਂ ਦੂਰ ਹੋ ਜਾਂਦਾ ਹੈ। ਉਹ ਅਧਿਕਾਰੀ ਨਹੀਂ ਹੋਇਆ ਕਰਦਾ।

ਦੂਸਰਾ ਹੋਇਆ ਕਰਦਾ ਹੈ 'ਰਜੋ ਗੁਣੀ' ਖਾਣਾ। ਚਟਪਟੇ ਖਾਣੇ, ਸੁਆਦ ਲਾ ਲਾ ਕੇ ਖਾਣੇ -

***ਮਿਠਾ ਕਰਿ ਕੈ ਖਾਇਆ***
***ਬਹੁ ਸਾਦਹੁ ਵਧਿਆ ਰੋਗੁ॥ ਅੰਗ - ੭੮੫***

*ਖਸਮੁ ਵਿਸਾਰਿ ਕੀਏ ਰਸ ਭੋਗ॥*
*ਤਾਂ ਤਨਿ ਉਠਿ ਖਲੋਏ ਰੋਗ॥ ਅੰਗ - ੧੨੫੬*

ਰੋਗੀ ਹੋ ਜਾਵੇਂਗਾ ਪ੍ਰੇਮੀਆਂ! ਅਹਾਰ ਸੰਜਮ ਦਾ ਕਰ, ਵਿਚਾਰ ਕਰਕੇ ਕਰ।

*ਭਲਾ ਬੁਰਾ ਲਖ ਕਰੈ ਵਿਚਾਰਾ॥*
*ਖਾਵਣ ਭੂਖ ਅਹਾਰ ਹੈ ਜੇਤੋ॥*
*ਚੌਥੋ ਭਾਗ ਖਾਇ ਕਮ ਤੇਤੋ॥*
*ਪੰਨਾ - ੧੦੮ (ਸ੍ਰੀ ਗੁ. ਪੁ. ਪ੍ਰ. ਗ੍ਰੰਥ)*

ਜੇ ਚਾਰ ਫੁਲਕੇ ਖਾਂਦੇ ਹੋ ਤਾਂ ਇਕ ਪ੍ਰਸ਼ਾਦਾ ਛੱਡ ਦੇ, ਤਿੰਨ ਖਾ ਲੈ। ਸੋ ਇਹ ਤੀਸਰਾ ਹੋਇਆ ਕਰਦਾ ਹੈ - ਸਤੋ ਗੁਣੀ ਅਹਾਰ। ਸਤੋ ਗੁਣੀ ਖਾਣਾ ਹੁੰਦਾ ਹੈ - ਭੁੱਖ ਰੱਖ ਕੇ ਖਾਣਾ ਤੇ ਦਾਲ ਸਬਜ਼ੀਆਂ, ਦੁੱਧ, ਦਹੀਂ, ਮੱਖਣ, ਘੀ, ਫਲ ਆਦਿ। ਇਹ ਚੀਜ਼ਾਂ ਸਾਰੀਆਂ ਸਤੋ ਗੁਣੀ ਨੇ ਤੇ ਸਤੋ ਗੁਣੀ ਮਨ ਬਣਾਉਂਦੀਆਂ ਨੇ - 'ਜੈਸਾ ਅੰਨ ਤੈਸਾ ਮਨ।' ਸਤੋ ਗੁਣੀ ਮਨ ਭਜਨ ਕਰ ਸਕਦਾ ਹੈ। ਨਾ ਰਜੋ ਗੁਣੀ ਕਰ ਸਕਦਾ ਹੈ, ਨਾ ਤਮੋ ਗੁਣੀ ਕਰ ਸਕਦਾ ਹੈ। ਜੇ ਬੈਠੂਗਾ ਵੀ ਤਾਂ ਉਬਾਸੀਆਂ ਆਉਣੀਆਂ ਸ਼ੁਰੂ ਹੋ ਜਾਣਗੀਆਂ। ਜੇ ਜ਼ੋਰ ਨਾਲ ਕਰੂ, ਮਨ ਨਹੀਂ ਲੱਗਣਾ, ਦੌੜੇਗਾ ਕਿਉਂਕਿ ਖਾਣਾ ਐਸਾ ਖਾ ਰਿਹਾ ਹੈ। ਤਿੰਨ ਗੁਣ ਹਰ ਵਕਤ ਸਾਡੇ ਅੰਦਰ ਚਲਦੇ ਨੇ - ਰਜੋ ਗੁਣ, ਤਮੋ ਗੁਣ ਤੇ ਸਤੋ ਗੁਣ - ਸਾਰੇ ਸੰਸਾਰ ਦੇ ਅੰਦਰ। ਮਹਾਰਾਜ ਕਹਿੰਦੇ ਨੇ, ਤਿੰਨ ਗੁਣਾਂ ਦੇ ਅੰਦਰ ਜਿਹੜਾ ਵੀ ਹੈ, ਉਹ ਸੁੱਤਾ ਪਿਆ ਹੈ -

*ਤਿਹੀ ਗੁਣੀ ਸੰਸਾਰੁ ਭ੍ਰਮਿ ਸੁਤਾ*
*ਸੁਤਿਆ ਰੈਣਿ ਵਿਹਾਣੀ॥ ਅੰਗ - ੯੨੦*

ਦਸਵੀਂ ਰਹਿਤ ਹੋਇਆ ਕਰਦੀ ਹੈ ਜਿਸ ਨੂੰ 'ਪਵਿਤਰਤਾ' ਕਹਿੰਦੇ ਨੇ, 'ਸੌਚ' ਕਹਿੰਦੇ ਨੇ -

*ਦਸਵੇਂ ਯਮ ਸੋਂ ਸੌਚ ਲਖੀਜੈ॥*
*ਪੰਨਾ - ੧੦੮, ਸ੍ਰੀ ਗੁ. ਪੁ. ਪ੍ਰ. ਗ੍ਰੰਥ*

ਕਹਿੰਦੇ, ਪਹਿਲੀ ਤਾਂ ਸੌਚ ਹੈ 'ਬਸਤ੍ਰਾਂ ਦੀ।; ਚਾਹੇ ਪੰਜ ਚਾਰ ਰੁਪਏ ਗਜ਼ ਦੇ ਪਾਏ ਹੋਏ ਨੇ, ਜ਼ਰੂਰੀ ਨਹੀਂ ਕਿ 100 ਰੁਪਏ ਗਜ਼ ਦੇ ਲੈ ਕੇ ਪਾਉ, ਪਰ ਉਹ ਪਵਿੱਤਰ ਹੋਣੇ ਚਾਹੀਦੇ ਨੇ, ਮੈਲ ਵਾਲੇ ਨਹੀਂ ਹੋਣੇ ਚਾਹੀਦੇ। ਪਸੀਨੇ ਨਾਲ ਬਦਬੂ ਆਉਂਦੀ ਹੈ; ਆਪ ਨੂੰ ਵੀ ਆਵੇਗੀ, ਦੂਜਿਆਂ ਨੂੰ ਵੀ ਆਵੇਗੀ - ਉਹ ਅੰਦਰ ਅਸਰ ਕਰਦੀ ਹੈ; ਕਹਿੰਦੇ, ਸਵੱਛ ਵਸਤਰ ਪਹਿਨੇ, ਚਾਹੇ ਕਿੰਨੇ ਹੀ ਸਸਤੇ ਪਹਿਨੇ।

ਦੂਸਰੀ ਸੌਚ ਹੈ - 'ਸਰੀਰ ਦੀ।' ਸਰੀਰ ਦਾ ਇਸ਼ਨਾਨ ਕਰਾਉਣਾ। ਗਰਮੀ ਆਉਂਦੀ ਹੈ, ਕਈਆਂ ਦੇ ਸਰੀਰ ਵਿਚੋਂ ਬਦਬੂ ਆਇਆ ਕਰਦੀ ਹੈ, ਦੁਰਗੰਧ ਆਇਆ ਕਰਦੀ ਹੈ। ਉਹ, ਜਿਵੇਂ ਨੇਮ ਦਸਿਆ ਗਿਆ ਹੈ, ਉਸੇ ਤਰ੍ਹਾਂ ਇਸ਼ਨਾਨ ਕਰੇ, ਆਪਣੇ ਸਰੀਰ ਨੂੰ ਪਵਿੱਤਰ ਰੱਖੇ।

ਤੀਸਰੀ ਪਵਿੱਤਰਤਾ ਹੋਇਆ ਕਰਦੀ ਹੈ 'ਬਚਨਾਂ ਦੀ।' ਬਚਨਾਂ ਦੇ ਉਤੇ ਕੋਈ ਐਸੀ ਚੀਜ਼ ਨਾ ਆਉਣ ਦੇਵੇ ਜਿਸ ਦੇ ਨਾਲ ਜ਼ੁਬਾਨ ਮੈਲੀ ਹੋ ਜਾਵੇ।

ਚੌਥੀ ਪਵਿੱਤਰਤਾ ਹੋਇਆ ਕਰਦੀ ਹੈ 'ਮਨ ਦੀ'। ਮਨ ਦੇ ਅੰਦਰ ਵਿਚਾਰ ਨਾ ਆਉਣ ਦੇਣੇ। ਜੇ ਮਨ ਪਵਿੱਤਰ ਨਹੀਂ ਹੈ ਤਾਂ -

*ਮਨਿ ਮੈਲੈ ਸਭੁ ਕਿਛੁ ਮੈਲਾ*
*ਤਨਿ ਧੋਤੈ ਮਨੁ ਹਛਾ ਨ ਹੋਇ॥ ਅੰਗ - ੫੫੮*

ਪੰਜਵੀਂ ਪਵਿੱਤਰਤਾ ਹੋਇਆ ਕਰਦੀ ਹੈ 'ਬੁੱਧੀ' ਦੀ।' ਬੁੱਧੀ ਨੂੰ ਗੁਰਬਾਣੀ ਦੀ ਵਿਚਾਰ ਕਰਕੇ ਨਿਰਮਲ ਕਰਨਾ; ਇਹਦੇ ਵਿਚੋਂ ਬੁਰਿਆਈਆਂ ਕੱਢਣੀਆਂ, ਇਹਦੇ ਵਿਚੋਂ ਵਲ ਕੱਢਣੇ।

ਇਸ ਤੋਂ ਅਗਲੀ ਪਵਿੱਤਰਤਾ ਹੋਇਆ ਕਰਦੀ ਹੈ 'ਅਹੰਭਾਵ' ਦੀ। ਅਹੰਭਾਵ ਦੇ ਵਿਚ ਸਮਝਣਾ ਕਿ ਮੈਂ ਕੋਈ ਵੱਖਰੀ ਚੀਜ਼ ਨਹੀਂ ਹਾਂ -

*ਕਹੁ ਕਬੀਰ ਇਹੁ ਰਾਮ ਕੀ ਅੰਸੁ॥*
*ਅੰਗ - ੮੭੧*
*ਮਨ ਤੂੰ ਜੋਤਿ ਸਰੂਪੁ ਹੈ ਆਪਣਾ ਮੂਲੁ ਪਛਾਣ॥*
*ਅੰਗ - ੪੪੧*

ਮੈਂ ਤਾਂ ਵਾਹਿਗੁਰੂ ਦੀ ਅੰਸ਼ ਹਾਂ। ਸਰੀਰ ਨਾਲ ਸਬੰਧ ਮੇਰਾ ਕੇਵਲ ਦ੍ਰਿਸ਼ਟਾ ਮਾਤਰ ਹੈ ਤੇ ਮੈਂ ਸਰੀਰ ਨਹੀਂ ਹਾਂ। ਸੋ ਇਹ ਵਿਚਾਰ ਜੋ ਹੈ ਗੁਰਬਾਣੀ ਦੀ, ਇਹਦੇ ਨਾਲ 'ਮੈਂ ਭਾਵ' ਸ਼ੁੱਧ ਹੋਇਆ ਕਰਦਾ ਹੈ, ਮੈਲ ਲਹਿੰਦੀ ਹੈ। ਦੂਸਰਾ, ਨਾਮ ਨਾਲ ਮੈਲ ਲਹਿੰਦੀ ਹੈ।

ਸੋ ਇਹੀ ਦਸਵੀਂ ਚੀਜ਼ ਮਹਾਰਾਜ ਫੁਰਮਾਉਂਦੇ ਨੇ -

*ਦਸਵੇਂ ਯਮ ਸੋਂ ਸੌਚ ਲਖੀਜੈ॥*
*ਜਲ ਮ੍ਰਿਤਕਾ ਇਸਨਾਨ ਕਰੀਜੈ॥*
*ਰਾਗ ਦ੍ਵੈਖ ਕੀ ਮਲ ਉਰਮਾਹੀ॥*
*ਪੰਨਾ - ੧੦੮ (ਸ੍ਰੀ ਗੁ. ਪੁ. ਪ੍ਰ. ਗ੍ਰੰਥ)*

ਜਿਹੜੀ ਰਾਗ ਤੇ ਦ੍ਵੈਸ਼ ਦੀ ਮੈਲ ਲੱਗੀ ਹੋਈ ਹੈ ਹਿਰਦੇ ਵਿਚ, ਮੇਰ ਤੇਰ ਦੀ ਮੈਲ ਲੱਗੀ ਹੋਈ ਹੈ, ਇਹਨੂੰ ਛੱਡ ਦੇ -

*ਤਜ ਕਰ ਸੌਚ ਕਰਤ ਹੈ ਤਾਹੀਂ॥*
*ਯਮ ਦਸ ਇਸ ਪ੍ਰਕਾਰ ਜਤਾਏ॥*
*ਪੰਨਾ - ੧੦੮ (ਸ੍ਰੀ ਗੁ. ਪੁ. ਪ੍ਰ. ਗ੍ਰੰਥ)*

ਕਹਿੰਦੇ, ਦਸ ਯਮ ਤਾਂ ਹੁਣ ਅਸੀਂ ਦੱਸ ਦਿਤੇ। ਕਿਹੜੇ-ਕਿਹੜੇ ਨੇ - ਧਿਆਨ ਨਾਲ ਸ੍ਰਵਣ ਕਰ ਲਓ - ਪਹਿਲਾ ਤਾਂ ਅਹਿੰਸਾ ਹੁੰਦਾ ਹੈ, ਦੂਸਰਾ - ਸਤਿ ਹੁੰਦਾ ਹੈ, ਤੀਸਰਾ - ਚੋਰੀ ਨਾ ਕਰਨਾ, ਚੌਥਾ ਬ੍ਰਹਮਚਰੀਅ, ਪੰਜਵਾਂ - ਧੀਰਜ, ਛੇਵਾਂ - ਖਿਮਾ, ਸਤਵਾਂ - ਦਇਆ, ਅੱਠਵਾਂ - ਕੋਮਲ ਹਿਰਦਾ (ਚਿਤ), ਨੌਂਵਾਂ - ਅਲਪ ਅਹਾਰ ਤੇ ਦਸਵਾਂ - ਸੌਚ। ਕਹਿੰਦੇ, ਇਹ ਤਾਂ ਜ਼ਰੂਰੀ ਨੇ। ਇਨ੍ਹਾਂ ਨੂੰ 'ਯਮ' ਕਹਿੰਦੇ ਨੇ।

ਦੂਸਰੇ ਹੁੰਦੇ ਨੇ 'ਨੇਮ'। ਉਹ ਵੀ ਦਸ ਪ੍ਰਕਾਰ ਦੇ ਨੇ। ਪਹਿਲਾ ਹੁੰਦਾ ਹੈ 'ਤਪ'। ਗੁਰੂ ਘਰ ਅੰਦਰ ਜੋ ਤਪ ਹੈ, ਉਹ ਹੈ ਸਾਧ ਸੰਗਤ ਦੀ ਸੇਵਾ ਦਾ ਤਪ - ਜਲ ਪਿਲਾਉਣਾ, ਪੱਖਾ ਝੱਲਣਾ, ਦਰੀਆਂ ਵਿਛਾਉਣੀਆਂ, ਜੋੜੇ ਸਾਫ ਕਰਨੇ, ਲੰਗਰ ਤਿਆਰ ਕਰਨਾ, ਬਰਤਨਾਂ ਦੀ ਸਫਾਈ। ਇਸ ਤਪ ਦਾ ਬਹੁਤ ਵੱਡਾ ਫਲ

ਹੈ –

***ਪ੍ਰਥਮੈ ਤਪ ਸੋ ਤੀਨ ਪ੍ਰਕਾਰਾ॥***
***ਪੰਨਾ – ੧੦੮ (ਸ੍ਰੀ ਗੁ. ਪ੍ਰ. ਪ੍ਰ. ਗ੍ਰੰਥ)***

ਤਿੰਨ ਪ੍ਰਕਾਰ ਦਾ ਤਪ ਹੋਇਆ ਕਰਦਾ ਹੈ –

***ਰਜ ਤਮ ਬਹੁਤ ਸਾਂਤਕੀ ਸਾਰਾ॥***
***ਪੰਨਾ – ੧੦੮ (ਸ੍ਰੀ ਗੁ. ਪ੍ਰ. ਪ੍ਰ. ਗ੍ਰੰਥ)***

ਇਕ ਰਜੋ ਗੁਣੀ ਤਪ ਹੁੰਦਾ ਹੈ, ਇਕ ਸਤੋ ਗੁਣੀ ਹੁੰਦਾ ਹੈ ਤੇ ਇਕ ਤਮੋ ਗੁਣੀ ਤਪ ਹੁੰਦਾ ਹੈ –

***ਛੁਪਾ ਅਗਨ ਜਲ ਸੋਂ ਤਨ ਤਾਵਾ॥***
***ਪੰਨਾ – ੧੦੮ (ਸ੍ਰੀ ਗੁ. ਪ੍ਰ. ਪ੍ਰ. ਗ੍ਰੰਥ)***

ਧੂਣੀਆਂ ਤਾਪ ਕੇ ਬੈਠ ਜਾਣਾ, ਭੁੱਖੇ ਰਹਿਣਾ, ਰੋਟੀ ਨਾ ਖਾਣੀ, ਪਾਣੀ ਨਾ ਪੀਣਾ, ਪੁੱਠੇ ਲਟਕਣਾ, ਜਲਧਾਰੇ ਕਰਨੇ ਤੇ ਇਕ ਲੱਤ ਦੇ ਭਾਰ ਖੜ੍ਹਨਾ, ਕੰਡਿਆਂ ਦੇ ਉਤੇ ਸੌਣਾ, ਰੋੜਾਂ ਤੇ ਸੌਣਾ, ਜਾਗਦੇ ਰਹਿਣਾ, ਸੌਣ ਨਾ ਦੇਣਾ – ਸਰੀਰ ਨੂੰ ਦੁਖੀ ਕਰਨਾ–

***ਇਹੈ ਤਾਮਸੀ ਫਲ ਦਾ ਗਾਵਾ॥***
***ਪੰਨਾ – ੧੦੮ (ਸ੍ਰੀ ਗੁ. ਪ੍ਰ. ਪ੍ਰ. ਗ੍ਰੰਥ)***

ਇਹਨੂੰ ਤਾਮਸੀ ਤਪ ਕਹਿੰਦੇ ਨੇ ਤੇ ਫਲ ਇਹਦਾ ਬਹੁਤ ਘੱਟ ਹੋਇਆ ਕਰਦਾ ਹੈ –

***ਰਿਦੈ ਗਯਾਨ ਇਸ ਤੇ ਨਹਿ ਹੋਇ॥***
***ਦੇਤ ਨ ਫਲ ਕਿਛ ਕਰ ਹੈ ਜੋਇ॥***
***ਪੰਨਾ – ੧੦੮ (ਸ੍ਰੀ ਗੁ. ਪ੍ਰ. ਪ੍ਰ. ਗ੍ਰੰਥ)***

ਗਿਆਨ ਨਹੀਂ ਇਸ ਤੋਂ ਹੋਇਆ ਕਰਦਾ, ਫੇਰ ਫਲ ਨਹੀਂ ਮਿਲਿਆ ਕਰਦਾ। ਇਹਦੇ ਮੁਕਾਬਲੇ ਤੇ ਜਿਹੜਾ ਗੁਰੂ ਦੀ ਸੇਵਾ ਕਰਨੀ ਹੈ, ਸਾਰੇ ਤਪਾਂ ਦਾ ਤਪਨ ਸਾਰ ਹੈ, ਤਪਾਂ ਦਾ ਸ਼੍ਰੋਮਣੀ ਤਪ ਹੈ – ਏਥੇ ਭੀ ਮਾਣ ਤੇ ਦਰਗਾਹ ਵਿਚ ਵੀ ਮਾਣ। ਐਸਾ ਫੁਰਮਾਨ ਹੈ –

***ਧਾਰਨਾ – ਨਾਮ ਜਪੀਏ ਤਾਂ ਦੂਰ ਹੁੰਦੇ ਦੁਖੜੇ***
***ਸੇਵਾ ਕਰਕੇ ਮਾਣ ਪਾਈਦਾ – ੨,੨.***

***ਗੁਰ ਕੀ ਸੇਵਾ ਪਾਏ ਮਾਨੁ॥ ਅੰਗ – ੮੬੪***
***ਵਿਚਿ ਦੁਨੀਆ ਸੇਵ ਕਮਾਈਐ॥***
***ਤਾ ਦਰਗਹ ਬੈਸਣੁ ਪਾਈਐ॥***
***ਕਹੁ ਨਾਨਕ ਬਾਹ ਲੁਡਾਈਐ॥ ਅੰਗ – ੨੬***

ਸੇਵਾ ਦਾ ਫਲ – ਏਥੇ ਵੀ 'ਵਾਹ–ਵਾਹ' ਤੇ ਜਦੋਂ ਸੰਸਾਰ ਤੋਂ ਜਾਵਾਂਗੇ ਤਾਂ ਮਾਣ ਪ੍ਰਾਪਤ ਹੋਏਗਾ – ਦਰਗਾਹ ਵਿਚ। ਸੋ ਸੇਵਾ ਤੋਂ ਬਗੈਰ ਜਿਹੜਾ ਸਰੀਰ ਹੈ, ਮਹਾਰਾਜ ਕਹਿੰਦੇ, ਉਹ ਮੁਰਦਾ ਹੋਇਆ ਕਰਦਾ ਹੈ। ਸੇਵਾ ਵਿਚ ਭੇਦ ਹੁੰਦਾ ਹੈ। ਜੇ ਸੇਵਾ ਕਰਨ ਵਾਲਾ ਇਹ ਕਹੇ ਕਿ ਮੈਂ ਸੇਵਾ ਕਰਦਾ ਹਾਂ, ਔਹ ਸੇਵਾ ਨਾ ਕਰੇ – ਈਰਖਾ ਕਰੇ ਤਾਂ ਉਹਦੀ ਸੇਵਾ ਨਿਰਾਰਥ ਹੋ ਜਾਇਆ ਕਰਦੀ ਹੈ, Neutral gear ਲਗ ਜਾਇਆ ਕਰਦਾ ਹੈ। ਸੇਵਾ ਤਾਂ ਕਰਦਾ ਹੈ ਪਰ ਥਾਂ ਨਹੀਂ ਪੈਂਦੀ ਕਿਉਂਕਿ ਹਉਮੈ ਵਿਚ ਸੇਵਾ ਕਰਦਾ ਹੈ। ਹਉਮੈ ਵਾਲੀ, ਦਿਖਾਵੇ ਵਾਲੀ ਸੇਵਾ ਨਹੀਂ ਥਾਂ ਪਿਆ ਕਰਦੀ। ਥਕੇਵਾਂ ਪੱਲੇ ਪੈ ਜਾਂਦਾ ਹੈ। ਨਿਸ਼ਕਾਮ ਹੋ ਕੇ ਜਿਹੜਾ ਗੁਰੂ ਨੂੰ ਹਾਜ਼ਰ ਨਾਜ਼ਰ ਸਮਝ ਕੇ ਭਾਗ ਸਮਝਦਾ ਹੈ ਕਿ ਹੇ ਸੱਚੇ ਪਾਤਸ਼ਾਹ! ਮੇਰੇ ਵਰਗੇ ਨਿਕੰਮੇ ਬੰਦੇ ਨੂੰ ਵੀ ਸੇਵਾ ਤੇ ਲਾ ਲਿਆ ਹੈ, ਸ਼ੁਕਰ ਹੈ ਤੇਰਾ – ਦੇਖੀਂ ਕਿਤੇ ਮੈਨੂੰ ਹਟਾ ਨਾ ਦੇਈਂ। ਉਹਦੀ ਸੇਵਾ ਥਾਂ ਪਿਆ ਕਰਦੀ ਹੈ। ਸੋ ਇਸ ਤਰ੍ਹਾਂ ਦੇ ਨਾਲ ਗੁਰੂ–ਘਰ ਦਾ ਸਭ ਤੋਂ ਸ੍ਰੇਸ਼ਟ ਤਪ ਸੇਵਾ ਹੈ। ਪਹਿਲਾਂ ਮੈਂ ਬੇਨਤੀ ਕਰੀ ਸੀ ਕਿ ਤਾਮਸੀ ਤਪ ਹੁੰਦੇ ਨੇ ਇਹ, ਤੇ ਇਨ੍ਹਾਂ ਨਾਲ ਰਿਦੇ ਵਿਚ ਗਿਆਨ ਨਹੀਂ ਹੁੰਦਾ ਤੇ ਕੋਈ ਫਲ ਨਹੀਂ ਇਹ ਤੋਂ ਪ੍ਰਾਪਤ ਹੁੰਦਾ। ਫਲ ਕੀ ਪ੍ਰਾਪਤ ਹੁੰਦਾ ਹੈ – ਕ੍ਰੋਧ ਪ੍ਰਾਪਤ ਹੁੰਦਾ ਹੈ। ਸਰਾਪ ਦੇਣ ਲੱਗ ਪਏਗਾ, frustration (ਬੇਚੈਨੀ) ਆ ਜਾਏਗੀ। ਜਿਹੜਾ ਵੀ ਹਠ ਯੋਗ ਕਰੇਗਾ, ਵੱਢ–ਖਾਣਿਆਂ ਵਾਂਗ ਦੂਸਰਿਆਂ ਨੂੰ ਪਏਗਾ, ਫਿੱਕਾ ਬੋਲੇਗਾ ਕਿਉਂਕਿ ਅੰਦਰ ਕੁਛ ਆਇਆ ਨਹੀਂ – ਕ੍ਰੋਧ ਆਇਆ ਹੈ।

ਦੂਸਰਾ ਤਪ ਹੋਇਆ ਕਰਦਾ ਹੈ ਜਿਹਨੂੰ 'ਰਾਜਸੀ ਤਪ' ਕਹਿੰਦੇ ਨੇ। ਉਹ ਇਹ ਹੁੰਦਾ ਹੈ ਕਿ ਬਾਰ–ਬਾਰ ਮਨ ਨੂੰ ਰੋਕਣਾ – ਮਾੜੇ ਕੰਮਾਂ ਤੋਂ। ਫੁਰਨਾ ਉਠਿਆ, ਫੇਰ ਰੋਕ ਲੈਣਾ; ਫੁਰਨਾ ਉਠਿਆ, ਫੇਰ ਅੰਦਰ ਰੋਕਣਾ। ਇਹ ਪਹਿਲੇ ਨਾਲੋਂ ਜ਼ਿਆਦਾ ਫਲ ਦਿੰਦਾ ਹੈ ਕਿਉਂਕਿ ਇੰਦ੍ਰੀਆਂ ਆਪਣੇ ਸੁਭਾਅ ਦੇ ਮੁਤਾਬਿਕ ਵਰਤਦੀਆਂ ਨੇ। ਅੱਖਾਂ ਨੇ ਦੇਖਣਾ ਹੈ ਤਾਂ ਇਨ੍ਹਾਂ ਨੂੰ ਕਹਿਣ –

***ਪਰ ਤ੍ਰਿਅ ਰੂਪੁ ਨ ਪੇਖੈ ਨੇਤ੍ਰ॥ ਅੰਗ – ੨੭੪***

ਕੰਨਾਂ ਨੇ ਸੁਣਨਾ ਹੈ ਤਾਂ ਇਨ੍ਹਾਂ ਨੂੰ ਅੰਦਰੋਂ ਕਹਿਣਾ ਹੈ ਕਿ –

***ਕਰਨ ਨ ਸੁਨੈ ਕਾਹੂ ਕੀ ਨਿੰਦਾ॥ ਅੰਗ – ੨੭੪***

ਕਿਸੇ ਦੀ ਨਿੰਦਿਆ ਨਹੀਂ ਸੁਣਨੀ। ਇਹ ਤਪਸਿਆ ਹੈ – ਇੰਦ੍ਰੀਆਂ ਦੀ –

***ਰੋਕ ਕੁਕਰਮ ਰਿਖੀਕ ਜਿ ਕਰਨੀ॥***
***ਪੰਨਾ – ੧੦੯ (ਸ੍ਰੀ ਗੁ. ਪ੍ਰ. ਪ੍ਰ. ਗ੍ਰੰਥ)***

ਇੰਦ੍ਰੀਆਂ ਨੂੰ ਬਾਰ–ਬਾਰ ਰੋਕ ਕੇ ਜਿਹੜਾ ਤਪ ਕਰਨਾ ਹੈ, ਇਹਨੂੰ 'ਰਾਜਸੀ ਤਪ' ਕਹਿੰਦੇ ਨੇ।

ਤੀਸਰਾ 'ਸਾਂਤਕੀ ਤਪ' ਹੋਇਆ ਕਰਦਾ ਹੈ ਕਿ ਬਿਰਤੀ ਨਾਮ ਵਿਚ ਲੱਗੀ ਰਹੇ। ਜਪੁਜੀ ਸਾਹਿਬ ਪੜ੍ਹ ਰਿਹਾ ਹੈ, ਸੁਖਮਨੀ ਸਾਹਿਬ ਪੜ੍ਹ ਰਿਹਾ ਹੈ, ਬਿਰਤੀ ਬਾਹਰ ਦੌੜਦੀ ਹੈ, ਉਹਨੂੰ ਰੋਕ ਕੇ, ਮੋੜ ਕੇ ਲਿਆ ਕੇ ਫੇਰ ਓਥੇ ਲਾਉਣਾ; ਫੇਰ ਦੌੜਦੀ ਹੈ, ਫੇਰ ਰੋਕ ਕੇ ਦੁਬਾਰਾ ਲਾਉਣਾ। ਪਾਠੀ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪਾਠ ਕਰਦਾ ਹੈ, ਬਿਰਤੀ ਨਿਕਲ ਗਈ। ਅੱਖਰ ਤਾਂ ਜ਼ੁਬਾਨ ਪੜ੍ਹੀ ਜਾਂਦੀ ਹੈ, ਅੱਖਾਂ ਦੇਖੀ ਜਾਂਦੀਆਂ ਨੇ ਲੇਕਿਨ ਜਿਸ ਨੇ ਨਾਲ ਸਾਥ ਦੇਣਾ ਸੀ – ਉਹ ਦੌੜਿਆ ਫਿਰਦਾ ਹੈ, ਫੁਰਨੇ ਕਰ ਰਿਹਾ ਹੈ। ਉਹਨੂੰ ਲਿਆ–ਲਿਆ ਕੇ, ਰੋਕ ਕੇ ਫਿਰ ਲਾਉਣਾ – ਇਹਨੂੰ 'ਸਾਂਤਕੀ ਤਪ' ਕਹਿੰਦੇ ਨੇ। ਬਿਰਤੀ ਟਿਕ ਜਾਂਦੀ ਹੈ। ਸੋ ਇਹਦਾ ਫਲ ਬਹੁਤ ਵੱਡਾ ਹੋਇਆ ਕਰਦਾ ਹੈ।

ਦੂਸਰਾ ਜੋ ਨੇਮ ਹੈ, ਉਹਨੂੰ 'ਸੰਤੋਖ' ਕਹਿੰਦੇ ਨੇ। ਸੰਤੋਖ ਦੋ ਪ੍ਰਕਾਰ ਦਾ ਹੋਇਆ ਕਰਦਾ ਹੈ – ਇਕ ਤਾਂ ਇਹ ਹੁੰਦਾ ਹੈ ਕਿ ਹੱਥ ਵਿਚ ਕੁਛ ਨਹੀਂ ਆਉਂਦਾ, ਨਾ ਮਿਹਨਤ ਕਰਦਾ ਹੈ; ਕੁਛ ਵੀ ਨਹੀਂ ਕਰਦਾ ਹੈ ਤੇ ਕਹਿੰਦਾ ਹੈ – ਮੈਂ ਸੰਤੋਖੀ ਹਾਂ।

ਇਹ ਸੰਤੋਖ ਨਹੀਂ ਹੋਇਆ ਕਰਦਾ, ਸਾਧ ਸੰਗਤਿ ਜੀ। ਹੱਥ ਵਿਚ ਤਾਂ ਪਦਾਰਥ ਆਉਂਦਾ ਨਹੀਂ ਤੇ ਆਪਣੇ ਮੂੰਹ ਤੋਂ ਕਹੀ ਜਾਂਦਾ ਹੈ - 'ਮੈਂ ਤਾਂ ਸੰਤੋਖੀ ਹਾਂ' -

***ਹਾਥ ਪਦਾਰਥ ਆਵਤ ਨਾਹੀ॥***
***ਹੌਂ ਸੰਤੋਖੀ ਅਸ ਮੁਖ ਪ੍ਰਾਹੀ॥***
***ਪੰਨਾ - ੧੦੯, (ਸ੍ਰੀ ਗੁ. ਪੁ, ਪ੍ਰ. ਗ੍ਰੰਥ)***

ਆਪੇ ਹੀ ਕਹਿੰਦਾ ਹੈ, ਮੈਂ ਤਾਂ ਸੰਤੋਖੀ ਹਾਂ। ਉਹ ਦਲਿਦ੍ਰੀ ਹੁੰਦਾ ਹੈ, ਸੰਤੋਖੀ ਨਹੀਂ ਹੋਇਆ ਕਰਦਾ। ਇਕ ਉਹ ਹੈ - ਮਿਹਨਤ ਕਰਦਾ ਹੈ, ਮਿਹਨਤ ਕਰਨ ਤੋਂ ਬਾਅਦ 'ਯਥਾ ਲਾਭ ਸੰਤੁਸ਼ਟੇ' ਜੋ ਕੁਛ ਹੱਥ ਵਿਚ ਆ ਗਿਆ, ਉਹਦੇ ਉਤੇ ਸੰਤੁਸ਼ਟ ਰਹਿਣਾ ਕਿ ਮੈਂ ਕੁਤਾਹੀ ਤਾਂ ਕੋਈ ਕਰੀ ਨਹੀਂ ਹੈ, ਜਿੰਨਾਂ ਪ੍ਰਮੇਸ਼ਰ ਨੇ ਮੈਨੂੰ ਬਲ ਦਿਤਾ ਹੈ, ਜਿੰਨੀ ਬੁੱਧੀ ਦਿਤੀ ਹੈ, ਉਹਦੇ ਮੁਤਾਬਿਕ ਮੈਂ ਕੰਮ ਪੂਰਾ ਕਰਦਾ ਹਾਂ। ਠੀਕ ਹੈ, ਜੋ ਮੇਰੇ ਹਿੱਸੇ ਆ ਗਿਆ, ਉਹ ਮੈਨੂੰ ਠੀਕ ਹੈ। ਸੋ -

***ਬਿਨਾ ਸੰਤੋਖ ਨਹੀਂ ਕੋਊ ਰਾਜੈ॥ ਅੰਗ - ੨੭੯***

ਜਿੰਨਾਂ ਚਿਰ ਸੰਤੋਖ ਨਹੀਂ ਆਉਂਦਾ, ਓਨੀ ਦੇਰ ਤਕ ਜਿਹੜਾ ਮਨ ਹੈ ਇਹ ਭਟਕਣਾ ਵਿਚ ਤੁਰਿਆ ਫਿਰਦਾ ਹੈ, ਤ੍ਰਿਸ਼ਨਾ ਦੀ ਅੱਗ ਲੱਗੀ ਹੋਈ ਹੈ। ਮਹਾਰਾਜ ਕਹਿੰਦੇ ਨੇ -

***ਤ੍ਰਿਸਨਾ ਬਿਰਲੇ ਹੀ ਕੀ ਬੁਝੀ ਹੇ॥***
***ਕੋਟਿ ਜੋਰੇ ਲਾਖ ਕ੍ਰੋਰੇ ਮਨੁ ਨ ਹੋਰੇ॥***
***ਪਰੈ ਪਰੈ ਹੀ ਕਉ ਲੁਝੀ ਹੇ॥ ਅੰਗ - ੨੧੩***

ਵਿਰਲਾ ਕੋਈ ਹੈ ਸੰਸਾਰ ਦੇ ਅੰਦਰ ਜਿਸਦੇ ਵਿਚ ਤ੍ਰਿਸ਼ਨਾ ਨਹੀਂ ਹੈ, ਨਹੀਂ ਤਾਂ ਅੱਗੇ ਹੀ ਅੱਗੇ ਤੁਰਿਆ ਜਾਂਦਾ ਹੈ। ਕੋਈ ਰੱਜਦਾ ਨਹੀਂ ਹੈ। ਇਸ ਤਰ੍ਹਾਂ ਫੁਰਮਾਨ ਕਰਦੇ ਨੇ ਮਹਾਰਾਜ -

***ਧਾਰਨਾ - ਰੱਜਦਾ ਨਾ ਕੋਈ ਹੈ,***
***ਬਿਨਾਂ ਸੰਤੋਖ ਪਿਆਰੇ - ੨, ੨.***

'ਬਿਨਾ ਸੰਤੋਖ ਨਹੀਂ ਕੋਊ ਰਾਜੈ॥' ਫੁਰਮਾਨ ਹੈ ਪਾਤਸ਼ਾਹ ਦਾ ਕਿ ਨਹੀਂ ਕੋਈ ਰੱਜਦਾ ਜਦ ਤਕ ਸੰਤੋਖ ਅੰਦਰ ਨਾ ਆਵੇ।

***ਸੁਪਨ ਮਨੋਰਥ ਬ੍ਰਿਥੇ ਸਭ ਕਾਜੈ॥ ਅੰਗ - ੨੭੯***

ਇਕ ਵਾਰੀ ਕੋਈ ਪ੍ਰੇਮੀ ਗਰੀਬੀ ਦਾ ਮਾਰਿਆ ਹੋਇਆ ਸਤਿ ਸੰਗਤ ਵਿਚ ਗਿਆ। ਉਥੋਂ ਪਤਾ ਲੱਗਿਆ ਕਿ -

***ਚਾਰਿ ਪਦਾਰਥ ਜੇ ਕੋ ਮਾਂਗੈ॥***
***ਸਾਧ ਜਨਾ ਕੀ ਸੇਵਾ ਲਾਗੈ॥ ਅੰਗ - ੨੬੬***

ਕੋਈ ਮਹਾਤਮਾ ਸੀ ਨੇੜੇ ਤੇੜੇ, ਕਰਨੀ-ਕਮਾਈ ਵਾਲੇ। ਉਨ੍ਹਾਂ ਦੀ ਸੇਵਾ ਕਰਨ ਲਗ ਪਿਆ - ਫੇਰ ਵੀ ਚੰਗਾ ਸੀ। ਕਈ ਤਾਂ ਪਹਿਲੇ ਦਿਨ ਹੀ ਆ ਕੇ ਕਹਿਣ ਲਗ ਜਾਂਦੇ ਨੇ, ਮਹਾਰਾਜ ਆਹ ਵੀ ਦੇ ਦਉ, ਆਹ ਵੀ ਦੇ ਦਉ, ਆਹ ਵੀ ਦੇ ਦਉ, ਜਿਵੇਂ ਦੁਕਾਨ ਖੁਲ੍ਹੀ ਹੁੰਦੀ ਐ। ਜਾਣਦਾ ਸੀ, ਬਹੁਤ ਦੇਰ ਸੇਵਾ ਕਰਦੇ ਕਰਦੇ ਇਕ ਦਿਨ ਮਹਾਤਮਾ ਨੇ ਪੁਛਿਆ, ਪ੍ਰੇਮੀਆਂ! ਤੂੰ ਵੀ ਬੜੀ ਦੇਰ ਦਾ ਸੇਵਾ ਕਰਦਾ ਹੈਂ, ਕੀ ਮਨੋਰਥ ਲੈ ਕੇ ਸੇਵਾ ਕਰਦਾ ਹੈਂ? ਕੋਈ ਰੂਹਾਨੀ ਮਨੋਰਥ ਹੈ ਜਾਂ ਕੋਈ ਦੁਨਿਆਵੀ ਮਨੋਰਥ ਹੈ? ਕਿਉਂਕਿ ਦੋਇ ਚੀਜ਼ਾਂ ਮਿਲ ਜਾਇਆ ਕਰਦੀਆਂ ਨੇ। ਕਹਿਣ ਲੱਗਿਆ, ਮਹਾਰਾਜ! ਗਰੀਬੀ ਦਾ ਮਾਰਿਆ ਹੋਇਆ ਹਾਂ। ਇਕ ਡੰਗ ਦੀ ਜੇ ਰੋਟੀ ਮਿਲ ਜਾਵੇ, ਦੂਸਰੇ ਦਿਨ ਕੋਈ ਪਤਾ ਨਹੀਂ - ਮਿਲੂ ਕਿ ਨਹੀਂ ਮਿਲੂ। ਆਪਣੀ ਗਰੀਬੀ ਦਾ ਹਾਲ-ਚਾਲ ਦੱਸਿਆ। ਮਹਾਤਮਾ ਦਾ ਚਿਤ ਦ੍ਰਵ ਗਿਆ। ਜਦੋਂ ਚਿਤ ਦ੍ਰਵ ਜਾਵੇ ਫੇਰ ਮਹਾਤਮਾ ਦੇ ਅੰਦਰ ਲਹਿਰ ਉਠਿਆ ਕਰਦੀ ਹੈ - ਕੁਛ ਦੇਣ ਲਈ। ਉਂਝ ਨਹੀਂ ਉਠਿਆ ਕਰਦੀ। ਉਂਝ ਜੇ ਕਹੋ, ਮੈਨੂੰ ਇਹ ਵਰ ਦੇ ਦਿਉ, ਆਹ ਦੇ ਦਿਉ; ਉਹ ਚੁੱਪ ਕਰਕੇ ਕਹੀ ਤਾਂ ਜਾਂਦੇ ਨੇ ਕਿ ਤੂੰ ਕਹਾਈ ਜਾਂਦਾ ਹੈਂ; ਕਹਾਈ ਜਾਹ, ਲੇਕਿਨ ਉਹ ਬਾਤ ਨਹੀਂ ਹੋਇਆ ਕਰਦੀ। ਸੋ ਮਹਾਤਮਾ ਕਹਿਣ ਲੱਗੇ, ਪ੍ਰੇਮੀਆਂ! ਤੇਰੀ ਗਰੀਬੀ ਦਾ ਇਲਾਜ ਤਾਂ ਅਸੀਂ ਦੱਸ ਦਿਆਂਗੇ ਪਰ ਤੇਰੀ ਭੁੱਖ ਨਹੀਂ ਅਸੀਂ ਮਿਟਾ ਸਕਦੇ। ਕਿਉਂਕਿ ਭੁੱਖ ਦਾ ਇਲਾਜ ਹੋਰ ਹੈ; ਉਹ ਚੀਜ਼ ਤੈਂ ਮੰਗੀ ਨਹੀਂ। ਉਹਦਾ ਵੀ ਕੋਈ ਇਲਾਜ ਹੈ? ਮਹਾਰਾਜ ਇਸ ਤਰ੍ਹਾਂ ਫੁਰਮਾਨ ਕਰਦੇ ਨੇ -

***ਧਾਰਨਾ - ਤ੍ਰਿਸ਼ਨਾ ਬੁਝ ਜਾਂਦੀ ਹੈ,***
***ਪ੍ਰਭ ਜੀ ਦਾ ਸਿਮਰਨ ਕਰਕੇ - ੨, ੨.***

***ਪ੍ਰਭ ਕੈ ਸਿਮਰਨਿ ਤ੍ਰਿਸਨਾ ਬੁਝੈ॥ ਅੰਗ - ੨੬੩***

ਕਹਿਣ ਲੱਗੇ, ਤ੍ਰਿਸ਼ਨਾ ਨੂੰ ਬੁਝਾਉਣ ਵਾਲੀ ਗੱਲ ਨਹੀਂ ਤੂੰ ਸਾਥੋਂ ਮੰਗੀ। ਤੇਰੀ ਭੁੱਖ ਦਾ ਇਲਾਜ ਤਾਂ ਕਰ ਦੇਵਾਂਗੇ ਪਰ ਤ੍ਰਿਸ਼ਨਾ ਦਾ ਨਹੀਂ ਹੋਣਾ। ਜਿੰਨੀ ਦੇਰ ਤ੍ਰਿਸ਼ਨਾ ਹੈ, ਓਨੀ ਦੇਰ ਤੱਕ ਰੱਜਿਆ ਹੋਇਆ ਆਦਮੀ ਵੀ ਭੁੱਖਾ ਹੈ -

***ਭੁਖਿਆ ਭੁਖ ਨ ਉਤਰੀ ਜੇ ਬੰਨਾ ਪੁਰੀਆ ਭਾਰ॥***
***ਅੰਗ - ੧***

ਕਿੰਨਾ ਹੀ ਪਦਾਰਥ ਪ੍ਰਾਪਤ ਹੋ ਜਾਵੇ ਲੇਕਿਨ ਮਨ ਦੀ ਭੁੱਖ ਨਹੀਂ ਉਤਰਿਆ ਕਰਦੀ। ਜਿੰਨੀ ਦੇਰ ਮਨ ਭੁੱਖਾ ਹੈ, ਓਨਾਂ ਚਿਰ ਪਰਮੇਸ਼ਰ ਦੇ ਵਿਚ ਮਨ ਨਹੀਂ ਲੱਗਿਆ ਕਰਦਾ ਕਿਉਂਕਿ ਤ੍ਰਿਸ਼ਨਾ ਦੀਆ ਉਡਾਰੀਆਂ ਮਾਰਦਾ ਰਹੇਗਾ। ਬੈਠੇਗਾ ਨਾਮ ਜਪਣ ਵਾਸਤੇ, ਉਡਾਰੀਆਂ ਤ੍ਰਿਸ਼ਨਾਂ ਦੇ ਜਹਾਜ਼ ਤੇ ਬੈਠ ਕੇ ਮਾਰੇਗਾ। ਸੋ ਬਿਰਤੀ ਨਹੀਂ ਲੱਗਿਆ ਕਰਦੀ। ਸੰਤੋਖੀ ਹੋਰ ਹੈ, ਉਹਦਾ ਦਰਜਾ ਬਹੁਤ ਵੱਡਾ ਹੋਇਆ ਕਰਦਾ ਹੈ।

ਇਕ ਰਿਸ਼ੀ ਸੀ ਜਿਸਦਾ ਨਾਮ ਚਾਣਿਕ ਸੀ, ਆਪ ਦਾ ਬਹੁਤ ਸੰਤੋਖੀ ਪਰਿਵਾਰ ਸੀ, ਬੰਦਗੀ ਕਰਿਆ ਕਰਦੇ ਸੀ। ਇਕ ਲੜਕਾ, ਇਕ ਲੜਕੀ ਸੀ, ਘਰਵਾਲੀ ਤੇ ਇਕ ਆਪ। ਕੋਈ ਦੁਰਭਿਖ ਪੈ ਗਿਆ, ਕਾਲ ਪੈ ਗਿਆ। ਸੱਤ ਦਿਨ ਹੋ ਗਏ ਭੁੱਖੇ ਬੈਠੇ ਨੇ, ਕੋਈ ਚੀਜ਼ ਨਹੀਂ ਹੈ। ਅਖੀਰ ਇਨ੍ਹਾਂ ਨੇ ਦਾਣਾ ਦਾਣਾ ਚੁਗਣਾ ਸ਼ੁਰੂ ਕਰਿਆ। ਕੁਛ ਭੱਖੜਾ ਚੁਗਿਆ, ਕਈ ਹੋਰ ਚੀਜ਼ਾਂ ਨਾਲ ਰਲਾਈਆਂ, ਪ੍ਰਸ਼ਾਦਾ ਤਿਆਰ ਕਰ ਲਿਆ - ਚਾਰ ਪਰਸ਼ਾਦੇ। ਜਦ ਖਾਂਣ ਲੱਗੇ, ਉਸੇ ਵੇਲੇ ਇਕ ਅਤਿਥੀ ਆ ਗਿਆ। ਕਹਿਣ ਲੱਗਿਆ, ਮਹਾਰਾਜ! ਮੈਂ ਬੜਾ ਭੁੱਖਾ ਹਾਂ, ਮੇਰੀ ਭੁੱਖ ਨਵਿਰਤ ਕਰੋ। ਤਾਂ ਰਿਸ਼ੀ ਨੇ ਆਪਣਾ ਪਰਸ਼ਾਦਾ ਉਹਨੂੰ ਦੇ ਦਿੱਤਾ। ਤਾਂ ਉਹ ਕਹਿਣ ਲੱਗਿਆ, ਦੇਖੋ ਮੈਂ ਰੱਜਿਆ ਨਹੀਂ ਹਾਂ ਤੇ ਪਰਸ਼ਾਦੇ ਵਾਸਤੇ ਕਹਿ ਕੇ ਫੇਰ ਭੁੱਖਾ ਹਾਂ ਤਾਂ ਘਰਵਾਲੀ ਕਹਿਣ ਲੱਗੀ, ਮੇਰਾ ਹਿੱਸਾ ਦੇ ਦਿਉ। ਉਹ ਵੀ ਖਾ ਗਿਆ। ਐਨੇ ਨੂੰ ਲੜਕੇ ਨੇ

ਆਪਣਾ ਹਿੱਸਾ ਦੇ ਦਿਤਾ, ਲੜਕੀ ਨੇ ਵੀ ਦੇ ਦਿੱਤਾ, ਖਾ ਕੇ ਤੁਰ ਗਿਆ। ਦੂਸਰਾ ਦਿਨ ਹੋਇਆ, ਫੇਰ ਪ੍ਰਸ਼ਾਦਾ ਤਿਆਰ ਕਰਿਆ। ਐਨ੍ਹ ਸਮੇਂ ਸਿਰ, ਜਦੋਂ ਪ੍ਰਸ਼ਾਦਾ ਚੁੱਕ ਕੇ ਮੂੰਹ ਵਿਚ ਪਾਉਣ ਲੱਗੇ, ਉਸੇ ਵੇਲੇ ਫੇਰ ਆ ਗਿਆ। ਯਾਨੀ ਤਿੰਨ ਦਿਨ ਇਸੇ ਤਰ੍ਹਾਂ ਕਰਦਾ ਰਿਹਾ, ਨਾਲੇ ਇਹ ਦੇਖਦਾ ਰਿਹਾ ਕਿ ਇਨ੍ਹਾਂ ਦੇ ਮਨ ਵਿਚ ਕੋਈ ਤਰਕ ਤਾਂ ਨਹੀਂ ਆ ਰਹੀ; ਖੁਸ਼ੀ-ਖੁਸ਼ੀ ਦੇ ਰਹੇ ਨੇ ਕਿ ਖਿਝ ਕੇ ਦੇ ਰਹੇ ਨੇ। ਜਦ ਉਹਨੇ ਦੇਖਿਆਂ ਕਿ ਇਹ ਤਾਂ ਖੁਸ਼ੀ-ਖੁਸ਼ੀ ਦੇ ਰਹੇ ਨੇ ਕਿ ਖਿਝ ਕੇ ਦੇ ਰਹੇ ਨੇ। ਤਾਂ ਉਸੇ ਵੇਲੇ ਦਰਸ਼ਨ ਦੇ ਦਿਤੇ ਭਗਵਾਨ ਨੇ। ਕਹਿੰਦੇ, ਤੇਰਾ ਸੰਤੋਖ ਪਰਖਿਆ ਹੈ, ਸੰਤੋਖ ਵਿਚ ਤੂੰ ਪੂਰਾ ਹੈਂ। ਸੰਤੋਖ ਬਹੁਤ ਉੱਚੀ ਚੀਜ਼ ਹੈ। ਸੋ ਇਸ ਤਰ੍ਹਾਂ ਨਾਲ ਫੁਰਮਾਨ ਕਰਦੇ ਹਨ ਕਿ ਸੰਤੋਖ ਜਿੰਨਾਂ ਚਿਰ ਮਨ ਵਿਚ ਨਹੀਂ ਆਉਂਦਾ, ਓਨੀ ਦੇਰ ਤਕ ਭਜਨ ਬੰਦਗੀ ਨਹੀਂ ਹੋਇਆ ਕਰਦੀ। ਇਹ ਹੋਇਆ ਕਰਦਾ ਹੈ ਕਿ ਪਹਿਲਾਂ ਤਾਂ ਹੱਥ ਵਿਚ ਨਹੀਂ ਕੁਝ ਆਉਂਦਾ, ਉਂਜ ਹੀ ਸੰਤੋਖੀ ਕਹਾਉਂਦਾ ਹੈ, ਉਹ ਨਹੀਂ ਹੋਇਆ ਕਰਦਾ -

***ਤਿਸ ਤੈ ਰਿਦੈ ਹਰਖ ਨਹਿਂ ਹੋਇ॥***
***ਨਿਜ ਕੀਰਤ ਕੋ ਚਾਹਤ ਸੋਇ॥***
***ਪੰਨਾ - ੧●੯ (ਸ੍ਰੀ ਗੁ. ਪੁ. ਪ੍ਰ. ਗ੍ਰੰਥ***

ਉਹ ਕਹਿ ਤਾਂ ਦਿੰਦਾ ਹੈ ਤੇ ਦਿਲ ਵਿਚ ਕੀਰਤੀ ਚਾਹੁੰਦਾ ਹੈ ਪਰ ਦਿਲ ਵਿਚ ਖੁਸ਼ੀ ਨਹੀਂ ਉਹਦੇ ਪ੍ਰਾਪਤ ਹੋਈ।

***ਦੂਜੈ ਯਥਾ ਲਾਭ ਸੰਤੋਖ॥***
***ਧਾਰਤ ਹੈ ਯੋਗੀ ਬਿਨ ਦੋਖ॥***
***ਪੰਨਾ - ੧●੯ (ਸ੍ਰੀ ਗੁ. ਪੁ. ਪ੍ਰ. ਗ੍ਰੰਥ)***

ਦੂਜਾ ਇਹ ਹੁੰਦਾ ਹੈ ਕਿ ਜੋ ਕੁਛ ਮਿਲ ਗਿਆ - ਪ੍ਰਾਲਬਧ ਅਨੁਸਾਰ, ਉਹਦੇ ਉਤੇ ਸੰਤੁਸ਼ਟ ਰਹਿਣਾ -

***ਵਸਤ ਨ ਪ੍ਰਾਪਤ ਤੌਂ ਹਰਖਾਈ॥***
***ਪੰਨਾ - ੧●੯ (ਸ੍ਰੀ ਗੁ. ਪੁ. ਪ੍ਰ. ਗ੍ਰੰਥ)***

ਜੇ ਨਹੀਂ ਮਿਲਿਆ ਤਾਂ ਵੀ ਖੁਸ਼, ਮਿਲ ਗਈ ਤਾਂ ਵੀ ਖੁਸ਼।

***ਜੇ ਪ੍ਰਾਪਤ ਹ੍ਵੈ ਤਉ ਸੁਖ ਪਾਈ॥***
***ਪੰਨਾ - ੧●੯ (ਸ੍ਰੀ ਗੁ. ਪੁ. ਪ੍ਰ. ਗ੍ਰੰਥ)***

ਸੋ ਮਹਾਤਮਾ ਕਹਿਣ ਲੱਗੇ, ਪ੍ਰੇਮੀਆਂ! ਤੈਂ ਪਦਾਰਥ ਤਾਂ ਮੰਗ ਲਏ ਪਰ ਤੇਰੇ ਮਨ ਦੀ ਭੁੱਖ ਦਾ ਇਲਾਜ ਜਿਹੜਾ ਹੈ, ਉਹ ਤੈਂ ਸਾਥੋਂ ਮੰਗਿਆ ਨਹੀਂ। ਉਹ ਸੰਤੋਖ ਹੋਇਆ ਕਰਦਾ ਹੈ, ਸੰਤੋਖ ਤੇ ਨਾਮ ਦੋਹਾਂ ਦਾ ਸਬੰਧ ਹੈ। ਚਾਰ ਬੱਤੀਆਂ ਦੇ ਦਿਤੀਆਂ ਮਹਾਤਮਾ ਨੇ। ਕਹਿੰਦੇ, ਆਹ ਪਹਿਲੀ ਬੱਤੀ ਜਗਾ ਕੇ ਅੱਧੀ ਰਾਤੀਂ ਚਲਿਆ ਜਾਈਂ, ਜਿਥੇ ਬੁਝ ਜਾਊ, ਉਥੋਂ ਧਰਤੀ ਪੁੱਟ ਲਈ, ਉਥੇ ਖਜ਼ਾਨਾ ਹੋਊਗਾ। ਉਹ ਤੈਥੋਂ ਮੁੱਕਣਾ ਨਹੀਂ ਉਮਰ ਭਰ। ਜੇ ਭਲਾ ਮੁਕ ਗਿਆ ਤਾਂ ਦੋ ਨੰਬਰ ਦੀ ਬੱਤੀ ਜਗਾ ਲਈ, ਉਤਰ ਵਲ ਨੂੰ ਚਲਾ ਜਈਂ। ਜੇ ਇਹ ਖਤਮ ਹੋ ਗਿਆ ਤਾਂ ਫੇਰ ਭਾਈ ਤੂੰ ਆਪਣੇ ਭਾਗਾਂ ਤੇ ਸ਼ਾਕਿਰ ਰਹੀਂ; ਇਹ ਚੌਥੀ ਬੱਤੀ ਨਾ ਜਗਾਈਂ। ਜੇ ਇਹ ਜਗਾਈ, ਇਹ ਕਰੂਰ ਦਿਸ਼ਾ ਹੈ ਦੱਖਣ ਵਾਲੀ - ਓਧਰ ਨਾ ਜਾਈਂ। ਘਰ ਆ ਗਿਆ, ਬੜਾ ਖੁਸ਼ ਹੈ।

ਜਦ ਅੱਧੀ ਰਾਤ ਹੋਈ, ਉਸੇ ਵੇਲੇ ਬੱਤੀ ਜਗਾਈ ਤੇ ਤੁਰ ਪਿਆ। ਕੁਛ ਦੂਰ ਜਾ ਕੇ ਜਿਥੇ ਬੁਝ ਗਈ, ਓਥੋਂ ਪੁੱਟਿਆ ਤਾਂ ਤਾਂਬੇ ਦੇ ਪੈਸਿਆਂ ਦਾ ਖਜ਼ਾਨਾ ਨਿਕਲ ਆਇਆ। ਬੜਾ ਖੁਸ਼ ਹੋਇਆ ਪਿਆ ਹੈ। ਅੱਧੇ ਦਿਨ ਤੱਕ ਖੁਸ਼ ਰਿਹਾ। ਜਦ ਅੱਧੇ ਦਿਨ ਤੋਂ ਬਾਅਦ ਹੋਇਆ, ਕਹਿਣ ਲੱਗਿਆ, ਚਲੋ ਦੋ ਨੰਬਰ ਦੀ ਦੇਖ ਲੈਂਦੇ ਹਾਂ, ਕੀ ਹਰਜ਼ ਹੈ। ਅੱਧੀ ਰਾਤ ਨੂੰ ਫੇਰ ਦੂਜੀ ਬੱਤੀ ਜਗਾ ਕੇ ਚਲਿਆ ਗਿਆ ਤੇ ਜਦੋਂ ਉਤਰ ਦਿਸ਼ਾ ਨੂੰ ਗਿਆ - ਪਹਾੜ ਦਿਸ਼ਾ ਨੂੰ ਉਥੇ ਇਕ ਥਾਂ ਜਿਥੇ ਬੁਝ ਗਈ, ਉਥੋਂ ਪੁੱਟਿਆ ਤਾਂ ਚਾਂਦੀ ਦਾ ਖਜ਼ਾਨਾ ਨਿਕਲ ਆਇਆ - ਬੜਾ ਖੁਸ਼ ਹੋਇਆ। ਕਹਿੰਦਾ, ਲੈ ਐਵੇਂ ਤਾਂਬੇ ਨਾਲ ਮੱਥਾ ਮਾਰਨਾ ਸੀ, ਇਹ ਚਾਂਦੀ ਕਿੰਨੀ ਵਧੀਆ ਹੈ। ਇਹ ਹੀ ਆਪਾਂ ਵਰਤਾਂਗੇ, ਤਾਂਬਾ ਕੀ ਕਰਨਾ ਹੈ। ਬੜਾ ਖੁਸ਼ ਰਿਹਾ ਅੱਧੇ ਦਿਨ ਤਾਈਂ। ਅਗਲੇ ਦਿਨ ਫੇਰ ਮਨ ਵਿਚ ਆਇਆ ਕਿ ਅਗਲਾ ਪਾਸਾ ਵੀ ਦੇਖ ਲਈਏ, ਕਮ-ਸ-ਕਮ ਪਤਾ ਤਾਂ ਲਗ ਜਾਊ ਕਿ ਕਿਸ ਤਰ੍ਹਾਂ ਹੈ। ਫੇਰ ਚੰਗਾ-ਚੰਗਾ ਮਾਲ ਪਹਿਲਾਂ ਖਾ ਲਵਾਂਗੇ, ਮਾੜਾ ਪਿਛੋਂ ਸਹੀ। ਸੋ ਓਧਰ ਗਿਆ। ਜਦੋਂ ਪੱਛਮ ਦਿਸ਼ਾ ਵੱਲ ਜਾ ਕੇ ਬੱਤੀ ਬੁਝੀ, ਪੁੱਟਿਆ ਤਾਂ ਕੀ ਦੇਖਦਾ ਹੈ ਕਿ ਸੋਨੇ ਦੀਆਂ ਮੋਹਰਾਂ ਦਾ ਖਜ਼ਾਨਾ ਨਿਕਲ ਆਇਆ। ਕਹਿੰਦਾ, ਲਓ, ਸੰਤਾਂ ਨੇ ਮੈਨੂੰ ਲੰਬੇ ਚੱਕਰ ਵਿਚ ਪਾ ਦਿਤਾ ਕਿ ਪਹਿਲਾਂ ਤੂੰ ਤਾਂਬੇ ਨੂੰ ਮੁਕਾ, ਫੇਰ ਚਾਂਦੀ ਨੂੰ, ਫੇਰ ਮੋਹਰਾਂ ਨੂੰ। ਮੋਹਰਾਂ ਹੀ ਕਿਉਂ ਨਾ ਇਕੱਠੀਆਂ ਕਰਾਂ। ਲੈ ਕੇ ਜਾਇਆ ਕਰੂੰ। ਮਿੱਟੀ ਪਾ ਦਿਤੀ ਤੇ ਘਰ ਆ ਗਿਆ। ਨਾਲੇ ਸੋਚੀਂ ਜਾਂਦਾ ਹੈ ਕਿ ਉਨ੍ਹਾਂ ਨੇ ਕਿਹਾ ਸੀ ਕਿ ਚੌਥੇ ਪਾਸੇ ਨਾ ਜਾਈਂ, ਭੁੱਲ ਕੇ ਵੀ ਨਾ ਜਾਈਂ। ਮਨ ਦੇ ਵਿਚ ਖਿਆਲ ਆਉਣ ਲਗ ਗਏ ਕਿ ਓਧਰ ਹੀਰੇ ਹੋਣੇ ਨੇ, ਲਾਲ ਹੋਣੇ ਨੇ। ਕਿਸੇ ਹੋਰ ਨੂੰ ਸੰਤਾਂ ਨੇ ਦੇਣੇ ਹੋਣੇ ਨੇ, ਕਿਉਂ ਨਾ ਮੈਂ ਹੀ ਲੈ ਲਵਾਂ।

ਸੋ ਅੱਧੀ ਰਾਤ ਤੋਂ ਬਾਅਦ ਦੱਖਣ ਨੂੰ ਗਿਆ। ਬੱਤੀ ਬੁਝਣ ਤੇ ਓਥੋਂ ਪੁੱਟਿਆ ਤਾਂ ਇਕ ਦਰਵਾਜ਼ਾ ਆ ਗਿਆ। ਦਰਵਾਜ਼ੇ ਵਿਚ ਵੜ ਗਿਆ, ਅੱਗੇ ਹੀ ਅੱਗੇ ਤੁਰੀ ਜਾਂਦਾ ਹੈ। ਅੱਗੇ ਜਾ ਕੇ ਕੀ ਦੇਖਦਾ ਹੈ ਕਿ ਇਕ ਕੋਈ ਬੰਦਾ ਬੈਠਾ ਹੈ, ਉਹ ਚੱਕੀ ਚਲਾ ਰਿਹਾ ਹੈ ਤੇ ਇਕ ਚੱਕਰ ਆ ਕੇ ਇਹਦੇ ਮੱਥੇ ਦੇ ਦੁਆਲੇ ਘੁੰਮਣ ਲਗ ਗਿਆ। ਇਹਨੇ ਦੁਹਾਈ ਮਚਾਉਣੀ ਸ਼ੁਰੂ ਕਰ ਦਿਤੀ, ਕਹਿੰਦਾ, ਇਹ ਜਿਹੜਾ ਚੱਕਰ ਹੈ, ਇਹ ਤਾਂ ਮੈਨੂੰ ਮਾਰ ਦਊ, ਮੈਂ ਕਿਵੇਂ ਬਚ ਸਕਦਾ ਹਾਂ? ਉਹ ਕਹਿੰਦਾ, ਪ੍ਰੇਮੀਆਂ! ਇਹ ਚੱਕੀ ਦੇ ਹੱਥੇ ਨੂੰ ਹੱਥ ਪਾ ਲੈ ਛੇਤੀ ਦੇ ਕੇ - ਜੇ ਬਚਣਾ ਹੈ। ਇਹਨੇ ਜਾ ਕੇ ਚੱਕੀ ਦੇ ਹੱਥੇ ਨੂੰ ਹੱਥ ਪਾ ਲਿਆ। ਇਹਦਾ ਹੱਥ ਜੁੜ ਗਿਆ, ਉਹਦਾ ਹੱਥ ਛੁਟ ਗਿਆ। ਕਹਿਣ ਲੱਗਿਆ, ਹੁਣ ਕੀ? ਕਹਿੰਦਾ, ਹੁਣ ਤੂੰ ਚੱਕੀ ਪੀਹ, ਜਿਵੇਂ ਮੈਂ ਪੀਂਦਾ ਸੀ। ਕੋਈ ਤੇਰੇ ਨਾਲੋਂ ਵੱਧ ਤ੍ਰਿਸ਼ਨਾਲੂ ਆਏਗਾ ਏਥੇ, ਉਹ ਤੇਰਾ ਪਿੱਛਾ ਛੁਡਾਊ। ਸੋ ਇਸ ਤਰ੍ਹਾਂ ਤ੍ਰਿਸ਼ਨਾ ਜਿਹੜੀ ਹੈ, ਇਹ ਆਦਮੀ ਨੂੰ ਜੰਮਣ ਮਰਨ ਵਿਚ ਲਿਆਉਂਦੀ ਹੈ।

ਗੁਰੂ ਨੌਵੇਂ ਪਾਤਸ਼ਾਹ ਨੂੰ ਪੁੱਛਿਆ, ਪਾਤਸ਼ਾਹ! ਉਪਦੇਸ਼ ਐਨਾ ਸੁਣਦੇ ਹਾਂ - ਆਪਦਾ, ਸਤਿਸੰਗ ਵੀ ਕਰਦੇ ਹਾਂ, ਸੇਵਾ ਵੀ ਕਰਦੇ ਹਾਂ, ਫੇਰ ਕੀ ਵਜਾਹ ਹੈ, ਭਜਨ ਵੱਲ ਚਿਤ ਕਿਉਂ ਨਹੀਂ ਲਗਦਾ। ਕ੍ਰਿਪਾ ਕਰਕੇ ਸਾਨੂੰ ਇਹ ਦੱਸੋ ਕਿ ਉਹ ਕਿਹੜਾ ਦੋਖ ਹੈ ਜਿਹਦੇ ਕਰਕੇ ਭਜਨ ਵੱਲ ਚਿੱਤ ਨਹੀਂ ਲਗਦਾ?

ਗੁਰੂ ਮਹਾਰਾਜ ਕਹਿੰਦੇ, ਦੇਖੋ, ਇਹ ਆਦਮੀ ਤ੍ਰਿਸ਼ਨਾ ਦਾ ਮੋਹਿਆ ਹੋਇਆ ਹੈ -

***ਏਹ ਤਿਸਨਾ ਵਡਾ ਰੋਗੁ ਲਗਾ***
***ਮਰਣੁ ਮਨਹੁ ਵਿਸਾਰਿਆ॥ ਅੰਗ - ੯੧੯***

ਇਹ ਰੋਗ ਲਗ ਗਿਆ ਜਿਵੇਂ ਟੀ.ਬੀ. ਲਗ ਜਾਂਦੀ ਹੈ। ਇਹ ਤ੍ਰਿਸ਼ਨਾ ਦਾ ਰੋਗ ਲੱਗਿਆ ਹੋਇਆ ਹੈ ਤੇ ਇਹਨੇ ਮਰਨਾ ਮਨ ਤੋਂ ਭੁਲਾ ਦਿੱਤਾ ਹੈ। ਮਰਨਾ ਭੁੱਲਿਆ, ਤਾਂ ਪ੍ਰਮੇਸ਼ਰ ਫੇਰ ਯਾਦ ਨਹੀਂ ਰਹਿੰਦਾ। ਇਸ ਤਰ੍ਹਾਂ ਫੁਰਮਾਨ ਕਰਦੇ ਨੇ -

***ਧਾਰਨਾ - ਨਹੀਓਂ ਮਰਨ ਪਛਾਣਦਾ,***
***ਝੂਠੇ ਲਾਲਚ ਲਗ ਕੇ ਬੰਦਾ - ੨, ੨.***

***ਚੇਤਨਾ ਹੈ ਤਉ ਚੇਤ ਲੈ***
***ਨਿਸਿ ਦਿਨਿ ਮੈ ਪ੍ਰਾਨੀ ॥***
***ਛਿਨੁ ਛਿਨੁ ਅਉਧ ਬਿਹਾਤੁ ਹੈ***
***ਫੂਟੈ ਘਟ ਜਿਉ ਪਾਨੀ ॥ ੧ ॥ ਰਹਾਉ ॥***
***ਹਰਿ ਗੁਨ ਕਾਹਿ ਨ ਗਾਵਹੀ***
***ਮੂਰਖ ਅਗਿਆਨਾ ॥***
***ਝੂਠੈ ਲਾਲਚਿ ਲਾਗਿ ਕੈ ਨਹਿ ਮਰਨੁ ਪਛਾਨਾ ॥***
***੧ ॥ ਅਜਹੂ ਕਛੁ ਬਿਗਰਿਓ ਨਹੀ ਜੋ ਪ੍ਰਭ ਗੁਨ***
***ਗਾਵੈ ॥ ਕਹੁ ਨਾਨਕ ਤਿਹ ਭਜਨ***
***ਤੇ ਨਿਰਭੈ ਪਦੁ ਪਾਵੈ ॥***

***ਅੰਗ - ੭੨੬***

ਮਹਾਰਾਜ ਕਹਿੰਦੇ, ਸਾਧ ਸੰਗਤਿ! ਇਹ ਝੂਠੇ ਲਾਲਚ ਵਿਚ ਲਗ ਗਿਆ। ਇਕ ਸੱਚਾ ਲਾਲਚ ਹੁੰਦਾ ਹੈ, ਇੱਕ ਝੂਠਾ ਲਾਲਚ ਹੁੰਦਾ ਹੈ। ਝੂਠਾ ਲਾਲਚ ਉਹ ਹੁੰਦਾ ਹੈ ਜਿਹੜੀਆਂ ਚੀਜ਼ਾਂ ਛੱਡ ਜਾਣੀਆਂ ਨੇ। ਸੱਚਾ ਲਾਲਚ ਉਹ ਹੁੰਦਾ ਹੈ ਜਿਹੜੀਆਂ ਚੀਜ਼ਾਂ ਸਾਡੇ ਸਰੀਰ ਛੱਡਣ ਤੋਂ ਬਾਅਦ ਸਾਡੇ ਨਾਲ ਜਾਣ। ਸੋ ਮਹਾਰਾਜ ਕਹਿੰਦੇ, ਝੂਠੇ ਲਾਲਚ ਵਿਚ ਲਗ ਕੇ ਮਰਨਾ ਨਹੀਂ ਪਛਾਣਦਾ, ਮਰਨਾ ਭੁੱਲਿਆ ਹੋਇਆ ਹੈ ਤੇ ਇਹਨੂੰ ਪਤਾ ਨਹੀਂ ਹੈ ਕਿ ***'ਚੇਤਨਾ ਹੈ ਤਉ ਚੇਤ ਲੈ ਨਿਸਿ ਦਿਨਿ ਮੈ ਪ੍ਰਾਨੀ॥ ਛਿਨੁ ਛਿਨੁ ਅਉਧ ਬਿਹਾਤੁ ਹੈ ਫੂਟੈ ਘਟ ਜਿਉ ਪਾਨੀ॥ ਹਰਿ ਗੁਨ ਕਾਹਿ ਨ ਗਾਵਹੀ ਮੂਰਖ ਅਗਿਆਨਾ ॥'*** ਮਹਾਰਾਜ ਕਹਿੰਦੇ ਹਨ ਕਿ ਤੂੰ ਮੂਰਖ ਹੈਂ, ਅਗਿਆਨੀ ਹੈ। ਕਹਿੰਦਾ, ਜੀ ਮੈਂ ਤਾਂ ਪੜ੍ਹਿਆ ਹੋਇਆ ਹਾਂ, ਯੂਨੀਵਰਸਿਟੀ ਨੇ ਮੈਨੂੰ ਡਿਗਰੀ ਦਿਤੀ ਹੋਈ ਹੈ - ਪੀ.ਐਚ.ਡੀ ਦੀ। ਮਹਾਰਾਜ ਕਹਿੰਦੇ ਫੇਰ ਤੇਰੀ ਪੜ੍ਹਾਈ, ਪੜ੍ਹਾਈ ਹੀ ਹੈ। ਕਿਤਾਬੀ ਕੀੜਾ ਹੈਂ, ਇਹ ਪੜ੍ਹਾਈ, ਪੜ੍ਹਾਈ ਨਹੀਂ ਹੈ -

***ਨਾਨਕ ਸੋ ਪੜਿਆ ਸੋ ਪੰਡਿਤੁ ਬੀਨਾ***
***ਜਿਸੁ ਰਾਮੁ ਨਾਮੁ ਗਲਿ ਹਾਰੁ॥ ਅੰਗ - ੯੩੮***

ਇਹ ਪੜ੍ਹਾਈ ਨਹੀਂ ਹੈ ਜਿਹੜੀ ਤੈਨੂੰ ਜਮਦੂਤਾਂ ਤੋਂ ਨਹੀਂ ਛੁਡਾ ਸਕਦੀ। ਰੋਟੀ ਵਾਸਤੇ ਪੜ੍ਹਨਾ ਹੈ? ਰੋਟੀ ਤਾਂ ਤੇਰੀ ਪ੍ਰਾਲਬਧ ਦੇ ਨਾਲ ਪ੍ਰਮੇਸ਼ਰ ਨੇ ਲਿਖ ਕੇ ਭੇਜੀ ਹੋਈ ਹੈ -

***ਕਾਹੇ ਰੇ ਮਨ ਚਿਤਵਹਿ ਉਦਮੁ***
***ਜਾ ਆਹਰਿ ਹਰਿ ਜੀਉ ਪਰਿਆ ॥***
***ਸੈਲ ਪਥਰ ਮਹਿ ਜੰਤ ਉਪਾਏ***
***ਤਾ ਕਾ ਰਿਜਕੁ ਆਗੈ ਕਰਿ ਧਰਿਆ ॥***

***ਅੰਗ - ੧੦***

***ਨਾ ਕਰਿ ਚਿੰਤ ਚਿੰਤਾ ਹੈ ਕਰਤੇ॥ ਅੰਗ-੧੦੭੦***

ਉਹ ਤਾਂ ਵਾਹਿਗੁਰੂ ਨੂੰ ਹੈ -

***ਨਕਿ ਨਥ ਖਸਮ ਹਥ ਕਿਰਤੁ ਧਕੇ ਦੇ॥***
***ਜਹਾ ਦਾਣੇ ਤਹਾਂ ਖਾਣੇ ਨਾਨਕਾ ਸਚ ਹੇ॥***

***ਅੰਗ - ੬੫੩***

ਉਹ ਤਾਂ ਤੇਰੀ ਪ੍ਰਾਲਬਧ ਨੇ ਤੈਥੋਂ ਕਰਾ ਹੀ ਲੈਣਾ ਹੈ - ਜਿਹੜਾ ਕੁਝ ਕਰਾਉਣਾ ਹੈ। ਸੋ ਪੜ੍ਹਾਈ ਤਾਂ ਅਸਲੀ ਉਹ ਹੈ ਜਿਹੜੀ ਤੈਨੂੰ ਕਾਮ ਤੋਂ, ਕ੍ਰੋਧ ਤੋਂ, ਲੋਭ ਤੋਂ, ਮੋਹ ਤੋਂ, ਹੰਕਾਰ ਤੋਂ, ਈਰਖਾ, ਨਿੰਦਿਆ, ਚੁਗਲੀ, ਬਖੀਲੀ ਤੋਂ ਬਰੀ ਕਰਕੇ ਤੇਰੇ ਮਨ ਦੇ ਅੰਦਰ ਸ਼ਾਂਤੀ ਪੈਦਾ ਕਰ ਦੇਵੇ। ਜੇ ਇਹ ਪੜ੍ਹਾਈ ਨਹੀਂ ਹੈ ਤਾਂ ਭਾਈ, ਰੂਹਾਨੀ ਯੂਨੀਵਰਸਿਟੀ ਦੇ ਅੰਦਰ ਡਿਗਰੀ ਮਿਲਦੀ ਹੈ - ਮੂਰਖ ਦੀ -

***ਪੜਿਆ ਮੂਰਖੁ ਆਖੀਐ***
***ਜਿਸੁ ਲਬੁ ਲੋਭੁ ਅਹੰਕਾਰਾ॥ ਅੰਗ - ੧੪੦***

ਜਿਸਨੇ ਲਬ, ਲੋਭ ਤੇ ਹੰਕਾਰ ਤੋਂ ਮੁਕਤੀ ਨਹੀਂ ਪਾਈ, ਉਹ ਕਹਿੰਦੇ, ਪੜ੍ਹਿਆ ਹੋਇਆ ਮੂਰਖ ਹੈ, ਮੂਰਖਾਂ ਦੀ ਡਿਗਰੀ ਮਿਲਦੀ ਹੈ।

ਸੋ ਇਸ ਤਰ੍ਹਾਂ ਮਹਾਰਾਜ ਕਹਿੰਦੇ, ਤੂੰ ਮੂਰਖ ਤੇ ਅਗਿਆਨੀ ਹੈਂ, ਐਨਾ ਮੂਰਖ ਤੇ ਅਗਿਆਨੀ, ਜੋ ਹੁਣ ਨਹੀਂ ਸਿਮਰਦਾ - 'ਝੂਠੈ ਲਾਲਚਿ ਲਾਗਿ ਕੈ ਨਹਿ ਮਰਨੁ ਪਛਾਨਾ॥' ਕਹਿੰਦੇ, ਤ੍ਰਿਸ਼ਨਾ ਦਾ ਬੰਨ੍ਹਿਆ ਹੋਇਆ, ਲਾਲਚ ਵਿਚ ਪੈ ਗਿਆ ਤੇ ਹੁਣ ਇਹ ਮਰਨਾ ਨਹੀਂ ਪਛਾਣਦਾ। ਜਦੋਂ ਆਦਮੀ ਲਾਲਚ ਵਿਚ ਪੈ ਜਾਂਦਾ ਹੈ, ਬੜੇ ਗਲਤ ਕੰਮ ਕਰਦਾ ਹੈ। ਜਿੰਨੇ ਦੁਨੀਆਂ ਦੇ ਅੰਦਰ ਖੂਨ ਹੋ ਰਹੇ ਨੇ, ਖੋਹ-ਖਿੰਜ ਹੋ ਰਹੀ ਹੈ, ਸਾਰਾ ਕੁਝ ਲੋਭ ਦੇ ਅੰਦਰ ਚਲ ਰਿਹਾ ਹੈ ਤੇ ਨਤੀਜਾ ਕੀ ਹੁੰਦਾ ਹੈ - ਕੋਈ ਮਾਰਿਆ ਜਾ ਰਿਹਾ ਹੈ, ਕੋਈ ਕੁਝ ਹੋ ਰਿਹਾ ਹੈ, ਕੋਈ ਕੁਝ ਹੋ ਰਿਹਾ ਹੈ।

ਇਕ ਵਾਰੀ ਕਬੀਰ ਸਹਿਬ ਦੇ ਪਾਸ ਬਹੁਤ ਸਾਰੇ ਮਹਾਤਮਾ ਬੈਠੇ ਨੇ। ਉਥੇ ਉਨ੍ਹਾਂ ਨੇ ਇਕ ਕੌਤਕ ਦੇਖਿਆ ਮਾਇਆ ਦਾ ਤੇ ਕਹਿਣ ਲੱਗੇ, ਭਗਤ ਜੀ! ਇਹ ਬੀਬੀ ਤੁਹਾਡੇ ਕੋਲ ਆਈ ਐ, ਬੜੇ ਸੁਹਣੇ ਕਪੜੇ ਪਾਏ ਹੋਏ ਨੇ ਤੇ ਇਹ ਤੁਹਾਨੂੰ ਨਮਸਕਾਰ ਕਰਨਾ ਚਾਹੁੰਦੀ ਸੀ, ਤੁਸੀਂ ਇਹਨੂੰ ਦੂਰੋਂ ਹੀ ਦਬਕਾ ਮਾਰ ਦਿਤਾ। ਔਹ ਬੀਬੀ ਆਈ ਐ, ਉਹਦੇ ਪਾਟੇ ਹੋਏ ਕਪੜੇ ਨੇ, ਗਰੀਬਣੀ ਹੈ ਤੇ ਤੁਸੀਂ ਉਹਨੂੰ ਬੜੇ ਪਿਆਰ ਦੇ ਨਾਲ ਕੋਲ ਬੁਲਾ ਕੇ ਬਚਨ ਕੀਤਾ। ਇਹ ਸਾਨੂੰ ਸਮਝ ਵਿਚ ਨਹੀਂ ਆਈ ਗੱਲ। ਕਹਿੰਦੇ, ਭਗਤੋ! ਉਹ ਮਾਇਆ ਸੀ। ਕਹਿੰਦੇ, ਮਹਾਰਾਜ! ਉਹਦੇ ਕੇਸ ਪਿਛਲੇ ਗਿੱਚੀ ਦੇ ਕਿਉਂ ਘਸੇ ਹੋਏ ਨੇ ਤੇ ਮੱਥੇ ਦੇ ਕਿਉਂ ਘਸੇ ਹੋਏ ਨੇ? ਕਹਿੰਦੇ, ਬੁਲਾ ਕੇ ਪੁੱਛ ਲਉ। ਬੁਲਾ ਲਿਆ ਤੇ ਕਹਿੰਦੇ ਕਿ ਇਹ ਕੀ ਗੱਲ ਹੈ? ਕਹਿਣ ਲੱਗੀ, ਮੇਰਾ ਮੱਥਾ ਇਸ ਲਈ ਘਸਿਆ ਹੋਇਆ ਹੈ, ਮੈਂ ਸੰਤਾਂ ਦੇ ਚਰਨਾਂ ਤੇ ਆ ਕੇ ਮੱਥਾ ਰਗੜਦੀ ਹਾਂ ਕਿ ਮੈਥੋਂ ਕੰਮ ਲੈ ਲਓ, ਮੈਥੋਂ ਕੰਮ ਲੈ ਲਓ ਪਰ ਇਹ ਸੰਤ ਮੈਨੂੰ ਨੇੜੇ ਨਹੀਂ ਲਗਣ ਦਿੰਦੇ, ਮੈਨੂੰ ਠਗਣੀ ਕਹਿੰਦੇ ਨੇ। ਨੇੜੇ ਨਹੀਂ ਆਉਣ ਦਿੰਦੇ ਕਿ ਤੂੰ ਵਸਾ ਲਵੇਂਗੀ, ਸਾਨੂੰ ਤੇਰੀ ਲੋੜ ਹੀ ਨਹੀਂ। ਜਿਥੇ ਮਾਇਆ ਆਏਗੀ, ਉਥੇ ਪ੍ਰਮੇਸ਼ਰ ਭੁਲਦਾ

ਹੈ।

ਗੁਰੂ ਨਾਨਕ ਪਾਤਸ਼ਾਹ ਦੇ ਪਾਸ ਜਦ ਮਾਇਆ ਆਈ, ਅਨੇਕਾਂ ਰੂਪ ਧਾਰ ਕੇ ਆਈ। ਮਹਾਰਾਜ ਕਹਿੰਦੇ -

***ਮੋਤੀ ਤ ਮੰਦਰ ਊਸਰਹਿ***
***ਰਤਨੀ ਤ ਹੋਹਿ ਜੜਾਉ ॥***
***ਕਸਤੂਰਿ ਕੁੰਗੂ ਅਗਰਿ ਚੰਦਨਿ ਲੀਪਿ***
***ਆਵੈ ਚਾਉ ॥***
***ਮਤੁ ਦੇਖਿ ਭੂਲਾ ਵੀਸਰੈ ਤੇਰਾ***
***ਚਿਤਿ ਨ ਆਵੈ ਨਾਉ ॥ ਅੰਗ - ੧੪***

ਮੋਤੀਆਂ ਦੇ ਮੰਦਰ, ਸੁਗੰਧੀਆਂ ਦੇ ਨਾਲ ਮਹਿਕਦੇ ਹੋਣ; ਇਹ ਤਾਂ ਪ੍ਰਮੇਸ਼ਰ ਨੂੰ ਭੁਲਾ ਦਿੰਦੇ ਨੇ -

***ਧਰਤੀ ਤ ਹੀਰੇ ਲਾਲ ਜੜਤੀ***
***ਪਲਘਿ ਲਾਲ ਜੜਾਉ ॥ ਮੋਹਣੀ***
***ਮੁਖਿ ਮਣੀ ਸੋਹੈ ਕਰੇ ਰੰਗਿ ਪਸਾਉ ॥ ਅੰਗ- ੧੪***

ਮੋਹਣੀਆਂ ਹੋਣ, ਪਲੰਘ ਹੋਣ ਤੇ ਹੀਰੇ ਜਵਾਹਰਾਤਾਂ ਦੀ ਸਜਾਵਟ ਹੋਵੇ ਤੇ ਧਰਤੀ ਦੇ ਵਿਚ ਜਗਮਗ-ਜਗਮਗ ਕਰਦੇ ਹੋਣ; ਮਹਾਰਾਜ ਕਹਿੰਦੇ ਭੁੱਲ ਜਾਵੇਂਗਾ ਪ੍ਰਮੇਸ਼ਰ ਨੂੰ - ਇਹ ਦੇਖ ਕੇ -

***ਸਿਧੁ ਹੋਵਾ ਸਿਧਿ ਲਾਈ ਰਿਧਿ ਆਖਾ ਆਉ ॥***
***ਗੁਪਤੁ ਪਰਗਟੁ ਹੋਇ ਬੈਸਾ ਲੋਕੁ ਰਾਖੈ ਭਾਉ ॥***
***ਮਤੁ ਦੇਖਿ ਭੂਲਾ ਵੀਸਰੈ***
***ਤੇਰਾ ਚਿਤਿ ਨ ਆਵੈ ਨਾਉ ॥ ਅੰਗ - ੧੪***

ਰਿਧੀਆਂ ਸਿੱਧੀਆਂ, ਤਾਕਤਾਂ ਆ ਗਈਆਂ; ਮੱਖੀਆਂ ਆ ਜਾਣਗੀਆਂ ਬੇਅੰਤ - ਆਹ ਦੇ ਦਿਉ ਜੀ ਮੈਨੂੰ, ਆਹ ਦੇ ਦਿਉ ਜੀ ਮੈਨੂੰ, ਮੇਰਾ ਆਹ ਖਰਾਬ ਹੈ ਜੀ, ਮੈਨੂੰ ਬਚਨ ਦੇ ਦਿਉ ਜੀ, ਮੈਨੂੰ ਫਲਾਣੀ ਚੀਜ਼ ਦੇ ਦਿਉ........। ਕਹਿੰਦੇ, ਪ੍ਰਮੇਸ਼ਰ ਭੁੱਲੇਂਗਾ ਕਿ ਨਹੀਂ, ਜਦ ਉਨ੍ਹਾਂ ਨਾਲ ਗੱਲ ਕਰੇਂਗਾ?

***ਸੁਲਤਾਨੁ ਹੋਵਾ ਮੇਲਿ ਲਸਕਰ***
***ਤਖਤਿ ਰਾਖਾ ਪਾਉ ॥***
***ਹੁਕਮੁ ਹਾਸਲੁ ਕਰੀ ਬੈਠਾ ਨਾਨਕਾ ਸਭ ਵਾਉ ॥***
***ਮਤੁ ਦੇਖਿ ਭੂਲਾ ਵੀਸਰੈ***
***ਤੇਰਾ ਚਿਤਿ ਨ ਆਵੈ ਨਾਉ ॥ ਅੰਗ - ੧੪***

ਤੇ ਚੌਥਾ ਰੂਪ ਧਾਰਿਆ ਮਾਇਆ ਨੇ - ਰਾਜਸੀ ਸ਼ਕਤੀ ਦਾ। ਇਹਦੇ ਵਿਚ ਵੀ ਵਾਹਿਗੁਰੂ ਭੁੱਲਿਆ ਰਹਿੰਦਾ ਹੈ। ਸੋ ਇਹ ਭੁਲਾਉਂਦੀ ਹੈ।

ਉਹ ਕਹਿੰਦੀ, ਸੰਤ ਮੈਨੂੰ ਨੇੜੇ ਨਹੀਂ ਆਉਣ ਦਿੰਦੇ ਕਿ ਤੂੰ ਰੱਬ ਨੂੰ ਭੁਲਾਉਂਦੀ ਹੈਂ। ਮੈਂ ਮੱਥਾ ਟੇਕਦੀ ਹਾਂ ਕਿ ਮਹਾਰਾਜ! ਮੈਂ ਦਾਸੀ ਹੋ ਕੇ ਕਾਰ ਕਰੂੰ। ਉਹ ਕਹਿੰਦੇ, ਤੇਰਾ ਭਰੋਸਾ ਨਹੀਂ,

**ਚਲਦਾ..................**

---

**(ਪੰਨਾ 5 ਦਾ ਬਾਕੀ)**

*ਆਪੇ ਹਰਿ ਰਸੁ ਹੋਇ।।*
*ਆਪਿ ਦਇਆ ਕਰਿ ਦੇਵਸੀ ਗੁਰਮੁਖਿ ਅੰਮ੍ਰਿਤੁ ਚੋਇ।।*
*ਸਭੁ ਤਨੁ ਮਨੁ ਹਰਿਆ ਹੋਇਆ*
*ਨਾਨਕ ਹਰਿ ਵਸਿਆ ਮਨਿ ਸੋਇ।। ਅੰਗ - 41*

ਸੋ ਇਹ ਪ੍ਰੇਮ ਦਾ ਰਸ ਜਿਨ੍ਹਾਂ ਨੇ ਚਖ ਲਿਆ ਉਨ੍ਹਾਂ ਦੀਆਂ ਵਾਸ਼ਨਾਵਾਂ ਖਤਮ ਹੋ ਗਈਆਂ। ਮਨ ਅ-ਮਨ ਹੋ ਗਿਆ ਅਤੇ ਪਿਆਰ ਵਿਚ ਗੜੂੰਦ ਹੋ ਕੇ ਵਾਹਿਗੁਰੂ ਦੇ ਰੂਪ ਵਿਚ ਸਮਾਈ ਕਰ ਲਈ। ਹੁਣ ਪਤਾ ਨਹੀਂ ਲਗਦਾ, 'ਮੈਂ' 'ਤੂੰ' ਬਣ ਗਈ ਤੇ 'ਤੂੰ' 'ਮੈਂ' ਬਣ ਗਈ। ਕੌਣ ਪਰਖੇ, ਕਿਸ ਨੂੰ ਵਿਹਲ ਹੈ ਇਸ ਰਸ ਵਿਚੋਂ ਵਖਰਾ ਹੋਣ ਦੀ।

ਗੁਰੂ ਮਹਾਰਾਜ ਜੀ ਫੁਰਮਾਨ ਕਰਦੇ ਹਨ ਕਿ ਛੱਡ ਦੇਵੋ 'ਮੈਂ' ਭਾਵ ਅਤੇ ਅਰਦਾਸ ਕਰੋ ਕਿ ਹੇ ਪ੍ਰਭੂ! ਫਿਰਦਿਆਂ ਨੂੰ ਜੁਗ ਬੀਤ ਗਏ, ਹੁਣ ਤਾਂ ਕ੍ਰਿਪਾ ਕਰਕੇ ਆਪਣੇ ਲੜ ਲਾ ਲਵੋ -

*ਆਪੁ ਤਿਆਗਿ ਬਿਨਤੀ ਕਰਹਿ*
*ਲੇਹੁ ਪ੍ਰਭੂ ਲੜਿ ਲਾਇ।। ਅੰਗ- 135*

ਜਿਹੜੇ ਲੜ ਲਗ ਜਾਂਦੇ ਹਨ ਉਹ ਫੇਰ ਨਹੀਂ ਵਿਛੜਦੇ ਕਿਉਂਕਿ ਪ੍ਰਭੂ ਤੋਂ ਬਗੈਰ ਹੋਰ ਉਸ ਦੇ ਵਰਗਾ ਕੋਈ ਹੈ ਹੀ ਨਹੀਂ। ਸੱਚ ਤਾਂ ਇਹ ਹੈ ਕਿ ਆਪ ਹੀ ਆਪ ਹੈ, ਉਸ ਬਿਨ ਦੂਜਾ ਕੋਈ ਨਹੀਂ।

*ਆਪੁ ਤਿਆਗਿ ਬਿਨਤੀ ਕਰਹਿ ਲੇਹੁ ਪ੍ਰਭੂ ਲੜਿ ਲਾਇ।।*
*ਜੋ ਹਰਿ ਕੰਤਿ ਮਿਲਾਈਆ ਸਿ ਵਿਛੁੜਿ ਕਤਹਿ ਨ ਜਾਇ।।*
*ਪ੍ਰਭ ਵਿਣੁ ਦੂਜਾ ਕੋ ਨਹੀ ਨਾਨਕ ਹਰਿ ਸਰਣਾਇ।।*
*ਅਸੁ ਸੁਖੀ ਵਸੰਦੀਆ ਜਿਨਾ ਮਇਆ ਹਰਿ ਰਾਇ।।*
*ਅੰਗ - 135*

ਸੋ, ਸੁਖੀ ਵਸਦੇ ਹਨ ਉਹ, ਜਿਨ੍ਹਾਂ ਦੇ ਉਤੇ ਪ੍ਰਭੂ ਦੀ ਕ੍ਰਿਪਾ ਹੋ ਗਈ। ਹੇ ਪ੍ਰਭੂ! ਮੈਂ ਭੁੱਲਿਆ ਹਾਂ, ਬਹੁਤ ਸਮਾਂ ਬੀਤ ਗਿਆ–

*ਬਹੁਤ ਜਨਮ ਬਿਛੁਰੇ ਥੇ ਮਾਧਉ ਇਹੁ ਜਨਮੁ ਤੁਮਾਰੇ ਲੇਖੇ।।*
*ਕਹਿ ਰਵਿਦਾਸ ਆਸ ਲਗਿ ਜੀਵਉ*
*ਚਿਰ ਭਇਓ ਦਰਸਨੁ ਦੇਖੇ।। ਅੰਗ- 694*

ਕਿੰਨਿਆਂ ਰੂਪਾਂ ਦੇ ਵਿਚ ਮੈਂ ਘੁਮੇਟਣੀਆਂ ਖਾਧੀਆਂ, ਕੋਈ ਗਿਣ ਨਹੀਂ ਸਕਦਾ। ਕੀ-ਕੀ ਮੈਂ ਬਣਦਾ ਰਿਹਾ, ਕਿਹੋ ਜਿਹੇ ਮੈਂ ਸਰੀਰ ਧਾਰਦਾ ਰਿਹਾ -

*ਕਈ ਜਨਮ ਭਏ ਕੀਟ ਪਤੰਗਾ।।*
*ਕਈ ਜਨਮ ਗਜ ਮੀਨ ਕੁਰੰਗਾ।।*
*ਕਈ ਜਨਮ ਪੰਖੀ ਸਰਪ ਹੋਇਓ।।*
*ਕਈ ਜਨਮ ਹੈਵਰ ਬ੍ਰਿਖ ਜੋਇਓ।। ਅੰਗ - 176*

ਹੁਣ ਕ੍ਰਿਪਾ ਕਰ! ਮੈਨੂੰ ਆਪਣਾ ਬਣਾ ਲੈ, ਮੈਨੂੰ ਮੇਲ ਐਸਾ ਸਤਿਗੁਰੂ ਜਿਹੜਾ ਹਸੰਦਿਆਂ, ਖੇਲੰਦਿਆਂ, ਪਹਿਨੰਦਿਆਂ, ਖਾਵੰਦਿਆਂ ਵਿਚੇ ਹੀ ਜੁਗਤ ਦੱਸ ਕੇ ਮੇਲ ਕਰਾ ਦੇਵੇ -

*ਨਾਨਕ ਸਤਿਗੁਰਿ ਭੇਟਿਐ ਪੂਰੀ ਹੋਵੈ ਜੁਗਤਿ।।*
*ਹਸੰਦਿਆ ਖੇਲੰਦਿਆ ਪੈਨੰਦਿਆ ਖਾਵੰਦਿਆ*
*ਵਿਚੇ ਹੋਵੈ ਮੁਕਤਿ।। ਅੰਗ - 522*

(-----------)

# ਬਰਸੀ ਤੇ ਵਿਸ਼ੇਸ਼

ਵਿਸ਼ਵ ਗੁਰਮਤਿ ਰੂਹਾਨੀ ਮਿਸ਼ਨ ਚੈਰੀਟੇਬਲ ਟਰਸਟ ਅਤੇ ਆਤਮ ਮਾਰਗ ਸਪਿਰਚੂਅਲ ਸਾਇੰਟਿਫਿਕ ਐਜੂਕੇਸ਼ਨਲ ਚੈਰੀਟੇਬਲ ਟਰਸਟ ਰਤਵਾੜਾ ਸਾਹਿਬ ਦੇ ਬਾਨੀ ਮਹਾਂਪੁਰਖਾਂ ਦੀ ਨੌਂਵੀਂ ਬਰਸੀ ਮਹਾਨ ਗੁਰਮਤਿ ਸਮਾਗਮ ਦੇ ਰੂਪ ਵਿੱਚ ਗੁਰਦੁਆਰਾ ਈਸ਼ਰ ਪ੍ਰਕਾਸ਼ ਰਤਵਾੜਾ ਸਾਹਿਬ ਦੀ ਧਰਤੀ ਤੇ ਮਿਤੀ 28,29,30 ਅਤੇ 31 ਅਕਤੂਬਰ ਨੂੰ ਦਿਨ ਵੀਰਵਾਰ, ਸ਼ੁਕਰਵਾਰ, ਸ਼ਨੀਵਾਰ ਅਤੇ ਐਤਵਾਰ ਨੂੰ ਬਹੁਤ ਪਿਆਰ ਸ਼ਰਧਾ ਨਾਲ ਮਨਾਇਆ ਜਾ ਰਿਹਾ ਹੈ। ਮਹਾਂਪੁਰਖਾਂ ਨੂੰ ਪਿਆਰ ਕਰਨ ਵਾਲੀਆਂ ਦੇਸ਼ਾਂ ਵਿਦੇਸ਼ਾਂ ਤੋਂ ਅਉਣ ਵਾਲੀਆਂ ਸੰਗਤਾਂ ਅੰਦਰ ਆਪਣੇ ਪਿਆਰੇ ਮਹਾਂਪੁਰਖਾਂ ਦੇ ਪਿਆਰੇ ਅਸਥਾਨ ਦੀ ਚਰਨ ਧੂੜ ਪ੍ਰਾਪਤ ਕਰਨ ਵਾਸਤੇ, ਆਪਣੇ ਆਪ ਨੂੰ ਧੰਨਤਾ ਦੇ ਯੋਗ ਬਣਾਉਣ ਲਈ ਆ ਰਹੇ ਹਨ। ਰਤਵਾੜਾ ਸਾਹਿਬ ਵਾਲੇ ਮਹਾਂਪੁਰਖਾਂ ਦਾ ਜੀਵਨ ਇੱਕ ਅਲੌਕਿਕ ਜੀਵਨ ਹੈ ਜਿਸ ਵਿੱਚ ਲੋਕਾਈ ਵਾਸਤੇ ਪਿਆਰ, ਸੇਵਾ, ਅਪਣੱਤ, ਸੁਹਿਰਦਤਾ, ਭਗਤੀ ਭਾਵ, ਪਰਉਪਕਾਰ ਦੀ ਭਾਵਨਾਂ ਆਮ ਹੀ ਹੈ। ਆਪ ਜੀ ਨੇ ਗ੍ਰਿਹਸਤ ਜੀਵਨ ਨੂੰ ਅਪਣਾ ਕੇ ਰੂਹਾਨੀਅਤ ਵਿੱਚ ਪੂਰਨਤਾ ਹਾਸਲ ਕੀਤੀ ਹੈ। ਧੰਨ ਧੰਨ ਸਾਹਿਬ ਸ੍ਰੀ ਗੁਰੂ ਨਾਨਕ ਸਾਹਿਬ ਜੀ ਵੱਲੋਂ ਦਰਸਾਏ ਰਸਤੇ 'ਸ਼ਬਦਿ ਸੁਰਤ ਮਾਰਗ' ਨੂੰ ਪੂਰੀ ਤਰ੍ਹਾਂ ਆਪਣੇ ਜੀਵਨ ਵਿੱਚ ਪ੍ਰੈਕਟੀਕਲ ਰੂਪ ਦਿਤਾ ਹੈ। ਅੱਜ ਦੇ ਪਦਾਰਥਵਾਦੀ ਯੁੱਗ ਨੂੰ ਦੇਖਿਏ ਤਾਂ ਕਿਸੇ ਕੋਲ ਟਾਇਮ ਨਹੀਂ ਹਰ ਪਾਸੇ ਦੌੜ ਲੱਗੀ ਹੋਈ ਹੈ। ਇਕ ਪਾਸੇ ਰਤਵਾੜਾ ਸਾਹਿਬ ਵਾਲੇ ਮਹਾਂਪੁਰਖਾਂ ਦੇ ਜੀਵਨ ਤੇ ਪੰਛੀ ਝਾਤ ਮਾਰੀਏ ਤਾਂ ਆਪ ਜੀ ਗ੍ਰਿਹਸਤ ਜੀਵਨ ਦੀਆਂ ਪੂਰੀਆਂ ਜਿੰਮੇਵਾਰੀਆਂ ਨਿਭਾਉਂਦੇ ਹੋਏ ਰੂਹਾਨੀਅਤ ਨੂੰ ਨਹੀਂ ਛੱਡਿਆ ਲੱਖਾਂ ਪ੍ਰਾਣੀਆਂ ਨੂੰ ਗੁਰਮਤਿ ਦੀ ਸਹੀ ਸੇਧ ਦੇ ਕੇ ਆਪ ਜੀ ਨੇ ਗੁਰੂ ਨਾਲ ਜੋੜਿਆ ਹੈ। ਆਪ ਜੀ ਦੇ ਜੀਵਨ ਦੀ ਕਥਾ ਇੱਕ 'ਅਮਰ ਕਥਾ' ਹੈ ਕਿਉਂਕਿ ਆਪ ਜੀ ਨੇ ਆਪਣੇ ਜੀਵਨ ਵਿੱਚ ਬਚਪਨ ਤੋਂ ਹੀ ਸਿੱਖੀ ਧਾਰਨ ਕਰਕੇ ਨਾਮ ਜਪਿਆ ਹੈ। ਇੱਕ ਅਲਪਗ ਜੀਵ ਆਪ ਜੀ ਦੇ ਜੀਵਨ ਦੀ ਕਥਾ ਨੂੰ ਬਿਆਨ ਕਰਨ ਦੇ ਅਸਮਰਥ ਹੋਇਆ ਕਰਦੇ ਹਨ। ਇਸ ਲਈ ਆਪ ਜੀ ਦੇ ਗਿਆਤ ਵਾਸਤੇ ਆਪ ਜੀ ਦੇ ਮੌਖਿਕ ਬਚਨ ਜੋ ਕਿ ਇੰਗਲੈਂਡ ਪ੍ਰਚਾਰ ਫੇਰੀ 1997 ਦੇ ਅਧੀਨ ਆਏ ਹਨ ਜਦੋਂ ਆਪ ਜੀ ਇੰਗਲੈਂਡ ਪਹੁੰਚੇ ਸਨ ਤਾਂ ਇੰਗਲੈਂਡ ਦੇ ਇੱਕ ਫੇਮਸ ਅਖਬਾਰ 'ਅਵਾਜ ਏ ਕੌਮ' ਦੇ ਮੁੱਖ ਸੰਪਾਦਕ ਨੇ ਆਪ ਜੀ ਤੇ ਹੇਠ ਲਿਖੇ ਸਵਾਲ ਕੀਤੇ। ਆਤਮ ਮਾਰਗ ਦੇ ਪੁਰਾਣੇ ਪਾਠਕ ਇਨ੍ਹਾਂ ਬਚਨਾਂ ਨੂੰ ਪਹਿਲਾਂ ਪੜ੍ਹ ਚੁੱਕੇ ਹਨ ਇਕ ਕਿਤਾਬ ਵੀ ਮਿਸ਼ਨ ਵੱਲੋਂ ਪ੍ਰਕਾਸ਼ਿਤ ਹੋ ਚੁੱਕੀ ਹੈ ਜਿਸ ਦਾ ਸਿਰਲੇਖ 'ਪਤਰਕਾਰ ਦੇ ਪ੍ਰਸ਼ਨ? ਮਹਾਂਪੁਰਸ਼ਾਂ ਵੱਲੋਂ ਉਤਰ। ਉਸ ਵਿੱਚੋਂ ਕੁਝ ਚੋਣਵੇ ਪ੍ਰਸ਼ਨ ਇਸ ਅੰਕ ਵਿੱਚ ਛਾਪੇ ਜਾ ਰਹੇ ਹਨ ਤਾਂ ਜੋ ਨਵੇਂ ਆਤਮ ਮਾਰਗ ਦੇ ਪਾਠਕਾਂ ਨੂੰ ਵੀ ਮਹਾਂਪੁਰਸ਼ਾਂ ਦੇ ਜੀਵਨ ਬਾਰੇ ਗਿਆਨ ਹੋ ਸਕੇ –



**ਸੱਚਖੰਡਵਾਸੀ ਧੰਨ ਧੰਨ ਸੰਤ ਬਾਬਾ ਵਰਿਆਮ ਸਿੰਘ ਜੀ ਮਹਾਰਾਜ ਰਤਵਾੜਾ ਸਾਹਿਬ ਵਿਖੇ**

**ਪ੍ਰਸ਼ਨ – ਬਾਬਾ ਜੀ! ਆਪਣੇ ਜੀਵਨ ਬਾਰੇ ਕੁਝ ਜਾਣਕਾਰੀ ਦਿਓ ਅਤੇ ਇਹ ਵੀ ਦੱਸਣ ਦੀ ਕ੍ਰਿਪਾਲਤਾ ਕਰੋ ਕਿ ਖੇਤੀਬਾੜੀ ਕਰਦਿਆਂ ਅਧਿਆਤਮਕ ਲਗਨ ਕਿਵੇਂ ਅਤੇ ਕਦੋਂ ਲੱਗੀ? ਕਿੰਨਾਂ ਮਹਾਂਪੁਰਸ਼ਾਂ ਨੇ ਆਪ ਨੂੰ ਪਾਦ ਸੇਵਾ ਬਖਸ਼ ਕੇ ਕ੍ਰਿਤਾਰਥ ਕੀਤਾ?**

**ਉਤਰ** ਬਾਬਾ ਜੀ – ਜਿਥੋਂ ਤੱਕ ਛੋਹ ਦਾ ਖਿਆਲ ਹੈ, ਲਗਨ ਕਿਥੋਂ ਲੱਗੀ? ਬਚਪਨ ਤੋਂ ਹੀ ਮੇਰੇ ਮਨ ਅੰਦਰ ਰੂਹਾਨੀ ਝੁਕਾਉ ਸੀ। ਕਈ ਐਸੀਆਂ ਕਥਾਵਾਂ ਨੇ ਛੋਟੀਆਂ-ਛੋਟੀਆਂ ਜਿਨ੍ਹਾਂ ਤੋਂ ਵੱਡੀ ਗੱਲ ਦਾ ਪਤਾ ਲਗ ਜਾਂਦਾ ਹੈ। ਤਿੰਨ ਸਾਲ ਦਾ ਸੀ ਮੈਂ, ਅੰਮ੍ਰਿਤ ਛਕਿਆ ਹੋਇਆ ਸੀ, ਖੇਲ੍ਹਦਾ ਸੀ, ਕ੍ਰਿਪਾਨ ਕੱਢੀ ਹੋਈ ਸੀ, ਮਿਆਨ ਟੁੱਟ ਗਿਆ। ਘਰਵਾਲਿਆਂ ਨੇ ਕਿਰਪਾਨ ਮੇਰੇ ਗਲ 'ਚੋਂ ਲਾਹ ਲਈ। ਮੇਰੇ ਦਿਲ ਵਿਚ ਹੋ ਗਿਆ ਕਿ ਮੇਰੀ ਕਿਰਪਾਨ ਲੈ ਲਈ, ਮੈਂ ਪ੍ਰਸ਼ਾਦਾ ਨਹੀਂ ਛਕਣਾ। ਬਹੁਤ ਜ਼ਿਆਦਾ ਜਦੋਂ ਘਰਦਿਆਂ ਨੇ ਦੇਖਿਆ ਕਿ ਇਹ ਤਾਂ ਹਟਦਾ ਨਹੀਂ ਹੈ ਤਾਂ ਉਸ ਵੇਲੇ ਉਨ੍ਹਾਂ ਨੇ ਹੋਰ ਕਿਰਪਾਨ ਲਿਆ ਕੇ ਮੇਰੇ ਗਲ ਵਿਚ ਪਾਈ ਤੇ ਫੇਰ ਮੈਂ ਪ੍ਰਸ਼ਾਦਾ ਛਕਿਆ।

ਸਕੂਲ ਦੇ ਵਿਚ ਦੂਸਰੀ ਜਮਾਤ ਦੇ ਵਿਚ ਪੜ੍ਹਦਾ ਸੀ, ਮਾਸਟਰ

ਡਿਕਟੇਸ਼ਨ ਦੇ ਰਿਹਾ ਸੀ, ਉਹਦੇ ਵਿਚ ਤਮਾਕੂ ਦਾ ਅੱਖਰ ਆ ਗਿਆ। ਉਹ ਮੈਂ ਖਾਲੀ ਛੱਡ ਦਿਤਾ। ਜਦੋਂ ਮਾਸਟਰ ਜੀ ਨੇ ਕਾਪੀਆਂ ਦੇਖੀਆਂ ਤਾਂ ਉਸ ਵੇਲੇ ਉਸ ਨੇ ਕਿਹਾ ਕਿ ਇਹ ਕਿਹੜਾ ਅੱਖਰ ਖਾਲੀ ਛੱਡਿਆ ਹੈ? ਸੋ ਮੈਂ ਉਸ ਵੇਲੇ ਨਾਮ ਨਾ ਲਿਆ ਕਿਉਂਕਿ ਸਾਡੇ ਜੋ ਸੰਸਕਾਰ ਬਣ ਚੁੱਕੇ ਸੀ ਉਹ ਇਹ ਸੀ ਕਿ ਤਮਾਕੂ ਦਾ ਨਾਮ ਲੈਂਦੇ ਹੀ ਮੂੰਹ ਜੂਠਾ ਹੋ ਜਾਂਦਾ ਹੈ ਤੇ ਪਾਪ ਲਗਦਾ ਹੈ ਤੇ ਮੈਂ ਕਥਾ ਵੀ ਸੁਣੀ ਸੀ ਸੰਤਾਂ ਦੇ ਡੇਰੇ ਹਿੰਦੂ ਸੰਤਾਂ ਦੇ, ਉਹ ਕਹਿੰਦੇ ਸੀ ਕਿ ਗਾਇਤ੍ਰੀ ਦਾ ਪਾਠ ਕਰਨਾ ਪੈਂਦਾ ਹੈ, ਜੇ ਤਮਾਕੂ ਦਾ ਨਾਮ ਲਓ। ਜਦੋਂ ਮੈਂ ਨਾ ਦੱਸਿਆ ਤਾਂ ਉਹਨੇ ਬਾਰ-ਬਾਰ ਪੁੱਛਣ ਤੋਂ ਬਾਅਦ ਮੇਰੇ ਗੋਹਲਾਂ ਮਾਰਨੀਆਂ ਸ਼ੁਰੂ ਕਰ ਦਿਤੀਆਂ। ਮੁੰਡਿਆਂ ਨੇ ਕਿਹਾ ਮਾਸਟਰ ਜੀ, ਚਾਹੇ ਤੁਸੀਂ ਇਹਨੂੰ ਕਿੰਨਾ ਹੀ ਮਾਰ ਲਓ, ਇਹਨੇ ਨਾ ਤਮਾਕੂ ਲਿਖਣਾ ਹੈ, ਨਾ ਤਮਾਕੂ ਦਾ ਨਾਉ ਲੈਣਾ ਹੈ। ਸੋ ਐਸੇ ਜਿਹੜੇ ਖਿਆਲ ਸੀ ਉਹ ਪਿਛਲੇ ਜਨਮਾਂ ਦੇ ਸੰਸਕਾਰ ਸੀ। ਬਚਪਨ ਵਿਚ ਹੀ ਮੈਂ ਗੁਰਦਵਾਰੇ ਜਾਣ ਲਗ ਗਿਆ। ਬਾਪੂ ਜੀ ਸਾਡੇ ਜਥੇਦਾਰ ਸੀ ਗੁਰਦੁਆਰੇ ਦੇ, ਬਾਣੀ ਪੜ੍ਹਦੇ ਸੀ, ਘਰ ਵਿਚ ਸਾਰੇ ਬਾਣੀ ਪੜ੍ਹਦੇ ਸੀ। ਤਾਂ ਉਸ ਵੇਲੇ ਸੰਤ ਅਤਰ ਸਿੰਘ ਜੀ ਮਸਤੂਆਣੇ ਵਾਲਿਆਂ ਦਾ ਬੋਲਬਾਲਾ ਸੀ। ਜਦੋਂ ਮੈਂ ਥੋੜ੍ਹਾ ਜਿਹਾ ਵੱਡਾ ਹੋਇਆ ਤਾਂ ਉਸ ਵੇਲੇ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਬਾਰੇ, ਜੇਲ੍ਹ ਵਿਚ ਉਹ ਭੁੱਖੇ ਨੇ, ਕਿੰਨੇ ਦਿਨ ਦੀ ਉਨ੍ਹਾਂ ਨੇ ਭੁੱਖ ਹੜਤਾਲ ਕਰੀ ਹੋਈ ਹੈ। ਉਨ੍ਹਾਂ ਨੂੰ ਕਿੰਨੇ ਤਸੀਹੇ ਦਿਤੇ ਜਾਂਦੇ ਨੇ. ਉਹ ਅਸਰ ਇਹ ਹੁੰਦਾ ਸੀ ਕਿ ਅਸੀਂ ਜ਼ਮੀਨ ਤੇ ਪੈਣਾ ਸ਼ੁਰੂ ਕਰ ਦੇਣਾ, ਕੋਠਿਆਂ ਦੇ ਉਤੇ ਮੰਜੇ ਡਾਹੇ ਹੁੰਦੇ, ਮੰਜਿਆਂ ਤੋਂ ਉਤਰ ਕੇ ਹੇਠਾਂ ਕੱਪੜਾ ਵਿਛਾ ਕੇ ਥੱਲੇ ਪਏ ਰਹਿਣਾ। ਜੇ ਘਰਦਿਆਂ ਨੇ ਕਹਿਣਾ ਕਿ ਤੂੰ ਭੁੰਜੇ ਕਿਉਂ ਪਿਆ ਹੈਂ? ਮੈਂ ਕਹਿਣਾ ਕਿ ਉਹ ਜੇਲ੍ਹ ਦੇ ਵਿਚ ਭੁੰਜੇ ਸੌਂਦੇ ਨੇ। ਸੋ ਇਸ ਤਰ੍ਹਾਂ ਦਾ ਵਾਤਾਵਰਣ ਸੀ ਚਾਰੋਂ ਪਾਸੇ ਦਾ। ਜਦੋਂ ਭਾਈ ਰਣਧੀਰ ਸਿੰਘ ਜੀ ਆਏ ਮੈਂ ਉਨ੍ਹਾਂ ਕੋਲ ਗਿਆ, ਉਸ ਵੇਲੇ ਮੈਂ ਚੌਥੀ ਜਮਾਤ ਵਿਚ ਪੜ੍ਹਦਾ ਸੀ। ਬੜਾ ਪਿਆਰ ਕਰਿਆ ਉਨ੍ਹਾਂ ਨੇ। ਹੁੰਦੇ ਹੁੰਦੇ ਅਖੀਰ ਕਿਉਂਕਿ ਰੁਖ ਇਧਰ ਸੀ, ਸਾਧੂ ਸੰਤਾਂ ਮਹਾਂਪੁਰਸ਼ਾਂ ਦੇ ਦਰਸ਼ਨ ਕਰਨੇ। ਸੰਤ ਈਸ਼ਰ ਸਿੰਘ ਜੀ ਮਹਾਰਾਜ ਰਾੜਾ ਸਾਹਿਬ ਵਾਲਿਆਂ ਦੇ ਕੋਲ ਮੈਨੂੰ ਮੇਰੇ ਮਾਤਾ ਜੀ ਲੈ ਗਏ। ਜਦੋਂ ਮੈਂ ਉਨ੍ਹਾਂ ਦੇ ਜਾ ਕੇ ਦਰਸ਼ਨ ਕੀਤੇ ਤਾਂ ਮਹਾਂਪੁਰਸ਼ਾਂ ਨੇ ਪੁਛਿਆ ਕਿ ਤੂੰ ਕੌਣ ਹੈਂ? ਤਾਂ ਇਹਦਾ ਸਿੱਧਾ-ਸਾਧਾ ਜਵਾਬ ਸੀ ਕਿ ਮੈਂ ਨਾਉਂ ਲੈ ਦਿੰਦਾ ਕਿ ਮੈਂ ਵਰਿਆਮ ਸਿੰਘ ਹਾਂ। ਪਰ ਮੇਰੇ ਅੰਦਰ ਇਕ ਅਜੀਬ ਜਾਗ੍ਰਤ ਆ ਗਈ, ਤਿੰਨ ਮਿੰਟ ਮੈਂ ਇਸ ਗੱਲ ਦਾ ਜਵਾਬ ਨਾ ਦਿਤਾ। ਮਹਾਂਪੁਰਸ਼ਾਂ ਨੇ ਤਿੰਨ ਵਾਰ ਮੈਨੂੰ ਪੁਛਿਆ। ਸੰਗਤ ਜੋ ਬੈਠੀ ਸਾਰੀ ਹੱਸ ਪਈ। ਜਦੋਂ ਉਨ੍ਹਾਂ ਨੇ ਤੀਸਰੀ ਵਾਰ ਪੁਛਿਆ, ਤਾਂ ਮੈਂ ਉਨ੍ਹਾਂ ਨੂੰ ਕਿਹਾ ਕਿ ਮੈਨੂੰ ਦੱਸਣਾ ਨਹੀਂ ਆਉਂਦਾ ਕਿ ਮੈਂ ਕੌਣ ਹਾਂ। ਸਾਰੀ ਸੰਗਤ ਫੇਰ ਹੱਸ ਪਈ। ਮਹਾਰਾਜ ਨੇ ਕਿਹਾ ਕਿ ਕਿਵੇਂ ਨਹੀਂ ਦੱਸਣਾ ਆਉਂਦਾ? ਮੈਂ ਕਿਹਾ ਮਹਾਰਾਜ! ਪਹਿਲਾਂ ਤਾਂ ਮੈਂ ਸਰੀਰ ਦਾ ਨਾਉਂ ਦੱਸਣ ਲੱਗਿਆ ਸੀ ਕਿ ਐਨੇ ਸਾਲ ਮੇਰਾ ਨਾਉਂ ਆਹ ਰਿਹਾ ਤੇ ਫੇਰ ਅੰਮ੍ਰਿਤ ਛੱਕ ਕੇ ਮੇਰਾ ਨਾਉਂ ਇਹ ਹੋ ਗਿਆ। ਫੇਰ ਮੇਰੇ ਧਿਆਨ ਵਿਚ ਆਇਆ ਕਿਉਂਕਿ ਇਸੇ ਘਰ ਵਿਚ ਮੇਰਾ ਪਹਿਲਾਂ ਜਨਮ ਸੀ। ਉਹ ਚੀਜ਼ਾਂ ਸਭ ਲਕੋ ਕੇ ਰੱਖੀਆਂ ਹੋਈਆਂ ਸੀ ਤੇ ਉਹ ਮੈਂ ਆਪਣੀਆਂ ਸਾਰੀਆਂ ਚੁੱਕ ਲਈਆਂ ਤੇ ਦੂਜਿਆਂ ਦੀਆਂ ਛੱਡ ਦਿਤੀਆਂ। ਘਰ ਦੇ ਮੈਨੂੰ ਇਹ ਦੱਸਦੇ ਸੀ ਕਿ ਜਿਸ ਵਕਤ ਤੇਰਾ ਪਹਿਲਾ ਜਨਮ ਸੀ ਤੂੰ ਕਹਿ ਕੇ ਗਿਆ ਸੀ, ਮੇਰੀਆਂ ਚੀਜ਼ਾਂ ਨਾ ਖਰਾਬ ਕਰਿਓ, ਮੈਂ ਆ ਜਾਣਾ ਹੈ। ਉਹਦਾ ਨਾਉਂ ਹਰਨਾਮ ਸਿੰਘ ਸੀ।



**ਪਰਮ ਪੂਜਯ ਸਤਿਕਾਰਯੋਗ ਬੀਜੀ ਜੀ ਅਤੇ ਸੰਤ ਮਹਾਰਾਜ ਰਤਵਾੜਾ ਸਾਹਿਬ, ਇੰਗਲੈਂਡ ਵਿਖੇ**

ਸੋ ਉਸ ਵਕਤ ਮੇਰੀ ਸੁਰਤ ਐਉਂ ਗਈ ਕਿ ਉਸ ਤੋਂ ਪਹਿਲਾਂ-ਉਸ ਤੋਂ ਪਹਿਲਾਂ-ਉਸ ਤੋਂ ਪਹਿਲਾਂ ਅਖੀਰ ਮੈਂ ਜਿਵੇਂ ਇਕ ਭਉਣੀ ਨੂੰ ਲੱਜ ਲਪੇਟੀ ਹੋਵੇ ਤੇ ਛੱਡ ਦੇਈਏ ਤੇ ਖੂਹ ਹੋਵੇ ਬਹੁਤ ਗਹਿਰਾ ਤੇ ਅਖੀਰ ਦੇ ਉਤੇ ਡੋਲ ਪਾਣੀ 'ਚ ਗਿਰ ਗਿਆ, ਉਸ ਵੇਲੇ ਅਖੀਰ ਦੇ ਉਤੇ ਆ ਕੇ ਗੰਢ ਖੜ੍ਹੀ ਹੋ ਜਾਂਦੀ ਹੈ। ਤਾਂ ਮੇਰੇ ਧਿਆਨ ਵਿਚ ਆਇਆ ਕਿ ਮੇਰਾ ਵਜੂਦ ਅਨਾਦੀ ਨਹੀਂ ਹੈ, ਕਦੇ ਨਾ ਕਦੇ ਮੇਰਾ ਵਜੂਦ ਕਾਇਮ ਹੋਇਆ। ਮੈਂ ਕਿਹਾ ਮਹਾਰਾਜ ਮੈਂ ਜਿਹੜਾ ਪਹਿਲੇ ਦਿਨ ਕਾਇਮ ਹੋਇਆ ਮੈਂ ਉਹ ਹਾਂ। ਐਨੀ ਗੱਲ ਸੁਣਦੇ ਹੀ ਮਹਾਂਪੁਰਸ਼ਾਂ ਨੇ ਨੇਤਰ ਬੰਦ ਕਰ ਲਏ। 45 ਮਿੰਟ ਬੈਠੇ ਰਹੇ, ਮੈਂ ਵੀ ਬੈਠਾ ਰਿਹਾ, ਸੰਗਤ ਵੀ ਬੈਠੀ ਰਹੀ। ਉਸ ਤੋਂ ਬਾਅਦ ਉਨ੍ਹਾਂ ਨੇ ਬਚਨ ਕਰਿਆ ਕਿ ਅੱਖਾਂ ਖੋਲ੍ਹ। ਸਕੂਲ ਤੋਂ ਮੈਂ ਪੜ੍ਹ ਕੇ ਹਟਿਆ ਸੀ, 17 ਸਾਲ ਦੀ ਮੇਰੀ ਉਮਰ ਸੀ। ਖੇਤੀਬਾੜੀ ਕਿਉਂਕਿ ਸਾਡਾ ਪੇਸ਼ਾ ਸੀ ਇਸ ਵਾਸਤੇ ਆਮ ਮੈਂ ਖੇਤੀ ਕਰਨੀ। ਕੋਈ ਐਸੀ ਫਿਲਾਸਫੀ ਦੀ ਕਿਤਾਬ ਨਹੀਂ ਸੀ ਪੜ੍ਹੀ, ਪੰਜਾਬੀ ਵੀ ਨਹੀਂ ਸੀ ਮੈਂ ਪੜ੍ਹੀ। ਤਾਂ ਮਹਾਂਪੁਰਸ਼ ਕਹਿਣ

ਲੱਗੇ, ਤੈਨੂੰ ਨਹੀਂ ਪਤਾ? ਮੈਂ ਕਿਹਾ ਮੈਨੂੰ ਤਾਂ ਐਨਾ ਪਤਾ ਹੈ ਕਿ ਮੈਂ ਕਦੇ ਹੋਂਦ ਵਿਚ ਆਇਆਂ, ਮੈਂ ਘੁੰਮਦਾ ਫਿਰਦਾ ਹਾਂ, ਜਨਮਾਂ-ਜਨਮਾਂਤਰਾਂ 'ਚ। ਸੋ ਮੈਂ ਓਹੀ ਹਾਂ, ਕੀ ਮੈਂ ਕਹਾਂ, ਮੈਨੂੰ ਪਤਾ ਨਹੀਂ। ਕਹਿੰਦੇ ਠੀਕ ਹੈ, ਇਹਨੂੰ ਕੋਈ ਵੀ ਨਹੀਂ ਦੱਸ ਸਕਦਾ ਪਰ ਜਿਹੜੇ ਫਿਲਾਸਫੀ ਵਾਲੇ ਲੋਕ ਨੇ, ਵਿਚਾਰ ਵਾਲੇ ਲੋਕ ਨੇ ਉਹ ਇਹਨੂੰ ਜੀਵ ਆਤਮਾ ਕਹਿੰਦੇ ਨੇ। ਹੁਣ ਤੂੰ ਐਉਂ ਸਮਝ ਲੈ ਸਾਡੀ ਗੱਲ, ਜੀਵਪੁਣਾ ਲਾਹ ਦੇ ਤੇ ਆਤਮਾ ਦੇ ਵਿਚ ਪ੍ਰਵੇਸ਼ ਕਰ ਜਾ। ਇਕ ਲਾਂਘ ਤੇਰੀ ਰਹਿੰਦੀ ਹੈ, ਤੂੰ ਇਹ ਲਾਂਘ ਭਰ ਲੈ।

ਸੋ ਇਸ ਤਰ੍ਹਾਂ ਮੈਂ ਬਚਪਨ ਵਿਚ ਆਪੇ ਕੀਰਤਨ ਕਰਨ ਲਗ ਗਿਆ। ਉਹਦੇ ਨਾਲ ਜਦੋਂ ਗੁਰਪੁਰਬ ਹੋਣੇ ਮੈਨੂੰ ਐਉਂ ਲਗਣਾ ਜਿਵੇਂ ਮੇਰੀ ਹੀ ਡਿਊਟੀ ਹੈ, ਨਗਰ ਕੀਰਤਨ ਕੱਢਣ ਦੀ, ਮੇਰੀ ਹੀ ਡਿਊਟੀ ਹੈ ਬੋਲਣ ਦੀ, ਮੇਰੀਓ ਡਿਊਟੀ ਹੈ ਅਖੰਡਪਾਠ ਕਰਨ ਦੀ। ਵਿਚੇ ਹੀ ਮੈਂ ਅਖੰਡਪਾਠ ਕਰਨਾ ਸਿੱਖ ਲਿਆ, ਲੋਕ ਬਹੁਤ ਸੁਣਨ ਵਾਸਤੇ ਆਇਆ ਕਰਦੇ ਸੀ। ਇਕ ਤਰ੍ਹਾਂ ਨਾਲ ਇਹ ਹੋ ਗਿਆ ਕਿ ਇਹ ਕੰਮ ਜਿਵੇਂ ਮੇਰੀ ਹੀ ਜ਼ਿੰਮੇ ਸੌਂਪਿਆ ਹੁੰਦਾ ਹੈ। ਉਸ ਤੋਂ ਬਾਅਦ ਮੈਂ ਖੇਤੀ ਕੀਤੀ, ਖੇਤੀ ਕਰਨ ਤੋਂ ਬਾਅਦ ਮੈਂ ਸਿੰਧ ਵਿਚ ਚਲਿਆ ਗਿਆ। ਉਥੇ ਮੇਰਾ ਇਕ ਮਿਤਰ ਸੀ ਕਰਨੈਲ ਸਿੰਘ, ਜਦੋਂ ਮੈਂ ਉਸ ਪਾਸ ਗਿਆ, ਉਸ ਨੇ ਕਿਹਾ ਕਿ ਮੈਂ ਤੁਹਾਨੂੰ ਪੁਲਿਸ ਵਿਚ ਕਰਾ ਦਿੰਨਾ ਹਾਂ। ਮੈਂ ਕਿਹਾ ਮੈਂ ਪੁਲਿਸ ਵਿਚ ਨਹੀਂ ਹੋਣਾ। ਉਹ ਸਿਫਾਰਸ਼ ਲੈ ਕੇ ਚਲਿਆ ਗਿਆ। ਜਰਮਨ ਸੀ ਉਸ ਵੇਲੇ ਜਰਨੈਲ। ਤੇ ਮੈਂ ਉਹਦੇ ਪਾਰਕ ਵਿਚ ਅੱਖਾਂ ਮੀਟ ਕੇ ਬੈਠਾ ਰਿਹਾ। ਜਦੋਂ ਮੇਰਾ ਸਿਫਾਰਸ਼ੀ ਆਇਆ ਉਹਨੇ ਕਿਹਾ ਕਿ ਮੁੰਡਾ ਰਖਾਉਣਾ ਹੈ ਤੁਹਾਡੇ ਕੋਲ, ਕਹਿੰਦਾ ਉਹ ਤਾਂ ਨਹੀਂ ਹੈ ਜਿਹੜਾ ਬੈਠਾ ਹੈ।

ਕਹਿੰਦਾ, "ਹਾਂ ਓਹੀ ਹੈ।"

ਕਹਿੰਦਾ, ਉਹ ਤਾਂ ਸਵੇਰ ਦਾ ਬੈਠਾ ਹੈ, ਉਹਨੇ ਅੱਖ ਹੀ ਨਹੀਂ ਖੋਲ੍ਹੀ। 90 ਦਰਜੇ ਦੀ ਡਿਗਰੀ ਰੀੜ੍ਹ ਦੀ ਹੱਡੀ ਦੀ ਬਣਾ ਕੇ ਬੈਠਾ ਹੈ, ਨਾ ਹਿਲਦਾ ਹੈ ਨਾ ਜੁਲਦਾ ਹੈ, ਉਹ ਪੁਲਿਸ ਦੇ ਕਿਥੇ ਫਿੱਟ ਹੈ। ਜਦੋਂ ਦੇਖਿਆ ਕਿ ਤੂੰ ਨਰਾਜ਼ ਨਾ ਹੋਏਂ ਮੈਂ ਤੇਰੇ ਮੂੰਹ ਤੇ ਹੀ ਉਸ ਨੂੰ ਪੁੱਛ ਲੈਂਦਾ ਹਾਂ। ਮੈਨੂੰ ਜਦ ਬੁਲਾਇਆ, ਮੈਂ ਗਿਆ ਸੀ ਨਵਾਬਸ਼ਾਹ ਸਿੰਧ, ਨਵਾਬਸ਼ਾਹ ਬੜਾ ਵੱਡਾ ਸ਼ਹਿਰ ਹੈ ਸਿੰਧ ਦਾ। ਸੋ ਉਹਨੇ ਮੈਨੂੰ ਕਿਹਾ ਕਿ ਮੈਂ ਤੈਨੂੰ ਕਿਹੜੀ ਪੁਲਿਸ ਵਿਚ ਭਰਤੀ ਕਰਾਂ? ਮੈਂ ਕਿਹਾ ਮੈਨੂੰ ਉਥੇ ਕਰਿਓ ਜਿਥੇ ਰਿਸ਼ਵਤ ਨਾ ਲੈਂਦੇ ਹੋਣ। ਉਹ ਕਹਿੰਦਾ ਰਿਸ਼ਵਤ ਤਾਂ ਸਾਰੇ ਹੀ ਲੈਂਦੇ ਨੇ। ਮੈਂ ਕਿਹਾ ਮੈਨੂੰ ਪਹਿਰੇ ਵਾਲੀ ਡਿਊਟੀ ਦੇ ਦਿਓ। ਪਹਿਰੇ ਦੇਈ ਜਾਊਂਗਾ ਖੜ੍ਹਾ ਤੇ ਮੈਂ ਚੋਰਾਂ ਚਾਰਾਂ ਦੇ ਪਿਛੇ ਨਹੀਂ ਜਾਣਾ। ਕਹਿੰਦੇ ਕਿਉਂ? ਮੈਂ ਕਿਹਾ ਕੁੱਟਦੇ ਬਹੁਤ ਨੇ, ਇਹ ਅੱਛੀ ਬਾਤ ਨਹੀਂ ਹੈ। ਕਹਿਣ ਲੱਗਿਆ, "ਮੈਂ ਤੈਨੂੰ ਸਹੀ ਰਾਇ ਦਿੰਦਾ ਹਾਂ, ਤੂੰ ਪੁਲਿਸ ਦੇ ਫਿੱਟ ਨਹੀਂ ਹੈ, ਤੂੰ ਫੌਜ ਦੇ ਫਿੱਟ ਹੈਂ, ਫੌਜ ਵਿਚ ਹੋ ਜਾ। ਉਸ ਤੋਂ ਬਾਅਦ ਮੈਂ ਉਥੇ ਦੋ ਢਾਈ ਸਾਲ ਰਿਹਾ ਤੇ ਮੇਰੇ ਅਜੇ ਦਾੜ੍ਹੀ ਨਹੀਂ ਆਈ ਸੀ। ਇਕ ਪੰਜਾਬੀ ਸ਼ਰਾਬ ਦੇ ਕੇਸ ਵਿਚ ਫਸ ਗਿਆ। ਉਹਨੂੰ ਜੇਲ੍ਹ ਹੋਣ ਲੱਗੀ, ਮੇਰੀ ਉਥੇ ਵਾਕਫੀ ਬਣ ਚੁੱਕੀ ਸੀ। ਮੈਂ ਕਹਿ ਕੁਹਾ ਕੇ ਛੁਡਾ ਦਿਤਾ ਤੇ ਮੈਂ ਉਸੇ ਰਸਤੇ ਵਿਚ ਆ ਕੇ ਘਰ-ਘਰ ਫਿਰਿਆ, ਨਾਲ ਬੰਦੇ ਲਏ, ਜਿੰਨੀ ਸ਼ਰਾਬ ਤੁੜੀਆਂ 'ਚ ਦੱਬੀ ਹੋਈ ਸੀ ਸਭ ਡੋਲ੍ਹ ਦਿਤੀ। ਉਸ ਤੋਂ ਬਾਅਦ ਮੈਂ ਕਿਹਾ ਇਹ ਮੁਰਗੇ ਖਾਣਗੇ, ਉਸ ਵੇਲੇ ਮੈਂ ਮੁਰਗੇ ਵੀ ਸਾਰੇ ਵਿਕਾ ਦਿਤੇ। ਉਥੇ ਮਝੈਲ ਆਮ ਤੌਰ ਤੇ ਸੀ ਲਾਹੌਰ ਦੇ, ਕਸੂਰ ਦੇ ਤੇ ਅੰਮ੍ਰਿਤਸਰ ਦੇ ਉਪਰਲੇ ਇਲਾਕੇ ਦੇ ਤੇ ਜਾਂ ਫੇਰ ਥੋੜ੍ਹੇ-ਥੋੜ੍ਹੇ ਦੁਆਬੇ ਤੋਂ ਸੀਗੇ। ਸੋ ਇਸ ਤਰ੍ਹਾਂ ਦੇ ਸਖਤ ਜਿਹੇ ਸੁਭਾਅ ਦੇ ਲੋਕ ਸੀ। ਮੈਂ ਉਸ ਇਲਾਕੇ ਵਿਚ ਕੀਰਤਨ ਕਰਨਾ, ਦਿਨ ਰਾਤ ਭਜਨ ਕਰਨਾ। ਭਜਨ ਕਰਨ ਵਾਸਤੇ ਉਥੇ ਜੰਗਲ ਬਹੁਤ ਸੀ ਮੈਂ ਉਥੇ ਬੈਠਾ ਰਹਿੰਦਾ ਸੀ। ਇਕ ਮਾਈ ਮੈਨੂੰ ਇਕ ਟਾਈਮ ਇਕ ਪ੍ਰਸ਼ਾਦਾ ਦੇ ਜਾਂਦੀ ਸੀ। ਓਹੀ ਮੇਰੀ ਖੁਰਾਕ ਦਾ ਬਹੁਤ ਧਿਆਨ ਰੱਖਦੀ ਸੀ। ਸੋ ਇਸ ਤਰ੍ਹਾਂ ਮੈਂ 7 ਮੀਲ ਦੇ ਏਰੀਏ ਵਿਚ ਸੀ, ਨਵਾਬਸ਼ਾਹ ਤੋਂ ਜ਼ਿਲੇ ਦੇ ਅੰਦਰ। ਉਥੇ ਉਨ੍ਹਾਂ ਦੀ ਸ਼ਰਾਬ ਛੁਡਾਈ। ਉਸ ਤੋਂ ਬਾਅਦ ਮੈਨੂੰ ਸੰਤ ਮਹਾਰਾਜ ਰਾੜੇ ਸਾਹਿਬ ਵਾਲਿਆਂ ਨੇ ਵਾਪਸ ਬੁਲਾ ਲਿਆ ਕਿ ਜਦੋਂ ਸਾਡੀ ਚਿੱਠੀ ਤੁਹਾਡੇ ਹੱਥ ਵਿਚ ਆ ਜਾਵੇ, ਤਾਂ ਸੂਰਜ ਨਹੀਂ ਛੁਪਾਉਣਾ ਉਥੇ, ਸੂਰਜ ਛੁਪਣ ਤੋਂ ਪਹਿਲਾਂ-ਪਹਿਲਾਂ ਬਾਹਰ ਚਲੇ ਆਉਣਾ। ਸੋ ਮੈਂ ਚਾਰ-ਪੰਜ ਮੀਲ ਤੇ ਚਲਿਆ ਗਿਆ। ਉਸ ਤੋਂ ਬਾਅਦ ਮੈਂ ਇਥੇ ਪਹੁੰਚਿਆ ਤਾਂ ਮਹਾਰਾਜ ਜੀ ਕੋਲ ਆ ਗਿਆ। ਫੇਰ ਮੈਂ ਰਾੜਾ ਸਾਹਿਬ ਕਾਫੀ ਦੇਰ ਰਿਹਾ, ਉਨ੍ਹਾਂ ਦਿਨਾਂ ਵਿਚ ਮਹਾਰਾਜ ਨੇ ਮੋਨ ਕਰਵਾਏ



**ਪਰਮ ਪੂਜਯ ਸਤਿਕਾਰਯੋਗ ਬੀਜੀ ਬਚਨ ਕਰਦੇ ਹੋਏ ਅਤੇ ਸੰਤ ਮਹਾਰਾਜ ਰਤਵਾੜਾ ਸਾਹਿਬ ਨਿਜ ਅਨੰਦ ਵਿੱਚ**

ਹੋਏ ਸੀ ਸਾਰੇ ਭਜਨ ਕਰਨ ਵਾਲਿਆਂ ਦੇ। ਮੈਨੂੰ ਵੀ ਮੋਨ ਦੇ ਵਿਚ ਉਨ੍ਹਾਂ ਨੇ ਬਿਠਾ ਦਿਤਾ। ਦੀਵਾਨ ਲੱਗੇ ਤਾਂ ਮਹਾਰਾਜ ਜੀ ਦੋ ਘੰਟੇ ਪਹਿਲਾਂ ਮੇਰੇ ਤੋਂ ਕੀਰਤਨ ਕਰਾਇਆ ਕਰਦੇ ਸੀ। ਫੇਰ ਆਪ ਕਰਿਆ ਕਰਦੇ ਸੀ। ਉਸ ਤੋਂ ਬਾਅਦ ਕਿਉਂਕਿ ਮੇਰੀ ਸ਼ਾਦੀ ਹੋ ਚੁੱਕੀ ਸੀ ਤਾਂ ਇਕ ਵਾਰੀ ਬੀਬੀ ਆਈ ਉਥੇ ਮੇਰੇ ਘਰੋਂ ਉਹ ਖੜ੍ਹੀ ਦੇਖਦੀ ਸੀ, ਕਿਉਂਕਿ ਸਾਨੂੰ ਹੁਕਮ ਨਹੀਂ ਸੀ ਬੋਲਣ ਦਾ। ਅਸੀਂ ਛੱਪਰੀਆਂ ਵਿਚ ਰਹਿੰਦੇ ਸੀ। ਉਹ ਮਹਾਰਾਜ ਜੀ ਦੇ ਦਰਸ਼ਨ ਕਰਨ ਆਈ ਤਾਂ ਉਨ੍ਹਾਂ ਨੂੰ ਉਹਦੇ ਤੇ ਬੜਾ ਤਰਸ ਆਇਆ। ਮੈਨੂੰ ਕਹਿਣ ਲੱਗੇ ਕਿ ਤੈਨੂੰ ਇਕ ਗੱਲ ਕਹਿਣੀ ਹੈ ਕਿ ਇਕ ਪਿਉ ਆਪਣੇ ਪੁੱਤਰ ਨੂੰ ਅੱਗ ਵਿਚ ਸੁੱਟ ਸਕਦਾ ਹੈ। ਮੈਂ ਕਿਹਾ ਨਹੀਂ। ਕਹਿੰਦੇ ਮੈਂ ਸੁੱਟਣ ਲੱਗਿਆ ਹਾਂ ਤੈਨੂੰ। ਤੈਨੂੰ ਦੁਨੀਆਂ 'ਚ ਭੇਜਣ ਲੱਗਿਆ ਹਾਂ। ਬੀਬੀ ਬਹੁਤ ਸਤਵੰਤੀ ਹੈ। ਤੂੰ ਉਥੇ ਘਰ ਰਹਿਣਾ ਹੈ, ਆਪਣਾ ਕਾਰੋਬਾਰ ਕਰਨਾ ਹੈ। ਉਸ ਤੋਂ ਬਾਅਦ ਮੈਂ ਹੁਕਮ ਦਾ ਬੰਨ੍ਹਿਆ ਹੋਇਆ ਆਪਣੇ ਪਿੰਡ ਆ ਗਿਆ। ਐਨੇ ਨੂੰ ਸਰਦਾਰ ਮੋਹਨ ਸਿੰਘ ਜੀ ਕੋਕਾ ਕੋਲੇ ਵਾਲੇ ਮਹਾਰਾਜ ਜੀ ਕੋਲ ਆਏ, ਕਹਿਣ ਲੱਗੇ ਸਾਡੇ ਜਿਹੜੇ ਕਰਮਚਾਰੀ ਨੇ, ਚੋਰੀਆਂ ਕਰ ਲੈਂਦੇ ਨੇ। ਮੈਨੂੰ ਕੋਈ ਐਸਾ ਬੰਦਾ ਦਿਵਾਓ ਜਿਹੜਾ ਦਸ ਹਜ਼ਾਰ ਤੱਕ, ਜਿਹੜਾ ਚੋਰੀ ਨਾ ਕਰੇ। ਮਹਾਰਾਜ ਕਹਿਣ ਲੱਗੇ ਬੰਦਾ ਤਾਂ ਹੈਗਾ, ਤੂੰ ਲੈ ਆ ਧਮੋਟ ਜਾ ਕੇ। ਉਹ ਕਰੋੜ ਤੇ ਵੀ ਨਹੀਂ ਕਰੇਗਾ ਦੱਸ ਹਜ਼ਾਰ ਤਾਂ ਕੀ। ਉਹ ਮੈਨੂੰ ਲੈ ਗਿਆ ਤੇ ਮੈਂ ਦਿੱਲੀ ਚਲਿਆ ਗਿਆ। ਦਿਲੀ ਉਸ ਨੇ ਮੈਨੂੰ ਹਾਇਰ ਬਰਾਂਚ ਦੇ ਦਿਤੀ। ਨਵਾਂ ਜਿਹਾ ਸੀ ਪਿੰਡ ਤੋਂ, ਮੈਨੂੰ ਦਿੱਲੀ ਵਾਲਿਆਂ ਦੇ ਨਾਲ ਵਰਤਣ-ਵਿਹਾਰ ਦਾ ਪਤਾ ਨਹੀਂ ਸੀ। ਸੋ ਉਥੇ ਮੈਂ ਛੇ ਮਹੀਨੇ ਰਿਹਾ। ਛੇ ਮਹੀਨੇ ਬਾਅਦ ਉਥੇ ਮਹਾਰਾਜਾ ਪਟਿਆਲੇ ਦਾ ਚਾਚਾ ਆ ਗਿਆ। ਉਹ ਕਹਿਣ ਲੱਗਿਆ ਕਿ ਤੈਨੂੰ ਅਸੀਂ ਵੱਡਾ ਆਫੀਸਰ ਬਣਾਵਾਂਗੇ। ਗਜ਼ਟਿਡ ਆਫੀਸਰ, ਲੈਫਟੀਨੈਂਟ ਦੀ ਭਰਤੀ 'ਚ ਤੇ ਤੂੰ ਇਥੇ ਸਾਡੇ ਕੋਲ ਆ ਜਾ। ਮੈਂ ਰਸਾਲੇ 'ਚ ਭਰਤੀ ਹੋ ਗਿਆ। ਉਨ੍ਹਾਂ ਵਿਚਾਰਿਆਂ ਦੀ ਤਾਕਤ ਪੋਲੀਟੀਕਲ ਹੇਰ ਫੇਰ ਹੋਣ ਦੇ ਨਾਲ ਕਮਜ਼ੋਰ ਹੋ ਗਈ। ਉਸ ਤੋਂ ਬਾਅਦ ਮੈਂ ਫੌਜ ਵਿਚ 10 ਸਾਲ ਨੌਕਰੀ ਕਰੀ। 14.4.1941 'ਚ ਸ਼ੁਰੂ ਕਰਿਆ ਸੀ, 14.4.1952 ਵਿਚ ਮੈਂ ਸਿਵਲ ਵਿਚ ਚਲਿਆ ਗਿਆ, ਸੈਕਟਰੀਏਟ 'ਚ। ਫੌਜ ਵਿਚ ਵੀ ਮੈਂ ਦੀਵਾਨ ਲਾਉਂਦਾ ਸੀ ਉਸੇ ਤਰ੍ਹਾਂ ਹੀ, ਜਦੋਂ ਸਿਵਲ ਸੈਕਟਰੀਏਟ 'ਚ ਗਿਆ ਉਥੇ ਕਈ ਬੰਦੇ ਇਸੇ ਰੁਝਾਨ ਦੇ ਸੀ, ਦੂਰ-ਦੂਰ ਤੋਂ ਸਾਰੇ ਪੰਜਾਬ ਤੋਂ, ਹੋਰ ਥਾਵਾਂ ਤੋਂ ਆਏ ਹੋਏ ਸੀ ਤੇ ਭਜਨ ਬੰਦਗੀ ਵਾਲਾ ਇਕ ਗਰੁੱਪ ਬਣ ਗਿਆ ਸੀ ਸਾਡਾ। ਉਨ੍ਹਾਂ ਨੇ ਇਕ ਦਿਨ ਸਵਾਲ ਕਰ ਦਿਤਾ ਕਿ ਨਾਮ ਕੀ ਹੁੰਦਾ ਹੈ? ਮੈਨੂੰ ਕਹਿਣ ਲੱਗੇ ਕਿ ਤੁਸੀਂ ਜਵਾਬ ਦਿਓ। ਮੈਂ ਕਿਹਾ ਕਿ ਜਵਾਬ ਤਾਂ ਮੈਂ ਦੇ ਦੇਵਾਂਗਾ ਪਰ ਕੋਈ ਅਸੂਲ ਬੰਨੋ। ਇਕ ਤਾਂ ਇਹ ਕਿ ਜਦੋਂ ਮੈਂ ਬੋਲਦਾ ਹੋਵਾਂ, ਤੁਸੀਂ ਬੋਲਣਾ ਨਹੀਂ। ਦੂਸਰਾ ਇਹ ਕਿ ਜੋ ਵੀ ਤੁਹਾਨੂੰ ਤਰਕ ਹੋਵੇ ਉਹ ਮੇਰੀ ਜੇਬ ਵਿਚ ਪਾ ਦਿਓ ਲਿਖ ਕੇ। ਜਦ ਵਾਰੀ ਆਏਗੀ ਉਹਦਾ ਜਵਾਬ ਮੈਂ ਦੇਵਾਂਗਾ ਨੰਬਰ ਵਾਰ, ਕਾਗਜ਼ ਮੇਰੇ ਕੋਲ ਹੈਗਾ। ਉਸ ਸਤਿਸੰਗ ਦੇ ਮਾਹੌਲ ਦੇ ਵਿਚ ਰਾਧਾ ਸੁਆਮੀ, ਨਾਮਧਾਰੀ, ਹੋਰ ਸਾਧੂ ਸੰਤਾਂ ਨੂੰ ਮੰਨਣ ਵਾਲੇ, ਹੋਰ ਵੀ ਚੰਗੇ-ਚੰਗੇ ਭਾਈ ਵੀਰ ਸਿੰਘ ਜੀ ਦੇ ਅਨੁਆਈ, ਭਾਈ ਰਣਧੀਰ ਸਿੰਘ ਉਨ੍ਹਾਂ ਦੇ ਜਥਿਆਂ ਦੇ ਸਿੰਘ, ਸਾਰੇ ਹੀ ਹੁੰਦੇ ਸੀ। ਇਨ੍ਹਾਂ ਸਾਰਿਆਂ ਨੂੰ ਇਕ ਗੱਲ ਤੇ ਬੁਲਾਉਣਾ ਬੜਾ ਹੀ ਔਖਾ ਸੀ। ਕਿਉਂਕਿ ਗੁਰੂ ਦਾ ਮਸਲਾ ਬੜਾ ਟੇਡਾ ਸੀ। ਸੋ ਮੈਨੂੰ ਦੋ ਸਾਲ ਛੇ ਮਹੀਨੇ ਏਸ ਗੱਲ ਤੇ ਲੱਗੇ ਤੇ ਏਧਰਲੇ ਪਾਸੇ ਮੇਰੀ ਸਰਵਿਸ ਚਲਦੀ ਸੀ। ਆਫੀਸਰ ਜਿਹੜੇ ਸੀ ਉਹ ਹੈਰਾਨ ਸੀ ਕਿ ਇਹ ਐਨਾ ਕੰਮ ਕਿਵੇਂ ਕਰ ਲੈਂਦਾ ਹੈ। ਮੈਨੂੰ ਹੜ੍ਹਾਂ ਦੇ ਨੈਚੂਰਲ ਕਲੈਮਟੀ (ਕੁਦਰਤੀ ਆਫਤਾਂ) ਵਿਚ ਲਾ ਦਿਤਾ ਤੇ ਜਿਹੜੇ ਆਫੀਸਰ ਸੀ ਉਹ ਸਾਰਾ ਦਿਨ ਮੇਰਾ ਹੀ ਕੰਮ ਕਰਦੇ ਰਹਿੰਦੇ। ਇਕ ਦਿਨ ਮੈਨੂੰ ਕਿਹਾ ਕਿ ਐਨਾ ਕੰਮ ਤੂੰ ਕਿਵੇਂ ਕਰ ਲੈਂਦਾ ਹੈਂ? ਕਦੇ ਸ਼ਿਕਾਇਤ ਨਹੀਂ ਕਰਦਾ। ਭਨੋਟ ਸੀ ਸਾਡਾ ਆਫੀਸਰ। ਮੈਂ ਕਿਹਾ ਮਿਸਟਰ ਭਨੋਟ ਤੁਸੀਂ ਰੱਬ ਨੂੰ ਮੰਨਦੇ ਓਂ। ਕਹਿੰਦਾ ਹਾਂ ਮੈਂ ਈਸਾਈ ਹਾਂ। ਮੈਂ ਕਿਹਾ ਤੁਹਾਡਾ ਗਿਰਜਾ ਹੁੰਦਾ ਹੈ। ਕਹਿੰਦਾ ਹਾਂ। ਮੈਂ ਕਿਹਾ ਸਾਡਾ ਗੁਰਦੁਆਰਾ ਹੁੰਦਾ ਹੈ। ਕਹਿੰਦਾ ਹਾਂ। ਮੈਂ ਕਿਹਾ ਗੁਰਦੁਆਰਾ ਛੋਟਾ ਵੀ ਹੁੰਦਾ ਹੈ, ਵੱਡਾ ਵੀ ਹੁੰਦਾ ਹੈ। ਮੇਰਾ ਜਿਹੜਾ ਗੁਰਦੁਆਰਾ ਹੈ ਇਹਦੀਆਂ ਹੱਦਾਂ ਤਿੱਬਤ ਤੋਂ ਸ਼ੁਰੂ ਹੁੰਦੀਆਂ ਨੇ, ਓਦੋਂ ਜੁਆਇੰਟ ਪੰਜਾਬ ਸੀ, ਤੇ ਰਾਜਸਥਾਨ ਨਾਲ ਜਾ ਲਗਦੀਆਂ ਸੀ। ਉਥੋਂ ਚਲ ਕੇ ਦਿੱਲੀ ਦੇ ਹੇਠੋਂ ਹੋ ਕੇ ਆਗਰੇ ਦੇ ਕੋਲ ਦੀ ਹੁੰਦੀਆਂ ਹੋਈਆਂ ਜਮਨਾ ਦਰਿਆ ਦੇ ਨਾਲ-ਨਾਲ ਲਗ ਕੇ ਤਿੱਬਤ ਨੂੰ ਜਾ ਲਗਦੀਆਂ ਸੀ। ਮੈਂ ਕਿਹਾ ਮੇਰਾ ਗੁਰਦੁਆਰਾ ਐਨਾ ਹੈ ਤੇ ਮੈਂ ਏਸ



**ਸੰਤ ਮਹਾਰਾਜ ਰਤਵਾੜਾ ਸਾਹਿਬ ਅਤੇ ਪਰਮ ਪੂਜਯ ਸਤਿਕਾਰਯੋਗ ਬੀਜੀ ਜੀ ਰਤਵਾੜਾ ਸਾਹਿਬ ਵਿਖੇ**

ਗੁਰਦੁਆਰੇ ਦੇ ਵਿਚ ਇਕ ਵੀ ਬੰਦਾ ਨਹੀਂ ਦੇਖਣਾ ਚਾਹੁੰਦਾ ਜਿਹਦਾ ਘਰ ਢਹਿ ਜਾਵੇ, ਡੰਗਰ ਰੁੜ੍ਹ ਜਾਣ, ਨੈਚਰਲ ਕਲੈਮਟੀ ਦੀ ਮਾਰ ਥੱਲੇ ਆਵੇ ਕੋਈ ਇਲਾਕਾ। ਏਸ ਕਰਕੇ ਮੈਂ ਸਵੇਰ ਤੋਂ ਲੈ ਕੇ ਰਾਤ ਤੱਕ ਜ਼ਿਲੇ ਦੇ ਅਫਸਰਾਂ ਨੂੰ ਆਦੇਸ਼ ਦਿੰਦਾ ਰਹਿੰਦਾ ਹਾਂ ਤੇ ਜਦੋਂ ਤੱਕ ਕੰਮ ਨਹੀਂ ਹੁੰਦਾ, ਮੈਂ ਨਹੀਂ ਹਟਦਾ। ਫੇਰ ਉਹਨੇ ਕਿਹਾ ਕਿ ਬਹੁਤ ਜ਼ਿਆਦਾ ਕੰਮ ਹੈ। ਜਦੋਂ ਉਨ੍ਹਾਂ ਨੇ ਕਮੇਟੀ ਬਿਠਾਈ ਮੇਰੀ ਥਾਂ ਦੱਸ ਬੰਦੇ ਲਾਏ ਉਨ੍ਹਾਂ ਨੇ। ਮੈਨੂੰ ਕੰਮ ਕਰਨ ਦੇ ਵਿਚ ਕੋਈ ਖੇਚਲ ਨਹੀਂ ਸੀ, ਮੈਨੂੰ ਖੁਸ਼ੀ ਸੀ ਕਿ ਮੈਂ ਸੇਵਾ ਕਰ ਰਿਹਾ ਹਾਂ। ਉਸ ਤੋਂ ਬਾਅਦ ਮਹਾਰਾਜ ਜੀ ਨੇ ਹੁਕਮ ਕਰ ਦਿਤਾ ਕਿ ਇਥੋਂ ਛੱਡੋ। ਸਾਢੇ 24 ਸਾਲ ਦੀ ਪੈਨਸ਼ੇਨਲ ਸਰਵਿਸ ਹੋ ਗਈ ਸੀ, ਫੇਰ ਨਾ ਮੈਂ ਪੈਨਸ਼ਨ ਲਈ, ਹੁਕਮ ਮੰਨਿਆ ਤੇ ਛੱਡ ਕੇ ਕਹਿੰਦੇ ਫਾਰਮ ਚਲਿਆ ਜਾਹ।

ਮੈਂ ਫਾਰਮ ਵਿਚ ਚਲਿਆ ਗਿਆ। ਉਥੇ ਜਦੋਂ ਮੈਂ ਗਿਆ ਹੀ ਤਾਂ ਮੈਂ ਲੋਕਾਂ ਦਾ ਹਾਲ ਦੇਖਿਆ ਕਿ ਉਥੇ ਪੰਜਾਬੀਆਂ ਦਾ ਕਰੈਕਟਰ ਐਨਾ ਨੀਵਾਂ ਹੋ ਚੁਕਿਆ ਸੀ ਕਿਉਂਕਿ ਉਹ ਆਏ ਸੀ 1947 ਤੋਂ ਬਾਅਦ ਤੇ ਅਜੇ ਉਨ੍ਹਾਂ ਦੇ ਕਿਤੇ ਪੈਰ ਨਹੀਂ ਸੀ ਲੱਗੇ। ਉਹ ਤਰਾਈ ਦੇ ਜੰਗਲਾਂ ਦੇ ਵਿਚ ਜੰਗਲ ਕੱਟਦੇ ਸੀ। ਅਸੀਂ ਵੀ ਜੰਗਲ ਕੱਟਦੇ ਸੀ ਜਾ ਕੇ ਤੇ ਉਨ੍ਹਾਂ ਦਾ ਕੰਮ ਸੀ ਰਾਤ ਨੂੰ ਜਾ ਕੇ ਸ਼ਰਾਬਾਂ ਪੀ ਲੈਣੀਆਂ, ਡਰੰਮ ਕੱਢੀ ਜਾਣੇ। ਉਨ੍ਹਾਂ ਦਾ ਕੰਮ ਇਹ ਸੀ ਰਾਤ ਨੂੰ ਬਿਜਾਏ ਕੰਮ ਕਰਨ ਦੇ ਰਾਤ ਨੂੰ ਡੰਗਰ ਚੋਰੀ ਕਰ ਲੈਣੇ। cattle lifting ਸੀ, ਦੂਜਾ hit man ਸੀ। ਪੈਸਾ ਦਿਓ ਤੇ ਬੰਦਾ ਮਰਵਾ ਲਓ। ਇਨ੍ਹਾਂ ਗੱਲਾਂ ਨੇ ਸਾਨੂੰ ਬਹੁਤ ਹੀ ਬਰਬਾਦ ਕਰ ਦਿਤਾ।

ਇਕ ਦਿਨ ਮੈਂ ਜਾ ਰਿਹਾ ਸੀ ਬੱਸ ਦੇ ਵਿਚ ਤਾਂ ਇਕ ਯੂ.ਪੀ. ਦਾ ਮੁੰਡਾ ਸਿਗਰਟ ਪੀਣ ਲੱਗਿਆ ਮੇਰੇ ਬਰਾਬਰ ਦਾ, ਮੈਂ ਕਿਹਾ ਤੂੰ ਸਿਗਰਟ ਨਾ ਪੀ। ਕਹਿੰਦਾ ਸਰਦਾਰ ਜੀ, ਤੁਹਾਨੂੰ ਤਾਂ ਮੇਰੀ ਸਿਗਰਟ ਚੁਭਦੀ ਹੈ ਤੇ ਜਿਹੜਾ ਤੁਸੀਂ ਸ਼ਰਾਬ ਪੀਂਦੇ ਓਂ, ਡੰਗਰ ਚੋਰੀ ਕਰਦੇ ਓਂ। ਮੈਨੂੰ ਬੜੀ ਨਮੋਸ਼ੀ ਆਈ ਕਿ ਬੜਾ ਮਾੜਾ ਕੰਮ ਹੈ। ਮੈਂ ਉਹਨੂੰ ਜੇ ਕਹਿੰਦਾ ਕਿ ਮੈਂ ਤਾਂ ਨਹੀਂ ਪੀਂਦਾ, ਐਹੋ ਜਿਹਾ ਖਿਆਲ ਉਹਦਾ ਵੀ ਨਹੀਂ ਸੀ, ਉਹਨੂੰ ਪਤਾ ਸੀ ਕਿ ਇਹ ਤਾਂ ਨਹੀਂ ਕਰਦਾ। ਪਰ ਇਹਦੇ ਜਿਹੜੇ ਦੇਸ਼ ਦੇ ਵਾਸੀ ਨੇ ਉਹ ਕਰਦੇ ਨੇ। ਇਸ ਗੱਲ ਲਈ ਮੈਂ ਜਿਹੜੇ ਵੱਡੇ-ਵੱਡੇ ਫਾਰਮਰ ਸੀ, ਹਜ਼ਾਰ-ਹਜ਼ਾਰ ਏਕੜਾਂ ਦੇ ਮਾਲਕ, ਸਾਰੇ ਇਕੱਠੇ ਕਰੇ ਕਿ ਆਹ ਗੱਲ ਹੈ ਆਪਣੀ ਬਦਨਾਮੀ ਐਨੀ ਹੋ ਚੁੱਕੀ ਹੈ। ਸਾਨੂੰ ਪਸ਼ੂ ਚੋਰ ਕਹਿੰਦੇ ਨੇ। ਸੋ ਇਹਦਾ ਕੋਈ ਇਲਾਜ ਕਰੋ। ਉਨ੍ਹਾਂ ਨੂੰ ਤਾਂ ਕੋਈ ਵਿਹਲ ਨਹੀਂ ਸੀ। ਮੈਂ ਆਪਣਾ ਕੰਮ ਕਰਦਾ ਹੋਇਆ, ਜਦੋਂ ਮੈਂ ਦੇਖਿਆ ਕਿ ਇਹ ਵੱਡੇ ਆਦਮੀ ਕੁਛ ਨਹੀਂ ਕਰਦੇ, ਫੇਰ ਵਰਤਣ ਵਾਲਿਆਂ ਦੇ ਨਾਲ ਮੈਂ ਸਲਾਹ ਕਰੀ ਕਿ ਤੁਸੀਂ ਕੁਛ ਕਰੋ ਆਪਾਂ ਬਦਨਾਮ ਹੋ ਜਾਵਾਂਗੇ। ਉਨ੍ਹਾਂ ਪਹਿਲਾਂ ਬੜੇ ਦਿਲਾਸੇ ਦਿਤੇ, ਬੜੀਆਂ ਆਸਾਂ ਵਧਾਈਆਂ ਕਿ ਅਸੀਂ ਜੀ ਐਉਂ ਨਾਲ ਚਲਿਆ ਕਰਾਂਗੇ। ਪਰ ਦੋ ਕੁ ਪ੍ਰੋਗਰਾਮਾਂ ਦੇ ਬਾਅਦ ਉਹ ਹਟ ਗਏ। ਪ੍ਰੋਗਰਾਮ ਅਖੀਰ ਇਹ ਰੱਖਿਆ ਕਿ ਕੀਰਤਨ ਕਰੋ ਸਿੱਧੀਆਂ ਧਾਰਨਾ ਦੇ ਨਾਲ, ਸਾਖੀਆਂ ਸੁਣਾਵੋ ਤਾਂ ਕਿ ਇਨ੍ਹਾਂ ਦੇ ਦਿਲਾਂ ਵਿਚੋਂ ਜੁਰਮ ਨਿਕਲ ਜਾਵੇ। ਜਦੋਂ ਉਹ ਹਟ ਗਏ, ਮੈਂ ਨਹੀਂ ਹਟਿਆ। ਮੈਂ ਫੇਰ ਆਪਣੇ ਟੈਂਟ, ਟਰਾਲੀ, ਆਪਣੀਓ ਕਾਰ ਵਿਚ ਜਾਣਾ, ਜਾ ਕੇ ਐਹੋ ਜਿਹੀਆਂ ਥਾਵਾਂ ਤੇ ਪਹੁੰਚਣਾ ਜਿਥੇ ਚਾਰ-ਚਾਰ ਮੀਲ ਮੈਨੂੰ ਤੁਰਦੇ ਨੂੰ ਹੋ ਜਾਣੇ। ਫੇਰ ਧੂੜ ਪੈਣੀ, ਧੂੜ ਦੇ ਨਾਲ ਲੱਥਪੱਥ ਹੋ ਜਾਣਾ ਤੇ ਉਥੇ ਜਾ ਕੇ ਇਹ ਵੀ ਸਾਰਾ ਖਰਚਾ ਆਪਣੇ ਕੋਲੋਂ ਕਰਨਾ। ਨਾ ਉਥੇ ਅਸੀਂ ਚਾਹ ਪੀਣੀ, ਨਾ ਰੋਟੀ ਖਾਣੀ ਉਸੇ ਤਰ੍ਹਾਂ ਘਰ ਵਾਪਸ ਆ ਜਾਣਾ, ਸੋ ਉਸ ਤਰ੍ਹਾਂ ਕਰਦਿਆਂ-ਕਰਦਿਆਂ ਇਕ ਲਹਿਰ ਚੱਲ ਪਈ। ਉਸ ਲਹਿਰ ਦੇ ਨਾਲ ਬੇਅੰਤ ਸੰਗਤ ਮੇਰੇ ਨਾਲ ਜੁੜ ਗਈ। ਹਜ਼ਾਰਾਂ ਦੀ ਤਾਦਾਦ 'ਚ। ਜਿੱਧਰ ਮੈਂ ਜਾਣਾ ਟਰਾਲੀਆਂ ਹੀ ਟਰਾਲੀਆਂ ਮੇਰੇ ਨਾਲ ਭਰੀਆਂ ਹੋਈਆਂ ਜਾਂਦੀਆਂ ਸੀ। ਕਿਉਂਕਿ ਉਨ੍ਹਾਂ ਨੂੰ ਵਿਸ਼ਵਾਸ਼ ਹੋ ਚੁੱਕਿਆ ਸੀ ਕਿ ਇਹ ਸਰਦਾਰ ਨੇ, ਨਾ ਤਾਂ ਆਪਣਾ ਕੋਈ ਨਿਜੀ ਲਾਭ ਲੈਣਾ ਹੈ ਇਹ ਤਾਂ ਆਪਣੇ ਪੱਲਿਓਂ ਪੈਸੇ ਖਰਚੀ ਜਾਂਦਾ ਹੈ ਹਰ ਥਾਂ ਦੇ ਉਤੇ। ਸੋ ਜਿਸ ਵਕਤ ਸੰਗਤ ਬਹੁਤ ਹੋ



**ਸੰਤ ਮਹਾਰਾਜ ਰਤਵਾੜਾ ਸਾਹਿਬ ਅਤੇ ਪਰਮ ਪੂਜਯ ਸਤਿਕਾਰਯੋਗ ਬੀਜੀ ਜੀ ਨਿਵਾਸ ਅਸਥਾਨ ਮੋਹਾਲੀ ਵਿਖੇ**

ਗਈ ਤਾਂ ਉਸ ਵੇਲੇ ਇਕ ਜਾਗ੍ਰਤੀ ਪੈਦਾ ਹੋ ਗਈ। ਜੁਰਮ ਸਿੱਖਾਂ ਦੇ ਵਿਚੋਂ ਨਿਕਲ ਗਿਆ। ਬਿਲਕੁਲ ਸਾਫ ਸੁਥਰਾ ਇਲਾਕਾ ਹੋ ਗਿਆ। ਦੋ ਤਿੰਨ ਜ਼ਿਲਿਆਂ 'ਚ ਮੈਂ ਕੰਮ ਸ਼ੁਰੂ ਕਰਿਆ ਸੀ ਤੇ ਪੁਲਿਸ ਦਾ ਜੋ ਜਰਨੈਲ ਸੀ ਉਹ ਘਰ ਆਇਆ। ਮੈਨੂੰ ਕਹਿਣ ਲੱਗਿਆ, ਮੈਂ ਰੋਟੀ ਖਾਣੀ ਹੈ। ਮੈਂ ਕਿਹਾ, ਜਰਨੈਲ ਸਾਹਿਬ! ਸਾਗ ਤੇ ਮੱਕੀ ਦੀ ਰੋਟੀ ਤਾਂ ਮਿਲ ਜਾਏਗੀ, ਤੁਹਾਡੇ ਵਾਲੇ ਮੁਰਗੇ ਨਹੀਂ ਇਥੇ ਮਿਲਣੇ। ਕਹਿੰਦਾ ਮੈਂ ਤਾਂ ਖਾਂਦਾ ਹੀ ਨਹੀਂ। ਮੈਂ ਤਾਂ ਤੁਹਾਡੇ ਨਾਲ ਬੜੀ ਖੁਸ਼ੀ ਮਹਿਸੂਸ ਕਰਦਾ ਹਾਂ ਤੇ ਤੁਸੀਂ ਮੈਨੂੰ ਬੈਠ ਕੇ ਪ੍ਰਸ਼ਾਦਾ ਛਕਾ ਦਿਓ। ਬੇਅੰਤ ਇਕੱਠੇ ਹੋ ਗਏ ਲੋਕ, ਕਿਉਂਕਿ ਜਿਥੇ ਪੁਲਿਸ ਜਰਨੈਲ ਹੈ ਉਥੇ ਆਉਣਾ ਹੈ ਸਾਰਿਆਂ ਨੇ। ਉਹਨੇ ਪ੍ਰਸ਼ਾਦਾ ਛਕਣ ਤੋਂ ਬਾਅਦ ਇਕ ਗੱਲ ਕਹੀ ਕਿ ਮੈਂ ਇਥੇ ਕਿਉਂ ਆਇਆਂ? ਮੇਰੀ ਜਦ ਕਿ ਵੱਡੇ-ਵੱਡੇ ਆਦਮੀ ਮਿੰਨਤਾਂ ਕਰਦੇ ਨੇ, ਖੁਸ਼ਾਮਦਾਂ ਕਰਦੇ ਨੇ, ਇਥੇ ਮੈਂ ਆਪ ਮੰਗ ਕੀਤੀ ਹੈ ਪ੍ਰਸ਼ਾਦੇ ਦੀ। ਮੈਂ ਇਨ੍ਹਾਂ ਥਾਣਿਆਂ ਦੇ ਵਿਚ ਗੁਪਤ ਰਿਪੋਰਟ ਦੇ ਰਿਹਾ ਸੀ। ਜੁਰਮ ਸੂਚੀ ਜਦੋਂ ਮੈਂ ਚੁੱਕੀ ਮੈਂ ਹੈਰਾਨ ਹੋ ਗਿਆ ਕਿ ਇਹ ਤਾਂ ਸਾਰਿਆਂ ਤੋਂ ਵੱਧ crime ਵਾਲੇ ਜ਼ਿਲੇ ਸੀ। ਇਥੇ ਅਬਾਦਕਾਰ ਪੰਜਾਬੀ ਬੈਠੇ ਸੀ ਇਨ੍ਹਾਂ ਨੇ ਆ ਕੇ ਬਹੁਤ ਜੁਰਮ ਵਧਾ ਦਿਤੇ। ਹੁਣ ਮੈਂ ਦੇਖਿਆ ਕਿ ਹੁਣ ਜੁਰਮ ਹੈ ਨਹੀਂ। ਮੈਂ ਇਥੇ ਦੇ ਜ਼ਿਲਿਆਂ ਦਾ ਇੰਚਾਰਜ ਸੀ, ਸਬ ਇੰਸਪੈਕਟਰ ਸੀ, ਉਨ੍ਹਾਂ ਨੂੰ ਮੈਂ ਬਹੁਤ ਅੱਛੀਆਂ ਰਿਪੋਰਟਾਂ ਦਿਤੀਆਂ ਤਾਂ ਮੈਨੂੰ ਕਾਇਬਰੀ ਦੇ ਥਾਣੇਦਾਰ ਨੇ ਦੱਸਿਆ ਕਿ ਸਾਹਿਬ! ਅਸੀਂ ਰਿਪੋਰਟਾਂ ਤਾਂ ਲੈ ਲਈਆਂ, ਪਰ ਤੁਹਾਡੇ ਤੋਂ ਅਸੀਂ ਅਸਲੀ ਗੱਲ ਨਹੀਂ ਛੁਪਾਉਣਾ ਚਾਹੁੰਦੇ। ਕਹਿੰਦੇ ਇਥੇ ਇਕ ਸਰਦਾਰ ਆਇਆ ਹੈ, ਉਹ ਖੇਤੀ ਵੀ ਸਾਰਿਆਂ ਨਾਲੋਂ ਚੰਗੀ ਕਰਦਾ ਹੈ, ਪਰ ਉਹ ਘਰ-ਘਰ ਫਿਰਦਾ ਹੈ, ਕੁਛ ਗਾਉਂਦਾ ਹੈ, ਬੇਅੰਤ ਲੋਕ ਇਕੱਠੇ ਹੁੰਦੇ ਨੇ ਉਹਦੇ ਪਿਛੇ, ਸਮਝ ਲਓ ਇਲਾਕਾ ਹੀ ਲਗ ਗਿਆ। ਉਹਨੇ ਜਿਹੜੇ ਸ਼ਰਾਬਾਂ ਦੇ ਕੇਸ ਸੀ, ਡਰੰਮ ਭਰ ਕੇ ਸ਼ਰਾਬ ਕੱਢਦੇ ਸੀ ਉਹ ਵੀ ਹਟਾ ਦਿਤੇ। ਕਤਲ ਕਰਨੇ ਹਟਾ ਹੀ ਨਹੀਂ ਦਿਤੇ ਸਗੋਂ ਜਿਹੜੇ ਕਤਲ ਕੀਤੇ ਹੋਏ ਸੀ ਉਨ੍ਹਾਂ ਦੇ ਪੰਚਾਇਤੀ ਫੈਸਲੇ ਕਰਾ ਦਿਤੇ। ਉਹਦੇ ਨਾਲ ਹੋਰ ਜੁਰਮ ਡੰਗਰ ਚੋਰੀ ਵਗੈਰਾ ਦੇ ਸੀ, ਉਸ ਤੋਂ ਹਟਾ ਕੇ ਇਨ੍ਹਾਂ ਨੂੰ ਖੇਤੀ ਕਰਨ ਲਾ ਦਿਤਾ। ਸੋ ਅਸੀਂ ਤਾਂ ਹੁਣ ਵਿਹਲੇ ਬੈਠੇ ਹਾਂ ਪੁਲਿਸ ਵਾਲੇ ਤੇ ਕਰੈਡਿਟ ਉਹਨੂੰ ਜਾਣਾ ਚਾਹੀਦਾ ਹੈ। ਸੋ ਕਹਿਣ ਲੱਗਿਆ ਕਿ ਮੈਂ ਏਸ ਕਰਕੇ ਇਥੇ ਅੱਜ ਪ੍ਰਸ਼ਾਦਾ ਛਕਿਆ ਹੈ ਕਿ ਤੁਸੀਂ ਸਾਡੀ ਬਹੁਤ ਵੱਡੀ ਮਦਦ ਕੀਤੀ ਹੈ।



**ਪਰਮ ਸਤਿਕਾਰਯੋਗ ਬੀਜੀ ਅਤੇ ਸੰਤ ਮਹਾਰਾਜ ਜੀ ਰਤਵਾੜਾ ਸਾਹਿਬ ਵਿਖੇ ਆਈ.ਟੀ. ਕਾਲਜ ਵਿਖੇ**

ਇਸ ਤਰ੍ਹਾਂ ਖੇਤੀ ਦੇ ਵਿਚ ਮੈਂ ਬਹੁਤ ਮਾਹਿਰ ਸੀ, ਯੂਨੀਵਰਸਿਟੀ ਦਾ ਮੈਂ ਮੈਂਬਰ ਸੀ। ਉਸ ਤੋਂ ਬਾਅਦ ਇਕ ਦਮ ਐਸੇ ਹਾਲਾਤ ਹੋ ਗਏ ਕਿ ਮੈਨੂੰ ਜ਼ਮੀਨ ਵੇਚਣੀ ਪਈ, ਬੱਚੇ ਅਮਰੀਕਾ ਚਲੇ ਗਏ। ਮੈਂ ਇਕੱਲਾ ਰਿਹਾ। ਉਸ ਵੇਲੇ ਮੈਂ ਸਾਰਾ ਫਾਰਮ ਵਗੈਰਾ ਵੇਚ ਕੇ ਇਥੇ ਆਇਆ ਚੰਡੀਗੜ੍ਹ। ਇਹਦਾ ਆਲੇ-ਦੁਆਲੇ ਦਾ ਇਲਾਕਾ ਦੇਖਿਆ ਤਾਂ ਮੈਂ ਹੈਰਾਨ ਹੋ ਗਿਆ ਕਿ ਚੰਡੀਗੜ੍ਹ ਵਰਗਾ ਸ਼ਹਿਰ, ਗੁਰਦੁਆਰੇ ਹੀ ਗੁਰਦੁਆਰੇ ਹਰ ਸੈਕਟਰ ਵਿਚ, ਆਹ ਲੋਕਾਂ ਦਾ ਕੀ ਹਾਲ ਹੈ। ਮੇਰੇ ਘਰੋਂ ਮੇਰੇ ਪਤਨੀ ਮੇਰੇ ਨਾਲ ਹੀ ਰਹਿੰਦੇ ਸੀ। ਅਸੀਂ ਸਲਾਹ ਕਰੀ ਕਿ ਹੁਣ ਤਾਂ ਆਪਾਂ ਬਿਜ਼ਨਸ ਕੋਈ ਨਹੀਂ ਕਰਨੀ। ਆਪਾਂ ਜੇ ਕਰਨਾ ਹੈ ਤਾਂ ਗੁਰੂ ਦਾ ਕੰਮ ਕਰਨਾ ਹੈ। ਉਸ ਵੇਲੇ ਮੈਂ ਘਰ-ਘਰ, ਪਿੰਡ-ਪਿੰਡ ਫਿਰਿਆ, ਆਪਣੇ ਖਰਚ, ਆਪਣੇ ਲੋਕ ਅਜੇ ਆਦੀ ਨਹੀਂ ਸੀ ਸਤਿਸੰਗ ਦੇ। ਸੋ ਆਪਣਾ ਸਾਰਾ ਖਰਚਾ ਕਰਕੇ, ਉਨ੍ਹਾਂ ਨੂੰ ਬੁਲਾਉਣਾ, ਜੋ ਚੜ੍ਹਾਵਾ ਚੜ੍ਹਨਾ ਉਨ੍ਹਾਂ ਨੂੰ ਕਹਿਣਾ ਕਿ ਇਹਦੇ ਬਰਤਨ ਬਣਾ ਲਓ, ਇਹਦੇ ਸ਼ਾਮਿਆਨੇ ਬਣਾ ਲਓ। ਸੋ ਇਸ ਤਰ੍ਹਾਂ ਪੰਜ-ਪੰਜ ਦਿਨ ਦੇ ਦੀਵਾਨ, ਦੋ-ਦੋ ਤਿੰਨ ਤਿੰਨ ਥਾਂ ਲਾਉਣੇ। ਰਾਤ ਨੂੰ ਮੈਂ ਘਰ ਆਉਣਾ ਇਕ ਵਜੇ। ਸੋ ਉਹਦਾ ਨਤੀਜਾ ਇਹ ਹੋਇਆ ਕਿ ਮੇਰੇ ਨਾਲ ਇਕ ਲਾਈਨ ਬੰਨ੍ਹ ਕੇ ਨਾਲ ਚੱਲ ਪਏ ਸਾਰੇ। ਮੈਂ ਕੋਈ ਪਿੰਡ ਛੱਡਦਾ ਨਹੀਂ ਸੀ। ਨੇਮ ਕਰਿਆ ਕਿ ਇਕ ਪਿੰਡ ਤੋਂ ਬਾਅਦ ਦੂਸਰਾ, ਦੂਸਰੇ ਤੋਂ ਬਾਅਦ ਤੀਸਰਾ। ਉਹਦੇ ਨਾਲ ਸਿੱਖੀ ਦਾ ਪ੍ਰਚਾਰ ਹੋ ਗਿਆ। ਉਥੇ ਕਿਉਂ ਨਹੀਂ ਪ੍ਰਚਾਰ ਹੋਇਆ ਕਿਉਂਕਿ ਪਹਿਲਾਂ ਗੁਰੂ ਮਹਾਰਾਜ ਗੁਰੂ ਛੇਵੇਂ ਪਾਤਸ਼ਾਹ ਉਸ ਇਲਾਕੇ 'ਚ ਰਹੇ, ਸੱਤਵੇਂ, ਅੱਠਵੇਂ, ਨੌਵੇਂ, ਦਸਵੇਂ ਪਾਤਸ਼ਾਹ ਉਥੇ ਰਹੇ। ਸ਼ਹੀਦਾਂ ਦਾ ਜਿਹੜਾ ਖੂਨ ਹੈ ਉਤੇ ਕਣ-ਕਣ ਦੇ ਉਤੇ ਡੁਲ੍ਹਿਆ ਹੋਣ ਦੇ ਬਾਵਜੂਦ ਵੀ ਉਥੇ ਸਿੱਖੀ ਦਾ ਨਾਮ ਨਿਸ਼ਾਨ ਨਹੀਂ ਸੀ। ਸ਼੍ਰੋਮਣੀ ਕਮੇਟੀ ਦੇ ਉਥੇ ਪ੍ਰਚਾਰਕ ਵਗੈਰਾ ਫਿਰਦੇ ਸੀ ਵਿਚਾਰੇ helpless ਮਜਬੂਰ ਸੀ, ਕੁਛ ਬਣਿਆ ਨਹੀਂ ਸੀ ਉਨ੍ਹਾਂ ਦਿਨਾਂ ਵਿਚ। ਜਦੋਂ ਇਹ ਲਹਿਰ ਬਣੀ ਉਸ ਵੇਲੇ ਸਭ ਲੋਕ ਇਕੱਠੇ ਹੋ ਗਏ। ਤਮਾਕੂ ਦੀ ਕਾਸ਼ਤ ਬੰਦ ਹੋ ਗਈ, ਜਰਦਾ ਖਾਣ ਤੋਂ ਮੈਂ ਬੰਦ ਕਰ ਦਿਤੇ ਤਾਂ ਸਿੱਖੀ


ਦੀ ਲਹਿਰ ਚਲ ਪਈ। ਸਿੱਖੀ ਦੀ ਲਹਿਰ ਐਨੀ ਚੱਲੀ ਕਿ ਸਾਰੇ ਪਿੰਡਾਂ ਦੇ ਅੰਦਰ ਕੀਰਤਨ ਸ਼ੁਰੂ ਹੋ ਗਿਆ। ਦੂਸਰਾ ਮੈਂ ਕਿਹਾ ਕਿ ਤੁਸੀਂ ਗ੍ਰੰਥੀਆਂ ਦੇ ਸਿਰ ਤੇ ਨਾ ਰਹੋ, ਤੁਹਾਨੂੰ ਮੈਂ ਪੜ੍ਹਾਉਂਦਾ ਹਾਂ, ਕੀਰਤਨ ਸਿਖਾਉਂਦਾ ਹਾਂ, ਤੁਸੀਂ ਆਪਣੇ ਇਲਾਕੇ ਦੇ ਅਨੰਦ ਕਾਰਜ ਆਪ ਕਰੋ। ਆਪਣੇ ਆਪ ਅਖੰਡਪਾਠਾਂ ਦੇ ਭੋਗ ਪਾਓ। ਤੁਸੀਂ ਕਿਉਂ ਇਨ੍ਹਾਂ ਤੇ ਨਿਰਭਰ ਹੁੰਦੇ ਹੋ। ਸੋ ਉਨ੍ਹਾਂ ਨੇ ਮੇਰੀ ਗੱਲ ਮੰਨੀ। ਅੱਜ ਹਰ ਪਿੰਡ ਦੇ ਵਿਚ ਜਥਾ ਹੈ ਜਿਹੜਾ ਆਪਣਾ ਕੰਮ ਆਪ ਕਰਦਾ ਹੈ। ਸੋ ਇਸ ਤਰ੍ਹਾਂ ਦੇ ਨਾਲ ਮੈਂ ਉਸ ਥਾਂ ਦੇ ਉਤੇ ਪ੍ਰਚਾਰ ਕਰਦਾ ਰਿਹਾ। ਸਭ ਕੁਛ ਗੁਰੂ ਮਹਾਰਾਜ ਨੇ ਮੇਰੇ ਤੋਂ ਕਰਾਇਆ, ਮੈਂ ਨਹੀਂ ਕਰਿਆ। ਪਰ ਸਾਡਾ ਤਾਂ ਇਹ ਅਸੂਲ ਜਿਹੜਾ ਮੇਰਾ ਅੰਦਰ ਦਿਲ 'ਚੋਂ ਹੈ, ਉਹ ਇਹ ਹੈ ਕਿ ਮੈਂ ਆਪਣਾ ਫਰਜ਼ ਸਮਝਦਾ ਸੀ। ਮੈਂ ਇਸ ਕਰਕੇ ਨਹੀਂ ਸੀ ਕਰਦਾ ਕਿ ਮੈਨੂੰ ਕੋਈ ਕਹੇ ਜਾਂ ਮੈਨੂੰ ਕੋਈ ਕੁਛ ਦੇਵੇ। ਉਥੇ ਪ੍ਰਚਾਰ ਹੋਣ ਦਾ ਕਾਰਨ ਇਹ ਸੀ। ਉਹ ਇਲਾਕਾ ਜਿਹੜਾ ਸੀ ਉਹ ਗਰੀਬ ਸੀ, ਫਸਲਾਂ ਉਥੇ ਹੁੰਦੀਆਂ ਨਹੀਂ ਸੀ। ਗਰੀਬ ਲੋਕ ਸੀਗੇ। ਦੁੱਧ ਵੇਚ ਦਿੰਦੇ ਸੀ, ਉਨ੍ਹਾਂ ਵਿਚ ਤਾਕਤ ਹੈ ਨਹੀਂ ਸੀ, ਉਹ ਨਸ਼ੇ ਵਰਤ ਕੇ ਆਪਣੇ ਦਿਨ ਪੂਰੇ ਕਰਦੇ ਸੀ। ਨਸ਼ੇ ਬੰਦ ਹੋ ਗਏ, ਵਧੀਆ ਖੇਤੀਆਂ ਹੋ ਗਈਆਂ। ਬਿਜਲੀ ਆ ਗਈ, ਲੋਕਾਂ ਵਿਚ ਏਕਤਾ ਵਧ ਗਈ, ਉਹਦੇ ਨਾਲ ਉਨ੍ਹਾਂ ਨੂੰ ਪਤਾ ਲਗ ਗਿਆ ਕਿ ਸਾਡੀ ਹੋਂਦ ਕੀ ਹੈ? ਤੇ ਅੱਜ ਉਥੇ ਕੋਈ ਤਮਾਕੂ ਨਹੀਂ ਬੀਜਦਾ, ਪਿੰਡਾਂ ਦੇ ਪਿੰਡ ਖੁਸ਼ਹਾਲੀ ਵਿਚ ਆ ਗਏ ਨੇ। ਸੋ ਉਸ ਤੋਂ ਬਾਅਦ ਸਾਰਿਆਂ ਨੇ ਕਿਹਾ ਕਿ ਤੁਸੀਂ ਕੋਈ ਸੈਂਟਰਲ ਪੁਆਇੰਟ ਬਣਾਓ। ਮੈਂ ਕਿਹਾ ਮੈਂ ਨਹੀਂ ਬਣਾਉਣਾ, ਕਿਉਂਕਿ ਬਾਅਦ ਵਿਚ ਰੌਲੇ ਪੈ ਜਾਂਦੇ ਨੇ। ਪਰ ਹਰਪਾਲ ਸਿੰਘ ਨੇ ਜਿਹੜੇ ਸਰਪੰਚ ਮੇਰੇ ਬਰਾਬਰ ਬੈਠੇ ਨੇ, ਇਹ ਸਾਡੇ ਆਸ਼ਰਮ ਦੇ ਵਿਚ ਰਹਿੰਦੇ ਨੇ, ਇੰਜਨੀਅਰਿੰਗ ਛੱਡ ਕੇ ਇਹ ਏਸ ਪਾਸੇ ਆਏ ਨੇ। ਭਰਾ ਇਨ੍ਹਾਂ ਦੇ ਇੰਜਨੀਅਰ ਨੇ ਤੇ ਇਨ੍ਹਾਂ ਨੇ ਆਪਣੇ ਪਿੰਡ ਦੇ ਨਾਲ ਲਗਦੀ ਨਦੀ ਦੀ ਜ਼ਮੀਨ ਸੀ ਉਹਦੇ ਵਿਚ ਮੈਨੂੰ ਕਿਹਾ ਕਿ ਇਥੇ ਬਣਾ ਲਓ। ਉਥੇ ਆਸ਼ਰਮ ਬਣਾਇਆ ਤੇ 50 ਏਕੜ ਦੀ ਜ਼ਮੀਨ ਲੈ ਕੇ ਉਨ੍ਹਾਂ ਨੂੰ ਦਿਤੀ। ਟਰੱਸਟ ਬਣਾਇਆ, ਉਥੇ ਮੈਂ ਆਪਣੇ ਖਾਣ ਵਾਸਤੇ 4 ਏਕੜ ਜ਼ਮੀਨ ਖਰੀਦੀ ਤੇ ਇਨ੍ਹਾਂ ਨੂੰ ਦੇ ਦਿਤੀ। ਮੱਝਾਂ ਗਾਵਾਂ ਲਈਆਂ ਉਹ ਵੀ ਇਨ੍ਹਾਂ ਨੂੰ ਸੰਭਾਲ ਦਿਤੀਆਂ ਤਾਂ ਕਿ ਲੰਗਰ ਵਿਚੋਂ ਜੇ ਕਦੇ ਦੁੱਧ ਆਵੇ, ਐਸਾ ਨਾ ਹੋਵੇ ਕਿ ਪੂਜਾ ਦਾ ਧਾਨ ਮੇਰੇ ਕੋਲ ਆ ਜਾਵੇ। ਮੇਰੇ ਘਰੋਂ ਬੀਬੀ ਐਨੀ ਸਖਤ ਸੀ ਕਿ ਜੇ ਕਿਤੋਂ ਸਿਰੋਪਾ ਮਿਲ ਜਾਵੇ ਉਹਨੂੰ ਅੰਦਰ ਨਹੀਂ ਸੀ ਵੜਨ ਦਿੰਦੀ, ਕਹਿੰਦੀ ਇਹਦੇ ਵਿਚ ਪੂਜਾ ਦੇ ਧਾਨ ਦੀ ਅੰਸ ਹੈ ਮੈਂ ਨਹੀਂ ਅੰਦਰ ਵੜਨ ਦੇਣਾ। ਬੜੀ ਮੁਸ਼ਕਲ ਹੋ ਗਈ। 1986 ਤੱਕ ਮੈਂ ਸਾਰਾ ਖਰਚਾ ਆਪਣੀ ਜੇਬ ਵਿਚੋਂ ਕਰਿਆ। ਆਪਣੇ ਲਾਊਡ ਸਪੀਕਰ, ਆਪਣੀ ਬਿਜਲੀ, ਆਪਣੇ ਸ਼ਾਮਿਆਨੇ, ਸੰਸਥਾ ਬਣ ਗਈ। ਉਸ ਤੋਂ ਬਾਅਦ ਆਸ਼ਰਮ ਬਣਿਆ, ਫੇਰ ਅਸੀਂ ਕਿਹਾ ਜਿਹੜਾ ਕੁਛ ਦੇਣਾ ਹੈ ਇਥੇ ਦੇ ਦਿਓ ਪਰ ਅਜੇ ਵੀ ਸਾਡੇ ਅਸੂਲ ਨੇ ਜਥਿਆਂ ਦੇ ਕਿ ਅਸੀਂ ਅਨੰਦ ਕਾਰਜ ਲੜਕੀਆਂ ਦੇ ਫਰੀ ਕਰਦੇ ਹਾਂ। ਫਰੀ ਹੀ ਨਹੀਂ ਕਰਦੇ ਉਹਨੂੰ ਸ਼ਗਨ, ਸੂਟ ਵਗੈਰਾ ਦੇ ਕੇ ਆਉਂਦੇ ਹਾਂ। ਦੂਸਰਾ ਇਹ ਹੈ ਕਿ ਸਾਡੇ ਜਦੋਂ ਦੀਵਾਨ ਗੁਰਦਵਾਰਿਆਂ 'ਚ ਲਗਦੇ ਨੇ ਉਥੇ ਨਾ ਅਸੀਂ ਵਾਜਿਆਂ ਦੇ ਉਤੇ ਭੇਟਾ ਚੜ੍ਹਨ ਦਿੰਦੇ ਹਾਂ ਤੇ ਨਾ ਅਸੀਂ ਗੁਰਦਵਾਰਿਆਂ ਤੋਂ ਸਿਰੋਪਾ ਲੈਂਦੇ ਹਾਂ ਕਿਉਂਕਿ ਸਾਡੀ ਨਿਗ੍ਹਾ ਦੇ ਵਿਚ ਸਾਰੇ ਗੁਰਦੁਆਰੇ ਇਕੋ ਹੀ ਨੇ। ਹੁਣ ਮੈਂ ਇਥੇ ਇੰਗਲੈਂਡ ਵਿਚ ਦੋ ਗੁਰਦਵਾਰਿਆਂ ਵਿਚ ਮੈਂ ਗਿਆ ਹਾਂ, ਮੈਂ ਕਿਹਾ



**ਅਭੁੱਲ ਯਾਦ ਗੁਰਦੁਆਰਾ ਈਸ਼ਰ ਪ੍ਰਕਾਸ਼ ਰਤਵਾੜਾ ਸਾਹਿਬ ਦੀ ਉਸਾਰੀ ਸਮੇਂ ਸੰਤ ਮਹਾਰਾਜ ਸੰਗਤਾਂ ਵਿੱਚ**

ਕਿ ਸ਼ਬਦ ਭੇਟ ਨਹੀਂ ਤੁਸੀਂ ਕਿਸੇ ਨੇ ਵੀ ਰੱਖਣੀ। ਇਕਾਗਰਤਾ ਟੁਟਦੀ ਹੈ, ਦੂਜਾ ਗੁਰੂ ਗ੍ਰੰਥ ਸਾਹਿਬ ਦੇ ਹੁੰਦੇ ਹੋਏ ਮੇਰੀ ਮਾਨਤਾ ਨਹੀਂ ਕਰਨੀ। ਅਗਲੀ ਗੱਲ ਇਹ ਹੈ ਮੈਨੂੰ ਤੁਸੀਂ ਸਿਰੋਪਾ ਨਹੀਂ ਦੇਣਾ। ਇਹ ਗੁਰਦੁਆਰਾ ਵੀ ਮੇਰਾ ਹੈ ਉਹ ਗੁਰਦੁਆਰਾ ਵੀ ਮੇਰਾ ਹੀ ਹੈ। ਇਥੇ ਵੀ ਲੰਗਰ ਚਲਦਾ ਹੈ, ਉਥੇ ਵੀ ਲੰਗਰ ਚਲਦਾ ਹੈ। ਸੋ ਇਸ ਕਰਕੇ ਇਹ ਸਾਡਾ ਅਸੂਲ ਹੈ ਕਿ ਇਹ ਚੀਜ਼ਾਂ ਨਹੀਂ ਕਰਨੀਆਂ। ਸੰਤ ਮਹਾਰਾਜ ਜੀ ਦੇ ਨਾਲ ਵੀ ਮੇਰਾ ਬੜਾ ਸੰਪਰਕ ਰਿਹਾ। ਬਹੁਤ ਵੱਡੀਆਂ ਫਿਲਾਸਫੀ ਦੀਆਂ ਗੱਲਾਂ ਉਨ੍ਹਾਂ ਤੋਂ ਸੁਣਦਾ ਰਹਿੰਦਾ ਸੀ, ਉਨ੍ਹਾਂ ਦੇ ਬੜੀ ਮਿਹਰ ਸੀ ਮੇਰੇ ਉਤੇ। ਉਹ ਚਾਹੁੰਦੇ ਸੀ ਕਿ ਇਹ ਕੁਛ ਕਰੇ। 1973 ਦੀ ਬਾਤ ਹੈ। ਕਰਨਲ ਲਾਲ ਸਿੰਘ ਚੜ੍ਹਾਈ ਕਰ ਗਏ। ਉਹ ਮੇਰੇ ਬੜੇ ਮਿੱਤਰ ਸੀ। ਮੈਨੂੰ ਕਹਿਣ ਲੱਗੇ ਕਿ ਤੇਰੀ ਸੱਜੀ ਬਾਂਹ ਟੁੱਟ ਗਈ। ਮੈਂ ਕਿਹਾ ਹਾਂ ਮਹਾਰਾਜ। ਕਹਿੰਦੇ ਅਸਾਥੋਂ ਇਕ ਲੱਖ ਰੁਪਿਆ ਲੈ ਜਾਓ, 20 ਹਜ਼ਾਰ ਰੁਪਏ ਦੀ ਜੀਪ ਆਉਂਦੀ ਹੈ ਨਵੀਂ, ਜਰਨੇਟਰ ਲੈ ਲਓ, ਹੋਰ ਸਾਰੀਆਂ ਚੀਜ਼ਾਂ ਲੈ ਲਓ ਤੁਸੀਂ ਤੇ ਫਿਲਮਾਂ ਬਣਾ ਕੇ ਪ੍ਰਚਾਰ ਕਰੋ। ਮੈਨੂੰ ਕੋਈ ਪਤਾ ਨਹੀਂ ਸੀ ਕਿ ਫਿਲਮ ਕਿਵੇਂ ਬਣਦੀ ਹੈ। ਤਿੰਨ ਵਾਰੀ ਉਨ੍ਹਾਂ ਨੇ ਬਚਨ ਕਰਿਆ, ਪੈਸੇ ਦੇਣ ਲਈ, ਮੈਂ ਲਏ ਨਹੀਂ। ਮੈਂ ਕਿਹਾ ਸੰਤਾਂ ਕੋਲੋਂ ਨਹੀਂ ਮੈਂ ਪੈਸੇ ਲੈਣੇ। ਕਹਿੰਦੇ ਫੇਰ ਕਿਵੇਂ ਕਰੇਂਗਾ? ਮੈਂ ਕਿਹਾ ਮੇਰੀ ਕਮਾਈ 'ਚ ਬਰਕਤ ਪਾ ਦਿਓ, ਮੈਂ ਆਪਣੀ ਕਮਾਈ 'ਚੋਂ ਸਾਰਾ ਕੁਝ ਲਵਾਂ। ਕਹਿੰਦੇ ਉਹਦੇ ਵਿਚ ਤਾਂ ਪਈ ਹੀ ਹੋਈ, ਹੋਰ ਪੈ ਜਾਏਗੀ।

ਸੋ ਸੰਤ ਮਹਾਰਾਜ ਜੀ ਜਦੋਂ ਬ੍ਰਹਮਲੀਨ ਹੋ ਗਏ, ਜੋਤੀ ਜੋਤ ਸਮਾਅ ਗਏ। ਮੈਂ ਭੁੱਲ ਗਿਆ, ਮੈਂ ਇਸ ਗੱਲ ਨੂੰ ਕੋਈ ਮਹੱਤਤਾ ਨਹੀਂ ਦਿਤੀ ਕਿ ਮੈਂ ਇਕ ਲੱਖ ਰੁਪਿਆ ਛੱਡਿਐ। ਉਹ ਇਕ ਲੱਖ ਰੁਪਿਆ ਅੱਜ ਦੇ 30 ਲੱਖ ਰੁਪਏ ਦੇ ਬਰਾਬਰ ਹੈ। ਸੋ ਸੰਨ 1986 ਵਿਚ ਮੈਨੂੰ ਕਿਸੇ ਨੇ ਦੱਸਿਆ ਕਿ ਮੈਂ ਸੰਤ ਮਹਾਰਾਜ ਦੀ ਡਾਇਰੀ ਪੜ੍ਹੀ ਹੈ, ਉਥੇ ਇਕ ਪਾਸੇ ਗ੍ਰਹਿਣ ਲਿਖਿਆ ਹੋਇਆ ਹੈ, ਇਕ ਪਾਸੇ ਤਿਆਗ ਲਿਖਿਆ ਹੋਇਆ ਹੈ। ਕਹਿੰਦੇ ਤੁਹਾਡੇ ਬਾਰੇ ਇਹ ਸ਼ਬਦ ਲਿਖੇ ਹੋਏ ਨੇ ਕਿ ਮੈਂ ਵਰਿਆਮ ਸਿੰਘ ਨੂੰ ਇਕ ਲੱਖ ਰੁਪਿਆ ਦੇਣ ਦੀ ਪੇਸ਼ਕਸ਼ ਕਰੀ। ਤਿੰਨ ਵਾਰੀ ਮੈਂ ਤਿੰਨ ਬਚਨ ਕੀਤੇ ਪਰ ਉਹਨੇ ਤਿੰਨੋਂ ਮੋੜ ਦਿਤੇ। ਮੇਰਾ ਮਨ ਬੜਾ ਹੀ ਖੁਸ਼ ਹੋਇਆ ਕਿ ਉਹਦੇ ਅੰਦਰ ਤਿਆਗ ਦੀ ਕਿੰਨੀ ਭਾਵਨਾ ਹੈ। ਦੂਜੇ ਪਾਸੇ ਜਿਨ੍ਹਾਂ ਨੇ ਮੇਰੇ ਤੋਂ ਥੋੜ੍ਹੇ-ਥੋੜ੍ਹੇ ਪੈਸੇ ਲਏ ਮਦਦ ਵਾਸਤੇ।



**ਸੰਤ ਈਸ਼ਰ ਸਿੰਘ ਜੀ ਮਹਾਰਾਜ ਰਾੜਾ ਸਾਹਿਬ**

ਉਹ ਵਿਚੇ ਹੀ ਖਾ ਪੀ ਗਏ ਕਿਸੇ ਨੇ ਵਾਪਸ ਵੀ ਨਹੀਂ ਕਰੇ। ਸੋ ਇਸ ਤਰ੍ਹਾਂ ਸੰਤ ਮਹਾਰਾਜ ਜੀ ਦੇ ਨਾਲ ਬਹੁਤ ਪਿਆਰ ਸੀ। ਉਨ੍ਹਾਂ ਦੇ ਪਿਆਰ ਵਿਚ ਹੀ ਮੈਂ ਜੀਅ ਰਿਹਾ ਹਾਂ। ਮੇਰੇ ਕੋਲ ਆਪਣੇ ਖਾਣ ਪੀਣ ਵਾਸਤੇ ਬੇਅੰਤ ਹੈ। ਆਪਣੀ ਕੋਠੀ ਹੈ, ਆਪਣਾ ਪੈਸਾ ਹੈ। ਤੇ ਜਿਹੜੇ ਇਥੇ ਪੈਸੇ offer ਹੁੰਦੇ ਨੇ ਇਹ ਸਾਰੇ ਦੇ ਸਾਰੇ ਆਸ਼ਰਮ (ਰਤਵਾੜਾ ਸਾਹਿਬ) ਵਿਚ ਜਾਂਦੇ ਨੇ। ਉਸ ਆਸ਼ਰਮ ਦੇ ਵਿਚ 24 ਘੰਟੇ ਲੰਗਰ ਚਲਦਾ ਹੈ। ਬਿਰਧ ਜਿਹੜੇ ਨੇੜੇ ਤੇੜੇ ਦੇ ਆਪਣੀ ਕਿਰਿਆ ਸੰਭਾਲਣ ਵਾਲੇ ਨੇ, ਉਨ੍ਹਾਂ ਨੂੰ ਉਥੇ ਅਸੀਂ ਥਾਂ ਦਿੰਦੇ ਹਾਂ। 1986 ਤੋਂ ਲੈ ਕੇ ਹੁਣ ਤੱਕ ਉਸ ਵਿਚ 102 ਕਮਰਾ ਬਣ ਚੁੱਕਿਆ ਹੈ। 82 ਏਕੜ ਜ਼ਮੀਨ ਲੈ ਕੇ ਦੇ ਦਿਤੀ ਹੈ। ਹੁਣ ਸਾਡਾ ਖਿਆਲ ਹੈ, ਜ਼ਮੀਨ ਸਾਨੂੰ ਹੋਰ ਮਿਲ ਰਹੀ ਹੈ, ਉਹਦੇ ਵਿਚ ਅਸੀਂ NRI, ਬਾਹਰਲੇ ਜਿਹੜੇ ਰਹਿਣ ਵਾਲੇ ਨੇ ਉਨ੍ਹਾਂ ਨੂੰ ਅਸੀਂ ਪੇਸ਼ਕਸ਼ ਕਰਦੇ ਹਾਂ ਕਿ ਤੁਸੀਂ ਉਥੇ ਸਕੂਲ ਬਣਾਓ ਆਪਣੇ ਪ੍ਰਬੰਧ ਦੇ ਹੇਠ ਤੇ ਅਮਰੀਕਾ ਦੇ ਬੱਚਿਆਂ ਨੂੰ ਪੜ੍ਹਨ ਵਾਸਤੇ ਬਹੁਤ ਤਕਲੀਫ ਹੈ। ਜੇ ਬੱਚਾ ਕੇਸਾਧਾਰੀ ਜਾਂਦਾ ਹੈ ਤਾਂ ਉਹਨੂੰ she ਕਹਿੰਦੇ ਨੇ। ਬੱਚਿਆਂ ਦੀ ਇਸ ਗੱਲ ਨੂੰ ਮਾਂ ਬਾਪ ਵੀ ਬਹੁਤ ਮਹਿਸੂਸ ਕਰਦੇ ਨੇ ਤੇ ਇਸ ਕਰਕੇ ਉਸ ਦੇ ਕੇਸ ਕੱਟ ਦਿੰਦੇ ਨੇ। ਸੋ ਇਸ ਤਰ੍ਹਾਂ ਦੇ ਨਾਲ ਜਿਨ੍ਹਾਂ ਨੇ ਬੱਚਿਆਂ ਨੂੰ ਪੜ੍ਹਾਉਣਾ ਹੈ। ਉਹ ਕੋਈ ਕਨੇਡਾ ਭੇਜਦਾ ਹੈ, ਕੋਈ ਦੇਹਰਾਦੂਨ ਭੇਜਦਾ ਹੈ, ਖਰਚੇ ਬੜੇ ਨੇ, ਅਸੀਂ ਤੁਹਾਨੂੰ offer ਕਰਦੇ ਹਾਂ ਕਿ ਤੁਸੀਂ ਆਪਣੇ ਬੱਚਿਆਂ ਨੂੰ ਆਪ ਹੀ ਪੜ੍ਹਾਓ, ਜ਼ਮੀਨ ਸਾਡੇ ਤੋਂ ਲਓ, ਬੱਚਿਆਂ ਦੇ ਮਾਂ ਬਾਪ ਦੇ ਰਹਿਣ ਲਈ ਸਾਡੇ ਕੋਲ ਰਿਹਾਇਸ਼ ਲਈ ਵਧੀਆ ਕਮਰੇ ਨੇ। ਉਹ ਜਦੋਂ ਆਪਣੇ ਬੱਚਿਆਂ ਨੂੰ ਮਿਲਣ ਆਉਣ ਤਾਂ ਸਾਡੇ ਕੋਲ ਰਹਿਣਗੇ, ਸਾਡੇ ਕੋਲ ਪ੍ਰਸ਼ਾਦਾ ਛਕਣਗੇ। ਜਿਹੜੇ ਬੱਚੇ ਪੜ੍ਹਨਗੇ, ਉਨ੍ਹਾਂ ਨੂੰ ਗੁਰਦੁਆਰੇ ਦੀ ਲੋੜ ਹੈ, ਅਸੀਂ ਉਨ੍ਹਾਂ ਨੂੰ ਰੂਹਾਨੀ ਕਦਰਾਂ ਕੀਮਤਾਂ ਦੱਸਾਂਗੇ। ਇਹ ਨਹੀਂ ਕਿ ਉਨ੍ਹਾਂ ਨੂੰ ਕਿਸੇ ਧਰਮ ਦੇ ਵਿਚ ਅਸੀਂ ਖਿੱਚਾ-ਖਾਚੀ ਕਰਕੇ ਲੈ ਗਏ। ਅਸੀਂ ਇਹ ਚਾਹੁੰਦੇ ਹਾਂ ਕਿ ਰੂਹਾਨੀ ਕਦਰਾਂ ਕੀਮਤਾਂ ਨਾ ਹੋਣ ਤਾਂ ਧਰਮ ਦਾ ਭੇਖ ਜਿਹੜਾ ਹੈ ਉਹ ਕੋਈ ਕੰਮ ਨਹੀਂ ਕਰਿਆ ਕਰਦਾ। ਇਹ ਪੇਸ਼ਕਸ਼ ਕਰਨ ਵਾਸਤੇ ਅਸੀਂ ਇਥੇ ਆਏ ਹਾਂ।

(------)

# ਅਰਦਾਸ ਸ਼ਕਤੀ

***ਰਘਬੀਰ ਸਿੰਘ 'ਬੀਰ'***

## ਭਾਈ ਕਮਲੀਏ ਦੀ ਅਰਦਾਸ

ਲਾਹੌਰ ਤੋਂ ਕੁਝ ਮੀਲਾਂ ਦੇ ਫਾਸਲੇ ਉਤੇ ਇਕ ਛੋਟਾ ਟਿੱਲਾ ਅੱਜ ਤਕ ਭਾਈ ਬੁੱਧੂ ਦੇ ਆਵੇ ਦੇ ਨਾਮ ਤੋਂ ਮਸ਼ਹੂਰ ਹੈ। ਕਹਿੰਦੇ ਹਨ ਭਾਈ ਬੁੱਧੂ ਦੇ ਆਵੇ ਦੇ ਇਕ ਹਿੱਸੇ ਦੀਆਂ ਇੱਟਾਂ ਵੇਚ ਕੇ ਇਤਨਾ ਧਨ ਕਮਾਇਆ, ਜੋ ਉਸ ਦੀਆਂ ਉਮਰ ਭਰ ਦੀਆਂ ਜ਼ਰੂਰਤਾਂ ਲਈ ਕਾਫੀ ਸੀ, ਇਸ ਕਰਕੇ ਉਸ ਨੇ ਆਵੇ ਦੇ ਦੂਜੇ ਹਿੱਸੇ ਨੂੰ ਵੇਖਿਆ ਹੀ ਨਾ ਅਤੇ ਇਤਿਹਾਸਕ ਯਾਦਗਾਰ ਦੇ ਤੌਰ ਉਤੇ ਦੂਸਰਾ ਹਿੱਸਾ ਉਸੇ ਤਰ੍ਹਾਂ ਅੱਜ ਤਕ ਕਾਇਮ ਹੈ।

ਇਸ ਆਵੇ ਸਬੰਧੀ ਸਿਖ ਇਤਿਹਾਸ ਵਿਚ ਇਕ ਬੜੀ ਦਿਲਚਸਪ ਸਾਖੀ ਹੈ। ਇਹ ਸਾਖੀ ਅਰਦਾਸ ਦੇ ਮਸਲੇ ਉਤੇ ਡਾਹਢਾ ਚਾਨਣਾ ਪਾਉਂਦੀ ਹੈ।

ਭਾਈ ਬੁੱਧੂ, ਸ੍ਰੀ ਗੁਰੂ ਅਰਜਨ ਸਾਹਿਬ ਦਾ ਬੜਾ ਸ਼ਰਧਾਲੂ ਸਿੱਖ ਸੀ। ਜਦ ਸ੍ਰੀ ਗੁਰੂ ਅਰਜਨ ਸਾਹਿਬ ਲਾਹੌਰ ਗਏ ਤਾਂ ਭਾਈ ਬੁੱਧੂ ਨੇ ਸ੍ਰੀ ਗੁਰੂ ਜੀ ਨੂੰ ਸੰਗਤਾਂ ਸਮੇਤ ਆਪਣੇ ਗ੍ਰਹਿ ਵਿਖੇ ਬੁਲਾਇਆ, ਦੀਵਾਨ ਲਗਵਾਇਆ ਅਤੇ ਬੜੇ ਪ੍ਰੇਮ ਨਾਲ ਪ੍ਰਸ਼ਾਦਾ ਛਕਾਣ ਦੀ ਸੇਵਾ ਕੀਤੀ। ਪ੍ਰਸ਼ਾਦ ਛਕਣ ਮਗਰੋਂ ਪ੍ਰਸ਼ਾਦ ਛਕਾਣ ਵਾਲੇ ਦੇ ਹੱਕ ਵਿਚ ਅਰਦਾਸ ਕਰਨ ਦਾ ਦਸਤੂਰ ਉਸ ਵੇਲੇ ਵੀ ਸੀ। ਭਾਈ ਬੁੱਧੂ ਨੇ ਸੰਗਤ ਅੱਗੇ ਹੱਥ ਜੋੜ ਕੇ ਆਖਿਆ ਕਿ ਮੈਂ ਇਕ ਬੜਾ ਵੱਡਾ ਇੱਟਾਂ ਦਾ ਆਵਾ ਚਾੜ੍ਹਿਆ ਹੈ। ਆਪ ਅਰਦਾਸ ਕਰੋ ਕਿ ਇੱਟਾਂ ਦਾ ਆਵਾ ਨਿਰਵਿਘਨ ਪੱਕ ਜਾਵੇ। ਸ੍ਰੀ ਗੁਰੂ ਜੀ ਅਤੇ ਸੰਗਤ ਦੀ ਹਜ਼ੂਰੀ ਵਿਚ ਭਾਈ ਬੁੱਧੂ ਦੇ ਆਵੇ ਸਬੰਧੀ ਅਰਦਾਸ ਕੀਤੀ ਗਈ, ਕਿਉਂਕਿ ਉਸ ਸਮੇਂ ਦੀਆਂ ਸੰਗਤਾਂ ਨੂੰ ਅਰਦਾਸ ਦੇ ਅਸੂਲਾਂ ਦਾ ਚੰਗੀ ਤਰ੍ਹਾਂ ਪਤਾ ਸੀ ਅਤੇ ਉਹ ਜਾਣਦੇ ਸਨ ਕਿ ਗੁਰਮੁਖਾਂ ਦੀ ਸੱਚੇ ਦਿਲ ਤੋਂ ਕੀਤੀ ਅਰਦਾਸ ਕਦੀ ਬੇਅਰਥ ਨਹੀਂ ਜਾ ਸਕਦੀ। ਇਸ ਲਈ ਭਾਈ ਬੁੱਧੂ ਦੇ ਆਵੇ ਵਾਸਤੇ ਅਰਦਾਸ ਕਰਨ ਮਗਰੋਂ ਸਾਰੀ ਸੰਗਤ ਨੇ ਭਰੋਸੇ ਵਿਚ ਆ ਕੇ ਆਖਿਆ –

ਭਾਈ ਬੁੱਧੂ ਦਾ ਆਵਾ ਪੱਕਾ, ਭਾਈ ਬੁੱਧੂ ਦਾ ਆਵਾ ਪੱਕਾ।

ਐਨ ਏਸੇ ਵੇਲੇ ਭਾਈ ਬੁੱਧੂ ਦੇ ਘਰ ਦੇ ਬੂਹੇ ਤੋਂ ਬਾਹਰ ਇਕ ਮੈਲੇ, ਫਟੇ ਪੁਰਾਣੇ ਕਪੜਿਆਂ ਵਾਲੇ, ਮਸਤਾਨੇ ਨੇ ਉਚੀ ਉਚੀ ਆਖਣਾ ਸ਼ੁਰੂ ਕਰ ਦਿਤਾ – ਬੁੱਧੂ ਦਾ ਆਵਾ ਕੱਚਾ, ਬੁੱਧੂ ਦਾ ਆਵਾ ਕੱਚਾ, ਬੁੱਧੂ ਦਾ ਆਵਾ ਕੱਚਾ। ਇਸ ਮਸਤਾਨੇ ਨੂੰ ਫੜ ਕੇ ਗੁਰੂ ਜੀ ਦੇ ਸਾਮ੍ਹਣੇ ਲਿਜਾਇਆ ਗਿਆ ਅਤੇ ਸ਼ਿਕਾਇਤ ਹੋਈ ਕਿ ਸਾਰੀ ਸੰਗਤ ਅਤੇ ਗੁਰੂ ਸਾਹਿਬ ਦੀ ਅਰਦਾਸ ਦੇ ਵਿਰੁੱਧ ਇਹ ਮਸਤਾਨਾ ਆਖ ਰਿਹਾ ਹੈ – ਭਾਈ ਬੁੱਧੂ ਦਾ ਆਵਾ ਕੱਚਾ। ਇਸ ਨੂੰ ਯੋਗ ਸਜ਼ਾ ਮਿਲਣੀ ਚਾਹੀਦੀ ਹੈ।

ਗੁਰੂ ਸਾਹਿਬ ਨੇ ਉਸ ਕਮਲੇ ਤੇ ਮਸਤਾਨੇ ਸਿੱਖ ਨੂੰ ਕੋਲ ਬੁਲਾ ਕੇ ਪੁੱਛਿਆਂ, ਭਾਈ ਤੂੰ ਕਿਉਂ ਆਖ ਰਿਹਾ ਹੈਂ? ਭਾਈ ਬੁੱਧੂ ਦਾ ਆਵਾ ਕੱਚਾ। ਤੈਨੂੰ ਭਾਈ ਬੁੱਧੂ ਦੇ ਖਿਲਾਫ ਕੋਈ ਸ਼ਿਕਾਇਤ ਹੈ?

ਜੀ ਹਾਂ, ਭਾਈ ਬੁੱਧੂ ਦੇ ਆਦਮੀਆਂ ਨੇ ਸੰਗਤ ਦੇ ਨਾਲ ਮੈਨੂੰ ਤੁਹਾਡੇ ਦੀਵਾਨ ਵਿਚ ਨਹੀਂ ਆਉਣ ਦਿੱਤਾ। ਮੈਂ ਬਥੇਰਾ ਆਖਿਆ ਕਿ ਮੈਂ ਵੀ ਗੁਰੂ ਕਾ ਸਿੱਖ ਹਾਂ, ਦੀਵਾਨ ਵਿੱਚ ਆਉਣ ਦਿਓ। ਪਰ ਮੇਰੀ ਇਕ ਨਾ ਸੁਣੀ ਗਈ ਅਤੇ ਮੈਨੂੰ ਦੀਵਾਨ ਵਿਚ, ਤੁਹਾਡੀ ਹਜ਼ੂਰੀ ਵਿਚ ਆਉਣ ਤੋਂ ਟੋਕਿਆ ਗਿਆ। ਕੀ ਇਸ ਨਿਰਾਦਰੀ ਅਤੇ ਵਿਤਕਰੇ ਦੇ ਸਲੂਕ ਦੇ ਬਾਅਦ ਵੀ ਮੈਂ ਆਖਾਂ ਕਿ ਬੁੱਧੂ ਦਾ ਆਵਾ ਪੱਕਾ?

ਭਾਈ ਬੁੱਧੂ ਦੇ ਨੌਕਰਾਂ ਨੂੰ ਬੁਲਾਇਆ ਗਿਆ, ਪੁੱਛਣ ਤੋਂ ਪਤਾ ਚਲਿਆ ਕਿ ਭਾਈ ਕਮਲੀਏ ਦੇ ਮੈਲੇ ਕਪੜਿਆਂ ਅਤੇ ਮਸਤਾਨੇ ਵੇਸ ਦੇ ਕਾਰਨ ਉਸ ਨੂੰ ਸੱਚੀ ਮੁੱਚੀ ਰੋਕਿਆ ਗਿਆ ਸੀ।

ਇਹ ਗੱਲ ਸੁਣ ਕੇ ਸ੍ਰੀ ਗੁਰੂ ਜੀ ਨੇ ਭਾਈ ਅਤੇ ਉਸ ਦੇ ਨੌਕਰਾਂ ਨੂੰ ਭਾਈ ਕਮਲੀਏ ਕੋਲੋਂ ਮਾਫੀ ਮੰਗਣ ਲਈ ਆਖਿਆ। ਭਾਈ ਬੁੱਧੂ ਅਤੇ ਉਸ ਦੇ ਨੌਕਰਾਂ ਨੇ ਭਾਈ ਕਮਲੀਏ ਪਾਸੋਂ ਭੁਲ ਬਖਸ਼ਵਾਏ ਅਤੇ ਉਸ ਨੂੰ ਪ੍ਰਸੰਨ ਕੀਤਾ।

ਹੁਣ ਸਵਾਲ ਇਹ ਸੀ ਕਿ ਇਕ ਪਾਸੇ ਸਾਰੀ ਸੰਗਤ ਅਤੇ ਗੁਰੂ ਜੀ ਦੀ ਅਰਦਾਸ ਸੀ ਕਿ ਬੁੱਧੂ ਦਾ ਆਵਾ ਪੱਕੇਗਾ ਅਤੇ ਦੂਸਰੇ ਪਾਸੇ ਇਕ ਸਿੱਖ ਦੀ ਅਰਦਾਸ ਸੀ ਕਿ ਬੁੱਧਾ ਦਾ ਆਵਾ ਕੱਚਾ ਰਹੂਗਾ ਇਨ੍ਹਾਂ ਦੋਹਾਂ ਅਰਦਾਸਾਂ ਦਾ ਇਕੋ ਵੇਲੇ ਪੂਰਾ ਹੋ ਸਕਣਾ ਅਸੰਭਵ ਸੀ। ਸ੍ਰੀ ਗੁਰੂ ਅਰਜਨ ਦੇਵ ਜੀ ਨੇ ਆਉਣ ਵਾਲੇ ਸਿੱਖਾਂ ਨੂੰ ਇਹ ਗੱਲ ਦ੍ਰਿੜਾਉਣ ਲਈ ਕਿ ਸਿੱਖ ਦੀ ਅਰਦਾਸ ਵਿਚ ਕੀ ਸ਼ਕਤੀ ਹੈ, ਉਸ ਵੇਲੇ ਸੰਗਤ ਨੂੰ ਆਖਿਆ ਕਿ ਸਿਖ ਦੀ ਨਿਰਾਦਰੀ, ਗੁਰੂ ਦੀ ਅਤੇ ਸਾਰੀ ਸੰਗਤ ਦੀ ਨਿਰਾਦਰੀ ਦੇ ਬਰਾਬਰ ਹੈ, ਇਸ ਲਈ ਭਾਈ ਬੁੱਧੂ ਦਾ ਆਵਾ ਕੱਚਾ ਰਹੇਗਾ। ਪਰ ਕਿਉਂਕਿ ਭਾਈ ਬੁੱਧੂ ਨੇ ਸਾਰੀ ਸੰਗਤ ਦੀ ਸੇਵਾ ਕੀਤੀ ਹੈ ਅਤੇ ਭਾਈ ਕਮਲੀਏ ਪਾਸੋਂ ਮਾਫੀ ਮੰਗ ਲਈ ਹੈ ਇਸ ਲਈ ਸੰਗਤ ਵਲੋਂ ਇਸ ਦੇ ਹੱਕ ਵਿਚ ਕੀਤੀ ਅਰਦਾਸ ਦਾ ਫਲ ਵੀ ਇਸ ਨੂੰ ਜ਼ਰੂਰ ਮਿਲੇਗਾ। ਇਸ ਦੇ ਆਵੇ ਦੀਆਂ ਕੱਚੀਆਂ ਇੱਟਾਂ, ਪੱਕੀਆਂ ਦੇ ਭਾਅ ਉੱਤੇ ਵਿਕਣਗੀਆਂ, ਜਿਸ ਕਰਕੇ ਭਾਈ ਬੁੱਧੂ ਦਾ ਘਰ ਵੀ ਪੂਰਾ ਹੋ ਜਾਵੇਗਾ।

ਇਤਿਹਾਸ ਵਿਚ ਲਿਖਿਆ ਹੈ ਕਿ ਉਸ ਸਾਲ ਬੜੀਆਂ ਬਾਰਸ਼ਾਂ ਹੋਣ ਕਰਕੇ ਕੋਈ ਭੱਠਾ ਨਾ ਪੱਕਿਆ, ਪਰ ਇੱਟਾਂ ਦੀ ਇਤਨੀ ਮੰਗ ਸੀ ਕਿ ਭਾਈ ਬੁੱਧੂ ਦੇ ਆਵੇ ਦੀਆਂ ਕੱਚੀਆਂ ਇੱਟਾਂ ਹੀ ਪੂਰੇ ਭਾਅ 'ਤੇ ਵਿਕੀਆਂ।

ਉਕਤ ਇਤਿਹਾਸਕ ਸਾਖੀ ਤੋਂ ਸਿੱਧ ਹੁੰਦਾ ਹੈ ਕਿ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਵੇਲੇ, ਗੁਰਸਿੱਖਾਂ ਨੂੰ ਅਰਦਾਸ ਦੇ ਅਸੂਲਾਂ ਦੀ ਕਿੰਨੀ ਸਮਝ ਸੀ ਅਤੇ ਉਨ੍ਹਾਂ ਦੇ ਵਰਤੋਂ ਵਿਚ ਲਿਆਉਣ ਵਿਚ ਕਿਤਨਾ ਕਮਾਲ ਸੀ।

## ਸਿੱਖ ਤੇ ਵਾਹਿਗੁਰੂ ਦਾ ਇਕਰਾਰਨਾਮਾ

ਇਕ ਅੰਗਰੇਜ਼ੀ ਪੜ੍ਹੇ ਲਿਖੇ ਗਿਆਨੀ ਜੀ ਕਲਕੱਤੇ ਮੇਰੇ

ਪਾਸ ਆਏ ਅਤੇ ਆਖਣ ਲੱਗੇ ਕਿ ਜਦ ਤੋਂ ਉਨ੍ਹਾਂ ਨੇ 'ਬੰਦਗੀ ਨਾਮਾ' ਪੜ੍ਹਿਆ ਸੀ, ਉਨ੍ਹਾਂ ਦੇ ਦਿਲ ਵਿਚ ਮੈਨੂੰ ਮਿਲਣ ਦੀ ਬੜੀ ਖਾਹਿਸ਼ ਸੀ। ਉਨ੍ਹਾਂ ਦਾ ਕਲਕੱਤੇ ਆਉਣ ਦਾ ਕਾਰਨ ਪੁੱਛਣ ਉਤੇ ਗਿਆਨੀ ਜੀ ਨੇ ਦੱਸਿਆ ਕਿ ਦੂਜੀ ਸੰਸਾਰ ਜੰਗ ਦੇ ਦਿਨਾਂ ਵਿਚ ਉਹ ਹਿੰਦੁਸਤਾਨ ਦੀ ਸਰਹੱਦ ਉਤੇ ਗੌਰਮਿੰਟ ਦੀ ਨੌਕਰੀ ਕਰਦੇ ਸਨ ਜੰਗ ਖਤਮ ਹੋਣ 'ਤੇ ਉਨ੍ਹਾਂ ਨੂੰ ਕਲਕੱਤੇ ਆ ਕੇ ਰੇਲਵੇ ਦੇ ਇੰਜਨੀਅਰ ਨਾਲ ਮੁਲਾਕਾਤ ਕਰਨ ਵਾਸਤੇ ਗੌਰਮਿੰਟ ਵਲੋਂ ਲਿਖਿਆ ਗਿਆ ਸੀ। ਇਹ ਮੁਲਾਕਾਤ ਇਕ ਦਿਨ ਪਹਿਲੋਂ ਹੋ ਚੁੱਕੀ ਸੀ ਅਤੇ ਰੇਲਵੇ ਦੇ ਇੰਜਨੀਅਰ ਨੇ ਮੁਲਾਕਾਤ ਸਬੰਧੀ ਭਾਵੇਂ ਆਪਣੀ ਰੀਪੋਰਟ ਲਿਖ ਕੇ ਦਾਖਲ ਨਹੀਂ ਸੀ ਕੀਤੀ ਐਪਰ ਗਿਆਨੀ ਜੀ ਨੂੰ ਮੁਲਾਕਾਤ ਮਗਰੋਂ ਆਖ ਦਿੱਤਾ ਸੀ ਕਿ ਜਿਸ ਤਰ੍ਹਾਂ ਦੀਆਂ ਮਸ਼ੀਨਾਂ ਵਾਸਤੇ ਉਨ੍ਹਾਂ ਨੂੰ ਆਦਮੀ ਦੀ ਜ਼ਰੂਰਤ ਸੀ, ਗਿਆਨੀ ਜੀ ਨੇ ਐਸੀਆਂ ਮਸ਼ੀਨਾਂ ਤੇ ਅੱਗੇ ਕੰਮ ਨਹੀਂ ਸੀ ਕੀਤਾ ਹੋਇਆ, ਇਸ ਲਈ ਗਿਆਨੀ ਜੀ ਨੂੰ ਨੌਕਰੀ ਨਹੀਂ ਮਿਲ ਸਕੇਗੀ।

ਗਿਆਨੀ ਜੀ ਦੇ ਚਿਹਰੇ ਤੋਂ ਉਦਾਸੀ ਤੇ ਨਿਰਾਸਤਾ ਜ਼ਾਹਰ ਹੋਣ ਕਰਕੇ ਮੈਂ ਆਪ ਜੀ ਪਾਸੋਂ ਪੁਛਿਆ - ਕੀ ਆਪ ਚਾਹੁੰਦੇ ਸੀ ਕਿ ਏਥੇ ਨੌਕਰੀ ਮਿਲ ਜਾਵੇ? ਗਿਆਨੀ ਜੀ ਨੇ ਉਤਰ ਦਿਤਾ ਕਿ ਵੈਸੇ ਤਾਂ ਵਾਹਿਗੁਰੂ ਜਿਥੇ ਰੱਖੇ ਠੀਕ ਹੁੰਦਾ ਹੈ, ਐਪਰ ਉਨ੍ਹਾਂ ਨੂੰ ਕਲਕੱਤੇ ਨੌਕਰੀ ਮਿਲ ਜਾਣ ਦੀ ਬੜੀ ਆਸ ਸੀ ਅਤੇ ਹੁਣ ਨਿਰਾਸ ਹੋ ਕੇ ਉਸੇ ਦਿਨ ਹੀ ਘਰ ਵਾਪਸ ਜਾ ਰਹੇ ਸਨ।

ਮੈਂ ਪੁੱਛਿਆ ਕਿ ਜਦੋਂ ਰੇਲਵੇ ਦੇ ਇੰਜਨੀਅਰ ਨੇ ਮੁਲਾਕਾਤ ਸਬੰਧੀ ਆਪਣੀ ਰੀਪੋਰਟ ਅਜੇ ਨਹੀਂ ਦਿਤੀ ਤਾਂ ਗਿਆਨੀ ਜੀ ਨੂੰ ਇਕ-ਦੋ ਦਿਨ ਹੋਰ ਕਲਕੱਤੇ ਠਹਿਰਨਾ ਵਾਜਬ ਹੈ। ਇਸ ਦੇ ਜਵਾਬ ਵਿਚ ਗਿਆਨੀ ਜੀ ਨੇ ਕਿਹਾ ਕਿ ਕਿਉਂਕਿ ਇੰਜੀਨੀਅਰ ਨੇ ਆਪਣਾ ਫੈਸਲਾ ਜ਼ਬਾਨੀ ਸੁਣਾ ਦਿਤਾ ਹੈ, ਉਸ ਦੀ ਲਿਖਤੀ ਰੀਪੋਰਟ ਦੀ ਉਡੀਕ ਕਰਨੀ ਫਜ਼ੂਲ ਹੈ। ਉਪਰੰਤ ਮੇਰੇ ਪਾਸੋਂ ਵਿਦਿਆ ਹੋਣ ਦੀ ਆਗਿਆ ਮੰਗਦਿਆਂ ਗਿਆਨੀ ਜੀ ਨੇ ਆਖਿਆ ਕਿ ਭਾਵੇਂ ਕਲਕੱਤੇ ਆ ਕੇ ਉਨ੍ਹਾਂ ਨੂੰ ਨੌਕਰੀ ਨਹੀਂ ਮਿਲੀ ਪਰ ਮੇਰੇ ਨਾਲ ਮਿਲਣ ਦੀ ਬੜੀ ਪ੍ਰਸੰਨਤਾ ਹੋਈ ਹੈ। ਉਸ ਵਕਤ ਮੈਨੂੰ ਗੁਰੂ ਅਰਜਨ ਦੇਵ ਜੀ ਦਾ ਇਕ ਸ਼ਬਦ ਯਾਦ ਆਇਆ ਅਤੇ ਉਸ ਸ਼ਬਦ ਦੀ ਪ੍ਰੇਰਨਾ ਅਨੁਸਾਰ ਮੈਂ ਗਿਆਨੀ ਜੀ ਅੱਗੇ ਕੁਝ ਇਸ ਪ੍ਰਕਾਰ ਬੇਨਤੀ ਕੀਤੀ -

ਗਿਆਨੀ ਜੀਉ, ਕੀ ਤੁਸੀਂ ਸਾਡੇ ਮਾਮਲੇ ਵਿਚ ਵਾਹਿਗੁਰੂ, ਅਕਾਲ ਪੁਰਖ ਨੂੰ ਆਪਣੀ ਸਹਾਇਤਾ ਕਰਨ ਦਾ ਮੌਕਾ ਦਿਤਾ ਹੈ? ਇਸ ਦਾ ਜਵਾਬ ਗਿਆਨੀ ਜੀ ਨੇ ਹੈਰਾਨੀ ਨਾਲ ਕੁਝ ਇਸ ਪ੍ਰਕਾਰ ਦਿਤਾ - ਮੈਂ ਆਉਂਦੀ ਵਾਰੀ ਅਰਦਾਸ ਕੀਤੀ ਸੀ, ਬਸ ਇਸ ਤੋਂ ਅੱਗੇ ਹੋਰ ਕੁਝ ਨਹੀਂ ਕੀਤਾ। ਵਾਹਿਗੁਰੂ ਨੂੰ ਆਪਣੀ ਸਹਾਇਤਾ ਕਰਨ ਦਾ ਮੌਕਾ ਦੇਣ ਤੋਂ ਆਪ ਦੀ ਕੀ ਮੁਰਾਦ ਹੈ? ਕੀ ਵਾਹਿਗੁਰੂ ਕਿਸੇ ਮੌਕੇ ਦੀ ਤਲਾਸ਼ ਵਿਚ ਰਹਿੰਦਾ ਹੈ ਅਤੇ ਜਦ ਉਹ ਮੌਕਾ ਮਿਲੇ ਤਾਂ ਸਹਾਇਤਾ ਕਰਦਾ ਹੈ? ਮੈਂ ਤੇ ਸਭ ਕੁਝ ਵਾਹਿਗੁਰੂ ਦੇ ਹੁਕਮ ਵਿਚ ਹੀ ਹੋ ਰਿਹਾ ਸਮਝਦਾ ਹਾਂ। ਵਾਹਿਗੁਰੂ ਦੇ ਹੁਕਮ ਵਿਚ ਹੀ ਇੰਜਨੀਅਰ ਵਲੋਂ 'ਹਾਂ' ਹੋਣੀ ਸੀ ਅਤੇ ਵਾਹਿਗੁਰੂ ਦੇ ਹੁਕਮ ਅਨੁਸਾਰ ਹੀ ਨਾਂਹ ਹੋਈ ਹੈ।

ਇਸ ਦੇ ਜਵਾਬ ਵਿਚ ਮੈਂ ਗਿਆਨੀ ਜੀ ਤੋਂ ਪੁਛਿਆ, ਜੇ ਕਰ ਆਪ ਵਾਹਿਗੁਰੂ ਦੇ ਹੁਕਮ ਵਿਚ ਰਾਜ਼ੀ ਹੋ ਤਾਂ ਫਿਰ ਇੰਜਨੀਅਰ ਦੀ ਨਾਂਹ ਸੁਣ ਕੇ ਆਪ ਨੂੰ ਅਡੋਲ ਰਹਿਣਾ ਚਾਹੀਦਾ ਸੀ, ਪਰ ਤੁਸੀਂ ਤਾਂ ਮੈਨੂੰ ਹੁਣੇ ਕਹਿ ਰਹੇ ਸੀ ਕਿ ਏਥੇ ਨੌਕਰੀ ਨਾ ਮਿਲਣ ਉਤੇ ਇਤਨੇ ਨਿਰਾਸ ਹੋਏ ਹੋ ਕਿ ਇੰਜਨੀਅਰ ਦੀ ਲਿਖਤੀ ਰੀਪੋਰਟ ਦੇਖਣ ਦੀ ਵੀ ਜ਼ਰੂਰਤ ਨਹੀਂ ਸਮਝਦੇ ਅਤੇ ਅੱਜ ਹੀ ਵਾਪਸ ਜਾਣਾ ਚਾਹੁੰਦੇ ਹੋ। ਕੀ ਆਪ ਆਪਣੇ ਮਨ ਦੀ ਇਸ ਨਿਰਾਸ ਅਵਸਥਾ ਨੂੰ ਹੁਕਮ ਵਿਚ ਖੁਸ਼ ਰਹਿਣ ਜਾਂ ਵਾਹਿਗੁਰੂ ਦੀ ਰਜ਼ਾ ਵਿਚ ਰਾਜ਼ੀ ਰਹਿਣ ਦੀ ਅਵਸਥਾ ਸਮਝਦੇ ਹੋ? ਮੇਰੇ ਖਿਆਲ ਵਿਚ ਤੁਸੀਂ ਖੁਸ਼ ਤਾਂ ਏਥੇ ਨੌਕਰੀ ਮਿਲਣ ਉਤੇ ਹੋਣਾ ਸੀ ਅਤੇ ਹੁਣ ਆਪਣੇ ਨਿਰਾਸ ਮਨ ਨੂੰ ਭਾਣੇ ਵਿਚ ਰਾਜ਼ੀ ਰਹਿਣ ਦਾ ਉਪਦੇਸ਼ ਸੁਣਾ ਕੇ ਨਿਰਾਸਤਾ ਨੂੰ ਘੱਟ ਕਰਨਾ ਚਾਹੁੰਦੇ ਹੋ।

ਗਿਆਨੀ ਜੀ ਮੇਰੀ ਉਕਤ ਬੇਨਤੀ ਸੁਣ ਕੇ ਸੋਚੀਂ ਪੈ ਗਏ ਅਤੇ ਜਦ ਮੈਂ ਬੇਨਤੀ ਖਤਮ ਕੀਤੀ ਤਾਂ ਕੁਝ ਇਸ ਪ੍ਰਕਾਰ ਆਖਣ ਲੱਗੇ, ਮੈਂ ਤੁਹਾਡੀ ਗੱਲ ਸੁਣ ਕੇ ਸੋਚਣ ਲੱਗ ਪਿਆ ਸੀ ਕਿ ਆਪ ਬਿਲਕੁਲ ਸੱਚ ਆਖ ਰਹੇ ਹੋ। ਸੱਚੀ ਗੱਲ ਤਾਂ ਇਹ ਹੈ ਕਿ ਮੈਂ ਨੌਕਰੀ ਚਾਹੁੰਦਾ ਸਾਂ, ਏਸੇ ਵਾਸਤੇ ਤਾਂ ਕਲਕੱਤੇ ਆਇਆ ਸੀ ਅਤੇ ਨੌਕਰੀ ਮਿਲਣ ਉਤੇ ਹੀ ਖੁਸ਼ ਹੋਣਾ ਸੀ ਪਰ ਕਿਉਂਕਿ ਨੌਕਰੀ ਨਹੀਂ ਮਿਲੀ, ਇਸ ਵਾਸਤੇ ਲਾਚਾਰ ਹੋ ਕੇ ਹੁਣ ਭਾਣੇ..............ਮੈਂ ਗਿਆਨੀ ਜੀ ਦੀ ਗੱਲ ਕੱਟਦਿਆਂ ਹੋਇਆਂ ਬੇਨਤੀ ਕੀਤੀ ਕਿ ਤੁਹਾਨੂੰ ਵਾਹਿਗੁਰੂ ਸੱਚੇ ਪਾਤਸ਼ਾਹ ਨੂੰ ਆਪਣੀ ਸਹਾਇਤਾ ਕਰਨ ਵਾਸਤੇ ਮੌਕਾ ਦੇਣਾ ਚਾਹੀਦਾ ਸੀ। ਗੁਰੂ ਗ੍ਰੰਥ ਸਾਹਿਬ ਦੀ ਸਿਖਸ਼ਾ ਅਨੁਸਾਰ ਵਾਹਿਗੁਰੂ ਜੀ ਨੂੰ ਜੇਕਰ ਕੋਈ ਗੱਲ ਨਹੀਂ ਆਉਂਦੀ ਤਾਂ ਸ਼ਰਨ ਆਏ ਕਿਸੇ ਜੀਵ ਨੂੰ ਨਿਰਾਸ ਕਰਨਾ ਨਹੀਂ ਆਉਂਦਾ।

***ਜੋ ਸਰਣਿ ਆਵੈ ਤਿਸੁ ਕੰਠਿ ਲਾਵੈ***
***ਇਹੁ ਬਿਰਦੁ ਸੁਆਮੀ ਸੰਦਾ ॥ ਅੰਗ - ੫੪੪***

***ਕਉੜਾ ਬੋਲਿ ਨ ਜਾਨੈ***
***ਪੂਰਨ ਭਗਵਾਨੈ ਅਉਗਣੁ ਕੋ ਨ ਚਿਤਾਰੇ ॥***
***ਅੰਗ - ੭੮੪***

ਮੇਰੀ ਗੱਲ ਸੁਣ ਕੇ ਗਿਆਨੀ ਜੀ ਨੇ ਪੁਛਿਆ ਕਿ ਆਪ ਦਾ ਵਾਹਿਗੁਰੂ ਨੂੰ ਮੌਕਾ ਦੇਣ ਜਾਂ ਵਾਹਿਗੁਰੂ ਦੀ ਸ਼ਰਨ ਆਉਣ ਤੋਂ ਕੀ ਭਾਵ ਹੈ?

ਮੈਂ ਆਖਿਆ ਕਿ ਗੁਰੂ ਗ੍ਰੰਥ ਸਾਹਿਬ ਜੀ ਦੀ ਸਿਖਸ਼ਾ ਅਨੁਸਾਰ ਵਾਹਿਗੁਰੂ ਦੀ ਸ਼ਰਨ ਵਿਚ ਆਦਮੀ ਉਦੋਂ ਆਉਂਦਾ ਹੈ, ਜਦ ਉਸ ਦੇ ਮਨ ਦੀ ਹਾਲਤ ਐਸੀ ਨਿਰਮਾਣ ਹੋਵੇ, ਜਿਸ ਸਬੰਧੀ ਆਖਿਆ ਜਾ ਸਕੇ -

***ਸਗਲ ਦੁਆਰ ਕਉ ਛਾਡਿ ਕੈ ਗਹਿਓ ਤੁਹਾਰੋ ਦੁਆਰ।***
***ਬਾਂਹਿ ਗਹੇ ਕੀ ਲਾਜ ਅਸ ਗੋਬਿੰਦ ਦਾਸ ਤੁਹਾਰ।***

ਜਦ ਮਨ ਦੀ ਦਸ਼ਾ ਗੁਰੂ ਗੋਬਿੰਦ ਸਿੰਘ ਸਾਹਿਬ ਦੇ ਉਕਤ ਮਹਾਂਵਾਕ ਅਨੁਸਾਰ ਹੋ ਜਾਵੇ, ਤਦ ਉਹ ਮਨ ਅਸਲ ਅਰਥਾਂ

ਵਿਚ ਵਾਹਿਗੁਰੂ ਦੀ ਸ਼ਰਨ ਆਉਂਦਾ ਹੈ। ਉਦੋਂ ਇਨਸਾਨ ਵਾਹਿਗੁਰੂ ਨੂੰ ਆਪਣੀ ਸਹਾਇਤਾ ਕਰਨ ਦਾ ਮੌਕਾ ਦਿੰਦਾ ਹੈ। ਮੇਰੀ ਬੇਨਤੀ ਨੂੰ ਸੁਣਦਿਆਂ-ਸੁਣਦਿਆਂ ਗਿਆਨੀ ਜੀ ਦਾ ਮਨ ਡਾਢੀ ਨਿਰਮਾਣ ਅਵਸਥਾ ਵਿਚ ਆ ਚੁੱਕਾ ਸੀ। ਆਪ ਨੇ ਕੁਝ ਚਿਰ ਮਗਰੋਂ ਫੁਰਮਾਇਆ, ਮੈਂ ਇਸ ਤਰ੍ਹਾਂ ਕਦੀ ਵਾਹਿਗੁਰੂ ਦੀ ਸ਼ਰਨ ਨਹੀਂ ਗਿਆ ਅਤੇ ਨਾ ਹੀ ਕਦੀ ਇਸ ਤਰ੍ਹਾਂ ਵਾਹਿਗੁਰੂ ਨੂੰ ਆਪਣੀ ਸਹਾਇਤਾ ਕਰਨ ਲਈ ਬੁਲਾਇਆ ਹੈ।

ਇਸ ਦੇ ਉਤਰ ਵਿਚ ਮੈਂ ਆਖਿਆ ਕਿ ਵਾਹਿਗੁਰੂ ਨੂੰ ਇਸ ਗੱਲ ਦਾ ਕੋਈ ਗੁੱਸਾ ਨਹੀਂ, ਤੁਸੀਂ ਹੁਣ ਉਸ ਦੀ ਸ਼ਰਨ ਸਚੇ ਦਿਲੋਂ ਜਾ ਕੇ ਦੇਖੋ, ਹੁਣ ਉਸਨੂੰ ਆਪਣੇ ਵਿਗੜੇ ਕੰਮ ਸਵਾਰਨ ਦਾ ਮੌਕਾ ਦੇ ਕੇ ਦੇਖੋ।

ਗਿਆਨੀ ਜੀ ਨੇ ਪੁਛਿਆ, ਇਹ ਮੌਕਾ ਮੈਂ ਕਿਸ ਤਰ੍ਹਾਂ ਦੇਵਾਂ, ਹੁਣ ਮੈਂ ਕੀ ਕਰਾਂ? ਉਤਰ ਵਿਚ ਦਾਸ ਨੇ ਬੇਨਤੀ ਕੀਤੀ ਕਿ ਆਪ ਵਾਹਿਗੁਰੂ ਨਾਲ ਉਹ ਇਕਰਾਰਨਾਮਾ ਕਰ ਲਵੋ, ਜਿਹੜਾ ਗੁਰੂ ਅਰਜਨ ਦੇਵ ਜੀ ਹਰ ਇਕ ਸਿਖ ਦਾ ਅਕਾਲ ਪੁਰਖ ਨਾਲ ਕਰਾਉਣਾ ਚਾਹੁੰਦੇ ਹਨ, ਐਪਰ ਕੋਈ ਵਿਰਲਾ ਹੀ ਧੰਨਭਾਗਾ ਸਿਖ ਕਰਦਾ ਹੈ।

ਗਿਆਨੀ ਜੀ ਨੇ ਬੜੇ ਉਤਸ਼ਾਹ ਨਾਲ ਪੁਛਿਆ, ਉਹ ਕਿਹੜਾ ਇਕਰਾਰਨਾਮਾ ਹੈ, ਜਿਸ ਦੀ ਤਰਫ ਆਪ ਇਸ਼ਾਰਾ ਕਰ ਰਹੇ ਹੋ?

ਮੈਂ ਬੇਨਤੀ ਕੀਤੀ, ਇਸ ਇਕਰਾਰਨਾਮੇ ਦੀਆਂ ਸ਼ਰਤਾਂ ਗੁਰੂ ਅਰਜਨ ਦੇਵ ਜੀ ਨੇ ਗਉੜੀ ਰਾਗ ਵਿਚ ਦਸੀਆਂ ਹਨ। ਇਕਰਾਰਨਾਮੇ ਦੀ ਸਭ ਤੋਂ ਪਹਿਲੀ ਵੱਡੀ ਤੇ ਸਭ ਤੋਂ ਮੁਸ਼ਕਲ ਸ਼ਰਤ ਇਹ ਹੈ ਕਿ ਸਿੱਖ ਵਾਹਿਗੁਰੂ ਦੀ ਸ਼ਰਨ ਸੱਚੇ ਤੇ ਨਿਰਮਾਣ ਹਿਰਦੇ ਨਾਲ ਆਵੇ ਅਤੇ ਸ਼ਰਨ ਆਉਣ ਮਗਰੋਂ ਉਤਸ਼ਾਹ ਭਰੀ ਦ੍ਰਿੜ੍ਹ ਸ਼ਰਤ ਇਹ ਹੈ ਕਿ ਜੇ ਕਰ ਸਿੱਖ ਸੱਚੇ ਦਿਲੋਂ ਵਾਹਿਗੁਰੂ ਦੀ ਸ਼ਰਨ ਆ ਜਾਵੇ, ਤਾਂ ਵਾਹਿਗੁਰੂ ਉਸ ਸਿੱਖ ਦੇ ਸਾਰੇ ਵਿਗਾੜੇ ਕੰਮ ਸਵਾਰ ਦੇਵੇਗਾ। ਉਸ ਦੇ ਸਾਰੇ ਦੁਖ, ਦਰਦ, ਚਿੰਤਾ, ਫਿਕਰ, ਬਿਲਕੁਲ ਮਿਟਾ ਦੇਵੇਗਾ। ਉਸ ਸਿੱਖ ਦੀਆਂ ਸਭ ਲੋੜਾਂ ਵਾਹਿਗੁਰੂ ਪੂਰੀਆਂ ਕਰ ਦੇਵੇਗਾ। ਉਸ ਸਿੱਖ ਦੀ ਵਾਹਿਗੁਰੂ ਹਰ ਥਾਂ ਤੇ ਜਿੱਤ ਤੇ ਇੱਜ਼ਤ ਕਰਾਵੇਗਾ। ਉਸ ਸਿੱਖ ਅੱਗੇ ਦੁਨੀਆਂ ਦੇ ਵੱਡੇ ਤੋਂ ਵੱਡੇ ਆਦਮੀਆਂ ਨੂੰ ਪਿਆਰ ਤੇ ਸਤਿਕਾਰ ਨਾਲ ਝੁਕਣਾ ਪਵੇਗਾ।

ਇਸ ਇਕਰਾਰਨਾਮੇ ਦੀ ਤੀਸਰੀ ਸ਼ਰਤ ਇਹ ਹੈ ਕਿ ਜਦ ਵਾਹਿਗੁਰੂ ਸਿੱਖ ਦੇ ਸਾਰੇ ਕੰਮ ਸਵਾਰਨ ਲਗ ਜਾਵੇ, ਤਾਂ ਸਿੱਖ ਨੂੰ ਹਰ ਪ੍ਰਕਾਰ ਦੇ ਭੈ ਤੋਂ ਰਹਿਤ ਹੋ ਕੇ ਵਾਹਿਗੁਰੂ ਦਾ ਨਾਮ ਜਪਣਾ ਚਾਹੀਦਾ ਹੈ। ਵਾਹਿਗੁਰੂ ਦੇ ਨਾਮ ਜਪਣ ਤੋਂ ਸਿੱਖ ਨੂੰ ਮਹਾਂ ਆਨੰਦ ਜਾਂ ਮਹਾਂਰਸ ਪ੍ਰਾਪਤ ਹੋਵੇਗਾ। ਇਸ ਇਕਰਾਰਨਾਮੇ ਦੀ ਚੌਥੀ ਸ਼ਰਤ ਇਹ ਹੈ ਕਿ ਸਿੱਖ ਨੂੰ ਵਾਹਿਗੁਰੂ ਦੀ ਸਹਾਇਤਾ ਅਤੇ ਕ੍ਰਿਪਾਲਤਾ ਦੁਆਰਾ ਜੋ ਦਾਤਾਂ ਮਿਲਣ, ਉਨ੍ਹਾਂ ਦਾਤਾਂ ਨੂੰ ਹੋਰ ਗੁਰਮੁਖਾਂ ਵਿਚ ਖੁਲ੍ਹਮ-ਖੁਲ੍ਹਾ ਵੰਡਣਾ ਹੋਵੇਗਾ।

ਗਿਆਨੀ ਜੀ ਨੇ ਇਕਰਾਰਨਾਮੇ ਦੀਆਂ ਉਕਤ ਸ਼ਰਤਾਂ ਸੁਣ ਕੇ ਪੁਛਿਆ ਕਿ ਸਿੱਖ ਦੇ ਕੇਵਲ ਵਾਹਿਗੁਰੂ ਦੀ ਸ਼ਰਨ ਆਉਣ ਨਾਲ, ਵਾਹਿਗੁਰੂ ਸਿੱਖ ਦੇ ਇਤਨੇ ਕੰਮ ਕਿਉਂ ਸਵਾਰਨ ਲਗ ਜਾਂਦਾ ਹੈ?

ਇਸ ਦੇ ਜਵਾਬ ਵਿਚ ਦਾਸ ਨੇ ਬੇਨਤੀ ਕੀਤੀ ਕਿ ਜਿਸ ਸ਼ਬਦ ਵਿਚ ਗੁਰੂ ਅਰਜਨ ਦੇਵ ਜੀ ਨੇ ਸਿੱਖ ਨੂੰ ਵਾਹਿਗੁਰੂ ਨਾਲ ਇਕਰਾਰਨਾਮਾ ਕਰਨ ਦੀ ਸਿਫਾਰਸ਼ ਕੀਤੀ ਹੈ, ਉਸ ਸ਼ਬਦ ਦੇ ਅਖੀਰ ਵਿਚ ਗੁਰੂ ਸਾਹਿਬ ਖੁਦ ਹੀ ਸਿੱਖ ਨੂੰ ਦਸਦੇ ਹਨ ਕਿ ਵਾਹਿਗੁਰੂ ਜੋ ਕਿ ਬੇਮੁਥਾਜ ਪਾਤਸ਼ਾਹਾਂ ਦਾ ਪਾਤਸ਼ਾਹ ਹੈ ਅਤੇ ਸਿੱਖ ਕੋਲੋਂ ਕਿਸੇ ਚੀਜ਼ ਦੇ ਲੈਣ ਦੀ ਆਸ਼ਾ ਨਹੀਂ ਰਖਦਾ, ਉਹ ਸਿੱਖ ਦੇ ਦਿਲ ਦੀ ਹਰ ਅਵਸਥਾ ਦਾ ਜਾਣੂ ਹੁੰਦਾ ਹੈ, ਇਸ ਲਈ ਜਦ ਤਕ ਸਿੱਖ ਸੱਚੇ ਦਿਲੋਂ ਵਾਹਿਗੁਰੂ ਦੀ ਸ਼ਰਨ ਨਾ ਆਵੇ, ਉਹ ਸਿੱਖ ਦੀ ਸਹਾਇਤਾ ਕਰਨੀ ਮੁਨਾਸਿਬ ਨਹੀਂ ਸਮਝਦਾ, ਐਪਰ ਜਦ ਦੇਖ ਲੈਂਦਾ ਹੈ ਕਿ ਸਿੱਖ ਮੇਰੇ ਆਸਰੇ ਤੇ ਭਰੋਸਾ ਰਖ ਕੇ ਹੋਰ ਸਭ ਪਾਸਿਆਂ ਤੋਂ ਨਿਆਸਰਾ ਹੋ ਗਿਆ ਹੈ, ਤਦ ਵਾਹਿਗੁਰੂ ਨੂੰ ਬੜੀ ਖੁਸ਼ੀ ਹੁੰਦੀ ਹੈ, ਤਦ ਵਾਹਿਗੁਰੂ ਦੀ ਰਹਿਮਤ ਜੋਸ਼ ਵਿਚ ਆਉਂਦੀ ਅਤੇ ਸਿੱਖ ਦੇ ਸਾਰੇ ਕੰਮ ਸਵਾਰ ਦਿੰਦੀ ਹੈ। ਏਸੇ ਸ਼ਬਦ ਦੇ ਅਖੀਰ ਵਿਚ ਗੁਰੂ ਅਰਜਨ ਦੇਵ ਜੀ ਦਸਦੇ ਹਨ ਕਿ ਮੈਂ ਖੁਦ ਵੀ ਵਾਹਿਗੁਰੂ ਨਾਲ ਇਹ ਇਕਰਾਰਨਾਮਾ ਕੀਤਾ ਹੈ ਅਤੇ ਸਾਰੇ ਸਿੱਖਾਂ ਨੂੰ ਵਾਹਿਗੁਰੂ ਨਾਲ ਇਹ ਇਕਰਾਰਨਾਮਾ ਕਰਕੇ ਆਪਣੇ-ਆਪਣੇ ਸਾਰੇ ਦੁਨਿਆਵੀ ਤੇ ਆਤਮਕ ਕੰਮ ਸਵਾਰਨ ਦੀ ਸਿਫਾਰਸ਼ ਕਰਦਾ ਹਾਂ।

ਗਿਆਨੀ ਜੀ ਨੇ ਬੜੇ ਉਤਸ਼ਾਹ ਅਤੇ ਪਿਆਰ ਨਾਲ ਪੁਛਿਆ ਕਿ ਉਹ ਕਿਹੜਾ ਸ਼ਬਦ ਹੈ, ਜਿਸ ਵਿਚ ਗੁਰੂ ਅਰਜਨ ਦੇਵ ਜੀ ਨੇ ਸਿੱਖਾਂ ਨੂੰ ਵਾਹਿਗੁਰੂ ਨਾਲ ਇਤਨਾ ਲਾਭਦਾਇਕ ਇਕਰਾਰਨਾਮਾ ਕਰਨ ਲਈ ਪ੍ਰੇਰਿਆ ਹੈ?

ਜਦ ਮੈਂ ਗਿਆਨੀ ਜੀ ਦੀ ਸੇਵਾ ਵਿਚ ਹੇਠ ਲਿਖਿਆ ਗੁਰੂ ਅਰਜਨ ਦੇਵ ਜੀ ਦਾ ਸ਼ਬਦ ਪੜ੍ਹ ਕੇ ਸੁਣਾਇਆ ਤਾਂ ਆਪ ਬੜੀ ਹੈਰਾਨੀ ਨਾਲ ਆਖਣ ਲੱਗੇ ਕਿ ਇਹ ਸ਼ਬਦ ਤਾਂ ਮੈਂ ਹਰ ਰੋਜ਼ ਪੜ੍ਹਦਾ ਹੁੰਦਾ ਸੀ।

***ਥਿਰੁ ਘਰਿ ਬੈਸਹੁ ਹਰਿ ਜਨ ਪਿਆਰੇ ॥***
***ਸਤਿਗੁਰਿ ਤੁਮਰੇ ਕਾਜ ਸਵਾਰੇ ॥ ੧ ॥ ਰਹਾਉ ॥***
***ਦੁਸਟ ਦੂਤ ਪਰਮੇਸਰਿ ਮਾਰੇ ॥***
***ਜਨ ਕੀ ਪੈਜ ਰਖੀ ਕਰਤਾਰੇ ॥ ੧ ॥***
***ਬਾਦਿਸਾਹ ਸਾਹ ਸਭ ਵਸਿ ਕਰਿ ਦੀਨੇ ॥***
***ਅੰਮ੍ਰਿਤ ਨਾਮ ਮਹਾ ਰਸ ਪੀਨੇ ॥ ੨ ॥***
***ਨਿਰਭਉ ਹੋਇ ਭਜਹੁ ਭਗਵਾਨ ॥***
***ਸਾਧਸੰਗਤਿ ਮਿਲਿ ਕੀਨੋ ਦਾਨੁ ॥ ੩ ॥***
***ਸਰਣਿ ਪਰੇ ਪ੍ਰਭ ਅੰਤਰਜਾਮੀ ॥***
***ਨਾਨਕ ਓਟ ਪਕਰੀ ਪ੍ਰਭ ਸੁਆਮੀ ॥ ਅੰਗ- ੨੦੧***

ਦੂਸਰੇ ਦਿਨ ਗਿਆਨੀ ਜੀ ਨੇ ਟੈਲੀਫੋਨ ਉਤੇ ਮੈਨੂੰ ਕੁਝ ਇਸ ਪ੍ਰਕਾਰ ਆਖਿਆ, ਮੇਰਾ ਦਿਲ ਕਈ ਕਿਸਮ ਦੇ ਜਜ਼ਬਾਤ ਨਾਲ ਭਰਿਆ ਹੋਇਆ ਹੋਣ ਕਰਕੇ ਮੈਂ ਆਪ ਦੇ ਪਾਸ ਹਾਜ਼ਰ ਨਹੀਂ ਹੋ ਸਕਿਆ। ਮੈਨੂੰ ਨੌਕਰੀ ਮਿਲ ਗਈ ਹੈ ਅਤੇ ਉਸੇ ਅਫਸਰ (ਇੰਜਨੀਅਰ) ਨੇ ਦਿਤੀ ਹੈ ਜਿਸ ਨੇ ਪਰਸੋਂ ਬਿਲਕੁਲ

ਨਾਂਹ ਕਰ ਦਿੱਤੀ ਸੀ। ਮੇਰੀ ਸਮਝ ਵਿਚ ਹੋਰ ਕੁਝ ਨਹੀਂ ਪਿਆ ਆਉਂਦਾ, ਸਿਵਾਇ ਇਸ ਗੱਲ ਦੇ ਕਿ ਮੇਰਾ ਇਹ ਕੰਮ ਵਾਹਿਗੁਰੂ ਜੀ ਨੇ ਸੰਵਾਰਿਆ ਹੈ। ਮੈਨੂੰ ਇਹ ਅਸੀਸ ਦੇਵੋ ਕਿ ਜਿਸ ਇਕਰਾਰਨਾਮੇ ਨੂੰ ਮੈਂ ਆਪ ਦੇ ਸਾਮ੍ਹਣੇ ਕੱਲ ਪ੍ਰਵਾਨ ਕੀਤਾ ਸੀ, ਉਸ ਉਤੇ ਤੁਰਨ ਦੀ ਵਾਹਿਗੁਰੂ ਮੈਨੂੰ ਸ਼ਕਤੀ ਬਖਸ਼ੇ।

## ਜ਼ਾਹਿਰਾ ਜ਼ਹੂਰ ਵਾਹਿਗੁਰੂ

ਜਿਨ੍ਹਾਂ ਦੇ ਭਾਗ ਚੰਗੇ ਹੁੰਦੇ ਹਨ, ਉਹ ਖਤਰੇ ਅਤੇ ਮੁਸੀਬਤਾਂ ਵਿਚ ਵਾਹਿਗੁਰੂ ਦਾ ਆਸਰਾ ਕੇਵਲ ਜ਼ਬਾਨੀ ਆਖਣ ਨਾਲ ਹੀ ਨਹੀਂ ਲਿਆ ਜਾਂਦਾ। ਵਾਹਿਗੁਰੂ ਦਾ ਆਸਰਾ ਦਿਲੋਂ ਸੱਚੀ ਨੀਅਤ ਨਾਲ ਲੀਤਾ ਜਾਂਦਾ ਹੈ। ਵਾਹਿਗੁਰੂ ਦਾ ਆਸਰਾ ਉਦੋਂ ਲੀਤਾ ਜਾਂਦਾ ਹੈ, ਜਦੋਂ ਦੁਨੀਆਂ ਦੇ ਹੋਰ ਸਾਰੇ ਆਸਰੇ ਤਿਆਗੇ ਜਾਣ। ਹੋਰ ਸਾਰੇ ਆਸਰੇ ਛੱਡ ਕੇ ਕੇਵਲ ਵਾਹਿਗੁਰੂ ਦਾ ਆਸਰਾ ਲੀਤਿਆਂ ਵਾਹਿਗੁਰੂ ਦੀ ਰਖਸ਼ਕ ਸ਼ਕਤੀ ਹਰਕਤ ਵਿਚ ਆਉਂਦੀ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਕਈ ਜਗ੍ਹਾ ਤੇ ਗੁਰਸਿੱਖ ਨੂੰ ਵਾਹਿਗੁਰੂ ਦਾ ਆਸਰਾ ਲੈਣ ਦਾ ਢੰਗ ਜਾਂ ਬਲ ਦਸਿਆ ਗਿਆ ਹੈ -

***ਅਵਰਿ ਉਪਾਵ ਸਭਿ ਤਿਆਗਿਆ***
***ਦਾਰੂ ਨਾਮੁ ਲਇਆ ॥ ਅੰਗ - ੮੧੭***
***ਤਿਆਗਿ ਸਗਲ ਸਿਆਨਪਾ ਭਜੁ ਪਾਰਬ੍ਰਹਮ***
***ਨਿਰੰਕਾਰੁ॥ ਅੰਗ - ੪੦੫***
***ਪ੍ਰਥਮੇ ਮਤਾ ਜਿ ਪਤ੍ਰੀ ਚਲਾਵਉ ॥***
***ਦੁਤੀਏ ਮਤਾ ਦੁਇ ਮਾਨੁਖ ਪਹੁਚਾਵਉ ॥***
***ਤ੍ਰਿਤੀਏ ਮਤਾ ਕਿਛੁ ਕਰਉ ਉਪਾਇਆ ॥***
***ਮੈ ਸਭੁ ਕਿਛੁ ਛੋਡਿ ਪ੍ਰਭ ਤੁਹੀ ਧਿਆਇਆ ॥***
***ਅੰਗ - ੩੭੧***

ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਨੇ ਵੀ ਇਕ ਜਗ੍ਹਾ ਦਸਿਆ ਹੈ ਕਿ ਵਾਹਿਗੁਰੂ ਦੀ ਸ਼ਰਨ ਜਾਂ ਆਸਰਾ ਕਿਵੇਂ ਪਕੜੀਦਾ ਹੈ, ਆਪ ਫੁਰਮਾਉਂਦੇ ਹਨ -

***ਸਗਲ ਦੁਆਰ ਕਉ ਛਾਡਿ ਕੈ***
***ਗਹਿਓ ਤੁਹਾਰੋ ਦੁਆਰ।***
***ਬਾਂਹਿ ਗਹੇ ਕੀ ਲਾਜ ਅਸ ਗੋਬਿੰਦ ਦਾਸ ਤੁਹਾਰ।***

ਵਾਹਿਗੁਰੂ ਨੂੰ ਜਾਣੀ ਜਾਣ ਜਾਂ ਅੰਤਰਜਾਮੀ ਹੋਣ ਕਰਕੇ ਇਹ ਪਤਾ ਹੁੰਦਾ ਹੈ ਕਿ ਗੁਰਸਿੱਖ ਉਸ ਦੀ ਸ਼ਰਨ ਐਵੇਂ ਜ਼ਬਾਨੀ ਜ਼ਬਾਨੀ, ਉਪਰੋਂ-ਉਪਰੋਂ ਪਿਆ ਆਉਂਦਾ ਹੈ, ਜਾਂ ਦਿਲੋਂ ਅਤੇ ਸੱਚੀ ਨੀਅਤ ਨਾਲ। ਜਿਹੜਾ ਗੁਰਸਿੱਖ ਵਾਹਿਗੁਰੂ ਦੀ ਸ਼ਰਨ ਵੀ ਆਉਂਦਾ ਹੈ ਅਤੇ ਹੋਰ ਉਪਾਵ ਸਿਆਣਪਾਂ ਦਾ ਆਸਰਾ ਵੀ ਤੱਕਦਾ ਹੈ, ਉਹ ਵਾਹਿਗੁਰੂ ਦੀ ਅਸਲ ਅਰਥਾਂ ਵਿਚ ਸ਼ਰਨ ਨਹੀਂ ਲੈਂਦਾ ਅਤੇ ਇਸ ਗੱਲ ਦਾ ਵਾਹਿਗੁਰੂ ਨੂੰ ਪਤਾ ਹੁੰਦਾ ਹੈ।

ਮਨ ਦਾ ਸੁਭਾਵ ਹਮੇਸ਼ਾਂ ਧੋਖਾ ਦੇਣਾ ਅਤੇ ਗੁਰਮਤਿ ਤੋਂ ਦੂਰ ਲੈ ਜਾਣਾ ਹੈ। ਵਾਹਿਗੁਰੂ ਦੀ ਸ਼ਰਨ ਲੈਣ ਲਗਿਆਂ ਮਨ ਕਈ ਕਿਸਮ ਦੀਆਂ ਹੁਜਤਾਂ ਤੇ ਦਲੀਲਾਂ ਪੇਸ਼ ਕਰਕੇ ਗੁਰਸਿਖ ਨੂੰ ਆਪਣੇ ਹੇਠ ਚਲਾਣਾ ਚਾਹੁੰਦਾ ਹੈ, ਪਰ ਜਿਹੜੇ ਗੁਰਮੁਖ ਵਾਹਿਗੁਰੂ ਅਤੇ ਉਸ ਦੀ ਅਪਾਰ ਰਖਸ਼ਕ ਸ਼ਕਤੀ ਤੋਂ ਜਾਣੂ ਹੁੰਦੇ ਹਨ, ਉਹ ਮਨ ਦੇ ਮਗਰ ਨਹੀਂ ਲਗਦੇ ਸਗੋਂ ਮਨ ਨੂੰ ਆਖਦੇ ਹਨ -

***ਰੇ ਜੀਅ ਨਿਲਜ ਲਾਜ ਤੁੋਹਿ ਨਾਹੀ ॥***
***ਹਰਿ ਤਜਿ ਕਤ ਕਾਹੂ ਕੇ ਜਾਂਹੀ ॥ ੧॥ਰਹਾਉ ॥***
***ਜਾ ਕੋ ਠਾਕੁਰੁ ਊਚਾ ਹੋਈ ॥***
***ਸੋ ਜਨੁ ਪਰ ਘਰ ਜਾਤ ਨ ਸੋਹੀ ॥ ੧ ॥***
***ਸੋ ਸਾਹਿਬੁ ਰਹਿਆ ਭਰਪੂਰਿ ॥***
***ਸਦਾ ਸੰਗਿ ਨਾਹੀ ਹਰਿ ਦੂਰਿ ॥ ਅੰਗ - ੩੩੦***

ਜਦ ਵਾਹਿਗੁਰੂ ਦੀ ਸੱਚੇ ਦਿਲੋਂ ਸ਼ਰਨ ਪਕੜੀਏ ਅਤੇ ਸਿਰ ਤੇ ਆਈ ਮੁਸੀਬਤ ਜਾਂ ਖਤਰੇ ਤੋਂ ਬਚਣ ਦੀ ਪ੍ਰਾਰਥਨਾ ਕਰੀਏ ਤਾਂ ਵਾਹਿਗੁਰੂ ਸਾਡੇ ਗੁਣ ਔਗੁਣਾਂ ਦਾ ਖਿਆਲ ਨਹੀਂ ਕਰਦਾ, ਸਗੋਂ ਆਪਣੇ ਮੁੱਖ ਕਦੀਮੀ ਸੁਭਾਉ ਅਨੁਸਾਰ ਸਾਡੀ ਸਹਾਇਤਾ ਕਰਦਾ ਹੈ। ਸੱਚੇ ਦਿਲੋਂ ਨਿਰਮਾਣ ਤੇ ਨਿਆਸਰੇ ਹੋ ਕੇ ਵਾਹਿਗੁਰੂ ਦੀ ਸ਼ਰਨ ਪਕੜਨ ਦੇ ਨਤੀਜੇ ਕਈ ਵਾਰੀ ਬੜੇ ਅਸਚਰਜ ਅਤੇ ਇਨਸਾਨੀ ਅਕਲ ਨੂੰ ਦੰਗ ਕਰਨ ਵਾਲੇ ਹੁੰਦੇ ਹਨ।

ਕਲਕੱਤੇ ਦੇ ਆਤਮ ਸਾਇੰਸ ਦੇ ਇਕ ਮੈਂਬਰ ਬੜੇ ਗੁਰਮੁਖ, ਬੜੇ ਵਿਦਵਾਨ ਅਤੇ ਬੜੇ ਗਿਆਨੀ ਹਨ। ਮੈਨੂੰ ਗੁਰੂ ਗ੍ਰੰਥ ਸਾਹਿਬ ਦੇ ਕਿਸੇ ਮੁਸ਼ਕਲ ਹਰਫ ਜਾਂ ਸੰਸਕ੍ਰਿਤ ਆਦਿ ਦੇ ਔਖੇ ਸਲੋਕਾਂ ਦੇ ਅਰਥ ਪੁੱਛਣ ਦੀ ਲੋੜ ਪਵੇ ਤਾਂ ਆਮ ਕਰਕੇ ਮੈਂ ਇਨ੍ਹਾਂ ਗਿਆਨੀ ਜੀ ਤੋਂ ਪੁੱਛਿਆ ਕਰਦਾ ਹਾਂ।

ਇਨ੍ਹਾਂ ਗਿਆਨੀ ਜੀ ਦਾ ਵੱਡਾ ਲੜਕਾ ਅੰਮ੍ਰਿਤਸਾਰ ਵਿਖੇ ਮੁਲਾਜ਼ਮ ਸੀ ਅਤੇ ਦਿਲ ਵਿਚ ਪੰਥਕ ਪਿਆਰ ਰੱਖਣ ਕਰਕੇ ਸਿੱਖ ਸਭਾ ਸੁਸਾਇਟੀਆਂ ਅੰਦਰ ਸਤਿਕਾਰ ਦੀ ਨਜ਼ਰ ਨਾਲ ਦੇਖਿਆ ਜਾਂਦਾ ਸੀ। ਅੰਮ੍ਰਿਤਸਰ ਦੇ 1947 ਦੇ ਫਿਰਕੂ ਫਸਾਦਾਂ ਦੇ ਦਿਨਾਂ ਵਿਚ ਗਿਆਨੀ ਜੀ ਮੇਰੇ ਪਾਸ ਇਕ ਦਿਨ ਬੜੇ ਪਰੇਸ਼ਾਨ ਅਤੇ ਚਿੰਤਾਵਾਨ ਹਾਲਤ ਵਿਚ ਆ ਕੇ ਆਖਣ ਲੱਗੇ ਕਿ ਉਨ੍ਹਾਂ ਨੂੰ ਅੰਮ੍ਰਿਤਸਰੋਂ ਤਾਰ ਆਈ ਹੈ, ਜਿਸ ਵਿਚ ਲਿਖਿਆ ਹੈ ਕਿ ਉਨ੍ਹਾਂ ਦਾ ਲੜਕਾ ਫਿਰਕੂ ਫਸਾਦਾਂ ਦੇ ਸਬੰਧ ਗ੍ਰਿਫਤਾਰ ਹੋ ਗਿਆ ਹੈ। ਗਿਆਨੀ ਜੀ ਦੇ ਖਿਆਲ ਅਨੁਸਾਰ ਫਿਰਕੂ ਫਸਾਦਾਂ ਵਿਚ ਫੜੇ ਹੋਏ ਆਦਮੀਆਂ ਨੂੰ ਪੰਜਾਬ ਅੰਦਰ ਬੜੀ ਤਕਲੀਫ ਹੋਰ ਰਹੀ ਸੀ। ਪੰਜਾਬ ਦੀ ਪੁਲੀਸ ਦਾ ਵਧੇਰੇ ਮੁਸਲਮਾਨ ਹੋਣ ਕਰਕੇ ਫਸਾਦਾਂ ਸਬੰਧੀ ਫੜੇ ਸਿੱਖਾਂ ਹਿੰਦੂਆਂ ਨਾਲ ਪੁਲੀਸ ਵਲੋਂ ਬੜਾ ਭੈੜਾ ਸਲੂਕ ਕੀਤਾ ਜਾਂਦਾ ਸੀ। ਗਿਆਨੀ ਜੀ ਆਖਣ ਲੱਗੇ ਕਿ ਉਨ੍ਹਾਂ ਦੇ ਕਲਕੱਤੇ ਹੋਣ ਕਰਕੇ ਅੰਮ੍ਰਿਤਸਰ ਵਿਚ ਲੜਕੇ ਦੇ ਪਕੜੇ ਜਾਣ ਉਤੇ, ਮੁਕਦਮੇ ਦੀ ਪੈਰਵੀ ਕਰਨ ਵਾਲਾ, ਘਰ ਦੀ ਦੇਖ ਭਾਲ ਕਰਨ ਵਾਲਾ ਹੋਰ ਕੋਈ ਨਹੀਂ। (ਗਿਆਨੀ ਜੀ ਕਲਕੱਤੇ ਵਿਚ ਆਪ ਇਕੱਲੇ ਹੀ ਰਹਿੰਦੇ ਸਨ ਅਤੇ ਉਨ੍ਹਾਂ ਦਾ ਸਾਰਾ ਪਰਿਵਾਰ ਅੰਮ੍ਰਿਤਸਰ ਵਿਖੇ ਰਹਿੰਦਾ ਸੀ ਅਤੇ ਵੱਡਾ ਲੜਕਾ ਹੀ ਸਾਰੇ ਘਰ ਦਾ ਇੰਤਜ਼ਾਮ ਕਰਦਾ ਸੀ।।

ਗਿਆਨੀ ਜੀ ਦੀ ਇਸ ਸਬੰਧ ਵਿਚ ਮੇਰੇ ਨਾਲ ਹੋਈ ਗੱਲਬਾਤ ਦਾ ਸਾਰ ਕੁਝ ਇਸ ਤਰ੍ਹਾਂ ਹੈ -

ਗਿਆਨੀ ਜੀ - ਸਰਦਾਰ ਜੀ, ਪੰਜਾਬ ਪੁਲਿਸ ਤਾਂ ਸਾਰੀ ਹੈ ਹੀ ਮੁਸਲਮਾਨਾਂ ਨਾਲ ਭਰੀ ਪਈ। ਜਿਨ੍ਹਾਂ ਹਿੰਦੂ-ਸਿੱਖਾਂ ਨੂੰ ਫਸਾਦਾਂ ਦੇ ਸਬੰਧ ਵਿਚ ਪਕੜਿਆ ਜਾਂਦਾ ਹੈ ਉਨ੍ਹਾਂ ਨਾਲ ਤਾਂ ਪੁਲਿਸ ਵਾਲੇ ਪੂਰੀ-ਪੂਰੀ ਖਾਰ ਕੱਢਦੇ ਹਨ। ਮੁਕੱਦਮਾ ਚਲਾਣ

ਤੋਂ ਕਿੰਨਾਂ-ਕਿੰਨਾਂ ਚਿਰ ਪਹਿਲੇ ਮੁਲਾਜ਼ਮਾਂ ਨੂੰ ਹਵਾਲਾਤਾਂ ਵਿਚ ਰਖਿਆ ਜਾਦਾ ਹੈ ਅਤੇ ਬੜੀਆਂ-ਬੜੀਆਂ ਤਕਲੀਫਾਂ ਦਿੱਤੀਆਂ ਜਾਂਦੀਆਂ ਹਨ। ਝੂਠੇ ਮੁਕੱਦਮਿਆਂ ਨੂੰ ਸੱਚੇ ਸਾਬਤ ਕਰਨ ਵਾਸਤੇ ਕਈ ਝੂਠੇ ਗਵਾਹ ਬਣਾਏ ਜਾਂਦੇ ਹਨ ਅਤੇ ਬਹੁਤ ਵਾਰੀ ਨਿਰਦੋਸ਼ ਬੰਦਿਆ ਨੂੰ ਸਖਤ ਸਜ਼ਾਵਾਂ ਦਿਵਾਈਆਂ ਜਾਂਦੀਆਂ ਹਨ।

ਜਦ ਗਿਆਨੀ ਜੀ ਨੂੰ ਦਸਿਆ ਗਿਆ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸਿਖਸ਼ਾ ਅਨੁਸਾਰ ਮੁਸਬਿਤਾਂ ਤੇ ਖਤਰਿਆਂ ਦੇ ਸਮੇਂ ਵਾਹਿਗੁਰੂ ਜੀ ਦਾ ਸਚੇ ਦਿਲੋਂ ਆਸਰਾ ਲੈਣਾ ਮੁਸੀਬਤਾਂ ਤੇ ਖਤਰਿਆਂ ਤੋਂ ਬਚਣ ਦਾ ਸੁਨਹਿਰੀ ਇਲਾਜ ਹੈ ਅਤੇ ਜਦ ਗਿਆਨੀ ਜੀ ਨੂੰ ਦਸਿਆ ਗਿਆ ਕਿ ਉਨ੍ਹਾਂ ਨੂੰ ਦੁਨਿਆਵੀ ਆਸਾਂ, ਉਮੀਦਾਂ, ਤਦਬੀਰਾਂ, ਉਪਾਵਾਂ ਨੂੰ ਤਿਆਗ ਕੇ ਕੇਵਲ ਵਾਹਿਗੁਰੂ ਸੱਚੇ ਪਾਤਸ਼ਾਹ ਦੀ ਰਖਸ਼ਕ ਸ਼ਕਤੀ ਦਾ ਆਸਰਾ ਰੱਖਣਾ ਚਾਹੀਦਾ ਹੈ ਤਾਂ ਗਿਆਨੀ ਜੀ ਨੇ ਆਖਿਆ ਕਿ ਮੈਂ ਸਭ ਕੁਝ ਜਾਣਦਾ ਹਾਂ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਕਈ ਭੋਗ ਪਾਏ ਹਨ। ਇਸ ਦੇ ਮਹਾਂਵਾਕਾਂ ਦੀ ਬੜੀ ਵਾਰੀ ਕਥਾ ਕਰਕੇ ਸੰਗਤਾਂ ਨੂੰ ਸੁਣਾਈਏ ਪਰ ਸਰਦਾਰ ਜੀ ਕੀ ਇਹ ਸੱਚੀ ਗੱਲ ਹੈ ਕਿ ਵਾਹਿਗੁਰੂ ਅੱਜਕੱਲ੍ਹ ਕਲਿਜੁਗ ਦੇ ਸਮੇਂ ਵਿਚ ਵੀ ਸਾਡੇ ਵਰਗੇ ਪਾਪੀਆਂ ਦੀਆਂ ਅਰਦਾਸਾਂ ਸੁਣਦਾ ਤੇ ਪੂਰੀਆਂ ਕਰਦਾ ਹੈ?

ਜਦ ਗਿਆਨੀ ਜੀ ਦੀ ਸੇਵਾ ਵਿਚ ਬੇਨਤੀ ਕੀਤੀ ਗਈ ਕਿ ਵਾਹਿਗੁਰੂ ਸਮੇਂ ਦੇ ਬਦਲਣ ਨਾਲ ਆਪਣਾ ਸੁਭਾਵ ਨਹੀਂ ਬਦਲਦਾ, ਉਹ ਨਿਯਮ ਰੂਪ ਹੈ ਅਤੇ ਤਬਦੀਲੀਆਂ ਤੋਂ ਆਜ਼ਾਦ ਇਕ ਰਸ, ਇਕ ਹਾਲਤ ਵਿਚ ਸਦਾ ਮਸਤ ਰਹਿਣ ਵਾਲੀ ਹਸਤੀ ਹੈ ਅਤੇ ਉਹ ਸਰਨ ਆਏ ਦੇ ਪਾਪਾਂ, ਊਣਤਾਈਆਂ ਤੇ ਔਗੁਣਾਂ ਦਾ ਖਿਆਲ ਨਹੀਂ ਕਰਦਾ ਅਤੇ ਆਪਣੇ ਪੁਰਾਤਨ ਬਿਰਦ ਅਨੁਸਾਰ 'ਸ਼ਰਨ ਪਰੇ ਕੀ ਲਾਜ' ਰਖਦਾ ਹੈ, ਤਾਂ ਗਿਆਨੀ ਜੀ ਨੇ ਅਸਚਰਜਤਾ ਭਰੇ ਉਤਸ਼ਾਹ ਵਿਚ ਆਖਿਆ - ਸਰਦਾਰ ਜੀ, ਫੇਰ ਤੁਸੀਂ ਆਪ ਅਰਦਾਸ ਕਰੋ ਕਿ ਮੇਰੇ ਬਚੇ ਤੇ ਆਈ ਮੁਸੀਬਤ ਟਲ ਜਾਵੇ।

ਜਦ ਗਿਆਨੀ ਜੀ ਨੂੰ ਫੇਰ ਦਸਿਆ ਗਿਆ ਕਿ ਵਾਹਿਗੁਰੂ ਜੀ ਦੀ ਨਜ਼ਰ ਵਿਚ ਸਭ ਉਸ ਦੇ ਬੱਚੇ ਇਕੋ ਜੇਹੇ ਹਨ ਅਤੇ ਜੋ ਉਸ ਦੇ ਹਜ਼ੂਰ ਭਰੋਸੇ ਅਤੇ ਸਿਦਕ ਨਾਲ ਅਰਦਾਸ ਕਰਦਾ ਹੈ, ਵਾਹਿਗੁਰੂ ਉਸੇ ਦੀ ਸਹਾਇਤਾ ਕਰਦਾ ਹੈ, ਇਸ ਲਈ ਗਿਆਨੀ ਜੀ ਨੂੰ ਆਪ ਅਰਦਾਸ ਕਰਨੀ ਚਾਹੀਦੀ ਹੈ। ਤਾਂ ਗਿਆਨੀ ਜੀ ਨੇ ਆਖਿਆ ਕਿ ਚੰਗਾ ਜੀ, ਮੈਂ ਵੀ ਅਰਦਾਸ ਕਰਾਂਗਾ, ਪਰ ਤੁਸੀਂ ਵੀ ਜ਼ਰੂਰ ਅਰਦਾਸ ਕਰਨੀ।

ਇਸ ਸਾਰੀ ਘਟਨਾ ਵਿਚ ਮੈਂ ਇਹ ਪ੍ਰਤੀਤ ਕਰ ਰਿਹਾ ਸੀ ਕਿ ਗਿਆਨੀ ਜੀ ਆਪਣੀ ਅਰਦਾਸ ਨਾਲੋਂ ਮੇਰੀ ਅਰਦਾਸ ਵਿਚ ਕੋਈ ਜ਼ਿਆਦਾ ਅਸਰ ਮੰਨ ਰਹੇ ਸਨ ਤੇ ਏਸੇ ਲਈ ਮੁੜ ਮੁੜ ਮੈਨੂੰ ਅਰਦਾਸ ਕਰਨ ਵਾਸਤੇ ਪਰੇਰਦੇ ਸਨ, ਪਰ ਮੈਂ ਅਰਦਾਸ ਦੇ ਅਸੂਲ ਜਾਣਦਾ ਹੋਇਆ ਗਿਆਨੀ ਜੀ ਨੂੰ ਇਸ ਅਸੂਲ ਤੋਂ ਜਾਣੂ ਕਰਾਣਾ ਚਾਹੁੰਦਾ ਸੀ, ਇਸ ਲਈ ਮੈਂ ਉਨ੍ਹਾਂ ਨੂੰ ਆਪ ਸਿਦਕ ਭਰੋਸੇ ਨਾਲ ਅਰਦਾਸ ਕਰਨ ਵਾਸਤੇ ਆਖਦਾ ਸੀ।

ਆਖਿਰ ਫੈਸਲਾ ਇਹ ਹੋਇਆ ਕਿ ਮੈਂ ਆਪਣੀ ਥਾਂ ਅਤੇ ਗਿਆਨੀ ਜੀ ਆਪਣੀ ਥਾਂ ਸੱਚੇ ਪਾਤਸ਼ਾਹ ਅੱਗੇ ਅਰਦਾਸ ਕਰੀਏ। ਮੇਰੇ ਮਕਾਨ ਉਤੇ ਉਨ੍ਹਾਂ ਦਿਨਾਂ ਵਿਚ ਫਸਾਦਾਂ ਵਿਚ ਮਾਸੂਮ ਤੇ ਨਿਰਦੋਸ਼ ਮਾਰੇ ਗਏ ਸਿੱਖ ਹਿੰਦੂ ਮੁਸਲਮਾਨਾਂ ਦੀਆਂ ਆਤਮਾਵਾਂ ਦੀ ਸ਼ਾਂਤੀ ਨਮਿਤ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪਾਠ ਰਖਿਆ ਹੋਇਆ ਸੀ। ਇਸ ਪਾਠ ਵਿੱਚ ਗਿਆਨੀ ਜੀ ਵੱਧ ਚੜ੍ਹ ਕੇ ਹਿੱਸਾ ਲੈ ਰਹੇ ਸੀ। ਉਕਤ ਗੱਲਬਾਤ ਮਗਰੋਂ ਗਿਆਨੀ ਜੀ ਨੇ ਉਸ ਰਾਤ ਮੇਰੇ ਮਕਾਨ ਉਤੇ ਹੀ ਰਹਿਣ ਦੀ ਇਜਾਜ਼ਤ ਮੰਗੀ ਜੋ ਕਿ ਉਨ੍ਹਾਂ ਨੂੰ ਖੁਸ਼ੀ ਨਾਲ ਦਿੱਤੀ ਗਈ। ਗਿਆਨੀ ਜੀ ਨੇ ਉਸ ਰਾਤ ਮਹਾਰਾਜ ਦਾ ਜਿਸ ਸਿਦਕ ਅਤੇ ਪਿਆਰ ਨਾਲ ਪਾਠ ਕੀਤਾ, ਉਹ ਡਾਹਢਾ ਸ਼ਲਾਘਾਯੋਗ ਸੀ ਅਤੇ ਮੈਨੂੰ ਯਕੀਨ ਸੀ ਕਿ ਗਿਆਨੀ ਜੀ ਦੀ ਅਰਦਾਸ ਨੇ ਅਰਦਾਸ ਦੇ ਸਾਰੇ ਨਿਯਮ ਪੂਰੇ ਕਰ ਦਿਤੇ ਹਨ ਅਤੇ ਇਹ ਅਕਾਲ ਪੁਰਖ ਦੀ ਦਰਗਾਹ ਵਿਚ ਪ੍ਰਵਾਨ ਹੋਵੇਗੀ।

ਅਗਲੀ ਸਵੇਰ ਗਿਆਨੀ ਜੀ ਜਾਣ ਵੇਲੇ ਆਖਣ ਲੱਗੇ ਸਰਦਾਰ ਜੀ ਤੁਸੀਂ ਫੇਰ ਵੀ ਅਰਦਾਸ ਕਰਨੀ, ਮੇਰੀ ਆਪ ਅੱਗੇ ਇਹੋ ਬੇਨਤੀ ਹੈ। ਜਦ ਗਿਆਨੀ ਜੀ ਨੂੰ ਦੱਸਿਆ ਗਿਆ ਕਿ ਵਾਹਿਗੁਰੂ ਸੱਚੇ ਪਾਤਸ਼ਾਹ ਅੱਗੇ ਇਕ ਵਾਰੀ ਹੀ ਸੱਚੇ ਦਿਲੋਂ ਅਰਦਾਸ ਕੀਤੀ ਹੋਈ ਸੁਣੀ ਜਾਂਦੀ ਹੈ, ਘੜੀ ਮੁੜੀ ਅਰਦਾਸਾਂ ਕਰਨੀਆਂ ਆਪਣੇ ਮਨ ਦੀ ਕਮਜ਼ੋਰੀ ਤੇ ਨਿਸ਼ਚੇ ਦੀ ਕਮੀ ਜ਼ਾਹਿਰ ਕਰਦੀਆਂ ਹਨ, ਤਾਂ ਗਿਆਨੀ ਜੀ ਹੈਰਾਨੀ ਦੀ ਅਵਸਥਾ ਵਿਚ ਮੇਰੇ ਮਕਾਨ ਤੋਂ ਵਿਦਾ ਹੋ ਗਏ।

ਪੰਜਾਂ-ਸੱਤਾਂ ਦਿਨਾਂ ਪਿੱਛੋਂ ਮੈਨੂੰ ਮੇਰੀ ਇਸਤ੍ਰੀ ਨੇ ਦਸਿਆ ਕਿ ਗਿਆਨੀ ਜੀ ਅੱਜ ਆਏ ਸਨ ਅਤੇ ਬੜੇ ਖੁਸ਼ ਨਜ਼ਰ ਆਉਂਦੇ ਸਨ। ਇਹ ਫਲ ਛੱਡ ਗਏ ਹਨ ਅਤੇ ਆਖਦੇ ਸਨ - ਸਰਦਾਰ ਹੋਰਾਂ ਨੂੰ ਕਹਿ ਦੇਣਾ ਕਿ ਅੰਮ੍ਰਿਤਸਰੋਂ ਤਾਰ ਆਈ ਹੈ, ਉਨ੍ਹਾ ਦੇ ਲੜਕੇ ਨੂੰ ਬਗੈਰ ਮੁਕੱਦਮਾ ਚਲਾਣ ਦੇ ਹੀ ਬਾਇਜ਼ਤ ਰਿਹਾ ਕਰ ਦਿਤਾ ਗਿਆ ਹੈ।

*******


**ਸ੍ਰੀ ਮਾਨ 108 ਸੰਤ ਬਾਬਾ ਵਰਿਆਮ ਸਿੰਘ ਜੀ ਮਹਾਰਾਜ ਦੇ ਮਹਾਂਸਮਾਧੀ ਦਿਵਸ ਸਬੰਧੀ**

**ਮਹਾਨ ਗੁਰਮਤਿ ਰੂਹਾਨੀ ਸਮਾਗਮ**

**28, 29, 30 ਅਤੇ 31 ਅਕਤੂਬਰ 2010**

ਦਿਨ - **ਵੀਰਵਾਰ, ਸ਼ੁਕਰਵਾਰ, ਸ਼ਨੀਵਾਰ ਅਤੇ ਐਤਵਾਰ**

**ਸਮਾਂ - ਸਵੇਰੇ 3.00 ਤੋਂ ਰਾਤ 11.00 ਵਜੇ**

**ਸੰਗਤਾਂ ਦੇ ਚਰਨਾਂ ਵਿੱਚ ਬੇਨਤੀ ਹੈ ਕਿ ਆਪਣੇ ਆਉਣ ਦੀ ਖਬਰ ਪਹਿਲਾਂ ਹੀ ਈਮੇਲ, ਫੈਕਸ ਰਾਹੀਂ ਭੇਜਣ ਦੀ ਕ੍ਰਿਪਾਲਤਾ ਕਰਨੀ ਜੀ।**

# ਸਤਵੰਤ ਕੌਰ

***ਭਾਈ ਵੀਰ ਸਿੰਘ ਜੀ***

ੴ ਸ੍ਰੀ ਵਾਹਿਗੁਰੂ ਜੀ ਕੀ ਫਤਹਿ॥

## ਕਾਂਡ ਤੇਰ੍ਹਵਾਂ

ਹੁਣ ਸਤਵੰਤ ਕੌਰ ਨੂੰ ਆਪਣੇ ਨਿਕਲਣੇ ਦਾ ਫਿਕਰ ਹੋਇਆ। ਉਸ ਦੀ ਸਲਾਹ ਹੋਈ ਕਿ ਮੈਂ ਚੁਪਾਤੇ ਨਿਕਲ ਜਾਵਾਂ, ਪਰ ਫੇਰ ਫਾਤਮਾ ਉਸ ਨੂੰ ਅੰਦਰ ਆ ਕੇ ਮਿਲੀ। ਹੁਣ ਦੁਹਾਂ ਵਿਚ ਗੱਲਬਾਤ ਹੋਈ। ਸਤਵੰਤ ਕੌਰ ਤਾਂ ਇਹ ਚਾਹੇ ਕਿ ਮੈਂ ਚਲੀ ਜਾਵਾਂ ਤੇ ਫਾਤਮਾ ਚਾਹੇ ਕਿ ਇਹ ਮੇਰੇ ਪਾਸ ਰਹੇ। ਫਾਤਮਾ ਆਪਣੇ ਸੁਖ ਦੀ ਬੱਧੀ ਤੇ ਸਤਵੰਤ ਕੌਰ ਨੂੰ ਆਪਣੇ ਵਤਨ ਪਿਤਾ ਤੇ ਕੌਮੀ ਜੋਸ਼ ਦੀ ਖਿੱਚ। ਉਹ ਉਨ੍ਹਾਂ ਹਿੰਦੀ ਤ੍ਰੀਮਤਾਂ ਵਿਚੋਂ ਨਹੀਂ ਸੀ ਜੋ ਪਰਦੇਸਾਂ ਵਿਚ ਜਾ ਕੇ ਆਪਣੇ ਪਿਛਲੇ ਅਸਲੇ ਨੂੰ ਭੁੱਲ ਜਾਂਦੀਆਂ ਸਨ। ਉਹ ਆਪਣੇ ਅਸਲੇ ਨੂੰ ਜਾਣਦੀ ਅਰ ਉਥੇ ਪਹੁੰਚਣੇ ਦੀ ਚਾਹਵਾਨ ਸੀ ਅਰ ਅਜੇ ਤਕ ਆਪਣੇ ਧਰਮ ਨੂੰ ਬਚਾਏ ਹੋਏ ਸੀ। ਪਾਤਸ਼ਾਹ ਦੀ ਬੇਗਮ ਬਣਨੋਂ ਜਿਸ ਨੇ ਸਿਰ ਫੇਰਿਆ, ਉਹ ਹੋਰ ਕਿਸ ਲਾਲਚ ਵਿਚ ਆ ਸਕਦੀ ਸੀ? ਪਰ ਉਧਰ ਫਾਤਮਾ ਚਰਨ ਫੜੀ ਜਗਿਆਸੂ ਵਾਂਗੂੰ ਹੰਝੂਆਂ ਦੀ ਤਾਰ ਵਹਾ ਰਹੀ ਸੀ ਤੇ ਬੇਨਤੀ ਕਰ ਰਹੀ ਸੀ ਕਿ ਮੈਨੂੰ ਛੱਡ ਕੇ ਕਿਤੇ ਨਾ ਜਾਵੀਂ। ਇਸ ਪ੍ਰੇਮ ਦੇ ਬੰਧਨ ਨੂੰ ਤੋੜਨਾ ਡਾਢਾ ਕਠਨ ਸੀ। ਕਸ਼ਟਾਂ ਤੇ ਬਿਪਤਾ ਨੂੰ ਸਤਵੰਤ ਝਾਗ ਨਿਕਲੀ ਸੀ, ਪਾਤਸ਼ਾਹੀ ਲਾਲਚਾਂ ਨੂੰ ਤਰ ਨਿਕਲੀ ਸੀ, ਹੁਣ ਪ੍ਰੇਮ ਦੇ ਸਮੁੰਦਰ ਨੂੰ ਠਿੱਲ੍ਹਣ ਦਾ ਔਖਾ ਕੰਮ ਆ ਪਿਆ ਅਰ ਪ੍ਰੇਮ ਬੀ ਪਵਿੱਤਰ ਗੁਰਸਿੱਖੀ ਯਾ ਸੰਤ ਭਗਤੀ ਦੀ ਅੰਸ-ਸਤਿਸੰਗ ਵਾਲਾ। ਫਾਤਮਾ ਦਾ ਉਸ ਦੇ ਚਰਨਾਂ ਨੂੰ ਵਾਰ-ਵਾਰ ਚੁੰਮਣਾ, ਹੱਥ ਜੋੜਨੇ, ਮੱਥੇ ਟੇਕਣੇ, ਸਤਵੰਤ ਕੌਰ ਦਾ ਬਚਾਣਾ, ਨਾਂਹ ਨਾਂਹ ਕਰਨੀ, ਦਿਲਾਸਾ ਦੇਣਾ ਇਕ ਅਸਚਰਜ ਨਕਸ਼ਾ ਬੰਨ੍ਹ ਰਹੇ ਸਨ। ਬਹੁਤ ਚਿਰ ਇੱਕੁਰ ਦਾ ਹਾਲ ਰਿਹਾ, ਛੇਕੜ ਪ੍ਰੇਮ ਨੇ ਸਤਵੰਤ ਕੌਰ ਦੀ ਉਪਰਾਮਤਾ ਦੇ ਡੌਲੇ ਥਕਾ ਦਿੱਤੇ, ਡੋਬਿਆ ਤਾਂ ਨਹੀਂ, ਪਰ ਅੱਗੇ ਵਧਣੋਂ ਰੋਕ ਦਿੱਤਾ। ਸਤਵੰਤ ਕੌਰ ਨੂੰ ਮਜ਼ਬੂਰ ਹੋ ਕੇ ਇਹ ਕਰਾਰ ਕਰਨਾ ਪਿਆ ਕਿ ਮੈਂ ਅੱਠ ਦਿਨ ਤੇਰੇ ਪਾਸ ਜ਼ਰੂਰ ਰਹਾਂਗੀ। ਫਾਤਮਾ ਨੂੰ ਕੁਝ ਕੁ ਢਾਰਸ ਹੋਈ, ਹੁਣ ਫਾਤਮਾ ਬੜੀ ਹੀ ਖਾਤਰ ਕਰਨ ਲੱਗੀ। ਮਾਲਕ ਵਾਲੀ ਬੋ ਸਾਰੀ ਨਿਕਲ ਗਈ ਹੋਈ ਸੀ, ਇਕ ਮੁਰੀਦ ਵਾਂਗ ਆ ਕੇ ਉਸ ਦੀ ਸੇਵਾ ਕਰੇ ਅਰ ਉਸ ਦਾ ਅਦਬ ਲਿਹਾਜ਼ ਰੱਖੇ। ਸਤਵੰਤ ਕੌਰ ਮਨ ਹੀ ਮਨ ਨੂੰ ਕਹੇ ਕਿ ਇਸ ਖੁੱਭਣ ਤੋਂ ਦੇਖੀਏ ਕਿੱਕੁਰ ਨਿਕਾਸ ਹੋਵੇ?

ਅੱਠ ਦਿਨ ਬੀਤ ਗਏ, ਜਿਵੇਂ ਬੀਤਦੇ ਹਨ ਦਿਨ ਸਦਾ। ਸਤਵੰਤ ਫਿਰ ਤੁਰਨੇ ਲਈ ਤਿਆਰ ਹੋਈ, ਪਰ ਫਾਤਮਾ ਤੁਰਨ ਨਾ ਦੇਵੇ।

ਸਤਵੰਤ ਕੌਰ ਨੇ ਕਿਹਾ, ਬੀਬੀ ਜੀ! ਮੈਂ ਕਿਸੇ ਪ੍ਰਕਾਰ ਅਟਕ ਨਹੀਂ ਸਕਦੀ, ਮੈਂ ਆਪਣੇ ਘਰ ਜ਼ਰੂਰ ਪਹੁੰਚਣਾ ਹੈ। ਮੈਨੂੰ ਆਪਣੀ ਮਾਂ ਦਾ ਦਰਸ਼ਨ ਹੁੰਦਾ ਹੈ, ਜੋ ਕਰਤਾਰ ਦੇ ਭਾਣੇ ਪਰ ਸ਼ਾਕਰ ਹੋਣੇ ਦਾ ਅਤਿ ਜਤਨ ਕਰਦੀ ਹੈ, ਪਰ ਕੁਦਰਤੀ ਮੋਹ ਦਾ ਸੋਮਾ ਕਿਸੇ ਵੇਲੇ ਐਸਾ ਪਾਟਦਾ ਹੈ ਕਿ ਉਹ ਆਪਣੇ ਆਪ ਸੰਭਲ ਨਹੀਂ ਸਕਦੀ, ਮੈਂ ਕੀ ਕਰਾਂ? ਉਸ ਪਾਸ ਮੈਂ ਪਹੁੰਚਣਾ ਜ਼ਰੂਰ ਹੈ। ਤੂੰ ਪੱਕ ਜਾਣ, ਜੋ ਮੈਂ ਮਾਤਾ ਪਿਤਾ ਦੇ ਰੂਬਰੂ ਮਰ ਜਾਂਦੀ ਤਦ ਉਹ ਮੇਰੇ ਵਲੋਂ ਕਦੇ ਸ਼ੰਕਾਤੁਰ ਨਾ ਹੁੰਦੇ, ਪਰ ਹੁਣ ਉਨ੍ਹਾਂ ਨੂੰ ਇਹ ਸੱਲ ਉੱਠ ਖਲੋਂਦਾ ਹੈ ਕਿ ਕਿਆ ਸਾਡੀ ਪੁੱਤਰੀ ਜ਼ਾਲਮਾਂ ਦੇ ਪਾਪਾਂ ਦਾ ਹਿੱਸਾ ਵੰਡਾ ਰਹੀ ਹੋਵੇਗੀ? ਉਨ੍ਹਾਂ ਦੀ ਬੁੱਧਿ ਮੰਨਦੀ ਨਹੀਂ, ਪਰ ਭਰਮ ਦਾ ਦਾਰੂ ਲੁਕਮਾਨ ਨੂੰ ਬੀ ਨਹੀਂ ਲੱਭਾ ਸੀ। ਇਸ ਕਰਕੇ ਮੇਰੇ ਚਿੱਤ ਵਿਚ ਉਮੰਗ ਹੈ ਕਿ ਮੈਂ ਇਕੇਰਾ ਉਨ੍ਹਾਂ ਦੇ ਚਰਨਾਂ ਵਿੱਚ ਪਹੁੰਚਾਂ ਅਰ ਉਨ੍ਹਾਂ ਨੂੰ ਤਸੱਲੀ ਦੇ ਦਿਆਂ ਕਿ ਧਰਮ ਨੂੰ ਸਾਬਤ ਲੈ ਕੇ ਮੈਂ ਤੇਰੇ ਤੱਕ ਅੱਪੜ ਪਈ ਹਾਂ। ਫਾਤਮਾ ਕਹੇ ਕਿ ਮੈਂ ਕੀ ਕਰਾਂ? ਮੈਨੂੰ ਤੇਰੇ ਨਾਲ ਐਡਾ ਪ੍ਰੇਮ ਉਪਜ ਪਿਆ ਹੈ ਕਿ ਤੇਰੇ ਜਾਣ ਦਾ ਨਾਉਂ ਸੁਣ ਕੇ ਮੇਰੀ ਜਾਨ ਨਿਕਲਦੀ ਹੈ।

ਸਤਵੰਤ ਕੌਰ - ਦੇਖ ਬੀਬੀ! ਅੱਗੇ ਤੈਨੂੰ ਬਾਣੀ ਪੜ੍ਹਨੇ ਦਾ ਵਲ ਦੱਸਿਆ ਸੀ, ਜਿਸਨੇ ਤੈਨੂੰ ਇਤਨਾ ਲਾਭ ਪੁਚਾਇਆ ਕਿ ਤੂੰ ਹੁਣ ਧਰਮ, ਦਯਾ, ਦਾਨ ਆਦਿ ਨੂੰ ਸਮਝਦੀ ਹੈਂ ਅਰ ਅੰਤਰੀਵ ਸੁਖ ਨੂੰ ਬੀ ਪ੍ਰਤੀਤ ਕਰਦੀ ਹੈ। ਹੁਣ ਇਹ ਸੋਚ ਕੇ ਅੰਤ ਨੂੰ ਇਕੱਲੇ ਹੋ ਜਾਣਾ ਹੈ, ਚਾਹੇ ਆਪ ਇਕੱਲੇ ਟੁਰ ਗਏ, ਚਾਹੇ ਸਾਰਾ ਪਰਿਵਾਰ ਮਰ ਜਾਏ ਤੇ ਇਕੱਲੀ ਰਹਿ ਜਾਏਂ। ਉਸ ਵੇਲੇ ਕੌਣ ਭੈਣ, ਪਤੀ, ਪੁੱਤ ਤੇਰੇ ਨਾਲ ਨਿਭੇਗਾ? ਉਹ ਇਕੱਲ ਨੂੰ ਬੀ ਕਿਸੇ ਤਰ੍ਹਾਂ ਕੱਟੇਗੀ ਕਿ ਨਹੀਂ? ਤਿਵੇਂ ਹੁਣ ਸੋਚ ਕੇ ਉਸ ਇੱਕਲ ਨੂੰ ਪਹੁੰਚੀ ਹੋਈ ਸਮਝ ਲੈ ਅਰ ਸਭ ਤੋਂ ਟੁੱਟ ਕੇ ਆਪਣੇ ਵਿਚ ਮਗਨ ਹੋ ਜਾਹ। ਸਭਨਾਂ ਵਿੱਚ ਵਸ, ਪਰ ਆਪਣੀਆਂ ਆਸਾਂ ਤੇ ਉਮੀਦਾਂ ਦਾ ਸਹਾਰਾ ਕਿਸੇ ਪਰ ਨਾ ਰੱਖ, ਕਿਉਂਕਿ ਅੰਤ ਨੂੰ ਨਿਰਾਧਾਰ ਆਪਣੇ ਆਪ ਦੇ ਆਸਰੇ ਸਿਰ ਹੋ ਜਾਣਾ ਹੈ। ਸੋ ਜਿਸ ਗੱਲ ਨੂੰ ਸਮੇਂ ਨੇ ਬਦੋਬਦੀ ਸਾਡੇ ਗਲ ਮੜ੍ਹਨਾ ਹੈ, ਕਿਉਂ ਨਾ ਆਪ ਆਪਣੇ ਤੇ ਪਹਿਲੇ ਵਰਤਾ ਲਈਏ। ਇਸ ਪਰ ਮੈਂ ਤੈਨੂੰ ਇਕ ਵਾਰਤਾ ਸੁਣਾਉਂਦੀ ਹਾਂ -

ਇਕ ਸਿੰਘ ਸਾਧੂ ਇਕ ਬਨ ਵਿਚ ਵਸਦੇ ਸਨ। ਉਸ ਬਨ ਵਿਚ ਵੱਡੇ ਬ੍ਰਿਛ ਤਾਂ ਘੱਟ ਸਨ, ਪਰ ਝਾੜੀਆਂ ਅਰ ਕਈ ਪ੍ਰਕਾਰ ਦੇ ਘਾਹ ਬਹੁਤ ਸਨ ਕਿ ਦਾਵਾਨਲ (ਬਨ ਦੀ ਅੱਗ) ਭੜਕ ਉੱਠੀ, ਅਰਥਾਤ ਉਸ ਸਾਰੇ ਬਨ ਨੂੰ ਅੱਗ ਲੱਗੀ ਤੇ ਨਾਲ ਹੀ ਪੁਰਾ ਵੱਗ ਪਿਆ। ਦਿਨ ਵਿਸਾਖ ਦੇ ਸਨ, ਇਸ ਮਹਾਤਮਾ ਦੀ ਕੁਟੀ ਦੇ ਉਦਾਲੇ ਸੰਘਣੀਆਂ ਪੈਲੀਆਂ ਪੱਕੀਆਂ ਖੜੀਆਂ ਸਨ, ਘਰ ਇਕ ਤ੍ਰੀਮਤ ਤੇ ਪੁੱਤਰ ਸੀ ਅਰ ਕਈ ਕੁ ਤ੍ਰੀਮਤਾਂ ਭਟਕੀਆਂ ਹੋਈਆਂ ਉਨ੍ਹਾਂ ਦੀ ਛਤ੍ਰ ਛਾਇਆ ਹੇਠ ਆ ਉਤਰੀਆਂ ਸਨ। ਇਹ ਮੈਂ ਤੈਨੂੰ ਕਹਾਣੀ ਨਹੀਂ ਪਈ ਸੁਣਾਉਂਦੀ, ਇਹ ਬੀਤੀ ਹੋਈ ਵਾਰਤਾ ਹੈ ਅਰ ਜਿਨ੍ਹਾਂ ਦੇ ਸਿਰ ਬੀਤੀ ਸੀ। ਉਹ ਸਾਡੇ ਘਰ ਆਏ ਸਨ ਅਰ ਪਿਤਾ ਜੀ ਨੂੰ ਉਨ੍ਹਾਂ ਇਹ ਵਿਥਿਆ ਸੁਣਾਈ ਸੀ, ਜੋ ਮੈਂ ਸੁਣਾਉਂਦੀ ਪਈ ਹਾਂ। ਸੋ ਬੀਬੀ! ਉਹ ਸਾਧ ਜੋ ਭਜਨੀਕ ਸਿੱਖ ਸੀ ਬਨ ਵਿਚ ਇਸ ਕਰਕੇ ਰਹਿੰਦਾ ਸੀ ਕਿ

ਔਕੜ ਬਣੀ ਤੇ ਆਪਣੇ ਵੀਹ ਤੀਹ ਭਰਾਵਾਂ ਨੂੰ ਆਸਰਾ ਦਿੰਦਾ ਅਰ ਆਪਣੀ ਕਮਾਈ ਦੇ ਦਾਣੇ ਫੱਕੇ ਦਾ ਉਥੇ ਸਰਣ ਆਏ ਭਰਾਵਾਂ ਲਈ ਲੰਗਰ ਜਾਰੀ ਰੱਖਦਾ ਸੀ। ਭਾਵੇਂ ਅੱਗ ਅਜੇ ਡਾਢੀ ਦੂਰ ਸੀ, ਪਰ ਹਵਾ ਦੀ ਮੁਸ਼ਕ ਤੋਂ ਉਸ ਸਾਧੂ ਨੇ ਪਰਖ ਲਿਆ ਕਿ ਦਾਵਾਨਲ ਲੱਗੀ ਪਈ ਹੈ, ਇਹ ਆ ਕੇ ਸਾਨੂੰ ਸਾੜੇਗੀ। ਇਸ ਦਾ ਤਾਂ ਧੂੰਆਂ ਹੀ ਨੇੜੇ ਆਇਆ ਦਮ ਘੁੱਟ ਘੱਤੇਗਾ। ਫਿਰ ਸੋਚਣ ਲੱਗਾ ਕਿ ਕੀ ਅੱਗ ਤੋਂ ਬਚਣੇ ਦਾ ਕੋਈ ਉਪਾਅ ਬੀ ਹੋ ਸਕਦਾ ਹੈ? ਵਾਹਿਗੁਰੂ ਦੀਨ ਦਿਆਲ ਨੇ ਉਸ ਦੀ ਸੁਰਤਿ ਨੂੰ ਸਮਝ ਬਖਸ਼ੀ ਕਿ ਅੱਗ ਦਾ ਇਲਾਜ ਅੱਗ ਹੈ। ਉਸ ਨੇ ਤੁਰਤ ਅੱਗ ਬਾਲ ਕੇ ਆਪਣੇ ਇਰਦ ਗਿਰਦ ਦੀਆਂ ਪੈਲੀਆਂ ਨੂੰ ਲਾ ਦਿੱਤੀ। ਪਲੋ ਪਲੀ ਵਿਚ ਇਹ ਅੱਗ ਫੈਲ ਗਈ ਅਰ ਚਾਰ ਚੁਫੇਰੇ ਸਾੜਦੀ ਤੁਰੀ ਗਈ। ਜਿਉਂ-ਜਿਉਂ ਇਹ ਅੱਗ ਖੇਤ ਸਾੜਦੀ ਗਈ ਪਰ੍ਹੇ ਤੋਂ ਪਰ੍ਹੇ ਹੁੰਦੀ ਗਈ ਤੇ ਕੁਟੀ ਦੇ ਦੁਆਲੇ ਖੇਤਾਂ, ਘਾਹਾਂ ਤੋਂ ਧਰਤੀ ਸਫਾ ਹੁੰਦੀ ਗਈ। ਇਹ ਭਬਾਕਾ ਪੈਲੀਆਂ ਦਾ ਝਟ ਪਟ ਮਿਟਦਾ ਬੀ ਗਿਆ। ਗੱਲ ਕੀ ਉਸ ਵੱਡੀ ਅੱਗ ਦੇ ਨੇੜੇ ਆਉਣ ਤੋਂ ਪਹਿਲੇ ਪਹਿਲੇ ਉਸ ਕੁਟੀਆ ਦੇ ਇਰਦ ਗਿਰਦ ਅੱਧ ਅੱਧ ਮੀਲ ਤੋਂ ਵਦੀਕ ਥਾਂ ਸੜ ਚੁੱਕੀ ਸੀ ਅਰ ਸੜਨ ਯੋਗ ਹਦਾਰਥ ਕੋਈ ਬਾਕੀ ਨਹੀਂ ਸੀ, ਸੋ ਉਹ ਵੱਡੀ ਅੱਗ ਅੱਧ ਕੋਹ ਕੁਟੀਆ ਤੋਂ ਦੂਰ ਰਹਿ ਕੇ ਲੰਘ ਗਈ, ਅਰ ਸਾਰਾ ਪਰਿਵਾਰ ਸੜ ਕੇ ਮਰਨੋਂ ਬਚ ਰਿਹਾ। ਜੋ ਬੀਬੀ ਜੀ! ਉਹ ਸਿੱਖ ਅਕਲ ਨਾ ਕਰਦਾ ਤਦ ਉਸ ਵੱਡੀ ਅੱਗ ਨੇ ਤਾਂ ਕਿਤੇ ਰਿਹਾ, ਨੇੜੇ ਆਈ ਦੇ ਧੂੰਏਂ ਨੇ ਹੀ ਮਾਰ ਛੱਡਣਾ ਸੀ। ਇਸੀ ਪ੍ਰਕਾਰ ਬੀਬੀ ਜੀ! ਸਾਡੇ ਸਭਨਾਂ ਦੇ ਸਿਰ ਇਕ ਤਰ੍ਹਾਂ ਦੀ ਇਕੱਲ ਆ ਰਹੀ ਹੈ ਕਿ ਜਿਸ ਨੇ ਸਾਨੂੰ ਸਭ ਦਿੱਸਦੇ ਸਾਕਾਂ ਮਿੱਤਰਾਂ ਤੋਂ ਵਿਛੋੜ ਕੇ ਵੱਖ ਕਰ ਦੇਣਾ ਹੈ, ਉਹ ਇਕੱਲ ਹੀ ਨਰਕ ਹੋਵੇਗੀ। ਸੋ ਹੁਣ ਸਮਾਂ ਹੈ ਕਿ ਅਸੀਂ ਇਕੱਲੇ ਹੋਣ ਦੀ ਜਾਚ ਸਿੱਖ ਲਵੀਏ ਅਰ ਆਪਣੇ ਆਲੇ ਦੁਆਲੇ ਇਕੱਲ ਹੀ ਸਮਝੀਏ ਅਰ ਆਪਣੀਆਂ ਵਾਸ਼ਨਾ ਦੀਆਂ ਬਾਹਾਂ ਆਪਣੇ ਆਪ ਦੇ ਹੀ ਆਸਰੇ ਰੱਖੀਏ ਤਾਂ ਜੋ ਉਸ ਵੱਡੀ ਇਕੱਲ ਤੋਂ ਪਹਿਲਾਂ ਅਸੀਂ ਇਸ ਇਕੱਲ ਨੂੰ ਜਾਣ ਜਾਈਏ, ਇਹ ਇਕੱਲ ਉਸ ਤੋਂ ਰੁੱਖ ਲਵੇਗੀ। ਇਸ ਇਕੱਲ ਵਿਚ ਅਸੀਂ ਸੁਖੀ ਹੋਈਏ, ਇਕੱਲ ਵਿਚ ਰੱਬ ਦੀ ਟੇਕ ਤੇ ਰਹੀਏ ਤੇ ਫੇਰ ਇਕੱਲ ਭਾਗੇ ਭਰੀ ਹੋ ਜਾਂਦੀ ਹੈ। ਅਸੀਂ ਫੇਰ ਇਕੱਲੇ ਨਹੀਂ ਰਹਿੰਦੇ, ਸਾਡੇ ਨਾਲ ਮਾਲਕ ਆਪ ਆ ਵਸਦਾ ਹੈ।

ਫਾਤਮਾ - ਤੁਸੀਂ ਸੱਚ ਆਖਦੇ ਹੋ ਅਰ ਕਈ ਵੇਰ ਮੈਨੂੰ ਸਮਝਾ ਥੱਕੇ ਹੋ, ਪਰ ਕੀ ਕਰਾਂ। ਮੇਰਾ ਦਿਲ ਸਮਝਦਾ ਤਾਂ ਹੈ, ਪਰ ਪ੍ਰਤੀਤ ਨਹੀਂ ਕਰਦਾ, ਕੋਈ ਐਸੀ ਕ੍ਰਿਪਾ ਕਰੋ ਕਿ ਜੋ ਸਮਝਦੀ ਹਾਂ ਉਹੋ ਹਾਲਤ (ਅਵਸਥਾ) ਬੀ ਹੋ ਜਾਵੇ।

ਸਤਵੰਤ ਕੌਰ - ਸਾਡੇ ਧਰਮ ਵਿਚ ਇਹ ਉਪਦੇਸ਼ ਹੈ -

'ਜੀਵਤ ਮਰੈ ਮਰੈ ਫੁਨਿ ਜੀਵੈ'

ਜੀਉਂਦਾ ਮਰ ਤੇ ਮਰ ਕੇ ਫੇਰ ਜੀਵੇ, ਉਸਨੂੰ ਇਸ ਮਨੁੱਖਾ ਦੇਹ ਦਾ ਆਨੰਦ ਹੈ। ਸੋ ਇਸ ਗੱਲ ਦਾ ਸਾਧਨ ਕਰਨਾ ਚਾਹੀਏ। ਸਾਡੇ ਦੇਸ਼ ਵਿਚ ਸੀਤਲਾ ਦਾ ਰੋਗ ਕਦੇ ਕਦੇ ਪੈਂਦਾ ਹੈ, ਹਜ਼ਾਰਾਂ ਲੋਕ ਉਸ ਨਾਲ ਮਰ ਜਾਂਦੇ ਹਨ, ਪਰ ਸਿਆਣਿਆਂ ਨੇ ਉਸ ਦਾ ਇਕ ਉਪਾਉ ਲੱਭਾ ਹੈ। ਸਿਆਲੇ ਵਿਚ ਪਹਾੜਾਂ ਤੋਂ ਕਈ ਲੋਕ ਆਉਂਦੇ ਹਨ, ਉਨ੍ਹਾਂ ਪਾਸ ਸੀਤਲਾ ਦੇ ਸੁੱਕੇ ਹੋਏ ਚੀਚਕਿਆਂ ਦਾ ਪੀਠਾ ਹੋਇਆ ਧੂੜਾ ਹੁੰਦਾ ਹੈ, ਉਹ ਕੀ ਕਰਦੇ ਹਨ ਕਿ ਵੀਣੀ ਉਪਰ ਇਕ ਸੂਈਆਂ ਦਾ ਗੁੱਛਾ ਮਾਰ ਕੇ ਪੱਛ ਲਾਉਂਦੇ ਹਨ ਪਰ ਉਸ ਪੱਛ ਪੁਰ ਧੂੜਾ ਧੂੜਦੇ ਹਨ, ਜਿਸ ਨਾਲ ਇਕ ਵੱਡਾ ਸਾਰਾ ਛਾਲਾ ਹੋ ਪੈਂਦਾ ਹੈ। ਕੋਈ ਪੰਦਰਾਂ ਵੀਹ ਦਿਨ ਔਖ ਹੁੰਦਾ ਹੈ, ਪਰ ਫੇਰ ਉਸਨੂੰ ਸੀਤਲਾ ਨਹੀਂ ਨਿਕਲਦੀ। ਇਨ੍ਹਾਂ ਗੱਲਾਂ ਦਾ ਮਤਲਬ ਇਹ ਹੈ ਕਿ ਆਉਣ ਵਾਲੇ ਦੁੱਖ ਤੋਂ ਜੇ ਬਚਣਾ ਲੋੜੀਏ ਤਦ ਥੋੜ੍ਹਾ ਜਿਹਾ ਦੁਖ ਉਸੇ ਪ੍ਰਕਾਰ ਦਾ ਕਿਸੀ ਵਿਧੀ ਅਨੁਸਾਰ ਪਹਿਲਾਂ ਭੋਗਣੇ ਕਰਕੇ ਵੱਡਾ ਦੁੱਖ ਟਲ ਜਾਂਦਾ ਹੈ। ਜਿੱਕੁਰ ਹੁਣ ਤੈਨੂੰ ਵਿਛੋੜੇ ਦਾ ਦੁੱਖ ਪਿਆ ਭਾਸਦਾ ਹੈ ਅਰ ਫੇਰ ਮੌਤ ਦਾ ਦੁੱਖ ਦੀਹਦਾ ਹੈ, ਜੇ ਤੂੰ ਜੀਉਂਦੀ ਹੀ ਆਪੇ ਨੂੰ ਵੱਖ ਕਰਨ ਦੀ ਜਾਚ ਸਿੱਖ ਲਵੇਂ ਤਦ ਵਿਛੋੜੇ, ਇਕੱਲ ਤੇ ਮੌਤ ਦਾ ਦੁੱਖ ਤੈਨੂੰ ਕੀਹ ਕਹੇਗਾ? ਤੈਨੂੰ ਤਾਂ ਫੇਰ ਕੋਈ ਦੁੱਖ ਬੀ ਡੋਲਣ ਨਾ ਦੇਵੇਗਾ।

ਫਾਤਮਾ - ਕ੍ਰਿਪਾ ਕਰਕੇ ਮੈਨੂੰ ਉਪਾਉ ਦੱਸੋ?

ਸਤਵੰਤ ਕੌਰ - ਉਪਾਉ ਕਠਨ ਨਹੀਂ। ਬਾਣੀ ਦੇ ਆਨੰਦ ਨੂੰ ਤੂੰ ਦੇਖ ਚੁੱਕੀਂ ਹੈਂ, ਇਹ ਆਨੰਦ ਤੇਰੇ ਅੰਦਰ ਦੀਆਂ ਮੈਲਾਂ ਕੱਢਣ ਨੂੰ ਸਮਰੱਥ ਹੈ, ਅਰ ਮੈਂ ਦੇਖਦੀ ਹਾਂ ਕਿ ਤੇਰਾ ਹਿਰਦਾ ਬਹੁਤ ਸ਼ੁੱਧ ਹੋ ਰਿਹਾ ਹੈ। ਹੁਣ ਤੂੰ ਵਿਚਾਰ ਤੋਂ ਕੰਮ ਲੈ ਅਰ ਸਾਰੇ ਪਦਾਰਥਾਂ ਨੂੰ ਗਿਆ ਹੋਇਆ ਸਮਝ ਅਰ ਦੇਖ ਕਿ ਕੋਈ ਪਦਾਰਥ ਸਦਾ ਰਹਿਣ ਵਾਲਾ ਨਹੀਂ ਹੈ। ਕੋਈ ਸੁੱਖ ਸਦਾ ਟਿਕਣ ਵਾਲਾ ਨਹੀਂ, ਕੋਈ ਖੁਸ਼ੀ ਬਿਨਾਂ ਆਸਰੇ ਨਹੀਂ ਅਰਥਾਤ ਨਿਰੇ ਆਪਣੇ ਆਧਾਰ ਤੇ ਨਹੀਂ। ਜੋ ਖੁਸ਼ੀ ਦੂਸਰਿਆਂ ਦੇ ਆਸਰੇ ਤੋਂ ਪ੍ਰਾਪਤ ਹੁੰਦੀ ਹੈ ਉਹ ਇਕ ਰਸ ਰਹਿਣ ਵਾਲੀ ਨਹੀਂ ਹੋ ਸਕਦੀ, ਕਿਉਂਕਿ ਉਹ ਜਿਨ੍ਹਾਂ ਪਦਾਰਥਾਂ ਤੇ ਜੀਵਾਂ ਦੇ ਆਸਰੇ ਸੇਤੀ ਹੈ, ਉਹ ਸਾਰੇ ਅਟੱਲ ਨਹੀਂ, ਨਰਨਾਊ ਜਾਂ ਨਾਸ਼ਵੰਤ ਹਨ। ਤਾਂ ਤੇ ਐਸੀ ਖੁਸ਼ੀ ਰੇਤ ਦਾ ਕੋਟ ਹੈ, ਅੰਤ ਕਰੇਗੀ। ਸੋ ਅਸੀਂ ਹੁਣ ਹੀ ਪਦਾਰਥਾਂ ਨੂੰ ਜਿਹੋ ਜਿਹੇ ਕਿ ਇਹ ਹਨ ਉਹੋ ਜਿਹੇ ਸਮਝ ਕੇ ਇਨ੍ਹਾ ਵਲੋਂ ਮਨ ਦਾ ਮੂੰਹ ਮੋੜੀਏ। ਨੱਸ ਨਾ ਜਾਈਏ, ਵਿਚੇ ਰਹੀਏ, ਵਰਤੀਏ ਪਰ ਓਪਰੀਆਂ ਜਾਣ ਕੇ। ਸ਼ਹਿਦ ਦੀ ਮੱਖੀ ਵਾਂਗ ਫੁੱਲਾਂ ਫਲਾਂ ਦੀ ਮਿਠਾਸ ਲਈਏ, ਫੁੱਲਾਂ ਵਿਚ ਫਸ ਨਾ ਜਾਈਏ, ਜੀਕੂੰ ਘਰ ਦੀ ਮੱਖੀ ਮਰਤਬਾਨ ਵਿਚ ਬੈਠ ਕੇ ਮਿੱਠੇ ਵਿਚ ਫਸ ਜਾਂਦੀ ਹੈ। ਐਉਂ ਅਸੀਂ ਇਨ੍ਹਾਂ ਦੇ 'ਵਿਛੜਨ ਦੇ ਦੁੱਖ' ਤੋਂ ਛੁੱਟ ਜਾਵਾਂਗੇ, ਸਾਡੇ ਜੀਉਣ ਦੇ ਦਿਨ ਚੰਗੇ ਲੰਘਣਗੇ ਅਰ ਅੰਤ ਵੇਲੇ ਪੀੜਾ ਨਹੀਂ ਹੋਵੇਗੀ। ਦੂਜਾ ਕੰਮ ਅਸੀਂ ਇਹ ਕਰੀਏ ਕਿ ਉਸ ਸੱਚੀ ਖੁਸ਼ੀ ਨੂੰ ਲੱਭੀਏ ਕਿ ਜਿਸਦਾ ਆਧਾਰ ਯਾ ਆਸਰਾ ਕੋਈ ਐਸਾ ਹੋਵੇ ਕਿ ਜੋ ਆਪ ਇਕ ਰਸ ਅਰ ਸਦਾ ਅਟੱਲ ਹੋਵੇ, ਜਿਸਦੇ ਗੁਆਚਣ ਦਾ ਸੰਸਾ ਚੁੱਕ ਜਾਵੇ। ਸੋ ਉਹ ਆਨੰਦ ਆਪਣੇ ਅੰਦਰ ਹੈ ਅਰ ਉਹ ਆਧਾਰ ਬੀ ਸਾਡੇ ਅੰਦਰ ਹੈ। ਕਹਿੰਦੇ ਹਨ ਕਿ ਕਸਤੂਰੇ ਮਿਰਗ ਨੂੰ ਜੁਆਨੀ ਚੜ੍ਹੇ ਖੁਸ਼ਬੂ ਦੀ ਮਸਤੀ ਜੰਗਲਾਂ ਵਿਚ ਭਟਕਾਉਂਦੀ ਹੈ, ਪਰ ਜਦ ਦੈਵਨੇਤ ਨਾਲ ਕਦੇ ਥੱਕ ਕੇ ਡਿੱਗਦੇ ਦੀ ਬੂਥੀ ਆਪਣੀ ਹੀ ਧੁੰਨੀ ਨਾਲ ਵੱਜ ਜਾਵੇ ਤਦ ਆਪਣੇ ਆਪ ਵਿਚ ਮਸਤ ਹੋ ਕੇ ਝਾੜੀਆਂ ਵਿਚ ਸਿਰ ਦੇਣੋਂ ਹਟ ਜਾਂਦਾ ਹੈ। ਤਿਵੇਂ ਜਦ ਆਪਣੇ ਅੰਦਰੋਂ ਆਨੰਦ

ਅਰ ਆਨੰਦ ਦਾ ਆਸਰਾ ਦਿੱਸ ਪੈਂਦਾ ਹੈ, ਤਦ ਆਨੰਦ ਭੋਗਣੇ ਵਾਲਾ ਬਾਹਰ ਨਹੀਂ ਭਟਕਦਾ। ਸਾਡੇ ਸਤਿਗੁਰਾਂ ਦਾ ਵਾਕ ਹੈ -

***ਬਾਹਰਿ ਢੂਢਨ ਤੇ ਛੂਟਿ ਪਰੇ***
***ਗੁਰਿ ਘਰ ਹੀ ਮਾਹਿ ਦਿਖਾਇਆ ਥਾ ॥***
***ਅੰਗ - ੧੦੦੨***

ਫਾਤਮਾ - ਬੀਬੀ ਜੀ! ਆਪ ਦੀਆਂ ਬਾਤਾਂ ਬਹੁਤ ਮਨ-ਮੋਹਣੇ ਵਾਲੀਆਂ ਹਨ, ਅਰ ਸੁਣ ਸੁਣ ਕੇ ਮੇਰਾ ਮਨ ਆਪਣੇ ਆਪੇ ਵਿਚ ਇਕੱਠਾ ਹੁੰਦਾ ਜਾਂਦਾ ਹੈ ਅਰ ਮੈਨੂੰ ਮਲੂਮ ਪੈਂਦਾ ਹੈ ਕਿ ਜੇ ਬਾਹਰਲੀਆਂ ਖਿੱਚਾਂ ਟੁੱਟ ਕੇ ਆਪਣੇ ਆਪ ਨਾਲ ਅੰਦਰ ਗੰਢ ਪੈ ਜਾਵੇ ਤਦ ਜ਼ਰੂਰ ਕੋਈ ਭਾਰਾ ਸੁਖ ਨਿਕਲੇਗਾ, ਪਰ ਆਪ ਮੈਨੂੰ ਚੰਗੀ ਤਰ੍ਹਾਂ ਸਮਝਾਓ। ਹੇ ਪਰਮੇਸ਼ਰ ਦੀ ਪਿਆਰੀ! ਮੈਂ ਤੇਰੀ ਭਾਰੀ ਰਿਣੀ ਹਾਂ, ਮੇਰੇ ਸਿਰ ਜੋ ਜੋ ਉਪਕਾਰ ਤੂੰ ਕੀਤੇ ਹਨ, ਮੈਂ ਦੇ ਨਹੀਂ ਸਕਦੀ, ਮੈਂ ਕਿਸੇ ਜੁਗ ਤੇਰੀ ਦੇਣੀਆਂ ਦੇਣ ਦੇ ਯੋਗ ਨਹੀਂ ਹਾਂ। ਜਿੱਥੇ ਅੱਗੇ ਮੇਰੇ ਔਗੁਣਾਂ ਵੱਲ ਅੱਖਾਂ ਮੀਟ ਕੇ ਅਰ ਆਪਣੀ ਦਿਆਲਤਾ ਵਲ ਤਕ ਕੇ ਤੂੰ ਮੇਰੇ ਪਰ ਕ੍ਰਿਪਾ ਕਰਦੀ ਰਹੀ ਹੈਂ ਹੁਣ ਬੀ ਮੇਰੇ ਤੇ ਮਿਹਰ ਕਰ ਤੇ ਮੇਰੇ ਭਰਮ ਦੇ ਛੌੜ ਕੱਟ ਦੇਹ।

ਸਤਵੰਤ ਕੌਰ - ਸੁਣ ਬੀਬੀ! ਮੈਂ ਕੋਈ ਉਪਕਾਰ ਨਹੀਂ ਕੀਤ, ਉਪਕਾਰ ਕਰਨੇ ਵਾਲਾ ਗੁਰੂ ਹੈ। ਹਾਂ, ਜੇ ਕਿਸੇ ਦਾ ਭਲਾ ਇਸ ਨਿਕਾਰੀ ਦੇ ਦੇ ਰਸਤੇ ਹੋ ਜਾਵੇ ਤਦ ਦੇਹ ਦੀ ਸਫਲਤਾ ਹੈ। ਹੁਣ ਮੈਂ ਤੈਨੂੰ ਇਕ ਭੇਦ ਦੱਸਦੀ ਹਾਂ। ਮੇਰੇ ਨਾਲ ਕਰਾਰ ਕਰ ਕਿ ਤੂੰ ਸਿਰ ਜਾਏ ਪਰ ਤਦ ਬੀ ਇਹ ਭੇਤ ਕਿਸੇ 'ਨਾ ਤਿਆਰ ਬੰਦੇ' ਨੂੰ ਨਹੀਂ ਦੱਸੇਂਗੀ।

ਫਾਤਮਾ - ਮੈਂ ਨੇਮ ਕਰਦੀ ਹਾਂ, ਪਰ ਇਕ ਬੇਨਤੀ ਹੈ ਕਿ ਜਿੱਕੁਰ ਤੁਸਾਂ ਮੇਰੇ ਤੇ ਕ੍ਰਿਪਾ ਕੀਤੀ ਹੈ, ਜੇਕਰ ਕੋਈ ਸਮਾਂ ਮੈਨੂੰ ਆ ਲੱਗੇ ਤਾਂ ਉਸ ਵੇਲੇ ਕੀ ਕਰਾਂ?

ਸਤਵੰਤ ਕੌਰ - ਸਮਾਂ ਆ ਲੱਗੇ ਤਦ ਵਰਤੋ। ਇਹ ਕੋਈ ਸੂਮ ਦਾ ਧਨ ਥੋੜ੍ਹਾ ਹੈ? ਇਹ ਸੱਚੇ ਸਤਿਗੁਰੂ ਜਗਤ ਦਾਤੇ ਦੀ ਦਾਤ ਹੈ ਜੋ ਹਰੇਕ ਲਈ ਖੁਲ੍ਹੀ ਤੇ ਅਮੁੱਲ ਪਈ ਹੈ, ਕੋਈ ਖਾਏ, ਵਰਤੇ ਵੰਡੇ। ਪਰ ਇੰਨੀ ਵਿਚਾਰ ਆਪ ਨੂੰ ਲੋੜੀਂਦੀ ਹੈ ਕਿ ਮੋਤੀਆਂ ਦੀ ਕਦਰ ਅੰਨ੍ਹੇ ਨਹੀਂ ਕਰ ਸਕਦੇ। ਅਰ ਇਹ ਕਿ ਨਕਦਰਿਆਂ ਅੱਗੇ ਅਮੋਲਕ ਸਾਮਾਨ ਰੱਖੇ ਐਵੇਂ ਜਾਂਦੇ ਹਨ, ਉਥੇ ਸੱਚੇ ਸਤਿਗੁਰੂ ਦਾ ਇਹ ਹੁਕਮ ਹੈ ਕਿ ਪਹਿਲੇ ਨਕਦਰਿਆਂ ਨੂੰ ਕਦਰ ਕਰਨੀ ਸਿਖਾਲੋ, ਜਦ ਕਦਰ ਸਿੱਖ ਜਾਣ ਫੇਰ ਦਾਤ ਤਾਂ ਗੁਰੂ ਕੀ ਵੰਡੀ ਹੀ ਜਾ ਰਹੀ ਹੈ ਆਪੇ ਕੜਛਾ ਮਿਲ ਜਾਂਦਾ ਹੈ, ਇਸ ਪਰ ਤੈਨੂੰ ਵਾਰਤਾ ਸੁਣਾਉਂਦੀ ਹਾਂ -

ਇਕ ਅਨਪੜ੍ਹ ਪੰਡਿਤ ਨੇ ਇਕ ਰਾਜਾ ਨੂੰ ਵਸ ਕਰ ਲਿਆ। ਇਸ ਪੰਡਿਤ ਨੂੰ ਕੁਝ ਚਿਰ ਵਾਸਤੇ ਕਿਤੇ ਬਾਹਰ ਜਾਣਾ ਪੈ ਗਿਆ। ਰਾਜਾ ਮੇਰੇ ਵਸ ਵਿਚ ਰਹੇ ਇਹ ਸੋਚ ਕੇ ਪੰਡਿਤ ਜਾਂਦਾ ਹੋਇਆ ਇਕ ਸਲੋਕ ਰਾਜਾ ਨੂੰ ਕੰਠ ਕਰਾ ਗਿਆ ਤੇ ਕਹਿ ਗਿਆ ਕਿ ਜੋ ਪੰਡਿਤ ਆਵੇ ਇਸ ਦੇ ਅਰਥ ਪੁੱਛੀ, ਜੋ ਦੱਸੇ ਕਿ ਦੇਵੀ ਪੀੜ੍ਹੇ ਤੇ ਬੈਠੀ ਮੰਹੂਡੇ ਖਾਂਦੀ ਹੈ, ਉਸ ਨੂੰ ਪੰਡਿਤ ਜਾਣੀ, ਦੂਜੇ ਨੂੰ ਮੂਰਖ। ਹੁਣ ਜੋ ਪੰਡਿਤ ਰਾਜਾ ਪਾਸ ਆਵੇ ਇਹ ਅਰਥ ਨਾ ਕਰ ਸਕਣ ਕਰਕੇ ਰਾਜਾ ਤੋਂ ਅਨਾਦਰ ਲੈ ਕੇ ਜਾਵੇ, ਕਿਉਂਕਿ ਉਹ ਸਾਰੇ ਦਰੁਸਤ ਅਰਥ ਦਸਦੇ ਸਨ, ਪਰ ਰਾਜੇ ਨੂੰ ਜੋ ਅਰਥ ਯਾਦ ਕਰਾਏ ਗਏ ਸਨ ਸੋ ਗਲਤ ਸਨ। ਇਕ ਵੇਰ ਉਥੇ ਪੰਡਿਤ ਕਾਲੀਦਾਸ ਜੀ ਆ ਗਏ। ਉਹ ਜਾਣਦੇ ਸਨ ਕਿ ਰਾਜਾ ਮੂਰਖ ਹੈ। ਐਵੇਂ ਵਿਦਵਾਨਾਂ ਦਾ ਅਨਾਦਰ ਕਰਦਾ ਹੈ, ਇਸ ਨੂੰ ਚਾਨਣ ਦੇਣਾ ਚਾਹੀਏ। ਸੋ ਜਦ ਰਾਜਾ ਨੇ ਅਰਥ ਉਸ ਤੋਂ ਬੀ ਪੁਛਿਆ, ਤਦ ਕਾਲੀਦਾਸ ਨੇ ਕਿਹਾ ਕਿ ਇਸ ਦੇ ਅਰਥ ਵਾਸਤੇ ਛੇ ਮਹੀਨੇ ਚਾਹੀਦੇ ਹਨ, ਅਰ ਹਰ ਦਿਨ ਆਪ ਦੇ ਚਾਰ ਘੜੀਆਂ ਮੇਰੇ ਨਾਲ ਰਹੋ, ਐਵੇਂ ਇਸ ਦੇ ਅਰਥ ਨਹੀਂ ਲੱਗ ਸਕਦੇ। ਗੱਲ ਕੀਹ ਛੇ ਮਹੀਨੇ ਵਿਚ ਕਾਲੀਦਾਸ ਨੇ ਰਾਜਾ ਨੂੰ ਵਿਆਕਰਣ ਵਿਦਿਆ ਤੇ ਕੁਛ ਕਾਵਯ ਕੋਸ਼ ਪੜ੍ਹਾ ਦਿੱਤੇ ਤੇ ਕਹਿਣ ਲੱਗਾ ਲਓ ਰਾਜਾ ਜੀ! ਹੁਣ ਆਪ ਸਲੋਕ ਦਾ ਅਰਥ ਆਪੇ ਕਰੋ। ਜਦ ਰਾਜਾ ਨੇ ਆਪੇ ਅਰਥ ਕੀਤਾ ਤਦ ਠੀਕ ਅਰਥ ਉਹੋ ਕੀਤਾ ਜੋ ਸਾਰੇ ਪੰਡਿਤ ਕਰਦੇ ਹੁੰਦੇ ਸਨ, ਨਾ ਦੇਵੀ ਨਿਕਲੀ, ਨਾ ਪੀੜ੍ਹਾ ਤੇ ਨਾ ਮੰਹੂਡੇ। ਭਾਂਵ ਇਸ ਦਾ ਇਹ ਹੈ ਕਿ ਰਾਜਾ ਨੂੰ ਸੱਚੇ ਅਰਥ ਦੀ ਸੋਝੀ ਤੇ ਕਦਰ ਨਹੀਂ ਸੀ, ਕਾਲੀਦਾਸ ਨੇ ਉਸ ਨੂੰ ਪਛਾਣ ਤੇ ਕਦਰ ਕਰਨੀ ਸਿਖਾਲ ਦਿਤੀ। ਜਦ ਪਛਾਣ ਤੇ ਕਦਰ ਕਰਨੀ ਸਿੱਖ ਗਿਆ ਤਦ ਅਰਥ ਸਪਸ਼ਟ ਸਨ, ਕੀਤੇ ਲੁਕੇ ਸਨ ਹੀ ਨਹੀਂ।

ਇਸ ਪਰ ਗੁਰੂ ਗ੍ਰੰਥ ਸਾਹਿਬ ਜੀ ਦਾ ਵਾਕ ਹੈ -

***ਰਾਮ ਪਦਾਰਥੁ ਪਾਇ ਕੈ ਕਬੀਰਾ ਗਾਂਠਿ***
***ਨ ਖੋਲ੍ ॥ ਨਹੀ ਪਟਣੁ ਨਹੀ ਪਾਰਖੂ ਨਹੀ***
***ਗਾਹਕੁ ਨਹੀ ਮੋਲੁ ॥ ਅੰਗ - ੧੩੬੫***
***ਕਬੀਰ ਰਾਮ ਰਤਨੁ ਮੁਖੁ ਕੋਥਰੀ ਪਾਰਖ***
***ਆਗੈ ਖੋਲਿ ॥ ਕੋਈ ਆਇ ਮਿਲੈਗੋ ਗਾਹਕੀ***
***ਲੇਗੋ ਮਹਗੇ ਮੋਲਿ ॥ ਅੰਗ - ੧੩੭੬***

ਇਸ ਦਾ ਇਹ ਅਰਥ ਨਹੀਂ ਕਿ ਇਸ ਨੂੰ ਰੁਪਈਏ ਲੈ ਕੇ ਸੁੱਚੀ ਮੁੱਚੀ ਮਹਿੰਗੇ ਮੁੱਲ ਤੇ ਵੇਚਣਾ ਹੈ। ਮਹਿੰਗੇ ਮੁੱਲ ਦਾ ਤਾਤਪਰਜ ਕੇਵਲ ਕਦਰ ਹੈ। ਨਕਦਰੇ ਨੂੰ ਦਿੱਤਾ ਪਦਾਰਥ ਵਿਅਰਥ ਜਾਂਦਾ ਹੈ, ਜੈਸੇ ਅੰਨ੍ਹੇ ਦੇ ਹੱਥ ਦੀਵਾ ਧਰ ਦੇਣਾ ਹੁੰਦਾ ਹੈ। ਹਾਂ, ਪਰਉਪਕਾਰੀਆਂ ਦਾ ਧਰਮ ਇਹ ਹੈ ਕਿ ਪਹਿਲੇ ਹਠ ਤੇ ਅਵਿਦਿਆ ਦੇ ਛੌੜ ਕੱਟਣ ਪਰ ਕਦਰ ਦਾ ਦੀਵਾ ਜਗਾ ਦੇਣ। ਫੇਰ ਇਹ ਪਦਾਰਥ ਬਖਸ਼ਿਆ ਗੁਣਕਾਰ ਹੁੰਦਾ ਹੈ। ਸਤਿ ਧਰਮ ਦਾ ਉਪਦੇਸ਼ ਕਰਨੇ ਤੋਂ ਪਹਿਲੇ ਧਰਮ ਦੀ ਪਿਆਸ ਉਤਪਤ ਕਰਨੀ ਚਾਹੀਏ। ਜਦ ਤਕ ਲੋੜ ਨਹੀਂ, ਕਦਰ ਨਹੀਂ, ਤਦ ਤਕ ਕਿਸੇ ਨੇ ਪਦਾਰਥ ਨੂੰ ਕੀ ਕਰਨਾ ਹੈ। ਨਕਦਰੇ ਨੂੰ ਦੱਸਿਆਂ ਪਦਾਰਥ ਦਾ ਅਨਾਦਰ ਤੇ ਆਪਣੇ ਆਪ ਨੂੰ ਦੁੱਖ ਪਹੁੰਚਦਾ ਹੈ। ਇਸ ਗੱਲ ਨੂੰ ਇੱਕ ਕਹਾਣੀ ਪਾ ਕੇ ਸਿਆਣੇ ਦੱਸਿਆ ਕਰਦੇ ਹਨ ਕਿ ਇਕ ਉੱਚੇ ਬ੍ਰਿਛ ਪਰ ਇਕ ਬਿੱਜੜੇ ਨੇ ਆਲ੍ਹਣਾ ਬਣਾਇਆ। ਇਕ ਦਿਨ ਮੀਂਹ ਟੁੱਟਕੇ ਲੱਥਾ। ਬਿਜੜਾ ਬਿਜੜੀ ਨਿੱਘੇ ਹੋਏ ਘਰ ਵਿਚ ਬੈਠੇ ਸਨ ਅਰ ਦੋ ਟਟੈਣੇ ਵਿਚ ਰੱਖੇ ਹੋਏ ਸਨ, ਜਿਨ੍ਹਾਂ ਕਰਕੇ ਘਰ ਚਾਨਣਾ ਚਰਾਗ ਹੋ ਰਿਹਾ ਸੀ। ਇਸ ਵੇਲੇ ਇਕ ਬਾਂਦਰ ਠੁਰੂ ਠੁਰੂ ਕਰਦਾ ਇਕ ਟਾਹਣੀ ਤੋਂ ਦੂਜੀ ਟਾਹਣੀ ਪਰ ਟੱਪਦਾ ਦੁੱਖੀ ਹੋ ਰਿਹਾ ਸੀ ਦੁਖੀ ਦੇਖ ਕੇ ਬਿੱਜੜੇ

ਨੇ ਉਪਦੇਸ਼ ਦਿੱਤਾ ਕਿ ਹੇ ਮਨੁੱਖ ਸੂਰਤ ਜੰਤੂ, ਦੋ ਹੱਥਾਂ ਪੈਰਾਂ ਵਾਲੇ। ਜੇ ਤੂੰ ਪਹਿਲੇ ਘਰ ਬਣਾ ਛੱਡਦਾ ਤਾਂ ਅੱਜ ਕਿਉਂ ਦੁੱਖੀ ਹੁੰਦਾ। ਬਾਂਦਰ ਨੂੰ ਗੁੱਸਾ ਆਇਆ ਕਿ ਇਹ ਕੌਣ ਹੈ ਜੋ ਮੈਨੂੰ ਉਪਦੇਸ਼ ਕਰਦਾ ਹੈ। ਝੁੰਜਲਾ ਕੇ ਝੱਟ ਬਿੱਜੜੇ ਦਾ ਆਲ੍ਹਣਾ ਵਲੂੰਧਰ ਦਿਤਾ। ਸੋ ਬੀਬੀ! ਨਕਦਰੇ ਨੂੰ ਧਰਮ ਦਾ ਉਪਦੇਸ਼ ਯੋਗ ਨਹੀਂ, ਉਸ ਲਈ ਪਹਿਲਾਂ 'ਧਰਮ ਦੀ ਕਦਰ ਕਰਨੇ ਦਾ' ਉਪਦੇਸ਼ ਠੀਕ ਹੈ।

ਸੁਣ ਬੀਬੀ! ਸਭ ਤੋਂ ਪਹਿਲੇ ਲੋੜ ਹੈ ਇਹ ਕਿ ਸਾਡਾ ਸੁਭਾਉ ਨੇਕੀ ਸਿੱਖੇ, ਬੁਰਾ ਕਰਨੋਂ ਰੁਕੇ, ਪਾਪ ਤੋਂ ਡਰੇ, ਮਾੜੀਆਂ ਰੁਚੀਆਂ ਉਤੇ ਕਾਬੂ ਪਾਵੇ, ਆਪਣੇ ਆਪ ਤੇ ਵੱਸ ਪਾਉਣ ਦੀ ਜਾਂਚ ਸਿੱਖੇ, ਇਸ ਕੰਮ ਲਈ ਬਾਣੀ ਦੀ ਸਹਾਇਤਾ ਲਵੇ। ਮਨ ਸਫਾ ਹੋਵੇ ਤੇ ਬਦੀ ਵਲੋਂ ਸਹਿਜਾਂ ਨਾਲ ਮੜੇ, ਇਸੇ ਕਰਕੇ ਗੁਰੂ ਜੀ ਨੇ ਬਾਣੀ ਦਾ ਅਭਿਆਸ ਮੁੱਖ ਰੱਖਿਆ ਹੈ। ਬਾਣੀ ਹਿਰਦੇ ਨੂੰ ਸ਼ੁੱਧ ਕਰਦੀ ਹੈ ਅਰ ਵਿਕਾਰਾਂ ਨੂੰ ਦੂਰ ਕਰਦੀ ਹੈ, ਇਨ੍ਹਾਂ ਦੁਹਾਂ ਗੱਲਾਂ ਦੇ ਨਾਲ ਹੀ ਪ੍ਰੇਮ ਨੂੰ ਵਧਾਉਂਦੀ ਹੈ। ਇਹ ਤਰੀਫਾਂ ਹੋਰ ਕਿਸੇ ਕਰਮ ਵਿਚ ਨਹੀਂ ਹਨ। ਇਸ ਕਰਕੇ ਇਹ ਮੁੱਖ ਕਰਮਾਂ ਵਿਚੋਂ ਚੋਟੀ ਦਾ ਮੁੱਖ ਕਰਮ ਹੈ ਅਰ ਇਸੇ ਕਰਕੇ ਹੁਣ ਤਕ ਤੈਨੂੰ ਬਾਣੀ ਦੇ ਅਭਿਆਸ ਵਿਚ ਹੀ ਲਾਈ ਰੱਖਿਆ ਸੀ। ਹੁਣ ਤੈਨੂੰ ਮੈਂ ਉਹ ਭੇਤ ਦਸਦੀ ਹਾਂ ਜਿਸ ਕਰਕੇ ਤੇਰਾ ਹਿਰਦਾ ਐਸਾ ਨਿਰਮਲ ਹੋ ਜਾਵੇ ਕਿ ਜਿਸ ਵਿਚ ਪ੍ਰਮੇਸ਼ਰ ਦਾ ਪ੍ਰਤਿਬਿੰਬ ਝਲਕ ਪਵੇ ਅਰ ਤੂੰ ਅੱਠੇ ਪਹਿਰ ਉਸ ਦੇ ਮੇਲ ਵਿੱਚ ਰਹੇਂ।

ਮੈਨੂੰ ਪਤਾ ਨਹੀਂ ਕਿ ਤੁਹਾਨੂੰ ਦੱਸਣਾ ਮੇਰੇ ਧਰਮ ਭਰਾਵਾਂ ਨੂੰ ਕੈਸਾ ਲੱਗੇ, ਯਾ ਪੰਥ ਦਾ ਕੀ ਹੁਕਮ ਹੋਵੇ, ਪਰ ਮੈਂ ਤੁਹਾਡੇ ਵਿਚ ਸਫਾਈ ਦੀ ਝਲਕ ਦੇਖਦੀ ਹਾਂ, ਇਸ ਕਰਕੇ ਮੈਂ ਬੇਵਸੀ ਹੋਈ ਹੋਈ ਦਸਦੀ ਹਾਂ। ਤੁਹਾਡੀ ਦਸ਼ਾ ਵੈਰਾਗ ਤੇ ਪ੍ਰੇਮ ਨੇ ਐਸੀ ਕਰ ਦਿੱਤੀ ਹੈ ਕਿ ਸੱਚੇ ਬਾਝ ਤੁਹਾਡਾ ਹੁਣ ਜੀਵਨ ਸੁਖੀ ਰਹਿਣਾ ਕਠਨ ਹੈ। (ਜ਼ਰਾ ਅਝਕ ਕੇ) ਪਰ ਮੈਂ ਕੀ ਕਰਾਂ? ਪਿਤਾ ਜੀ ਨੇ ਗੁਰਮੁਖਤਾਈ ਦੀਆਂ ਗੱਲਾਂ ਤਾਂ ਦੱਸ ਕੇ ਕੁਛ ਕਰਵਾਈਆਂ ਹੋਈਆਂ ਸਨ।....ਹਾਂ ਸੱਚੀ.....ਹੁਣ ਮੌਕਾ ਹੈ.....ਹਾਂ, ਪਰ ਫੇਰ ਬੀ ਅਵਾਣੀਂ ਹਾਂ........ਅੱਜ ਦਾ ਦਿਨ ਠਹਿਰ, ਮੈਂ ਰਾਤ ਬਾਹਰ ਜਾਵਾਂਗੀ, ਇਕ ਗੁਰਮੁਖ ਪਿਆਰੇ ਦੇਸ਼ ਤੋਂ ਏਥੇ ਆਏ ਹੋਏ ਹਨ, ਉਨ੍ਹਾਂ ਨੂੰ ਪੁੱਛ ਕੇ ਕੱਲ੍ਹ ਪਰਸੋਂ ਤੈਨੂੰ ਆ ਦੱਸਾਂਗੀ।

ਇਹ ਸੁਣ ਕੇ ਫਾਤਮਾ ਬੋਲੀ - ਬੀਬੀ ਜੀ! ਜਿਵੇਂ ਆਪ ਦੀ ਰਜ਼ਾ, ਕਹਿਣਾ ਯੋਗ ਨਹੀਂ, ਪਰ ਮੇਰਾ ਖੋਟਾ ਦਿਲ ਰਹਿ ਨਹੀਂ ਸਕਦਾ, ਕਿਤੇ ਆਪ ਜਾ ਕੇ ਮੁੜ ਕੇ ਨਾ ਆਏ ਤਾਂ ਮੈਂ ਕੀ ਕਰਸਾਂ।

ਸਤਵੰਤ ਕੌਰ - ਬੀਬੀ ਜੀ! ਸਿੱਖ ਝੂਠ ਨਹੀਂ ਬੋਲਿਆ ਕਰਦੇ, ਮੈਂ ਜਦ ਦੇਸ਼ ਨੂੰ ਜਾਵਾਂਗੀ ਖਬਰ ਕਰਕੇ ਜਾਵਾਂਗੀ, ਚੁੱਪ ਕੀਤੇ ਤੇ ਚੋਰੀ ਨਹੀਂ ਜਾਵਾਂਗੀ।

ਗੱਲ ਇਹ ਹੈ ਕਿ ਮੈਨੂੰ ਭਾਗਾਂ ਨਾਲ ਇਥੇ ਉਹ ਗੁਰੂ ਕੇ ਲਾਲ ਮਿਲ ਗਏ ਹਨ, ਜਿਨ੍ਹਾਂ ਨੇ ਮੇਰੇ ਪਰ ਬੜੀ ਕ੍ਰਿਪਾ ਕੀਤੀ ਹੈ। ਜਿੰਨੇ ਦਿਨ ਮੈਂ ਤੁਹਾਥੋਂ ਵਿਛੜ ਕੇ ਬਾਹਰ ਰਹੀ ਹਾਂ, ਬਹੁਤ ਦਿਨ ਉਨ੍ਹਾਂ ਦੀ ਸੰਗਤ ਕਰਦੀ ਰਹੀ ਹਾਂ। ਪਿਤਾ ਜੀ ਦੇ ਬੀਜੇ ਹੋਏ ਬੀਜ ਨੂੰ ਉਨ੍ਹਾਂ ਨੇ ਪ੍ਰਫੁੱਲਤ ਕਰ ਦਿੱਤਾ ਹੈ। ਜੋ ਗੱਲਾਂ ਮੈਂ ਅੱਜ ਕੀਤੀਆਂ ਹਨ ਉਨ੍ਹਾਂ ਦੀ ਮਿਹਰ ਹੋਈ ਹੈ। ਇਕ ਗੱਲ ਦੀ ਮੈਨੂੰ ਸ਼ੰਕਾ ਹੈ ਉਹ ਮੈਂ ਉਨਹਾਂ ਤੋਂ ਨਵਿਰਤ ਕਰਕੇ ਤੁਹਾਨੂੰ ਫੇਰ ਆ ਕੇ ਦੱਸਾਂਗੀ?

ਇਸ ਪ੍ਰਕਾਰ ਦੇ ਬਚਨ ਬਿਲਾਸ ਦੇ ਮਗਰੋਂ ਸਤਵੰਤ ਕੌਰ ਨੇ ਆਗਿਆ ਲਈ, ਅਰ ਮੁੜ ਕੇ ਮਰਦਾਨਾ ਭੇਸ ਕਰਕੇ ਚੁਪਾਤੀ ਬਾਹਰ ਨਿਕਲ ਗਈ ਅਰ ਇਕ ਲੁਕਵੇਂ ਟਿਕਾਣੇ ਵਿਚ, ਜਿਥੇ ਉਹ ਗੁਰੂ ਕੇ ਪਿਆਰੇ ਰਹਿੰਦੇ ਸਨ, ਉਨ੍ਹਾਂ ਨੂੰ ਜਾ ਮਿਲੀ।

## ਕਾਂਡ ਚੌਦਵਾਂ

ਆਪਣੇ ਠੀਕ ਇਕਰਾਰ ਸਿਰ ਦੋ ਦਿਨ ਮਗਰੋਂ ਸਤਵੰਤ ਕੌਰ ਆਪਣੇ ਬਚਨਾਂ ਦੀ ਬੱਧੀ ਫੇਰ ਫਾਤਮਾ ਦੇ ਘਰ ਗੁਪਤ ਰਸਤੇ ਥਾਣੀਂ ਆਈ। ਫਾਤਮਾ ਨੂੰ ਵੇਖ ਕੇ ਚੰਦ ਚੜ੍ਹ ਗਿਆ, ਕਈ ਵਾਰਨੇ ਤੇ ਫੇਰੇ ਗਈ। ਸਤਵੰਤ ਕੌਰ ਨੇ ਭੀ ਹਿਤ ਨਾਲ ਵਰਤਾਉ ਕੀਤਾ। ਇਹ ਵੇਲਾ ਸੰਝ ਦਾ ਸੀ। ਸੋ ਰਾਤ ਤਾਂ ਬੀਤੀ। ਤੜਕੇ ਚਾਰ ਵਜੇ ਉੱਠ ਕੇ ਫਾਤਮਾ ਇਸ਼ਨਾਨ ਕਰਕੇ ਸਵੱਛ ਬਸਤਰ ਪਹਿਨ ਕੇ ਚੁੱਪ ਚਪਾਤੀ ਸਤਵੰਤ ਕੌਰ ਪਾਸ ਗਈ। ਅੱਗੋਂ ਉਹ ਪ੍ਰੇਮ ਦੀ ਪੁਤਲੀ ਆਪਣੇ ਆਪ ਵਿਚ ਮਗਨ ਬੈਠੀ ਸੀ। ਇਹ ਬੀ ਪਾਸ ਬੈਠ ਗਈ। ਸਹਿਜੇ ਸਹਿਜੇ ਪਾਠ ਕਰਦੀ ਰਹੀ। ਕੋਈ ਪੰਜ ਵਜੇ ਸਤਵੰਤ ਕੌਰ ਨੇ ਅੱਖਾਂ ਖੋਲ੍ਹੀਆਂ ਚਿਹਰਾ ਲਾਲ ਭਖ ਭਖ ਕਰਦਾ ਸੀ, ਨੇਤਰਾਂ ਦੀ ਜੋਤਿ ਝੱਲੀ ਨਹੀਂ ਜਾਂਦੀ ਸੀ।

ਫਾਤਮਾ ਵੱਲ ਤੱਕ ਕੇ ਬੋਲੀ - ਭੈਣ ਜੀ! ਗੁਰੂ ਨਾਨਕ ਦੇਵ ਜੀ ਨੇ ਕਲਜੁਗ ਦੇ ਵਿਚ ਇਕ ਅਗੰਮ ਦਾ ਖੂਹ ਪੁੱਟਿਆ, ਉਸ ਸੋਮੇ ਪਰ ਸੁੰਦਰ ਮੰਦਰ ਪਵਾਇਆ, ਉਸ ਵਿਚ ਜਲ ਦਾ ਸੁੰਦਰ ਹੌਜ਼ ਬਣਾ ਕੇ ਐਸੀ ਕਲਾ ਲਾ ਦਿੱਤੀ ਕਿ ਉਹ ਹੌਜ਼ ਹਰ ਵੇਲੇ ਭਰਪੂਰ ਰਹਿੰਦਾ ਹੈ, ਕੋਲ ਛੰਨੇ ਗੜਵੀਆਂ ਪਾਸ ਧਰੇ ਹਨ ਤਾਂ ਜੋ ਥੱਕਿਆ ਟੁੱਟਿਆਂ ਦੁਖੀ ਆਵੇ ਸੋ ਪੀ ਕੇ ਸੁਖੀ ਹੋਵੇ। ਸੋ ਜਿਹੜਾ ਕੋਈ ਪਿਛੋਂ ਦਾ ਬਲੀ ਇੱਥੇ ਆ ਕੇ ਉਨ੍ਹਾਂ ਦੇ ਇਸ ਹੁਕਮ ਪਰ ਖੜ੍ਹਾ ਹੋ ਜਾਵੇ 'ਹੁਕਮ ਰਜਾਈ ਚਲਣਾ ਨਾਨਕ ਲਿਖਿਆ ਨਾਲਿ' ਉਹ ਤਾਂ ਆਪ ਇਸ ਪਾਣੀ ਨੂੰ ਪੀਵੇ, ਨਾਵੇ, ਉਡਾਵੇ, ਕੁਝ ਕਰੇ, ਉਸ ਦੇ ਵੱਸ ਸਭੋ ਕੁਝ ਹੈ, ਪਰ ਐਸਾ ਜੀਵ ਕਰੋੜਾਂ ਵਿਚ ਕੋਈ ਹੁੰਦਾ ਹੈ। ਦੂਸਰੇ ਹਮਾਤੜ ਜੀਵਾਂ ਲਈ ਸਤਿਸੰਗਤ ਦੀ ਸਹਾਇਤਾ ਦੀ ਲੋੜ ਹੈ। ਉਹ ਸਤਿਸੰਗਤ ਦੇ ਨਾਲ ਇਥੇ ਅੱਪੜਦੇ ਹਨ। ਸਤਿਸੰਗਤ ਉਨ੍ਹਾਂ ਨੂੰ ਕੌਲ ਭਰ ਭਰ ਕੇ ਪਿਲਾਉਂਦੀ ਹੈ ਅਰ ਸਨੇ ਸਨੇ ਉਹ ਰਸਲੀਨ ਤੇ ਰਜ਼ਾ ਪਰ ਖੜ੍ਹੇ ਹੋ ਜਾਂਦੇ ਹਨ। ਸੋ ਗੁਰੂ ਤਾਂ ਗੁਰੂ ਨਾਨਕ ਦੇਵ ਜੀ ਹਨ, ਧੁਰਾਂ ਦੇ ਗੁਰੂ ਹਨ, ਅਕਾਲ ਪੁਰਖ ਦੇ ਸਾਜੇ ਨਿਵਾਜੇ ਗੁਰੂ ਗੋਬਿੰਦ ਰੂਪ ਹਨ। ਮਾਲਕ ਰਖਿਅਕ ਉਹ ਹਨ ਮੇਰਾ। ਤੇਰਾ ਸਬੰਧ ਸਤਿਸੰਗਤ ਦਾ ਹੈ, ਜਿੱਕੁਰ ਸਤਿਸੰਗਤ ਵਿਚੋਂ ਮੈਂ ਕ੍ਰਿਤਾਰਥ ਹੋਈ ਹਾਂ ਇਕੁਰ ਹੀ ਤੂੰ ਹੁੰਦੀ ਹੈਂ, ਜੋ ਪਿਆਲਾ ਮੈਨੂੰ ਖੁੱਲ੍ਹੇ ਦਿਲ ਪੀਣ ਨੂੰ ਸਤਿਸੰਗਤ ਵਲੋਂ ਦਿਤਾ ਗਿਆ ਸੀ ਉਹ ਪਿਆਲਾ ਤੈਨੂੰ ਮੈਂ ਦਿੰਦੀ ਹਾਂ, ਗੁਰੂ ਨਾਨਕ ਦੀ ਦਾਤ ਅਤੁੱਟ ਹੈ। 'ਭਗਤਿ ਭੰਡਾਰ ਗੁਰਿ ਨਾਨਕ ਕਉ ਸਉਪੇ ਫਿਰਿ ਲੇਖਾ ਮੂਲਿ ਨ ਲਇਆ॥

ਖਾਵਹਿ ਖਰਚਹਿ ਰਲਿ ਮਿਲਿ ਭਾਈ॥ ਤੋਟਿ ਨ ਆਵੈ ਵਧਦੋ ਜਾਈ॥ ਸੋ ਉਹ ਪਿਆਲਾ ਤੁਹਾਡੇ ਲਈ ਹਾਜ਼ਰ ਹੈ, ਪੀਓ ਦਿਨ ਰਾਤ ਪੀਓ ਅਰ ਸਦਾ ਖੀਵੇ ਬਣੇ ਰਹੋ। ਇਹ ਕਹਿ ਕੇ ਸਤਵੰਤ ਕੌਰ ਨੇ ਖਾਲਸੇ ਵਿਚ ਅੰਮ੍ਰਿਤ ਦੀ ਮਰਿਯਾਦਾ ਦਾ ਵੇਰਵਾ ਦੱਸਿਆ। ਫਿਰ ਸਮਝਾਇਆ ਕਿ ਉਹ ਮਰਿਯਾਦਾ ਤੇਰੇ ਲਈ ਹੋ ਸਕਣੀ ਕਠਨ ਹੈ, ਇਸ ਕਰਕੇ ਹਾਲੇ ਮੈਂ ਤੈਨੂੰ ਨਾਮ ਵਿਚ ਲਾ ਦਿੰਦੀ ਹਾਂ, ਉਹ ਸਮਾਂ ਬੀ ਗੁਰੂ ਲੈ ਆਵੇਗਾ ਜਦ ਸਹਿਜਧਾਰੀਆਂ ਨੂੰ ਸਾਡੇ ਵਿੱਚ ਨਾਮ ਦੀ ਦਾਤ ਮਿਲ ਜਾਵੇਗੀ।

ਇਹ ਕਹਿ ਕੇ ਸਤਵੰਤ ਕੌਰ ਨੇ ਉਸ ਨੂੰ ਫੇਰ ਵਾਹਿਗੁਰੂ ਜੀ ਦੇ ਨਾਮ ਸਿਮਰਨ ਵਿਚ ਲਾ ਦਿੱਤਾ। ਫਾਤਮਾ ਅੱਗੇ ਜਪੁਜੀ ਸਾਹਿਬ ਦਾ ਪਾਠ ਕਰਦੀ ਸੀ ਤੇ ਮੂਲ ਮੰਤ੍ਰ ਦਾ ਜਾਪ ਕਰਦੀ ਸੀ।

ਸਤਵੰਤ ਕੌਰ – ਫਾਤਮਾ ਬੀਬੀ, ਸਾਡਾ ਮਨ ਸੋਚਾਂ ਵਿਚ ਰਹਿੰਦਾ ਹੈ। ਜਿਹੀਆਂ ਸੋਚਾਂ ਤੇਹਾ ਸੁਭਾਵ, ਜਾਂ ਜੇਹਾ ਸੁਭਾਵ ਤੇ ਹੀ ਸੋਚ। ਸਾਡਾ ਸੁਭਾਵ ਚੰਗਾ ਨਹੀਂ। ਜੇ ਅਸੀਂ ਚੰਗੇ ਤੋਂ ਚੰਗੇ ਅਰਥਾਤ ਪਰਮੇਸੁਰ ਦੀ ਸੋਚ ਹਰ ਵੇਲੇ ਰੱਖੀਏ ਅਸੀਂ ਚੰਗੇ ਹੋ ਜਾਵਾਂਗੇ। ਸੋ ਸਾਡੀ ਸੋਚ ਵਿਚ ਸਦਾ ਰੱਬ ਰਹੇ, ਅਰਥਾਤ ਅਸੀਂ ਰੱਬ ਨੂੰ ਯਾਦ ਰੱਖੀਏ, ਸਿਮਰਦੇ ਰਹੀਏ। 'ਗੁਰਾ ਇਕ ਦੇਹਿ ਬੁਝਾਈ॥ ਸਭਨਾ ਜੀਆ ਕਾ ਇਕੁ ਦਾਤਾ ਸੋ ਮੈ ਵਿਸਰਿ ਨ ਜਾਈ॥' ਜੇ ਮਨ ਕਰਕੇ ਅਸੀਂ ਸਿਮਰਨ ਵਿਚ ਰਹਿ ਨਹੀਂ ਸਕਦੇ ਤਾਂ ਅਸੀਂ ਪਰਮੇਸ਼ਰ ਦੇ ਨਾਮ ਦਾ ਜਪੁ ਕਰੀਏ। ਜਪੁ ਕਰਨ ਨਾਲ 'ਨਾਮ' ਸਿਮਰਨ ਵਿਚ ਆ ਜਾਂਦਾ ਹੈ। ਸੋ ਤੁਸੀਂ ਪਰਮੇਸਰੁ ਦਾ ਨਾਮ, ਜੋ ਮੈਂ ਦੱਸਿਆ ਹੈ 'ਵਾਹਿਗੁਰੂ' ਇਸ ਦਾ ਜਪ ਕਰਨਾ ਹੈ। ਰਸਨਾ ਨਾਲ ਜਪਣ ਨੂੰ ਨਾਮ ਜਪਣਾ ਕਹਿੰਦੇ ਹਨ। ਧਿਆਨ ਯਾ ਖਿਆਲ ਯਾ ਤਵੱਜੋ ਇਸੇ ਨਾਮ ਵਿਚ ਰੱਖਣੀ ਹੈ। ਹੋਰ ਸੋਚਾਂ ਵਿਚ ਜਾਂਦੇ ਮਨ ਨੂੰ ਵਰਜਦੇ ਰਹਿਣਾ ਹੈ। ਐਉਂ ਜਪ ਨਾਲ 'ਸਾਈਂ ਦੀ ਯਾਦ' ਅੰਦਰ ਘਰ ਕਰ ਲਏਗੀ। ਇਸਦਾ ਅਸਰ ਇਹ ਹੋਵੇਗਾ ਕਿ ਮਨ ਆਪੇ ਵਿਚ ਜੁੜੇਗਾ। ਰੱਬ ਦੀ 'ਹੈ' ਅੰਦਰ ਪ੍ਰਤੀਤ ਹੋਇਆ ਕਰੇਗੀ। ਮਨ ਇੰਦ੍ਰੀਆਂ ਨੂੰ ਬਾਹਰ ਧਾਵਨੋਂ ਵਰਜੇਗਾ ਤੇ ਸਰੀਰਕ ਰਸ ਜ਼ੋਰ ਘੱਟ ਪਾ ਸਕਿਆ ਕਰਨਗੇ। ਫੇਰ ਇਕ ਸਵੱਛਤਾ ਜੈਸੀ ਅੰਦਰ ਭਾਸੇਗੀ, ਆਪਾ ਨਿਰਮਲ ਨਿਰਮਲ ਤੇ ਸੋਹਣਾ ਸੋਹਣਾ ਲੱਗੇਗਾ। ਅੰਤ ਨੂੰ ਵਾਹਿਗੁਰੂ ਦੇ ਨਾਮ ਰਸ ਦੀ ਲੱਖਤਾ ਹੋਣ ਲੱਗ ਜਾਏਗੀ। ਇਹ ਘਾਲ ਤੇਰੀ ਥਾਂ ਪਵੇਗੀ, ਕਰਤਾਰ ਕ੍ਰਿਪਾ ਕਰੇਗਾ ਅਰ ਮੈਨੂੰ ਭਰੋਸਾ ਹੈ ਕਿ ਫੇਰ ਅੰਮ੍ਰਿਤ ਛਕਾ ਕੇ ਤੈਨੂੰ ਸਿੱਖੀ ਦਾਨ ਪ੍ਰਾਪਤ ਹੋਵੇਗਾ। ਤੇਰਾ ਜਨਮ ਕਿਸ ਕੁਲ ਵਿਚ! ਤੇਰਾ ਪਤੀ ਅਨਮਤੀ! ਵਾਸ ਅਨਮਤ ਵਿਚ। ਅੰਮ੍ਰਿਤ! ਪਰ ਹੱਛਾ ਸਮਾਂ ਗੁਰੂ ਜੀ ਲਿਆਉਣਗੇ ਕਿ ਤੇਰੀ ਦਰਗਾਹ ਵਿਚ ਪੂਰੀ ਪੈ ਜਾਵੇਗੀ। ਜੋ ਕੁਝ ਦੱਸਿਆ ਹੈ ਸੰਭਾਲ ਕੇ ਰੱਖੀਂ। ਬੀਜ ਦਾ ਦਾਣਾ ਚੁਰਾਹੇ ਵਿਚ ਰੁਲਦਾ ਕੌਡੀ ਨੂੰ ਨਹੀਂ ਵਿਕਦਾ, ਪਰ ਧਰਤੀ ਵਿਚ ਜਾ ਕੇ ਤੇ ਪਾਣੀ ਪਾ ਕੇ ਉਹੋ ਦਾਣਾ ਬੂਟਾ ਬਣਦਾ ਹੈ ਤੇ ਫਲਦਾ ਹੈ। ਇੱਕੁਰ ਹੀ ਗੁਰੂ ਨਾਨਕ ਦੇਵ ਦੀ ਦਾਤ ਦੀ ਕਠੋਰ ਲੋਕ ਕਦਰ ਨਹੀਂ ਕਰਦੇ ਪਰ ਅਧਿਕਾਰੀ ਹਿਰਦੇ ਅਸਥਾਨਾਂ ਵਿਚ ਜੰਮ ਕੇ ਉਹੋ ਫੇਰ ਅੰਮ੍ਰਿਤ ਦਾ ਬ੍ਰਿਛ ਹੋ ਜਾਂਦਾ ਹੈ। ਅਸਲ ਕਲਪ ਬ੍ਰਿਛ ਇਹੋ ਹੁੰਦਾ ਹੈ। ਗੁਰੂ ਨਾਨਕ ਸਾਹਿਬ ਜੀ ਨੇ ਕੁਝ ਲੁਕੋ ਨਹੀਂ ਰੱਖਿਆ ਅਰ ਨਾ ਸਤਿਸੰਗ ਵਿਚ ਕੋਈ ਲੁਕੋ ਹੈ। ਇਹ ਪ੍ਰਗਟ ਪਦਾਰਥ ਆਪਣੀ ਪ੍ਰਗਟਤਾਈ ਦੀ ਬਹੁਲਤਾ ਵਿਚ ਹੀ ਗੁੰਮ ਹੈ, ਜੈਸੇ ਬਿਜਲੀ ਦੇ ਅਤਿਅੰਤ ਤੇਜ਼ ਝਲਕੇ ਵਿੱਚ ਅੱਖਾਂ ਮਿਟ ਜਾਂਦੀਆਂ ਹਨ। ਐਸੇ ਪਦਾਰਥ ਨੂੰ ਜੋ ਲੋਕ ਮੂਰਖਾਂ ਦੀ ਹਾਸੀ ਵਿੱਚ ਲਿਆਉਂਦੇ ਹਨ, ਉਹ ਗੁਰੂ ਪਰਮੇਸ਼ੁਰ ਦੀ ਬੇਅਦਬੀ ਕਰਦੇ ਹਨ।

ਕੁਝ ਚਿਰ ਤੱਕ ਹੁਣ ਦੁਵੱਲੀ ਚੁੱਪ ਰਹੀ। ਫੇਰ ਸਤਵੰਤ ਕੌਰ ਨੇ ਫਾਰਸੀ ਬੋਲੀ ਵਿਚ ਉਲਟਾ ਕੇ ਹੇਠ ਲਿਖਿਆ, ਪ੍ਰਸ਼ਨੋਤ੍ਰ ਭਾਈ ਨੰਦ ਲਾਲ ਜੀ ਦਾ, ਜੋ ਲਿਖਵਾਕੇ ਨਾਲ ਲਿਆਈ ਸੀ, ਉਸ ਨੂੰ ਦਿੱਤਾ ਤੇ ਤਾਕੀਦ ਕਰ ਦਿੱਤੀ ਕਿ ਤੇਰਾ ਆਗੂ ਤੇ ਸਹਾਈ ਇਹ ਉਪਦੇਸ਼ ਰਹੇਗਾ। ਸ੍ਰੀ ਗੁਰੂ ਵਾਕਨ ਕੋ ਤਜ ਕੈ, ਪੁਨ ਔਰਨ ਵਾਕ ਰਿਦੇ ਸੁ ਲਿਆਵੈਂ। ਲੋਕ ਪ੍ਰਲੋਕ ਸੁ ਠੌਰ ਨਹੀਂ ਤਿਨੁ, ਸੇ ਨਰਕਾਤਰ ਬੀਚ ਭ੍ਰਮਾਵੈਂ। ਤਾ ਨਰ ਸੋ ਯਮਧਾਮ ਭਰੇ, ਦਿਨ ਰਾਤ ਹਮੇਸ਼ਹਿ ਸੋ ਦੁਖ ਪਾਵੈਂ। ਆਵਨ ਜਾਵਨ ਬੀਚ ਫਿਰੈਂ, ਯਮ ਕੀ ਸਦਹੀ ਪੁਨ ਚੋਟਨ ਖਾਵੈਂ। ਗੁਰਸਿਖ ਰਹਿਤ ਸੁਨਹੁ ਮੇਰੇ ਮੀਤ! ਪਰਭਾਤੇ ਉਠ ਕਰ ਹਿਤ ਚੀਤੇ। ਵਾਹਿਗੁਰੂ ਪੁਨ ਮੰਤ੍ਰ ਸੁ ਜਾਪ। ਕਰ ਇਸ਼ਨਾਨ ਪੜ ਜਪ ਜਾਪ। ਸੰਧਯਾ ਸਮੇਂ ਸੁਨੇ ਰਹਿਰਾਸ। ਕੀਰਤਨ ਕਥਾ ਸੁਨੈ ਹਰਿ ਜਾਸ। ਇਨ ਮੈਂ ਨੇਮ ਜੁ ਏਕ ਕਰਾਇ। ਸੋ ਸਿਖ ਅਮਰ ਪੁਰੀ ਮਹਿ ਜਾਇ।

***ਤੀਨ ਰੂਪ ਹੈਂ ਮੋਹਿ ਕੇ ਸੁਨੋ ਨੰਦ ਲਾਇ।***
***ਨਿਰਗੁਣ, ਸਰਗੁਣ, ਗੁਰਸ਼ਬਦ ਕਹੋ ਤੋਹਿ ਸਮਝਾਇ।***

ਏਕ ਰੂਪ ਤਿਹ ਗੁਣ ਤੇ ਪਰੇ। ਨੇਤਿ ਨੇਤਿ ਜਿਹ ਨਿਗਮ ਉਚਰੇ। ਘਟ ਘਟ ਵਯਾਪਕ ਅੰਤਰਜਾਮੀ। ਪੂਰ ਰਹਯੋਂ ਜਯੋਂ ਜਲ ਘਟ ਭਾਨੀਂ। ਦੂਸਰ ਰੂਪ ਗ੍ਰੰਥ ਜੀ ਜਾਨਹ। ਅਪਨ ਅੰਗ ਮੇਰੋ ਕਰ ਮਾਨਹੁ। ਰੋਮ ਰੋਮ ਅੱਖਰ ਸੋ ਲਹੈ। ਬਾਤ ਯਥਾਰਥ ਉਮ ਸੋਂ ਕਹੋਂ। ਸਬਦ ਸੁਨੋ ਗੁਰ ਹਿਤ ਚਿਤ ਲਾਇ। ਪੜੈ ਗ੍ਰੰਥ ਬਿਚਾਰਹਿ ਸਾਥ। ਤੀਸਰ ਰੂਪ ਸਿੱਖ ਹੈ ਮੋਰ। ਗੁਰਬਾਣੀ ਰਤ ਨਿ ਨਿਸ ਭੋਰ। ਵਿਸ਼ਵਾਸ ਪ੍ਰੀਤ ਗੁਰ ਸਬਦ ਜੁ ਧਰੇ। ਗੁਰ ਕਾ ਦਰਸਨ ਨਿਤ ਉਠ ਕਰੇ ਗੁਰਦ੍ਵਾਰਨ ਕਾ ਦਰਸ਼ਨ ਗਰੇ। ਪਰਦਾਰਾ ਕਾ ਤਯਾਗਨ ਧਰੇ। ਗੁਰਸਿਖ ਸੇਵ ਕਰੇ ਚਿਤ ਲਾਇ। ਆਪਾ ਪਰ ਕਾ ਸਗਲ ਮਿਟਾਇ।

***ਐਸੇ ਗੁਰ ਸਿਖ ਸੇਵ ਕੀ ਮੋਹਿ ਪਹੁੰਚੇ ਆਇ।***
***ਸੁਨਹੁ ਨੰਦ ਚਿ ਦੇਇਕੇ ਮੁਕਤ ਬੈਕੁੰਠੇ ਜਾਇ।***

ਫਾਤਮਾ ਭਗਵਾਨ ਦੇ ਧੰਨ ਭਾਗ ਜੋ ਹੁਣ ਤਿੰਨ ਪਦਾਰਥਾਂ ਦੀ ਮਾਲਕ ਹੋ ਗਈ, ਇਕ ਤਾਂ ਬਾਣੀ ਤੇ ਮੂਲ ਮੰਤਰ ਦੀ ਗਿਆਤਾ ਆ ਗਈ, ਦੂਜੇ ਗੁਰ ਮੰਤ੍ਰ ਅਰਥਾਤ ਨਾਮ ਦੀ ਘਾਲ ਮਿਲ ਗਈ, ਤੀਜੇ ਰਹਿਤ ਸਿੱਖੀ ਦੀ ਮਲੂਮ ਹੋ ਗਈ। ਫਾਤਮਾ ਪਦਾਰਥ ਦੇ ਰਾਹੇ ਪੈ ਗਈ ਤੇ ਸਾਈਂ ਵਿਚ ਯਾਦ ਨੂੰ ਲਗਾਈ ਰੱਖਣ ਵਾਲਾ ਨਾਮ ਦਾ ਅਭਿਆਸ ਫਾਤਮਾ ਨੂੰ ਪ੍ਰਾਪਤ ਹੋ ਗਿਆ। ਹਾਂ, ਅੰਤਰ ਆਤਮੇ ਜਗਤ ਦੇ ਮੂਲ ਨਾਲ ਲੱਗੇ ਰਹਿਣ ਵਾਲਾ ਰੁਖ ਉਸਨੂੰ ਮਿਲ ਗਿਆ।

***'ਚਲਦਾ'***

# ਪ੍ਰਭ ਕਉ ਸਿਮਰਹਿ ਸੇ ਪਰਉਪਕਾਰੀ

*ਸੰਤ ਵਰਿਆਮ ਸਿੰਘ ਜੀ,*
*ਬਾਨੀ ਵਿ. ਗੁ. ਰੂ. ਮਿਸ਼ਨ*

*(ਲੜੀ ਜੋੜਨ ਲਈ ਦੇਖੋ, ਅਗਸਤ ਅੰਕ, ਪੰਨਾ-61)*

ਨਿੰਦਿਆ ਤੇ ਉਸਤਤ ਦੋਵੇਂ ਇਕੋ ਜਿਹਾ ਅਸਰ ਕਰਦੀਆਂ ਨੇ, ਜਿਹਦੀ ਉਸਤਤ ਹੋਏਗੀ ਉਹਦੀ ਨਿੰਦਿਆ ਵੀ ਹੋਏਗੀ, ਜਿਹੜਾ ਉਸਤਤ ਨੂੰ ਅਪਣਾਏਗਾ ਉਹ ਨਿੰਦਿਆ ਤੋਂ ਘਬਰਾਏਗਾ। ਇਹ ਦੋਵੇਂ ਚੀਜ਼ਾਂ ਛੱਡ ਕੇ ਆਪਣੇ ਕਰਤੱਬ ਨੂੰ ਕਰਨਾ ਚਾਹੀਦਾ ਹੈ। ਸੋ ਗੁਣ ਵਾਲਾ ਜੋ ਹੈ ਉਹ ਗੁਣ ਦਾ ਰਸ ਲਵੇ, ਨਾ ਕਿ ਉਸਤਤ ਵਲ ਜਾਵੇ ਕਿ ਮੈਨੂੰ ਮਾਣ ਮਿਲਦਾ ਹੈ ਜੀ। ਮਾਣ ਜਿਹੜਾ ਆਧਾਰ ਹੈ ਬੇ-ਮਾਣੀ ਵੀ ਹੋ ਸਕਦੀ ਹੈ, ਨਿੰਦਿਆ ਵੀ ਹੋ ਸਕਦੀ ਹੈ, ਫੇਰ ਦੁੱਖ ਲਗਦਾ ਹੈ। ਓਨਾਂ ਹੀ ਆਦਮੀ ਦੇ ਅੰਦਰ ਉਸਤਤ ਹੁੰਦਾ ਹੈ, ਜਿੰਨਾ ਉਸਤਤ ਦੇ ਨਾਲ ਉਹ ਖੁਸ਼ ਹੁੰਦਾ ਹੈ, ਨਿੰਦਿਆ ਦੇ ਨਾਲ ਓਨਾਂ ਹੀ ਉਹ ਨਰਾਜ਼ੀ 'ਚ ਜਾਏਗਾ। ਬਿਰਤੀ ਜਿਹੜੀ ਹੈ ਉਹ ਸਮ ਨਾ ਰਹਿਣ ਕਰਕੇ, ਉਹ ਅਵਸਥਾ ਨਹੀਂ ਪ੍ਰਾਪਤ ਹੋਏਗੀ ਜਿਹਦੇ ਵਾਸਤੇ ਗੁਰੂ ਮਹਾਰਾਜ ਫੁਰਮਾਨ ਕਰਦੇ ਨੇ। ਸੋ ਇਹ ਜਿਹੜੇ ਪ੍ਰੇਮੀ ਸੀਗੇ, ਗੁਰੂ ਅੰਗਦ ਸਾਹਿਬ ਜੀ ਦੇ ਦਰਬਾਰ ਵਿੱਚ ਕੀਰਤਨ ਕਰਦੇ ਇੱਕ ਦਾ ਨਾਮ ਸੱਤਾ ਤੇ ਇੱਕ ਦਾ ਨਾਮ ਬਲਵੰਡਾ ਸੀ। ਇਹ ਬਹੁਤ ਵੱਡੇ Artist (ਕਲਾਕਾਰ) ਸੀ, ਗੁਰੂ ਨਾਨਕ ਪਾਤਸ਼ਾਹ ਨੇ ਜਦੋਂ ਇਨ੍ਹਾਂ ਨੂੰ ਗੁਰੂ ਅੰਗਦ ਸਾਹਿਬ ਦੇ ਹਵਾਲੇ ਕਰਿਆ, ਉਹ ਕਹਿਣ ਲੱਗੇ ਦੇਖਿਓ ਇਨ੍ਹਾਂ ਨੂੰ ਐਉਂ ਰੱਖਿਓ ਜਿਵੇਂ ਬੱਤੀ ਦੰਦਾਂ ਦੇ ਵਿੱਚ ਜੀਭ ਰੱਖੀਦੀ ਹੈ। ਇਸ਼ਾਰਾ ਕਰ ਗਏ, ਸੋ ਮਹਾਰਾਜ ਬੜਾ ਆਦਰ ਦਿੰਦੇ ਸੀ, ਬਹੁਤ ਆਦਰ ਦੇ ਨਾਲ ਉਨ੍ਹਾਂ ਦਾ ਕੀਰਤਨ ਸੁਣਨਾ, ਉਨ੍ਹਾਂ ਦੀਆਂ ਮੰਗਾਂ ਪੂਰੀਆਂ ਕਰਨੀਆਂ, ਅੱਜ ਬਾਬਾ ਬੁੱਢਾ ਜੀ ਪਹਿਲਾਂ ਆ ਗਏ, ਮਹਾਰਾਜ ਜੀ ਅਜੇ ਆਏ ਨਹੀਂ ਸੀ ਤੇ ਕਹਿਣ ਲੱਗੇ, ਬਲਵੰਡ ਜੀ! ਅੱਜ ਗੁਰੂ ਨਾਨਕ ਦਾ ਸ਼ਬਦ ਸੁਣਨ ਨੂੰ ਜੀਅ ਕਰਦਾ ਹੈ। ਕ੍ਰਿਪਾ ਕਰੋ, ਕੋਈ ਅੰਦਰ ਪਿਆਸ ਜਿਹੀ ਲੱਗੀ ਹੋਈ ਹੈ ਸਾਡੇ। ਜੀਅ ਕਰਦਾ ਹੈ ਕਿ ਤੁਸੀਂ ਹੁਣ ਆਪਣੇ ਸਾਜ ਖੋਲ੍ਹੋ ਤੇ ਸਾਨੂੰ ਸ਼ਬਦ ਸੁਣਾਓ। ਬੇਸੁਣੀ ਕਰ ਦਿੱਤੀ ਗੱਲ। ਉਨ੍ਹਾਂ ਨੇ ਕਿਹਾ ਕਿ ਤੁਸੀਂ ਇੱਕ ਸ਼ਬਦ ਸੁਣਾ ਦਿਓ। ਕਹਿੰਦੇ, ਵਾਹ ਓਏ ਬਾਬਾ! ਤੈਨੂੰ ਨਾ ਰਾਗ ਦਾ ਪਤਾ, ਨਾ ਸੁਰ ਦਾ ਪਤਾ, ਤੇ ਤੂੰ ਸ਼ਬਦ ਸੁਣਨਾ ਹੈ। ਅਸੀਂ ਕਿਸੇ ਸੋਝੀ ਵਾਲੇ ਦੇ ਅੱਗੇ ਸੁਣਾਈਏ ਕਿ ਤੇਰੇ ਵਰਗੇ ਬੰਦੇ ਦੇ ਅੱਗੇ ਸੁਣਾਈਏ, ਤੈਨੂੰ ਤਾਂ ਪਤਾ ਹੀ ਨਹੀਂ ਹੈ ਕਿ ਸੁਰਾਂ ਕੀ ਹੁੰਦੀਆਂ ਨੇ। ਰਾਗ ਕੀ ਹੁੰਦਾ ਹੈ। ਭੈਰਉ ਨੂੰ ਗਉੜੀ ਕਹੇਂਗਾ, ਗਉੜੀ ਨੂੰ ਤੂੰ ਕੁਛ ਹੋਰ ਕਹੇਂਗਾ। ਜਦੋਂ ਤੈਨੂੰ ਪਤਾ ਹੀ ਨਹੀਂ ਫੇਰ ਅਸੀਂ ਤੇਰੇ ਮੂਹਰੇ ਰਾਗ ਕੱਢ ਕੇ ਕੀ ਲੈਣਾ ਹੈ। ਸੋ ਬੜੇ ਕਠੋਰ ਬਚਨ ਕਹੇ ਉਨ੍ਹਾਂ ਨੇ। ਮਹਾਰਾਜ ਕਹਿੰਦੇ ਜਿਹੜਾ ਇਹ ਵਰਤਾਰਾ ਹੈ ਨਾ ਕਿਸੇ ਦਾ ਤਾਂ ਬਹੁਤ ਮਾੜਾ ਹੈ, ਜੇ ਗੁਰੂ ਨੇ ਕੋਈ ਗੁਣ ਦਿੱਤਾ ਹੈ ਤਾਂ ਉਹਨੂੰ ਆਪਣੇ ਕੋਲ ਨਾ ਰੱਖ, ਫੈਲਾਅ ਦੇ ਉਸ ਗੁਣ ਨੂੰ ਜਿੰਨਾਂ ਫੈਲਾਅ ਸਕਦਾ ਹੈਂ, ਲੋੜਵੰਦਾਂ ਨੂੰ ਦੇ ਦੇ ਉਸ ਗੁਣ ਨੂੰ, ਆਪਣੇ ਕੋਲ ਨਾ ਰੱਖ, ਇਸ ਤਰ੍ਹਾਂ ਨਾਲ ਫੁਰਮਾਨ ਕਰਦੇ ਨੇ -

***ਧਾਰਨਾ - ਮਿਲ ਸਾਂਝ ਕਰੀਜੈ ਜੀ,***
***ਜੇ ਗੁਣ ਹੋਵਨਿ ਸਾਜਨਾ।***

***ਗੁਣਾ ਕਾ ਹੋਵੈ ਵਾਸੁਲਾ ਕਢਿ ਵਾਸੁ ਲਈਜੈ ॥***
***ਜੇ ਗੁਣ ਹੋਵਨਿ੍ ਸਾਜਨਾ ਮਿਲਿ ਸਾਝ ਕਰੀਜੈ ॥***
***ਅੰਗ - ੭੬੬***

'ਵਾਸੁਲਾ' ਜਿਸ ਤਰ੍ਹਾਂ ਦੇ ਨਾਲ ਅੱਜਕੱਲ੍ਹ ਸੈਂਟ ਦੀਆਂ ਸ਼ੀਸ਼ੀਆਂ ਹੁੰਦੀਆਂ ਨੇ ਇਸ ਤਰ੍ਹਾਂ ਡੱਬੇ ਹੋਇਆ ਕਰਦੇ ਸੀ। ਉਹਦੇ ਵਿਚੋਂ ਲੈ ਕੇ ਗੁਣਾਂ ਦੇ ਵਾਸੁਲੇ ਵਿਚੋਂ ਵਾਸ਼ਨਾ ਲਓ ਗੁਣਾਂ ਦੀ। ਜੇ ਗੁਣ ਹੋਣ ਤੇਰੇ ਕੋਲ ਇਕੱਲਾ ਨਾ ਰੱਖ, ਦੂਸਰਿਆਂ ਨਾਲ ਸਾਂਝ ਕਰ। ਸਾਰੇ ਹੀ ਗੁਣ ਜਿੰਨੇ ਵੀ ਨੇ ਇੱਕ ਬੰਦੇ ਦੇ ਅੰਦਰ ਗੁਣ ਹੈ ਸੱਚ ਬੋਲਣ ਦਾ, ਸੇਵਾ ਕਰਨ ਦਾ। ਲੇਕਿਨ ਉਹਦੇ ਵਿੱਚ ਔਗੁਣ ਵੀ ਬੜੇ ਨੇ, ਮਹਾਰਾਜ ਕਹਿੰਦੇ ਔਗੁਣਾਂ ਨੂੰ ਤਾਂ ਛੱਡ ਦਿਓ। ਜਿਹੜੇ ਗੁਣ ਨੇ ਉਨ੍ਹਾਂ ਨਾਲ ਸਾਂਝ ਕਰ ਲਓ। ਇੱਕ ਰੁਪਿਆ ਦਸ ਆਨੇ 'ਚ ਚਲਦਾ ਹੈ। ਦਸ ਆਨੇ ਤਾਂ ਉਹਦੀ Value ਹੈਗੀ ਉਹਨੂੰ reject ਕਰਕੇ ਨਾ ਸੁੱਟੋ, ਦਸ ਆਨੇ ਦੀ ਸਾਂਝ ਪਾ ਲਓ, ਬਾਕੀ ਠੀਕ ਹੈ ਚਾਲੀ ਪੈਸੇ ਘੱਟ ਹੈ value, ਜਿੰਨਾਂ ਕਿਸੇ 'ਚ ਗੁਣ ਹੈ ਉਹਦੇ ਨਾਲ ਸਾਂਝ ਕਰੋ।

***ਜੇ ਗੁਣ ਹੋਵਨਿ੍ ਸਾਜਨਾ ਮਿਲਿ ਸਾਝ ਕਰੀਜੈ ॥***
***ਸਾਝ ਕਰੀਜੈ ਗੁਣਹ ਕੇਰੀ***
***ਛੋਡਿ ਅਵਗਣ ਚਲੀਐ ॥ ਅੰਗ - ੭੬੬***

ਅਵਗੁਣਾਂ ਵਲੋਂ ਪਿੱਠ ਫੇਰ ਲਓ ਤੇ ਗੁਣਾਂ ਦੀ ਸਾਂਝ ਕਰ ਲਓ-

***ਪਹਿਰੇ ਪਟੰਬਰ ਕਰਿ ਅਡੰਬਰ ਆਪਣਾ ਪਿੜੁ***
***ਮਲੀਐ ॥ ਜਿਥੈ ਜਾਇ ਬਹੀਐ ਭਲਾ ਕਹੀਐ***
***ਝੋਲਿ ਅੰਮ੍ਰਿਤੁ ਪੀਜੈ ॥***
***ਗੁਣਾ ਕਾ ਹੋਵੈ ਵਾਸੁਲਾ ਕਢਿ ਵਾਸੁ ਲਈਜੈ ॥***
***ਅੰਗ - ੭੬੬***

ਬਚਪਨ ਤੋਂ ਹੀ ਬਾਬਾ ਬੁੱਢਾ ਜੀ ਕੀਰਤਨ ਸੁਣਦੇ ਆਏ ਸੀ। ਐਡੇ ਕਠੋਰ ਬਚਨ ਕਹੇ ਕਿਉਂਕਿ ਮਾਣ ਹੋ ਗਿਆ। ਰਸੀਏ ਨਹੀਂ ਸੀਗੇ। ਜਿੰਨੀ ਸੰਗਤ ਸੀ ਸਾਰੀ ਕਹਿੰਦੀ ਸੀ ਕਿ ਵਾਹ-ਵਾਹ ਤੁਹਾਡੇ ਵਰਗਾ ਗਲਾ ਪ੍ਰਮੇਸ਼ਰ ਨੇ ਕਿਸੇ ਨੂੰ ਨਹੀਂ ਦਿੱਤਾ। ਕਿੰਨੀ ਬਾਣੀ ਤੁਹਾਡੇ ਯਾਦ ਹੈ, ਕਿੰਨੇ ਤੁਸੀਂ ਪ੍ਰਮਾਣ ਦਿੰਦੇ ਓਂ ਬਾਣੀ ਦੇ। ਉਸਤਤ ਦੇ ਵਿੱਚ ਪੈਂਦੇ ਸੀ, ਜਦੋਂ ਬਾਣੀ ਵੀ ਸੁਣਾਉਂਦੇ ਸੀ ਤੇ ਖੋਜ-ਖੋਜ ਕੇ ਫੁਰਮਾਨ ਦਿੰਦੇ ਸੀ ਉਸ ਵੇਲੇ ਵੀ ਆਧਾਰ ਮਾਣ ਸੀ, ਰਸ ਨਹੀਂ ਸੀ, ਬਾਣੀ ਵਿਚ ਲੀਨ ਨਹੀਂ ਸੀ ਹੁੰਦੇ, ਸੋ ਇੱਥੇ ਆ ਕੇ ਉਹ ਖੁੰਝੇ ਹੋਏ ਸੀ। ਹਾਲਾਂਕਿ ਉਹ ਗੁਰੂ ਮਹਾਰਾਜ ਦਾ ਦਰਬਾਰ ਸੀ ਕੋਈ ਛੋਟਾ ਮੋਟਾ ਦਰਬਾਰ ਨਹੀਂ ਸੀ, ਜਿੱਥੇ ਪੂਰੀ ਸੋਝੀ ਪੈਂਦੀ ਹੈ, ਉਸ ਸੋਝੀ ਦੇ ਵਿੱਚ ਰਹਿੰਦੇ ਹੋਏ ਵੀ ਉਹ ਉਸ ਗੱਲ ਨੂੰ ਨਾ ਪਹੁੰਚ ਸਕੇ, ਬੜਾ ਮੁਸ਼ਕਲ ਹੈ ਸੰਸਾਰ

ਦੇ ਅੰਦਰ। 100% ਤਾਂ ਬੰਦਾ ਮਿਲਦਾ ਹੀ ਨਹੀਂ ਹੈ। ਲੇਕਿਨ ਇਹ ਜ਼ਰੂਰ ਹੈ ਕਿ ਆਦਮੀ ਨੂੰ ਤਰੱਕੀ ਕਰਨੀ ਚਾਹੀਦੀ ਹੈ ਆਪਣੀ। ਹੌਲੀ-ਹੌਲੀ ਔਗੁਣ ਛੱਡਣੇ ਚਾਹੀਦੇ ਨੇ ਤੇ ਗੁਣਾਂ ਵਲ ਨੂੰ ਤਰੱਕੀ ਕਰਨੀ ਚਾਹੀਦੀ ਹੈ। ਸੋ ਬਾਬਾ ਜੀ ਨਿਰਾਸ ਕਰ ਦਿੱਤੇ, ਉਹ ਚੁੱਪ ਕਰ ਰਹੇ। ਇਹੋ ਜਿਹੀਆਂ ਗੱਲਾਂ ਉਲਟੀਆਂ-ਫੁਲਟੀਆਂ ਕਹੀਆਂ, ਉਨ੍ਹਾਂ ਨੇ ਕੋਈ ਜਵਾਬ ਨਹੀਂ ਦਿੱਤਾ, ਦੋਵੇਂ ਹੱਥ ਜੋੜ ਕੇ ਕਹਿਣ ਲੱਗੇ ਪ੍ਰੇਮੀਓਂ ਤੁਸੀਂ ਗੁਰੂ ਕੇ ਕੀਰਤਨੀਏਂ ਓ, ਸਾਨੂੰ ਤੁਹਾਡਾ ਸਤਿਕਾਰ ਕਰਨਾ ਹੀ ਬਣਦਾ ਹੈ ਫੇਰ। ਨਿਰਮਾਣ ਅਵਸਥਾ 'ਚ ਰਹਿ ਕੇ ਗੱਲ ਜਰ ਲਈ। ਉਸ ਤੋਂ ਬਾਅਦ ਗੁਰੂ ਮਹਾਰਾਜ ਆ ਜਾਂਦੇ ਨੇ ਤੇ ਸਿਤਾਰ ਵਗੈਰਾ ਇਨ੍ਹਾਂ ਨੇ ਖੋਲ੍ਹੀ ਤੇ ਕੀਰਤਨ ਕਰਨ ਲੱਗੇ, ਤਾਂ ਮਹਾਰਾਜ ਨੇ ਪਿੱਠ ਕਰ ਲਈ। ਬੋਲੇ ਨਹੀਂ ਕਿਉਂਕਿ ਫਿੱਕਾ ਬੋਲੇ। ਫਿੱਕਾ ਬੋਲਣਾ ਗੁਰੂ ਘਰ ਦੇ ਅੰਦਰ ਕੋਈ ਗੁਣ ਨਹੀਂ ਗਿਣਿਆ ਗਿਆ, ਬਹੁਤ ਵੱਡਾ ਔਗੁਣ ਗਿਣਿਆ ਗਿਆ ਹੈ, ਕਿਉਂਕਿ ਫਿੱਕਾ ਬੋਲਣ ਨਾਲ ਦਿਲ ਟੁੱਟਦਾ ਹੈ, ਜਦੋਂ ਕਿਸੇ ਦਾ ਦਿਲ ਤੋੜਦੇ ਹਾਂ ਅਸੀਂ, ਉਸ ਵੇਲੇ ਰੱਬ ਰੁੱਸਦਾ ਹੈ, ਐਉਂ ਪੜ੍ਹ ਲਓ -

***ਧਾਰਨਾ -ਰੱਬ ਰੁੱਸਿਆ ਮਨਾਉਣਾ ਹੋ ਜਾਊ ਔਖਾ,***
***ਦਿਲ ਨਾ ਤੋੜੀ ਫਿੱਕਾ ਬੋਲ ਕੇ।***

***ਨਾਨਕ ਫਿਕੈ ਬੋਲਿਐ ਤਨੁ ਮਨੁ ਫਿਕਾ ਹੋਇ ॥***
***ਫਿਕੋ ਫਿਕਾ ਸਦੀਐ ਫਿਕੇ ਫਿਕੀ ਸੋਇ ॥***
***ਫਿਕਾ ਦਰਗਹ ਸਟੀਐ ਮੁਹਿ***
***ਥੁਕਾ ਫਿਕੇ ਪਾਇ ॥***
***ਫਿਕਾ ਮੂਰਖੁ ਆਖੀਐ ਪਾਣਾ ਲਹੈ ਸਜਾਇ ॥***
***ਅੰਗ - ੪੭੩***

ਦਰਗਾਹ ਦੇ ਵਿੱਚ ਸਿੱਟਿਆ ਜਾਂਦਾ ਹੈ ਫਿੱਕਾ ਬੋਲਣ ਵਾਲੇ ਨੂੰ ਕਿਉਂਕਿ ਪ੍ਰਮੇਸ਼ਰ ਨਰਾਜ਼ ਹੋ ਗਿਆ, ਫਿੱਕਾ ਬੋਲਣ ਵਾਲੇ ਨੂੰ ਦਰਗਾਹ 'ਚ ਥਾਂ ਨਹੀਂ ਮਹਾਰਾਜ ਕਹਿੰਦੇ ਮਿਲੇਗਾ ਤੇ ਜੁੱਤੀਆਂ ਮੂੰਹ 'ਤੇ ਪੈਂਦੀਆਂ ਨੇ।

ਇੱਕ ਕੋਈ ਪ੍ਰੇਮੀ ਸੀਗਾ, ਇਤਿਹਾਸ ਵਿੱਚ ਬੜੇ ਆਉਂਦੇ ਨੇ ਫਿੱਕਾ ਬੋਲਣ ਵਾਲੇ, ਜਿੱਥੇ ਜਾ ਕੇ ਬੜੇ ਰੌਲੇ ਪਏ ਨੇ। ਆਹ ਜਿਹੜਾ ਪਾਂਡਵਾਂ ਦਾ ਰੌਲਾ ਸੀ ਇਹ ਐਨਾ ਨਹੀਂ ਸੀ ਵਧਣਾ, ਜੇ ਕਿਤੇ ਦਰੋਪਤੀ ਫਿੱਕਾ ਨਾ ਬੋਲਦੀ। ਦਰੋਪਤੀ ਨੇ ਇੱਕ ਮਾਇਆ ਮੰਦਰ ਬਣਾਇਆ, ਜਿੱਥੇ ਪਾਣੀ ਸੀ ਐਉਂ ਲਗਦਾ ਸੀ ਕਿ ਇਹ ਧਰਤੀ ਹੈ, ਜਿੱਥੇ ਧਰਤੀ ਸੀ ਉਹ ਲਗਦਾ ਸੀ ਪਾਣੀ ਤੇ ਦਰਯੋਧਨ ਨੇ ਪੈਰ ਭੁਲੇਖੇ ਨਾਲ ਪਾਣੀ 'ਚ ਪਾ ਦਿੱਤਾ। ਇਹ ਝਰੋਖੇ 'ਚ ਬੈਠੀ ਦੇਖਦੀ ਸੀ, ਉੱਚੀ ਦੇ ਕੇ ਬੋਲੀ ਕਹਿੰਦੀ ਅੰਨੇ ਦਾ ਅੰਨਾ ਹੀ ਰਿਹਾ, 'ਅੰਧ ਕਾ ਅੰਧ।' ਆਹ ਬੋਲੀ ਖਾ ਗਈ ਉਹਨੂੰ। ਕਿੱਡੀ ਵੱਡੀ ਗੱਲ ਵਧੀ, ਕਿੱਥੇ ਉਹਦੇ ਕੱਪੜੇ ਲਾਹੁਣ ਤੱਕ ਦੀ ਨੌਬਤ ਪਹੁੰਚੀ, ਕਿੱਥੇ ਉਹਨੇ ਪ੍ਰਣ ਕਰ ਲਿਆ ਕਿ ਮੈਂ ਆਹ ਕਰਨਾ ਹੈ, ਔਹ ਕਰਨਾ ਹੈ। ਕਿੱਡਾ ਵੱਡਾ ਯੁੱਧ ਹੋਇਆ, ਫਿੱਕਾ ਬੋਲਣ ਦੇ ਨਾਲ ਇਹ ਚੀਜ਼ ਹੋਈ। ਨਹੀਂ ਤਾਂ ਸਮਝੌਤਾ ਕਿਤੇ ਨਾ ਕਿਤੇ ਹੋ ਹੀ ਜਾਂਦਾ, ਜੇ ਐਡੀਆਂ ਫਿੱਕੀਆਂ ਗੱਲਾਂ ਨਾ ਕਹੀਆਂ ਹੋਣ। ਸੋ ਮਹਾਰਾਜ ਕਹਿੰਦੇ ਫਿੱਕੇ ਦੇ ਜੁੱਤੀਆਂ ਪੈਂਦੀਆਂ ਨੇ। ਇੱਕ ਕੋਈ ਪ੍ਰੇਮੀ ਕਿਸੇ ਪਿੰਡ ਦੇ ਅੰਦਰ ਜਾ ਰਿਹਾ ਹੈ ਤੇ ਜਾਂਦੇ-ਜਾਂਦੇ ਭੁੱਖ ਬਹੁਤ ਲੱਗੀ, ਚੌਲ ਨੇ ਉਹਦੇ ਕੋਲ, ਕਈ ਘਰਾਂ 'ਚ ਉਹਨੇ ਕਿਹਾ ਕਿ ਮੈਂ ਚੌਲ ਬਣਾਉਣੇ ਨੇ, ਬੋਲਦਾ ਬਹੁਤ ਰੁੱਖਾ ਸੀ। ਬੀਬੀਆਂ ਸੁਣਨ ਤਾਂ ਕਹਿਣ ਕਿ ਇਹ ਤਾਂ ਰੁੱਖਾ ਬਹੁਤ ਬੋਲਦਾ ਹੈ। ਇੱਕ ਬੀਬੀ ਸੀ ਸਿਆਣੀ ਸੀ ਉਹਨੇ ਕਿਹਾ ਕਿ ਪ੍ਰਦੇਸੀ ਬੰਦਾ ਹੈ, ਬਣਾਉਣ ਦੇ ਦਿੰਦੀ ਹਾਂ। ਉਹਨੇ ਕਿਹਾ ਕਿ ਲੈ ਪਤੀਲਾ ਲੈ ਵੀਰਾ, ਤੇ ਮੈਂ ਅੱਗ ਬਾਲ ਦਿੰਦੀ ਹਾਂ ਤੇ ਤੂੰ ਰੱਖ ਲੈ ਚੌਲ ਤੇ ਚੌਲ ਉਸਨੇ ਰੱਖ ਲਏ। ਘਰ ਦੇ ਦੋ ਦਰਵਾਜ਼ੇ ਸੀ ਉਹਦੇ, ਇੱਕ ਪਿਛਲੇ ਪਾਸੇ ਸੀ, ਇੱਕ ਅਗਲੇ ਪਾਸੇ ਸੀ ਤੇ ਮੱਝ ਖੜ੍ਹੀ ਸੀ, ਬਹੁਤ ਵਧੀਆ ਮੱਝ ਤੇ ਦੇਖਣ ਲਗ ਗਿਆ ਦਰਵਾਜ਼ੇ ਵਲ ਨੂੰ, ਚੌਲ ਰਿੱਝ ਰਹੇ ਨੇ, ਦੇਖਦੇ-ਦੇਖਦੇ ਉਹਨੂੰ ਕਹਿਣ ਲੱਗਿਆ, ਮਾਈ....! ਉਹ ਕਹਿੰਦੀ, ਹਾਂ ਵੀਰਾ ਦੱਸ? ਕਹਿੰਦਾ, ਮੱਝ ਤਾਂ ਤੇਰੀ ਬੜੀ ਤਕੜੀ ਹੈ। ਕਹਿੰਦੀ ਨਜ਼ਰ ਨਾ ਲਾ ਦੇਈਂ। ਕਹਿੰਦਾ ਜੇ ਮਰ ਗਈ, ਤਾਂ ਇਹਨੂੰ ਕੱਢੇਗੀਂ ਕਿੱਥੋਂ ਦੀ, ਤੇਰਾ ਦਰ ਤਾਂ ਭੀੜਾ ਹੀ ਹੈ। ਉਹ ਕਹਿੰਦੀ ਲੈ ਤੂੰ ਮੇਰੀ ਮੱਝ ਮਾਰ। ਉਹਨੇ ਚੌਲ ਉਸੇ ਤਰ੍ਹਾਂ ਅੱਧ ਰਿੱਝੇ, ਕਹਿੰਦੀ ਪਰਨਾ ਕਰ, ਉਹਦੇ ਪਰਨੇ 'ਚ ਪਾ ਦਿੱਤੇ ਤੇ ਪਿੱਛ ਜਿਹੜੀ ਸੀ ਉਹ ਚੋਂਦੀ ਜਾਂਦੀ ਹੈ। ਕਈਆਂ ਨੇ ਪੁੱਛਿਆ ਕਿ ਆਹ ਕੀ ਚੋਂਦਾ ਹੈ। ਉਹ ਕਹਿੰਦਾ ਕੁਛ ਨਹੀਂ ਚੋਂਦਾ, ਮੇਰੀ ਜ਼ੁਬਾਨ ਦਾ ਰਸ ਚੋਂਦਾ ਜਾਂਦਾ ਹੈ। ਕਿਉਂਕਿ ਫਿੱਕਾ ਬੋਲਿਆ।

ਸੋ ਫਿੱਕਾ ਬੋਲਣਾ ਪ੍ਰਮੇਸ਼ਰ ਨੂੰ ਵੀ ਪਿਆਰਾ ਨਹੀਂ ਲਗਦਾ। ਗੁਰੂ ਅੰਗਦ ਸਾਹਿਬ ਮਹਾਰਾਜ ਕਹਿੰਦੇ ਨੇ ਕਿ ਫਿੱਕਾ ਬੋਲਣ ਦੇ ਨਾਲ ਪ੍ਰਮੇਸ਼ਰ ਰੁੱਸ ਜਾਂਦਾ ਹੈ।

***ਇਕੁ ਫਿਕਾ ਨ ਗਾਲਾਇ***
***ਸਭਨਾ ਮੈ ਸਚਾ ਧਣੀ ॥ ਅੰਗ - ੧੩੮੪***

ਫਿੱਕਾ ਨਾ ਬੋਲ ਕਿਸੇ ਨੂੰ, ਕਿਉਂਕਿ ਸਭ ਦੇ ਅੰਦਰ ਵਸਦਾ ਹੈ -

***ਹਿਆਉ ਨ ਕੈਹੀ ਠਾਹਿ ਮਾਣਕ ਸਭ ਅਮੋਲਵੇ ॥***
***ਅੰਗ - ੧੩੮੪***

ਦਿਲ ਨਾ ਕਿਸੇ ਦਾ ਵੀ ਤੋੜ, ਇਹ ਬੇਮੁੱਲੇ ਦਿਲ ਨੇ-

***ਸਭਨਾ ਮਨ ਮਾਣਿਕ ਠਾਹਣੁ ਮੂਲਿ ਮਚਾਂਗਵਾ ॥***
***ਜੇ ਤਉ ਪਿਰੀਆ ਦੀ ਸਿਕ***
***ਹਿਆਉ ਨ ਠਾਹੇ ਕਹੀ ਦਾ ॥ ਅੰਗ - ੧੩੮੪***

ਦਿਲ ਨਾ ਕਿਸੇ ਦਾ ਤੋੜੀਂ ਜੇ ਤੈਨੂੰ ਪ੍ਰਮੇਸ਼ਰ ਨੂੰ ਮਿਲਣ ਦੀ ਆਸਾ ਹੈ।

***ਜਿਤੁ ਬੋਲਿਐ ਪਤਿ ਪਾਈਐ***
***ਸੋ ਬੋਲਿਆ ਪਰਵਾਣੁ ॥ ਅੰਗ - ੧੪੩●***

ਬੋਲਿਆ ਓਹੀ ਪ੍ਰਵਾਣ ਹੈ ਜਿਹੜੇ ਬੋਲਣ ਨਾਲ ਪਤ ਰਹਿ ਜਾਵੇ, ਇੱਜ਼ਤ ਰਹਿ ਜਾਵੇ -

***ਫਿਕਾ ਬੋਲਿ ਵਿਗੁਚਣਾ***
***ਸੁਣਿ ਮੂਰਖ ਮਨ ਅਜਾਣ ॥ ਅੰਗ - ੧੪੩●***

ਸੋ ਇਸ ਤਰ੍ਹਾਂ ਦੇ ਨਾਲ ਜਦੋਂ ਬਾਬਾ ਜੀ ਨੂੰ ਇਸਨੇ

ਕੀਰਤਨ ਨਾ ਸੁਣਾਇਆ ਤਾਂ ਗੁਰੂ ਅੰਗਦ ਸਾਹਿਬ ਮਹਾਰਾਜ ਜਦੋਂ ਆ ਗਏ ਤਾਂ ਇਸਨੇ ਕੀਰਤਨ ਸੁਣਾਉਣ ਲਈ ਸਾਜ ਖੋਲ੍ਹੇ, ਗੁਰੂ ਮਹਾਰਾਜ ਨੇ ਪਿੱਠ ਕਰ ਲਈ, ਕਹਿੰਦੇ ਅਸੀਂ ਸੁਣਨਾ ਨਹੀਂ ਹੈ। ਕਹਿੰਦੇ ਸੱਚੇ ਪਾਤਸ਼ਾਹ! ਕਾਰਨ ਕੀ ਹੋ ਗਿਆ, ਅਸੀਂ ਤਾਂ ਰੋਜ਼ ਚੌਕੀਂ ਲਾਉਂਦੇ ਹਾਂ, ਅੱਜ ਕੀ ਹੋ ਗਿਆ। ਮਹਾਰਾਜ ਕਹਿਣ ਲੱਗੇ, ਪ੍ਰੇਮੀਓ! ਜਦੋਂ ਮੈਂ ਬਾਬਾ ਬੁੱਢਾ ਜੀ ਦੇ ਹਿਰਦੇ 'ਚੋਂ ਹੋ ਕੇ ਬੋਲ ਰਿਹਾ ਸੀ, ਉਸ ਵੇਲੇ ਤਾਂ ਮੈਨੂੰ ਹਰੀ ਦਾ ਜਸ ਸੁਣਾਇਆ ਨਹੀਂ। ਹੁਣ ਮੈਂ ਹੁਣ ਨਹੀਂ ਸੁਣਨਾ। ਉਸ ਤੋਂ ਉਪਰ ਹੋਰ ਬੋਲ ਪਏ, ਕਹਿੰਦੇ ਸੱਚੇ ਪਾਤਸ਼ਾਹ! ਅਸੀਂ ਗੁਰੂ ਨਾਨਕ ਦੇ ਗਵੱਈਏ ਹਾਂ, ਮਾੜੇ-ਧੀੜੇ ਦੇ ਨਹੀਂ ਹੈਗੇ ਅਸੀਂ ਉਸ ਦਰਬਾਰ 'ਚ ਕੀਰਤਨ ਕਰ ਸਕਦੇ ਹਾਂ, ਜੱਟ-ਬੂਟ ਨੂੰ ਅਸੀਂ ਕੀਰਤਨ ਨਹੀਂ ਸੁਣਾਉਣਾ। ਕਹਿੰਦੇ ਇਨ੍ਹਾਂ ਨੂੰ ਕੀ ਪਤਾ ਕੀਰਤਨ ਦਾ। ਮਹਾਰਾਜ ਕਹਿੰਦੇ, ਪ੍ਰੇਮੀਓ! ਤੁਸੀਂ ਬੜੀ ਨਿਰਾਦਰੀ ਕੀਤੀ ਹੈ, ਤੁਹਾਨੂੰ ਇਹ ਨਹੀਂ ਪਤਾ ਕਿ ਮੈਂ ਉਸ ਵੇਲੇ ਬਾਬਾ ਬੁੱਢਾ ਜੀ ਦੇ ਹਿਰਦੇ 'ਚ ਬੈਠ ਕੇ ਕੀਰਤਨ ਦੀ ਅਭਿਲਾਸ਼ਾ ਕਰੀ ਸੀ। ਜਿਹੜਾ ਪਿਆਰਾ ਸਿੱਖ ਮੇਰੇ ਨਾਲ ਪ੍ਰੇਮ ਦੇ ਵਿੱਚ ਜੁੜਿਆ ਹੋਇਆ ਹੈ, ਉਹਦੇ ਵਿੱਚ ਤੇ ਮੇਰੇ ਵਿੱਚ ਕੋਈ ਭੇਦ ਨਹੀਂ ਹੋਇਆ ਕਰਦਾ -

***ਧਾਰਨਾ - ਸਤਿਗੁਰ ਦਾ ਰੂਪ ਹੈ,***
***ਪਿਆਰਾ ਜੋ ਸਿੱਖ ਗੁਰਾਂ ਦਾ।***

ਕਹਿੰਦੇ ਜਿਹੜੇ ਸਿੱਖ ਗੁਰੂ ਦਾ ਉਪਦੇਸ਼ ਚਲਾਉਂਦੇ ਨੇ ਤੇ ਗੁਰੂ ਤੇ ਸਿੱਖ ਅਭੇਦ ਹੋਇਆ ਕਰਦੇ ਨੇ।

***ਗੁਰੂ ਸਰੂਪ ਖਾਲਸਾ ਹਈਏ।***
***ਜਾਂ ਕੀ ਟਹਿਲ ਪਰਮ ਸੁਖ ਲਈਏ।***
***ਰਹਿਤਨਾਮਾ ਭਾਈ ਦੇਸਾ ਸਿੰਘ ਜੀ***
***ਆਤਮ ਰਸ ਜਿਹ ਜਾਨਹੀ ਸੋ ਹੈ ਖਾਲਸ ਦੇਵ॥***
***ਪ੍ਰਭ ਮਹਿ ਮੋ ਮਹਿ ਤਾਸ***
***ਮਹਿ ਰੰਚਕ ਨਾਹਨ ਭੇਵ॥ ਸਰਬ ਲੋਹ ਗ੍ਰੰਥ 'ਚੋਂ***

ਬ੍ਰਹਮਗਿਆਨ ਦੀ ਅਵਸਥਾ ਨੂੰ ਜੋ ਪਹੁੰਚਿਆ ਹੋਇਆ ਹੈ, ਗੁਰੂ ਦਸ਼ਮੇਸ਼ ਪਿਤਾ ਕਹਿੰਦੇ, ਮੇਰੇ ਵਿੱਚ, ਵਾਹਿਗੁਰੂ ਵਿੱਚ ਤੇ ਉਹਦੇ ਵਿੱਚ ਭੇਦ ਨਾ ਜਾਣਿਓ। ਅਸੀਂ ਤਾਂ ਭੇਦ ਪਾਉਂਦੇ ਹਾਂ। ਰਹਿਤਨਾਮੇ 'ਚ ਲਿਖਿਆ ਹੈ -

***ਗੁਰੂ ਸਰੂਪ ਖਾਲਸਾ ਹਈਏ।***
***ਜਾਂ ਕੀ ਟਹਿਲ ਪਰਮ ਸੁਖ ਲਈਏ।***
***ਸਿੰਘ ਸੁ ਰਹਿਤ ਪੰਚ ਜਹਿ ਮਿਲੇ***
***ਮਮ ਸਰੂਪ ਸੋ ਜਾਨਹਿ ਭਲੇ।***
***ਰਹਿਤਨਾਮਾ ਭਾਈ ਦੇਸਾ ਸਿੰਘ ਜੀ***

ਜਿਥੇ ਬੰਦਗੀ ਕਰਨ ਵਾਲੇ, ਨਾਮ ਜਪਣ ਵਾਲੇ, ਗੁਰਸਿੱਖੀ ਦੇ ਅਸੂਲਾਂ ਵਾਲੇ ਗੁਰੂ ਗ੍ਰੰਥ ਸਾਹਿਬ ਦੇ ਉਪਦੇਸ਼ਾਂ 'ਤੇ ਚੱਲਣ ਵਾਲੇ, ਇੱਥੇ ਥੋੜ੍ਹੀ ਜਿਹੀ ਗੱਲ ਸਮਝਣ ਵਾਲੀ ਹੈ ਸਾਧਸੰਗਤ ਜੀ। ਇੱਕ ਤਾਂ ਹੁੰਦਾ ਹੈ ਬਹਿਰੂਪੀਆ, ਉਹਨੂੰ ਤਾਂ ਨਹੀਂ ਮਹਾਰਾਜ ਨੇ ਮੰਨਿਆ, ਉਹ ਤਾਂ ਮਹਾਰਾਜ ਕਹਿੰਦੇ -

***ਭੇਖ ਦਿਖਾਇਓ ਜਗਤ ਕਉ ਲੋਗਨ ਕੋ ਵਸ ਕੀਨ***
***ਅੰਤ ਕਾਲ ਕਾਤੀ ਕਟਿਓ ਬਾਸੁ ਨਰਕ ਮੋ ਲੀਨ।***

ਇੱਕ ਉਹ ਹੈ ਜਿਹੜਾ ਗੁਰੂ ਗ੍ਰੰਥ ਸਾਹਿਬ ਦੀਆਂ ਦੱਸੀਆਂ ਹੋਈਆਂ ਰਹਿਤਾਂ 'ਤੇ ਪਹਿਰਾ ਦੇ ਰਿਹਾ ਹੈ। ਨਿੰਦਿਆ ਨਹੀਂ ਕਰਦਾ, ਚੁਗਲੀ ਨਹੀਂ ਕਰਦਾ, ਈਰਖਾ ਨਹੀਂ ਕਰਦਾ, ਕਿਸੇ ਨਾਲ ਵੈਰ ਨਹੀਂ ਕਰਦਾ, ਆਪਣੇ ਆਪ ਨੂੰ ਸਭ ਨਾਲੋਂ ਮਾੜਾ ਸਮਝਦਾ ਹੈ। ਅੰਮ੍ਰਿਤ ਵੇਲੇ ਉੱਠ ਕੇ ਬੰਦਗੀ ਕਰਦਾ ਹੈ, ਹਰੀ ਦਾ ਜਸ ਕਰਦਾ ਹੈ ਦੂਜਿਆਂ ਦਾ ਭਲਾ ਕਰਦਾ ਹੈ, ਸੇਵਾ ਕਰਦਾ ਹੈ, ਕਹਿੰਦੇ ਐਸੇ ਜਿੱਥੇ ਪੰਜ ਇਕੱਠੇ ਹੋ ਜਾਣ, ਉਥੇ ਨਿਹਚੇ ਨਾਲ ਤੁਸੀਂ ਮੇਰਾ ਸਰੂਪ ਗਿਣਿਓ, ਗੁਰੂ ਦਸਵੇਂ ਪਾਤਸ਼ਾਹ ਕਹਿੰਦੇ, ਮੈਂ ਉਥੇ ਵਰਤ ਰਿਹਾ ਹੋਵਾਂਗਾ।

ਸੋ ਗੁਰੂ ਅੰਗਦ ਸਾਹਿਬ ਕਹਿਣ ਲੱਗੇ, ਭਾਈ ਬਲਵੰਡ! ਬੜੀ ਮਾੜੀ ਗੱਲ ਕਰੀ ਹੈ ਤੇ ਹੁਣ ਵੀ ਤੁਸੀਂ ਬਹੁਤ ਮਾੜੀ ਗੱਲ ਕਰ ਰਹੇ ਓਂ। ਇਹ ਬਾਬਾ ਬੁੱਢਾ ਜੀ ਦੀ ਜ਼ੁਬਾਨ 'ਤੇ ਹੋ ਕੇ ਮੈਂ ਬੋਲਿਆ ਸੀ। ਤੁਸੀਂ ਪ੍ਰਮਾਣ ਤਾਂ ਸੁਣਾਉਂਦੇ ਓਂ, ਪਰ ਇਹਦੀ ਵਿਚਾਰ ਨਹੀਂ ਕਰਦੇ -

***ਧਾਰਨਾ - ਪ੍ਰਭ ਜੀ ਦਾ ਵਾਸਾ ਹੈ,***
***ਸੰਤਾਂ ਦੀ ਰਸਨਾ ਉਤੇ।***
***ਪ੍ਰਭ ਜੀ ਬਸਹਿ ਸਾਧ ਕੀ ਰਸਨਾ ॥***
***ਅੰਗ - ੨੬੩***

ਗੁਰੂ ਛੇਵੇਂ ਪਾਤਸ਼ਾਹ ਜੀ ਮਹਾਰਾਜ, ਮਾਤਾ ਭਾਗਪੁਰੀ ਜਿਸਦੀ ਉਮਰ 90 ਸਾਲ ਹੋਈ, ਤੇ ਗੁਰੂ ਛੇਵੇਂ ਪਾਤਸ਼ਾਹ ਮਹਾਰਾਜ ਦੇ ਦਰਸ਼ਨਾਂ ਨੂੰ ਘਰ ਵਿੱਚ ਬੈਠੀ, ਪੂਰਨ ਨਿਹਚੇ ਦੇ ਨਾਲ ਅਰਦਾਸ ਵਿੱਚ ਹੈ ਕਿ ਮੈਨੂੰ ਇੱਥੇ ਦਰਸ਼ਨ ਦੇਣਗੇ। ਉਹਨੇ ਗੁਰੂ ਮਹਾਰਾਜ ਵਾਸਤੇ ਇਕ ਵਸਤਰ ਦਾ ਚੋਲਾ ਸੁਆ ਲਿਆ ਤੇ ਇੱਕ ਥੜ੍ਹਾ ਬਣਾ ਦਿੱਤਾ ਘਰ ਦੇ ਅੰਦਰ, ਰੋਜ਼ ਉਸ ਥੜ੍ਹੇ ਨੂੰ ਲਿਪ ਲੈਂਦੀ ਹੈ ਤੇ ਸਾਮ੍ਹਣੇ ਬੈਠ ਜਾਂਦੀ ਹੈ ਕਿ ਮੇਰੇ ਗੁਰੂ ਜੀ ਆਉਣਗੇ ਤੇ ਇਸ ਥੜ੍ਹੇ 'ਤੇ ਬੈਠਣਗੇ, ਸ਼ਾਮ ਹੋ ਜਾਂਦੀ ਹੈ ਇੰਤਜ਼ਾਰ ਕਰਦੀ ਨੂੰ, ਦਿਨ ਲੰਘਦੇ ਗਏ, ਹਫਤੇ ਲੰਘਦੇ ਗਏ, ਮਹੀਨੇ ਲੰਘਦੇ ਗਏ, ਸਾਲ ਲੰਘ ਗਏ, ਕਿੰਨੇ ਹੀ ਸਾਲ ਲੰਘ ਗਏ, ਉਹਦੇ ਪ੍ਰੇਮ 'ਚ ਭੋਰਾ ਜਿੰਨੀ ਵੀ ਕਮੀ ਨਹੀਂ ਆਈ, ਅਸੀਂ ਤਾਂ ਕਮਜ਼ੋਰ ਹਾਂ, ਥੋੜ੍ਹਾ ਜਿੰਨਾ ਹੀ ਸਮਾਂ ਹੋਏ ਕਰਨ ਲਗ ਜਾਂਦੇ ਕਿ ਆਏ ਨਹੀਂ। ਇੰਤਜ਼ਾਰ ਵਿੱਚ ਹੈ ਤੇ ਗੁਰੂ ਮਹਾਰਾਜ ਨੂੰ ਖਿੱਚਾਂ ਪੈਂਦੀਆਂ ਨੇ ਤੇ ਗੁਰੂ ਮਹਾਰਾਜ ਸੌ ਸਵਾਰ ਲੈ ਕੇ ਸ੍ਰੀ ਨਗਰ ਨੂੰ ਜਾਂਦੇ ਨੇ, ਮਾਤਾ ਨੂੰ ਮਿਲਣ ਵਾਸਤੇ, ਬਿਖੜੇ ਪੈਂਡੇ ਸੀ ਤੇ ਮਾਤਾ ਦੇ ਭਾਵਨਾ ਦੇ ਬੰਨ੍ਹੇ ਹੋਏ ਗੁਰੂ ਮਹਾਰਾਜ ਸੱਤ ਸੌ ਮੀਲ ਦਾ ਸਫਰ ਮਹਾਰਾਜ ਨੇ ਸ਼ੁਰੂ ਕਰ ਲਿਆ। ਬਹੁਤ ਤੇਜ਼ੀ ਦੇ ਨਾਲ ਜਾ ਰਹੇ ਨੇ। ਲੰਮਾ ਸਫਰ ਕੱਢਦੇ ਨੇ ਰੋਜ਼ ਤੇ ਅੱਜ ਮਾਤਾ ਦੇ ਪਾਸ ਜਾਂਦੇ ਨੇ ਮਾਤਾ ਨੂੰ ਦਰਸ਼ਨ ਦਿੰਦੇ ਨੇ, ਨਿਹਾਲ ਹੁੰਦੀ ਹੈ ਉਹ। ਜਦੋਂ ਕਸ਼ਮੀਰ ਦੀਆਂ ਸੰਗਤਾਂ ਨੂੰ ਪਤਾ ਲੱਗਿਆ, ਉਸ ਵੇਲੇ ਹੁੰਮ-ਹੁੰਮਾ ਕੇ ਜੱਥੇ ਬਣਾ ਕੇ, ਦੂਰ-ਦੂਰ ਤੱਕ ਸੰਗਤਾਂ ਗੁਰੂ ਮਹਾਰਾਜ ਦੇ ਦਰਸ਼ਨਾਂ ਨੂੰ ਆ ਰਹੀਆਂ ਨੇ।

ਇੱਕ ਕਿਸੇ ਪਹਾੜੀ ਪਿੰਡ ਤੋਂ ਸੰਗਤ ਤੁਰਦੀ ਹੈ ਜਥਾ ਬਣਾ ਕੇ, ਹਰੀ ਦਾ ਜਸ ਕਰਦੀ ਜਾਂਦੀ ਹੈ ਤੇ ਭੇਟਾ ਦੇਣ ਵਾਸਤੇ ਇੱਕ ਬਹੁਤ ਸੋਹਣਾ ਸੁੱਚਾ ਸ਼ਹਿਦ, ਬਹੁਤ ਸਾਫ ਸੁਥਰਾ ਸ਼ਹਿਦ

ਕੱਢਿਆ ਤੇ ਬਰਤਨ ਭਰ ਲਿਆ। ਦੂਸਰਾ ਇੱਕ ਟੋਕਰਾ ਤਾਜ਼ੇ ਫਲਾਂ ਦਾ ਲੈ ਕੇ ਮਹਾਰਾਜ ਜੀ ਦੇ ਦਰਸ਼ਨ ਨੂੰ ਜਾਂਦੇ ਨੇ ਤੇ ਰਸਤੇ ਦੇ ਵਿੱਚ, ਇੱਕ ਗੁਰਸਿੱਖ ਜੋ ਅਭੇਦ ਅਵਸਥਾ ਦਾ ਸੀ। ਕਿਉਂਕਿ ਅਭੇਦ ਅਵਸਥਾ ਦਾ ਗੁਰਸਿੱਖ ਬਹੁਤ ਵੱਡੀ ਗੱਲ ਹੁੰਦੀ ਹੈ, ਉਹਦੇ ਤੇ ਗੁਰੂ ਵਿੱਚ ਕੋਈ ਫਰਕ ਨਹੀਂ ਹੋਇਆ ਕਰਦਾ। ਉਹ ਜਾਂਦਿਆਂ ਨੂੰ ਪੁੱਛਣ ਲੱਗਿਆ ਕਿ ਪ੍ਰੇਮੀਓਂ! ਕਿੱਧਰ ਜਾ ਰਹੇ ਓਂ ਤੁਸੀਂ, ਸ਼ਬਦ ਪੜ੍ਹਦੇ ਜਾ ਰਹੇ ਓਂ। ਕਹਿਣ ਲੱਗੇ ਅਸੀਂ ਗੁਰੂ ਹਰਿਗੋਬਿੰਦ ਸਾਹਿਬ ਮਹਾਰਾਜ, ਮੀਰੀ ਪੀਰੀ ਦੇ ਮਾਲਕ ਆਏ ਹੋਏ ਨੇ, ਉਨ੍ਹਾਂ ਦੇ ਦਰਸ਼ਨਾਂ ਨੂੰ ਜਾ ਰਹੇ ਹਾਂ। ਰੋਕ ਲਏ ਸਾਮ੍ਹਣੇ, ਕਹਿੰਦੇ ਇਹਦੇ ਵਿੱਚ ਕੀ ਹੈ? ਉਨ੍ਹਾਂ ਨੇ ਕਿਹਾ ਕਿ ਇਹਦੇ ਵਿੱਚ ਸ਼ਹਿਦ ਹੈ। ਉਨ੍ਹਾਂ ਨੇ ਕਿਹਾ ਕਿ ਟੋਕਰੇ 'ਚ ਕੀ ਹੈ? ਕਹਿੰਦੇ ਇਹਦੇ 'ਚ ਫਲ ਨੇ। ਕਹਿੰਦੇ ਲਓ ਬਈ ਪ੍ਰੇਮੀਓ! ਹੱਥ ਅੱਗੇ ਕਰ ਦਿੱਤਾ, ਥੋੜ੍ਹਾ ਜਿਹਾ ਸ਼ਹਿਦ ਪਾ ਦਿਓ ਇਹਦੇ 'ਤੇ, ਇੱਕ ਅੱਧਾ ਫਲ ਦੇ ਦਿਓ, ਮੈਨੂੰ ਫਲ ਦੇ ਦਿਓ, ਮੈਨੂੰ ਭੁੱਖ ਬੜੀ ਲੱਗੀ ਹੈ। ਕਹਿਣ ਲੱਗੇ, ਦੇਖ ਭਾਈ ਕੱਟੂ! ਤੂੰ ਤਾਂ ਮਸਤਾਨੀ ਬਿਰਤੀ 'ਚ ਰਹਿੰਦਾ ਹੈਂ ਹਰ ਵਕਤ, ਅਸੀਂ ਗੁਰੂ ਮਹਾਰਾਜ ਵਾਸਤੇ ਲੈ ਕੇ ਜਾਂਦੇ ਹਾਂ, ਪਹਿਲਾਂ ਉਨ੍ਹਾਂ ਨੂੰ ਭੋਗ ਲੱਗੇਗਾ, ਫੇਰ ਜਾ ਕੇ ਅਸੀਂ ਵਰਤਾਵਾਂਗੇ, ਪਹਿਲਾਂ ਰਾਹ 'ਚ ਹੀ ਵੰਡਣਾ ਸ਼ੁਰੂ ਕਰ ਦੇਈਏ, ਤੇਰੇ ਵਰਗੇ ਹੋਰ ਮਿਲ ਜਾਣਗੇ। ਉਥੇ ਤੱਕ ਜਾਂਦੇ-ਜਾਂਦੇ ਮੁੱਕ ਹੀ ਜਾਏਗਾ ਸਭ ਕੁਛ। ਕਠੋਰ ਬਚਨ ਬੋਲ ਦਿੱਤਾ।

ਗੁਰੂ ਛੇਵੇਂ ਪਾਤਸ਼ਾਹ ਦੇ ਦਰਬਾਰ ਵਿੱਚ ਪਹੁੰਚ ਗਏ, ਟੋਕਰਾ ਵੀ ਰੱਖ ਦਿੱਤਾ ਤੇ ਸ਼ਹਿਦ ਵੀ ਰੱਖ ਦਿੱਤਾ। ਸੰਗਤ ਮੱਥਾ ਟੇਕਦੀ ਜਾਂਦੀ ਹੈ ਤੇ ਇੱਕ ਪਾਸੇ ਹੋ ਕੇ ਬੈਠ ਗਈ। ਮਹਾਰਾਜ ਕਹਿਣ ਲੱਗੇ, ਕਿੱਥੋਂ ਆਏ ਓਂ ਪ੍ਰੇਮੀਓਂ! ਕਹਿੰਦੇ ਮਹਾਰਾਜ! ਅਸੀਂ ਐਸ ਨਗਰ ਤੋਂ ਆਏ ਹਾਂ। ਕਹਿੰਦੇ ਆਹ ਕੀ ਚੀਜ਼ ਹੈ ਬੜੀ ਦੁਰਗੰਧ ਆਉਣੀ ਸ਼ੁਰੂ ਹੋਈ ਹੈ ਇਹਦੇ 'ਚ। ਹੈਰਾਨ ਹੋ ਗਏ, ਕਹਿਣ ਲੱਗੇ ਸੱਚੇ ਪਾਤਸ਼ਾਹ! ਇਹ ਫਲ ਨੇ ਅਸੀਂ ਤਾਜ਼ੇ ਫਲ ਤੋੜ ਕੇ ਲਿਆਏ ਹਾਂ। ਆਹ ਬਰਤਨ 'ਚ? ਕਹਿੰਦੇ, ਇਹਦੇ 'ਚ ਸ਼ਹਿਦ ਹੈ। ਕਹਿੰਦੇ ਖੋਲ੍ਹੋ ਤਾਂ ਦਿਖਾਓ। ਜਦੋਂ ਬਰਤਨ ਦਾ ਮੂੰਹ ਖੋਲ੍ਹਿਆ ਤਾਂ ਕੀ ਦੇਖਦੇ ਨੇ ਉਸ ਵੇਲੇ ਕੁਰਬਲ-ਕੁਰਬਲ ਕਰਦੇ ਕੀੜੇ ਫਿਰਦੇ ਨੇ। ਨੀਵੀਂ ਪਾ ਲਈ, ਕਹਿੰਦੇ ਫਲ ਵੀ ਦਿਖਾਓ ਤਾਂ ਕੋਈ। ਜਦੋਂ ਉਪਰੋਂ ਕੱਪੜਾ ਬੰਨ੍ਹਿਆ ਹੋਇਆ ਖੋਲ੍ਹਿਆ। ਜੋ ਸੀਉਂਤਾ ਹੋਇਆ ਸੀ ਨਾਲ, ਤੇ ਹੈਰਾਨ ਹੋ ਗਏ ਕਿ ਸਾਰੇ ਹੀ ਫਲ ਮੁਰਝਾਏ ਹੋਏ ਤੇ ਪਿੱਲ-ਪਿੱਲ ਕਰਦੇ ਨੇ। ਹੁਣ ਮਹਾਰਾਜ ਜੀ ਨੂੰ ਕੀ ਦੇਣ।ਹੱਥ ਜੋੜ ਕੇ ਬਹਿ ਗਏ ਕਹਿੰਦੇ ਸੱਚੇ ਪਾਤਸ਼ਾਹ! ਲਿਆਏ ਤਾਂ ਬੜੀ ਭਾਵਨਾ ਨਾਲ ਸੀ ਪਤਾ ਨਹੀਂ ਕੀ ਹੋ ਗਿਆ। ਮਹਾਰਾਜ ਕਹਿੰਦੇ, ਪ੍ਰੇਮੀਓਂ! ਰਸਤੇ 'ਚ ਅਸੀਂ ਮੰਗਿਆ ਸੀ ਕਿ ਨਹੀਂ ਮੰਗਿਆ ਸੀ। ਉਸ ਵੇਲੇ ਸਾਡਾ ਚਿੱਤ ਸ਼ਹਿਦ ਖਾਣ ਨੂੰ ਕਰਦਾ ਸੀ ਤੇ ਨਾਲ ਫਲ ਖਾਣ ਨੂੰ ਕਰਦਾ ਸੀ। ਅਸੀਂ ਮੰਗ ਕੇ ਹੱਥ ਅੱਡ ਕੇ ਲਿਆ ਸੀ। ਕਹਿੰਦੇ, ਮਹਾਰਾਜ ਉਹ ਤਾਂ ਭਾਈ ਕੱਟੂ ਸੀ, ਕਹਿੰਦੇ ਉਹਦੀ ਰਸਨਾ 'ਤੇ ਮੈਂ ਹੀ ਬੋਲਿਆ ਸੀ।

***ਪ੍ਰਭ ਜੀ ਬਸਹਿ ਸਾਧ ਕੀ ਰਸਨਾ॥ ਅੰਗ- ੨੬੩***

ਸੋ ਇਸ ਤਰ੍ਹਾਂ ਦੇ ਨਾਲ ਗੁਰੂ ਅੰਗਦ ਸਾਹਿਬ ਮਹਾਰਾਜ ਕਹਿਣ ਲੱਗੇ, ਭਾਈ ਬਲਵੰਡ, ਭਾਈ ਸੱਤਾ! ਇਹ ਬਾਬੇ ਬੁੱਢੇ ਦੇ ਹਿਰਦੇ 'ਚੋਂ ਅਸੀਂ ਹੋ ਕੇ ਬੋਲੇ ਸੀ ਕਿ ਸਾਨੂੰ ਸ਼ਬਦ ਸੁਣਾਓ। ਅਸੀਂ ਤੁਹਾਡਾ ਸ਼ਬਦ ਕੀ ਸੁਣਨਾ ਹੈ। ਤੁਸੀਂ ਐਡੇ ਵੱਡੇ ਰਾਗੀ ਓਂ, ਕੀਰਤਨੀਏ ਓਂ ਤੁਹਾਨੂੰ ਤਾਂ ਪਹਿਚਾਣ ਚਾਹੀਦੀ ਹੈ ਕਿ ਮੈਂ ਸਿੱਖਾਂ 'ਚ ਵਰਤਦਾ ਹਾਂ। ਤੁਸੀਂ ਉਹਦਾ ਭਾਉ ਨਹੀਂ ਰੱਖਿਆ ਬੇਇਜ਼ਤੀ ਕਰੀ ਹੈ ਕਠੋਰ ਬਚਨ ਕਹਿ ਕੇ। ਬ੍ਰਹਮਗਿਆਨੀ ਦੇ। ਹੁਣ ਨਹੀਂ ਮੈਂ ਸੁਣਨਾ ਕਿਉਂਕਿ ਮੇਰੇ ਮਨ ਵਿੱਚ ਚਾਓ ਨਹੀਂ ਰਿਹਾ ਸ਼ਬਦ ਸੁਣਨ ਦਾ। ਇੱਥੇ ਨਹੀਂ ਗੱਲ ਮੁਕਾਈ, ਕਿਉਂਕਿ Artist (ਕਲਾਕਾਰ) ਸੀ, ਰਸੀਆ ਤਾਂ ਹੈ ਨਹੀਂ ਸੀ, ਮਾਣ ਦੇ ਭੁੱਖੇ ਸੀ, ਸੰਗਤ ਨੇ ਬੇਅੰਤ ਮਾਣ ਦਿੱਤਾ। ਜਿਹਨੂੰ ਸੰਗਤ ਮਾਣ ਦੇਣ ਲਗ ਜਾਵੇ ਉਹ ਐਉਂ ਸਮਝ ਲਿਆ ਕਰੋ ਕਿ ਮੈਂ ਹੁਣ ਫਸਿਆ। ਬਚਾਂ ਮੈਂ ਹੁਣ ਇਸ ਮਾਣ ਤੋਂ, ਮੇਰੀ ਪ੍ਰਸੰਸਾ ਜ਼ਿਆਦਾ ਹੋਣ ਲਗ ਗਈ। ਇਸੇ ਕਰਕੇ ਜਿਹੜੇ ਵੱਡੇ-ਵੱਡੇ ਮਹਾਂਪੁਰਸ਼ ਹੋਏ, ਨਿੰਦਿਆ ਕਰਾ ਲੈਂਦੇ ਸੀ ਸਾਰਿਆਂ ਤੋਂ, ਮਾਣ ਛੱਡ ਦਿੰਦੇ ਸੀ। ਉਨ੍ਹਾਂ ਅੰਦਰ ਕਿਉਂਕਿ ਮਾਣ ਸੀ, ਸਾਰੀਆਂ ਸੰਗਤਾਂ ਕਹਿੰਦੀਆਂ ਸੀ, ਪਿਆਰ ਨਾਲ ਦੂਰ-ਦਰਾਜ਼ ਤੋਂ ਆਉਂਦੀਆਂ ਸੀ ਤੇ ਆ ਕੇ ਬੜੀ ਉਨ੍ਹਾਂ ਦੀ ਪ੍ਰਸੰਸਾ ਕਰਦੀਆਂ ਸੀ ਤੇ ਉਸ ਪ੍ਰਸੰਸਾ ਨੇ ਇਨ੍ਹਾਂ ਨੂੰ ਰਸੀਆ ਨਾ ਰਹਿਣ ਕਰਕੇ ਉਸਤਤ ਵਿੱਚ ਲੈ ਗਏ, ਉਸਤਤ ਤੋਂ ਮਾਣ ਵਿੱਚ ਲੈ ਗਏ, ਮਾਣ ਤੋਂ ਹਉਮੈ ਵਿੱਚ ਲੈ ਗਏ। ਕਹਿੰਦੇ ਉਸ ਵੇਲੇ ਇਨ੍ਹਾਂ 'ਚ ਨਿਮਰਤਾ ਨਹੀਂ ਆਈ, ਕਹਿਣ ਲੱਗੇ ਮਹਾਰਾਜ! ਮੈਂ ਤਾਂ ਗੁਰੂ ਨਾਨਕ ਸਾਹਿਬ ਦੀ ਵੀ ਸੇਵਾ ਕਰੀ ਹੈ।

ਮੈਨੂੰ ਵੀ ਕਈ ਕਹਿ ਦਿੰਦੇ ਨੇ ਕਿ ਜੀ ਅਸੀਂ ਤਾਂ ਉਨ੍ਹਾਂ ਦੇ ਹਾਂ।ਮੈਂ ਵੀ ਉਨ੍ਹਾਂ ਦਾ ਹੀ ਤੁਰਿਆ ਫਿਰਦਾ ਹਾਂ। ਇਹ ਹਉਮੈ ਦੀ ਬੁੱਧ ਹੋਇਆ ਕਰਦੀ ਹੈ, ਇਹ ਹਉਮੈ ਦੀ ਬੁੱਧ ਆ ਗਈ। ਮਹਾਰਾਜ ਅਸੀਂ ਤੁਹਾਡੇ ਅੱਗੇ ਤਾਂ ਗਾ ਸਕਦੇ ਹਾਂ, ਲੇਕਿਨ ਜੱਟਾਂ ਦੇ ਅੱਗੇ ਅਸੀਂ ਗਾਈਏ ਜਿਨ੍ਹਾਂ ਨੂੰ ਪਤਾ ਹੀ ਨਹੀਂ ਹੈ ਕਿ ਭੈਰਉ ਕੀ ਹੁੰਦੀ ਹੈ, ਗਉੜੀ ਕੀ ਹੁੰਦੀ ਹੈ। ਆਸਾ ਕੀ ਹੁੰਦਾ ਹੈ, ਰਾਮਕਲੀ ਕੀ ਹੁੰਦੀ ਹੈ। ਗੁਰੂ ਬਾਬਾ ਸੁਣਦਾ ਸੀ ਹੁਣ ਅਸੀਂ ਤੁਹਾਨੂੰ ਸੁਣਾ ਦਿੰਦੇ ਹਾਂ। ਮਹਾਰਾਜ ਕਹਿੰਦੇ ਅਸੀਂ ਨਹੀਂ ਸੁਣਨਾ। ਤੁਹਾਡੇ ਅੰਦਰ ਤਾਂ ਅਭਿਮਾਨ ਆ ਗਿਆ, ਰਸੀਏ ਤਾਂ ਤੁਸੀਂ ਰਹੇ ਨਾ। ਅਭਿਮਾਨੀ ਦਾ ਅਸੀਂ ਨਹੀਂ ਸੁਣਨਾ ਚਾਹੁੰਦੇ। ਕਹਿੰਦੇ, ਮਹਾਰਾਜ! ਅਸੀਂ ਇੱਕ ਗੱਲ ਦਸਦੇ ਹਾਂ ਤੁਹਾਨੂੰ, ਬਾਬਾ ਸ੍ਰੀ ਚੰਦ ਵੀ ਹੈਗੇ, ਬਾਬਾ ਲਖਮੀ ਚੰਦ ਹੈਗੇ, ਅਸੀਂ ਉਨ੍ਹਾਂ ਨੂੰ ਛੱਡ ਕੇ ਤੁਹਾਡੇ ਕੋਲ ਆਏ ਹਾਂ ਤੇ ਅਸੀਂ ਕੀਰਤਨ ਕਰਦੇ ਹਾਂ ਰਬਾਬ ਲੈ ਕੇ ਬੈਠਦੇ ਹਾਂ। ਸਾਜ਼ ਗਾਉਂਦੇ ਹਾਂ, ਬਾਣੀ ਸੁਣਾਉਂਦੇ ਹਾਂ ਤਾਂ ਸੰਗਤ ਤੁਹਾਡੇ ਆਲੇ-ਦੁਆਲੇ ਬਹਿੰਦੀ ਹੈ, ਜੇ ਅਸੀਂ ਹੀ ਨਾ ਬੈਠੇ ਤਾਂ ਤੁਰਦੀ-ਫਿਰਦੀ ਰਹੇਗੀ ਸੰਗਤ। ਤੁਹਾਨੂੰ ਗੁਰੂ ਕਿਹੜਾ ਮੰਨੇਗਾ। ਉਸ ਤੋਂ ਜ਼ਿਆਦਾ ਅਭਿਮਾਨ ਦੀ ਗੱਲ ਕਹਿ ਦਿੱਤੀ। ਉਸ ਵੇਲੇ ਮਹਾਰਾਜ ਕਹਿੰਦੇ! ਚੰਗਾ ਜਾਓ। ਕਹਿੰਦੇ, ਅਸੀਂ ਚਲੇ ਜਾਂਦੇ ਹਾਂ, ਸਾਨੂੰ ਜਾਣ ਨੂੰ ਨਹੀਂ ਸਾਨੂੰ ਥਾਉਂ ਬਥੇਰੇ ਨੇ। ਸਾਨੂੰ ਗੁਰੂ ਬਾਬੇ ਨੇ ਸ਼ਬਦ ਬਖਸ਼ਿਆ ਹੈ। ਸੁਰ ਦਾ ਗਿਆਨ ਦਿੱਤਾ ਹੈ। ਅਸੀਂ ਜਿੱਥੇ ਜਾ ਕੇ ਰਬਾਬ ਵਜਾਵਾਂਗੇ, ਸ਼ਬਦ ਬੋਲਾਂਗੇ ਉਥੇ ਸਾਡੇ ਆਲੇ-ਦੁਆਲੇ ਭੀੜਾਂ ਇਕੱਠੀਆਂ ਹੋ ਜਾਣੀਆਂ ਨੇ ਮਹਾਰਾਜ।

ਅਸੀਂ ਤਾਂ ਬਚਨਾਂ ਦੇ ਬੰਨ੍ਹੇ ਹੋਏ ਤੁਹਾਡੇ ਦਰ 'ਤੇ ਬੈਠੇ ਹਾਂ, ਨਹੀਂ ਤਾਂ ਸਾਨੂੰ ਘਾਟਾ ਕਿਤੇ ਨਹੀਂ ਹੈ। ਮਹਾਰਾਜ ਕਹਿੰਦੇ ਜਾਓ ਫੇਰ ਤੁਸੀਂ। ਸੋ ਚਲੇ ਗਏ, ਬਾਬਾ ਸ੍ਰੀ ਚੰਦ ਜੀ ਦੇ ਕੋਲ ਚਲੇ ਗਏ। ਬਚਨ ਦਾ ਪਤਾ ਲੱਗਿਆ ਕਹਿੰਦੇ ਨਾ ਸਾਡੇ ਕੋਲ ਨਾ ਕੀਰਤਨ ਕਰੋ। ਬਾਹਰ ਜਾ ਕੇ ਜਿਹੜੇ ਚੰਗੇ-ਚੰਗੇ ਸਿੱਖ ਸੀਗੇ, ਉਨ੍ਹਾਂ ਦੀ ਜਾਣ-ਪਛਾਣ ਕੱਢ ਕੇ ਉਨ੍ਹਾਂ ਕੋਲ ਚਲੇ ਗਏ ਕਿ ਚਲੋ ਉਥੇ ਲਾਉਂਦੇ ਹਾਂ ਚੌਕੀਂ, ਉਹ ਕਹਿੰਦੇ ਤੁਸੀਂ ਤਾਂ ਗੁਰੂ ਨੂੰ ਪਿੱਠ ਦੇ ਕੇ ਆਏ ਓਂ, ਅਸੀਂ ਨਹੀਂ ਤੁਹਾਡਾ ਸ਼ਬਦ ਸੁਣਨਾ। ਸੱਤ ਦਿਨ ਲੰਘ ਗਏ, ਕਿਸੇ ਨੇ ਨਾ ਕੋਈ ਆਦਰ ਦਿੱਤਾ, ਨਾ ਕਿਤੇ ਕੀਰਤਨ ਹੋਇਆ। ਭੁੱਖੇ ਮਰਨੇ ਸ਼ੁਰੂ ਹੋ ਗਏ, ਉਸ ਵੇਲੇ ਫੇਰ ਗੁਰੂ ਮਹਾਰਾਜ ਕੋਲ ਆ ਗਏ, ਗੁਰੂ ਦਾ ਬਿਰਧ ਹੈ ਕਿ -

***ਜੋ ਸਰਣਿ ਆਵੈ ਤਿਸੁ ਕੰਠਿ ਲਾਵੈ***
***ਇਹੁ ਬਿਰਦੁ ਸੁਆਮੀ ਸੰਦਾ ॥ ਅੰਗ - ੫੪੪***

ਦਿਆਲੂ ਕ੍ਰਿਪਾਲੂ ਹੁੰਦੇ ਨੇ, ਔਗੁਣ ਨਹੀਂ ਵਿਚਾਰਿਆ ਕਰਦੇ। ਉਸ ਵੇਲੇ ਗੁਰੂ ਮਹਾਰਾਜ ਕਹਿਣ ਲੱਗੇ, ਭਾਈ! ਬਲਵੰਡ! ਅਸੀਂ ਤੁਹਾਡਾ ਗੁਰੂ ਨਾਨਕ ਦੇ ਕੀਰਤਨੀਏ ਹੋਣ ਦੇ ਨਾਤੇ, ਸਤਿਕਾਰ ਕਰਦੇ ਹਾਂ। ਤੁਸੀਂ ਗੁਰਸਿੱਖੀ ਨੂੰ ਨਹੀਂ ਸਮਝਿਆ। ਗਾਉਂਦੇ ਹੀ ਗਾਉਂਦੇ ਓਂ, ਤੁਹਾਡਾ ਸਿੱਖੀ ਦਾ Base ਨਹੀਂ ਹੈ, ਤੁਸੀਂ ਇਹ Point (ਨੁਕਤਾ) ਸਮਝ ਨਹੀਂ ਸਕੇ -

***ਧਾਰਨਾ - ਮੇਰਾ ਹੀ ਰੂਪ ਹੈ***
***ਮੇਰਾ ਜੋ ਸਿੱਖ ਪਿਆਰਾ।***

ਕਹਿਣ ਲੱਗੇ, ਭਾਈ ਬਲਵੰਡ, ਭਾਈ ਸੱਤੇ! ਇਹ ਬੜੀ ਭਾਰੀ ਤੁਹਾਡੀ ਗਲਤੀ ਸੀ, ਤੁਸੀਂ ਮੈਨੂੰ ਮੇਰੇ ਸਿੱਖਾਂ 'ਚ ਨਾ ਪਛਾਣ ਸਕੇ? ਦਇਆਲ ਹੋ ਗਏ, ਪ੍ਰਸੰਨ ਹੋ ਗਏ ਉਨ੍ਹਾਂ 'ਤੇ ਤੇ ਨਾਲ ਸਮਝਾਉਣਾ ਕੀਤਾ ਜਿਵੇਂ ਬੱਚਿਆਂ ਨੂੰ ਸਮਝਾਉਂਦੇ ਹੁੰਦੇ ਨੇ। ਕਹਿੰਦੇ ਹੁਣ ਦੁਬਾਰਾ ਨਾ ਕਿਸੇ ਸਿੱਖ ਦਾ ਮਨ ਭੰਗ ਕਰਿਓ। ਵਾਹਿਗੁਰੂ ਮਨ 'ਚ ਰਹਿੰਦਾ, ਮਨ ਵਾਹਿਗੁਰੂ 'ਚ ਰਹਿੰਦਾ ਹੈ। ਕਹਿੰਦੇ, ਮੇਰੇ ਸਿੱਖ ਮੇਰਾ ਧਿਆਨ ਹਰ ਵਕਤ ਰਖਦੇ ਨੇ ਤੇ ਮੈਂ ਹਰੇਕ ਸਿੱਖ ਦੇ ਅੰਦਰ ਰਹਿੰਦਾ ਹਾਂ -

***ਗੁਰੁ ਮੇਰੈ ਸੰਗਿ ਸਦਾ ਹੈ ਨਾਲੇ ॥***
***ਸਿਮਰਿ ਸਿਮਰਿ ਤਿਸੁ ਸਦਾ ਸਮ੍ਹਾਲੇ ॥***
***ਅੰਗ - ੩੯੪***

ਗੁਰੂ ਸਿੱਖ ਤੋਂ ਕਦੇ ਅੱਡ ਨਹੀਂ ਹੋਇਆ ਕਰਦਾ, ਗੁਰੂ ਸਿੱਖ ਦੇ ਰੋਮ-ਰੋਮ 'ਚ ਰਚਿਆ ਹੁੰਦਾ ਹੈ। ਉਹ ਸਿੱਖ ਦੇ ਜਿਹੜਾ ਗੁਰੂ ਦੀ ਮਰਜ਼ੀ ਤੇ ਪਿਆਰ ਦੇ ਨਾਲ ਚਲਦਾ ਹੈ। ਜਿਹਨੇ -

***ਭੈ ਕੀਆ ਦੇਹਿ ਸਲਾਈਆ***
***ਨੈਣੀ ਭਾਵ ਕਾ ਕਰਿ ਸੀਗਾਰੋ ॥ ਅੰਗ - ੭੨੨***

ਪਿਆਰ ਦਾ ਸ਼ਿੰਗਾਰ ਬਣਾਇਆ ਹੋਇਆ ਹੈ ਤੇ ਆਦਰ ਤੇ ਸਤਿਕਾਰ ਦਾ ਇਹਨੇ ਸੁਰਮਾ ਪਾਇਆ ਹੋਇਆ ਹੈ। ਕਹਿੰਦੇ ਉਹਦੇ ਹਿਰਦੇ 'ਚ ਮੈਂ ਰਹਿੰਦਾ ਹਾਂ ਭਾਈ। ਬੰਦਗੀ ਕਰਨ ਵਾਲਾ, ਨਾਮ ਜਪਣ ਵਾਲਾ ਸਿੱਖ ਮੇਰਾ ਰੂਪ ਜਾਣਿਓ। ਇਹਦੇ 'ਚ ਭੋਰਾ ਜਿੰਨਾਂ ਵੀ ਭੇਦ ਨਾ ਜਾਨਿਓ। ਮਹਾਰਾਜ ਕਹਿੰਦੇ ਨੇ -

***ਖਾਲਸਾ ਮੇਰੋ ਰੂਪ ਹੈ ਖਾਸ॥***
***ਖਾਲਸੇ ਮਹਿ ਹੌ ਕਰੌ ਨਿਵਾਸ॥***
***ਸਰਬ ਲੋਹ ਗ੍ਰੰਥ 'ਚੋਂ***

ਕਹਿੰਦੇ ਗਵਾਹੀ ਦਿੰਦੇ ਹਾਂ ਅਸੀਂ ਗੁਰੂ ਨਾਨਕ ਦੀ ਤੇ ਪਾਰਬ੍ਰਹਮ ਦੀ ਕਿ ਅਸੀਂ ਇਹ ਗਲਤ ਗੱਲ ਨਹੀਂ ਕਰੀ। ਸੋ ਇੱਥੇ ਵੀ ਫੁਰਮਾਨ ਕਰਦੇ ਨੇ ਕਿ ਜਿਹੜਾ ਪ੍ਰੇਮ ਨਾਲ ਮੈਨੂੰ ਯਾਦ ਕਰਦਾ ਹੈ, ਹਿਰਦੇ 'ਚ ਮੇਰੀ ਖਿੱਚ ਕਰਦਾ ਹੈ ਕਹਿੰਦੇ ਮੈਂ ਕੋਲ ਖੜ੍ਹਾ ਦੇਖਦਾ ਹੁੰਦਾ ਹਾਂ ਉਹਦੇ। ਦਿਸਦਾ ਤਾਂ ਮੈਂ ਹੈ ਨਹੀਂ ਲੇਕਿਨ ਮੈਂ ਕੋਲ ਹੁੰਦਾ ਹਾਂ ਉਹਦੇ। ਗੁਰੂ ਦਾ ਬਚਨ ਜੋ ਹੈ ਦ੍ਰਿੜ੍ਹ ਕਰਕੇ ਹਿਰਦੇ ਦੇ ਅੰਦਰ ਬੰਨ੍ਹ ਲੈਂਦਾ ਹੈ, ਜਿਹੜਾ ਗੁਰੂ ਦੇ ਹਿਤ ਵਿੱਚ ਲੱਗ ਜਾਂਦਾ ਹੈ ਕਹਿੰਦੇ ਉਹ ਸਿੱਖ ਹੁੰਦਾ ਹੈ। ਭਗਤੀ ਕਰਕੇ, ਪੁੰਨ ਦਾਨ, ਨੇਕੀਆਂ ਕਰਕੇ ਸਾਰੀਆਂ ਗੁਰੂ ਦੇ ਖਜ਼ਾਨਿਆਂ 'ਚ ਜਮ੍ਹਾਂ ਕਰਾ ਦੇਵੇ। ਅਸੀਂ ਤਾਂ ਦਸਦੇ ਹਾਂ ਕਿ ਮੈਂ ਐਨਾ ਭਜਨ ਕਰਿਆ, ਮੈਂ ਐਨਾ ਪਾਠ ਕਰਦਾ ਹਾਂ। ਖਜ਼ਾਨੇ 'ਚ ਨਹੀਂ ਦਿੱਤਾ ਉਹ ਤਾਂ ਆਪਣੇ ਕੋਲ ਹੀ ਰੱਖਿਆ ਪਿਆ ਹੈ। ਕਹਿੰਦੇ, ਜਿਹੜਾ ਇਸ ਤਰ੍ਹਾਂ ਦੇ ਨਾਲ ਕਰਦਾ ਹੈ ਉਹ ਜੀਵਨ ਮੁਕਤ ਵਿਚਰਦਾ ਹੈ। ਸਿੱਖ ਤੇ ਗੁਰੂ ਦੇ ਵਿੱਚ ਕੋਈ ਭੇਦ ਨਹੀਂ ਹੈਗਾ। ਗੁਰੂ ਪੰਜਵੇਂ ਪਾਤਸ਼ਾਹ ਦੇ ਪਾਸ ਭਾਈ ਬੁੱਧੂ ਜੀ ਆਏ ਲਾਹੌਰ ਤੋਂ, ਪਾਤਸ਼ਾਹ! ਦਸਵੰਧ ਵੀ ਦਿੰਦਾ ਹਾਂ, ਹੋਰ ਵੀ ਮੈਂ ਬਾਣੀਆਂ ਪੜ੍ਹਦਾ ਹਾਂ। ਲੇਕਿਨ ਮੇਰਾ ਕਾਰੋਬਾਰ ਪਿੱਛੇ ਨੂੰ ਤੁਰਿਆ ਜਾਂਦਾ ਹੈ ਤੇ ਐਨਾ ਥੱਲੇ ਚਲਿਆ ਗਿਆ ਕਿ ਮੇਰਾ ਰੋਮ-ਰੋਮ ਰਿਣੀ ਹੋ ਗਿਆ। ਕਰਜ਼ਾ ਹੀ ਕਰਜ਼ਾ ਦੇਣਾ ਹੈ ਮੇਰੇ ਕੋਲ ਨਹੀਂ ਕੁਛ। ਮੇਰੇ 'ਤੇ ਕ੍ਰਿਪਾ ਕਰੋ। ਮਹਾਰਾਜ ਕਹਿੰਦੇ ਦੇਖ ਦਲਿੱਦਰ ਜਾਣ ਵਾਸਤੇ ਦੋ ਚੀਜ਼ਾਂ ਹੁੰਦੀਆਂ ਨੇ ਇੱਕ ਤਾਂ ਗੁਰੂ ਦਾ ਧਨ ਜਿਹੜਾ ਹੈ ਨਾ ਉਹ ਦੇਣਾ ਚਾਹੀਦਾ ਹੈ, ਦਸਵੰਧ ਗੁਰੂ ਦਾ ਰੱਖਣਾ ਨਹੀਂ ਚਾਹੀਦਾ। ਦੂਸਰਾ ਇਹ ਹੈ ਕਿ ਸੰਗਤਾਂ ਦੀ ਸੇਵਾ ਕਰ। ਜਦੋਂ ਤੂੰ ਸੰਗਤਾਂ ਦੀ ਸੇਵਾ ਕਰੇਂਗਾ। ਸੰਗਤਾਂ 'ਚ ਗੁਰੂ ਵਸਦਾ ਹੈ ਗੁਰੂ ਪ੍ਰਸੰਨ ਹੋਏਗਾ, ਉਸ ਵੇਲੇ ਜੋ ਕੁਛ ਮੰਗੇਗਾ, ਅਰਦਾਸ ਕਰਾਏਂਗਾ, ਉਹ ਅਰਦਾਸ ਪੂਰੀ ਹੋ ਜਾਏਗੀ, ਤੇਰਾ ਕਾਰੋਬਾਰ ਚੱਲ ਜਾਏਗਾ। ਸੋ ਉਸ ਨੇ ਪ੍ਰੋਗਰਾਮ ਬਣਾ ਲਿਆ, ਲਾਹੌਰ ਦੀਆਂ ਸੰਗਤਾਂ ਦਾ ਇਕੱਠ ਗੁਰੂ ਮਹਾਰਾਜ ਸਮੇਤ ਆਪਣੇ ਘਰ ਬੁਲਾਇਆ। ਬੜਾ ਭਾਰਾ ਲੰਗਰ ਤਿਆਰ ਕਰਿਆ। ਲੰਗਰ ਵਰਤ ਰਿਹਾ ਹੈ ਲੇਕਿਨ ਬਹੁਤਾ ਇਕੱਠ ਹੋਣ ਦੇ ਡਰ ਤੋਂ ਬਾਹਰਲੀ ਡਿਊਡੀ ਦਾ ਦਰਵਾਜ਼ਾ ਬੰਦ ਕਰਾ ਦਿੱਤਾ ਤੇ ਐਨੇ ਨੂੰ ਇੱਕ ਗੁਰਸਿੱਖ ਆਇਆ, ਉਹਨੇ ਆ ਕੇ ਦਰਵਾਜ਼ਾ ਖੜਕਾਇਆ, ਜਿਹੜੇ ਉਥੇ ਪਹਿਰੇ 'ਤੇ ਸੀ ਉਨ੍ਹਾਂ ਨੇ ਕਿਹਾ ਕਿ ਲੰਗਰ ਵਰਤ ਰਿਹਾ ਹੈ, ਉਹ ਕਹਿੰਦਾ ਮੈਂ ਤਾਂ ਹੁਣੇ ਹੀ ਅੰਦਰ ਆਉਣਾ ਹੈ, ਇੱਕ ਤਾਂ ਮੈਨੂੰ ਬਹੁਤ ਭੁੱਖ ਲੱਗੀ ਹੋਈ ਹੈ। ਇੱਕ ਮੈਂ ਗੁਰੂ ਮਹਾਰਾਜ ਦੇ ਹੁਣੇ ਹੀ ਦਰਸ਼ਨ ਕਰਨੇ ਨੇ ਤੇ ਮੈਂ ਦਰਸ਼ਨਾਂ ਤੋਂ ਬਿਨਾਂ ਰਹਿ ਨਹੀਂ ਸਕਦਾ। ਇੱਕ ਪਲ ਵੀ ਜਿਹੜਾ ਮੈਨੂੰ ਲੰਘ ਰਿਹਾ ਹੈ ਮੈਨੂੰ ਚਾਰ ਪਹਿਰ ਬਰਾਬਰ ਲੰਘ ਰਿਹਾ ਹੈ। ਰੌਲਾ ਪੈ ਗਿਆ ਤੇ ਭਾਈ ਬੁੱਧੂ ਜੀ ਆਪ ਆਏ। ਕਹਿਣ ਲੱਗੇ, ਜੇ ਤੂੰ ਐਨਾ ਭੁੱਖਾ ਸੀ ਪ੍ਰਸ਼ਾਦਾ ਤੁਹਾਨੂੰ ਪਹਿਲਾਂ ਆ ਜਾਣਾ ਚਾਹੀਦਾ ਸੀ। ਜੇ ਦਰਸ਼ਨਾਂ ਦੀ ਤੇਰੇ ਮਨ ਵਿੱਚ ਐਨੀ ਖਿੱਚ ਸੀ ਗੁਰੂ ਸਾਹਿਬ ਕਦੋਂ ਦੇ ਆਏ ਹੋਏ ਸੀ ਤੂੰ ਹੁਣ ਕਿਉਂ ਆਇਆ ਹੈਂ ਐਨੀ ਦੇਰ

ਤੋਂ ਬਾਅਦ, ਹੁਣ ਤੂੰ ਕਾਹਲੀ ਪਾਉਂਦਾ ਹੈਂ। ਹੁਣ ਨਹੀਂ ਪੰਗਤ ਲੱਗੀ ਹੋਈ ਹੈ, ਉਸ ਤੋਂ ਬਾਅਦ ਅੰਦਰ ਆ ਜਾਈਂ ਤੇ ਪ੍ਰਸ਼ਾਦ ਵੀ ਛਕ ਲਈਂ। ਉਧਰ ਅਰਦਾਸ ਹੁੰਦੀ ਹੈ ਕਿ ਭਾਈ ਬੁੱਧੂ ਪੱਕੇ ਨੇ, ਇਹਨੂੰ ਮੁਨਾਫਾ ਹੋਵੇ ਸੱਚੇ ਪਾਤਸ਼ਾਹ। ਤੇਰੀਆਂ ਸੰਗਤਾਂ ਦੀ ਸੇਵਾ ਕਰੀ ਹੈ -

***ਚਾਰਿ ਪਦਾਰਥ ਜੇ ਕੋ ਮਾਗੈ ॥***
***ਸਾਧ ਜਨਾ ਕੀ ਸੇਵਾ ਲਾਗੈ ॥ ਅੰਗ - ੨੬੬***

ਉਧਰੋਂ ਆਵਾਜ਼ ਆ ਰਹੀ ਹੈ ਕਿ ਬੁੱਧੂ ਦੇ ਆਵੇ ਕੱਚੇ ਰਹਿਣਗੇ-ਕੱਚੇ ਰਹਿਣਗੇ-ਕੱਚੇ ਰਹਿਣਗੇ। ਇਹਦੇ ਕੰਨ 'ਚ ਆਵਾਜ਼ ਪੈ ਗਈ। ਆਇਆ ਦੌੜ ਕੇ ਕਹਿੰਦਾ ਸੰਗਤ ਦੀ ਅਰਦਾਸ ਇੱਕ ਪਾਸੇ ਹੈ, ਗੁਰੂ ਸਾਹਿਬ ਹਾਜ਼ਰ ਨੇ। ਤੂੰ ਕਿਹੜੇ ਮਾਣ ਨਾਲ ਕਹਿੰਦਾ ਹੈਂ, ਉਹ ਕਹਿੰਦਾ ਭਾਈ ਬੁੱਧੂ ਮੇਰੀ ਵੀ ਜ਼ੁਬਾਨ ਦੇ ਉਤੇ ਸਤਿਗੁਰੂ ਹੀ ਬੈਠ ਕੇ ਬੋਲਿਆ ਹੈ। ਸੰਸਾ ਪੈ ਗਿਆ, ਗੁਰੂ ਮਹਾਰਾਜ ਕੋਲ ਗਿਆ, ਕਹਿੰਦਾ ਸੱਚੇ ਪਾਤਸ਼ਾਹ! ਹੋਰ ਸਭ ਠੀਕ ਹੈ। ਇੱਕ ਸੰਸਾ ਪੈ ਗਿਆ ਮਨ ਦੇ ਅੰਦਰ। ਜਦੋਂ ਅਰਦਾਸ ਹੋ ਰਹੀ ਸੀ ਤਾਂ ਇੱਕ ਐਵੇਂ ਕਮਲਾ ਜਿਹਾ ਸਿੱਖ, ਮਸਤਾਨਾ ਜਿਹਾ ਬਾਹਰ ਆ ਕੇ ਦਰਵਾਜ਼ੇ ਭੰਨ੍ਹਣ ਲਗ ਗਿਆ ਕਿ ਮੈਂ ਛੇਤੀ ਦਰਸ਼ਨ ਕਰਨੇ ਨੇ, ਮੈਨੂੰ ਛੇਤੀ ਪ੍ਰਸ਼ਾਦਾ ਛਕਾਓ। ਮਹਾਰਾਜ! ਜਦੋਂ ਅਰਦਾਸ ਹੋ ਰਹੀ ਸੀ ਤਾਂ ਉਹਨੇ ਕਹਿ ਦਿੱਤਾ ਕਿ ਆਵੇ ਕੱਚੇ ਰਹਿਣਗੇ, ਕੱਚੇ ਰਹਿਣਗੇ, ਕੱਚੇ ਰਹਿਣਗੇ। ਕਹਿੰਦੇ, ਕੌਣ ਸੀ? ਕਹਿੰਦੇ, ਉਹ ਤਾਂ ਐਵੇਂ ਹੀ ਹੈ, ਇੱਥੇ ਗਲੀਆਂ 'ਚ ਫਿਰਦਾ ਰਹਿੰਦਾ ਹੈ, ਧਾੜਵੀ। ਫੇਰ ਵੀ ਆਦਰ ਨਾਲ ਨਹੀਂ ਬੋਲਿਆ। ਜੇ ਬਾਲਮੀਕ ਡਾਕੂ ਸੀ ਤਾਂ ਰਿਸ਼ੀ ਵੀ ਬਹੁਤ ਉੱਚਾ ਹੋਇਆ ਹੈ। ਅਸੀਂ ਉਹਨੂੰ ਡਾਕੂ-ਡਾਕੂ ਕਿਉਂ ਕਹੀ ਜਾਈਏ, ਉਹ ਮਹਾਂਪੁਰਸ਼ ਸੀ, ਜੇ ਸੱਜਣ ਠਗ ਸੀ ਤਾਂ ਭਾਈ ਸੱਜਣ ਬਣਾਇਆ ਗੁਰੂ ਨਾਨਕ ਪਾਤਸ਼ਾਹ ਨੇ, ਸਾਨੂੰ ਸੱਜਣ ਠੱਗ ਨਹੀਂ ਕਹਿਣਾ ਬਣਦਾ। ਕਿਉਂਕਿ ਸਾਡੇ ਨਾਲੋਂ ਤਾਂ ਕਰੋੜਾਂ ਗੁਣਾਂ ਉੱਚਾ ਹੈ ਉਹ, ਜਿਹਨੂੰ ਮੰਜੀ 'ਤੇ ਗੁਰੂ ਨਾਨਕ ਪਾਤਸ਼ਾਹ ਨੇ ਆਪਣੇ ਹੱਥ ਨਾਲ ਬਿਠਾ ਦਿੱਤਾ ਸੀ, ਅਸੀਂ ਪਿਛਲੀ ਗੱਲ ਕਿਉਂ ਕਹੀਏ, ਕੀ ਪਤਾ ਉਸ ਤੋਂ ਜ਼ਿਆਦਾ ਠੱਗ ਅਸੀਂ ਹੋਈਏ। ਸੋ ਇਹ ਨਹੀਂ ਗਿਣਦਾ, ਡਾਕੂ ਹੀ ਦਸਦਾ ਹੈ, ਮਹਾਰਾਜ ਕਹਿੰਦੇ ਭਾਈ ਲੱਖੂ ਨੇ ਕਹਿ ਦਿੱਤਾ। ਕਹਿੰਦੇ, ਫੇਰ ਨਹੀਂ, ਫੇਰ ਤੇਰੇ ਆਵੇ ਕੱਚੇ ਨੇ। ਪਾਤਸ਼ਾਹ! ਤੁਸੀਂ ਤਾਂ ਸਮਰੱਥ ਓਂ ਤੇ ਤੁਹਾਡਾ ਸਿੱਖ ਹੈ ਉਹ ਮੇਰੇ 'ਚ ਅਭੇਦ ਹੈ। ਹਰ ਵਕਤ ਮੇਰੇ ਵਿੱਚ ਵਸਦਾ ਹੈ ਤੇ ਮੇਰੀ ਜ਼ੁਬਾਨ 'ਤੇ ਮੈਂ ਹੀ ਬੋਲਿਆ ਹਾਂ। ਜਦੋਂ ਮੈਂ ਉਹਦੀ ਜ਼ੁਬਾਨ ਤੋਂ ਬੈਠ ਕੇ ਬੋਲਿਆ ਹਾਂ, ਮੈਂ ਜਿਹੜਾ ਬੰਨ੍ਹਿਆ ਸੀ ਨਿਯਮ ਉਹ ਮੇਰਾ ਉਨ੍ਹਾਂ ਨੇ ਤੋੜ ਦਿੱਤਾ। ਮੇਰੇ ਵਿੱਚ ਹੁਣ ਤਾਕਤ ਨਹੀਂ ਹੈ -

***ਧਾਰਨਾ- ਮੇਰੀ ਬੰਨ੍ਹੀ ਹੋਈ ਭਗਤ ਛੁਡਾਉਂਦੇ ਨੇ,***
***ਭਗਤਾਂ ਦੀ ਬੰਨ੍ਹੀ ਨਾ ਛੁਟਦੀ।***

***ਮੇਰੀ ਬਾਂਧੀ ਭਗਤੁ ਛਡਾਵੈ***
***ਬਾਂਧੈ ਭਗਤੁ ਨ ਛੂਟੈ ਮੋਹਿ ॥***
***ਏਕ ਸਮੈ ਮੋ ਕਉ ਗਹਿ ਬਾਂਧੈ***
***ਤਉ ਫੁਨਿ ਮੋ ਪੈ ਜਬਾਬੁ ਨ ਹੋਇ ॥***
***ਅੰਗ - ੧੨੫੩***

ਭਾਈ ਬੁੱਧੂ ਉਹ ਤਾਂ ਅਭੇਦ ਅਵਸਥਾ ਦਾ ਗੁਰਸਿੱਖ ਹੈ, ਮੈਂ ਹੀ ਉਹਦੀ ਜ਼ੁਬਾਨ 'ਤੇ ਬੈਠ ਕੇ ਬੋਲਿਆ ਹਾਂ। ਸੋ ਗੁਰੂ ਅੰਗਦ ਸਾਹਿਬ ਮਹਾਰਾਜ ਫੁਰਮਾਨ ਕਰਦੇ ਨੇ ਕਿ ਗੁਰੂ ਮਹਾਰਾਜ ਕਹਿਣ ਲੱਗੇ, ਗੁਰੂ ਪੰਜਵੇਂ ਪਾਤਸ਼ਾਹ ਤੂੰ ਉਦਾਸ ਨਾ ਹੋ, ਆਵੇ ਤਾਂ ਤੇਰੇ ਕੱਚੇ ਰਹਿਣਗੇ, ਪਰ ਪੱਕਿਆਂ ਤੋਂ ਮਹਿੰਗੇ ਵਿਕਣਗੇ, ਤੈਨੂੰ ਘਾਟਾ ਕੋਈ ਨਹੀਂ ਰਹੇਗਾ। ਆਵੇ ਹੀ ਕੱਚੇ ਕਿਹਾ ਹੈ ਨਾ ਉਹਨੇ। ਮੁਨਾਫੇ ਨੂੰ ਤਾਂ ਨਹੀਂ ਕਿਹਾ, ਮੁਨਾਫਾ ਤੈਨੂੰ ਪੂਰਾ ਹੋਏਗਾ। ਸੋ ਮਹਾਰਾਜ ਗੁਰੂ ਅੰਗਦ ਸਾਹਿਬ ਨੇ ਕਿਹਾ ਕਿ ਉਹ ਤਾਂ ਅਭੇਦ ਅਵਸਥਾ ਦਾ ਗੁਰਸਿੱਖ ਹੈ, ਉਹਦੀ ਕਹੀ ਹੋਈ ਮੋੜੀ ਨਹੀਂ ਜਾਂਦੀ ਸਾਡੇ ਤੋਂ।

ਸੋ ਇਸ ਤਰ੍ਹਾਂ ਮਹਾਰਾਜ ਨੇ ਇਜਾਜ਼ਤ ਦੇ ਦਿੱਤੀ, ਗੁਰੂ ਤੀਸਰੇ ਪਾਤਸ਼ਾਹ ਵੇਲੇ, ਚੌਥੇ ਪਾਤਸ਼ਾਹ ਵੇਲੇ, ਇਹ ਕੀਰਤਨ ਤਾਂ ਕਰਦੇ ਰਹੇ, ਲੇਕਿਨ ਭਿੱਜੇ ਨਾ। ਆਦਮੀ ਓਨੀਂ ਦੇਰ ਤਕ ਨਹੀਂ ਭਿੱਜਦਾ, ਜਿੰਨਾਂ ਚਿਰ ਤਕ ਬ੍ਰਹਮਗਿਆਨ ਨਹੀਂ ਹੁੰਦਾ, ਓਨੀਂ ਦੇਰ ਤਕ ਆਦਮੀ ਦਾ ਸੁਭਾਅ ਨਹੀਂ ਬਦਲਿਆ ਕਰਦਾ। ਸੁਭਾਅ ਪ੍ਰਾਕ੍ਰਿਤੀ ਦੇ ਉਤੇ ਹੈ, ਇਹ ਫੇਰ ਜ਼ੋਰ ਪਾ ਜਾਂਦੀ ਹੈ, ਭੁਲੇਖਾ ਦੇਖ ਕੇ ਫੇਰ ਉਥੇ ਦਾ ਉਥੇ ਬੰਦਾ ਆ ਜਾਂਦਾ ਹੈ। ਸੁਭਾਅ ਨੂੰ ਕੁੱਤੇ ਦੀ ਪੂੰਛ ਨਾਲ ਤਸ਼ਵੀਹ ਦਿੰਦੇ ਨੇ, ਬਾਰ੍ਹਾਂ ਸਾਲ ਨਲਕੀ 'ਚ ਰੱਖੋ, ਜਦੋਂ ਕੱਢ ਲਓ ਫੇਰ ਵਿੰਗੀ ਦੀ ਵਿੰਗੀ। ਇਹ ਆਦਮੀ ਦਾ basic ਸੁਭਾਅ ਹੋਇਆ ਕਰਦਾ ਹੈ। ਗੁਣਾਂ ਦੇ ਹਿਸਾਬ ਨਾਲ ਸੁਭਾਅ ਚਲਦਾ ਹੈ। ਸੋ ਇਹ ਗੁਰੂ ਮਹਾਰਾਜ ਗੁਰੂ ਪੰਜਵੇਂ ਪਾਤਸ਼ਾਹ ਦਾ ਸਮਾਂ ਆ ਗਿਆ, ਗੁਰੂ ਮਹਾਰਾਜ ਦੀ ਬਹੁਤ ਵੱਡੀ ਵਿਰੋਧਤਾ ਪ੍ਰਿਥੀਆ ਕਰ ਰਿਹਾ ਹੈ, ਕਿਸੇ ਪਾਸਿਓਂ ਗੁਰੂ ਦਰਬਾਰ ਦੇ ਅੰਦਰ ਕੋਈ ਪੂਜਾ ਨਹੀਂ ਆਉਣ ਦਿੰਦਾ, ਲੰਗਰ ਦੇ ਵਿੱਚ ਭੇਜ ਦਿੰਦਾ ਹੈ ਸੰਗਤਾਂ ਨੂੰ, ਪੂਜਾ ਸਾਰੀ ਆਪ ਲੈ ਲੈਂਦਾ ਹੈ, ਕੋਈ ਦਸਵੰਧ ਨਹੀਂ ਆਉਣ ਦਿੰਦਾ, ਐਸੀ ਹਾਲਤ ਚੱਲ ਰਹੀ ਹੈ ਤੇ ਭਾਈ ਗੁਰਦਾਸ ਜੀ ਤੇ ਬਾਬਾ ਬੁੱਢਾ ਜੀ ਨੇ ਸੰਗਤਾਂ ਨੂੰ ਦੱਸਿਆ ਕਿ ਸਤਿਗੁਰੂ ਇਹ ਨੇ ਤੇ ਉਸ ਵੇਲੇ ਸੰਗਤਾਂ ਆਉਣੀਆਂ ਸ਼ੁਰੂ ਹੋਈਆਂ, ਲੇਕਿਨ ਵਿਰੋਧਤਾ ਬੜੀ ਜ਼ਬਰਦਸਤ ਸੀ, ਇਨ੍ਹਾਂ ਦੇ ਮਨ ਵਿੱਚ ਸ਼ਰਧਾ ਨਹੀਂ ਸੀ ਗੁਰੂਆਂ ਦੀ ਆ ਰਹੀ। ਦੇਖਦੇ ਸੀ ਸਾਰੇ ਕੌਤਕ, ਲੇਕਿਨ ਸ਼ਰਧਾ ਤੋਂ ਹੀਣੇ ਸੀ। ਗਾਉਂਦੇ ਸੀ, ਕੀਰਤਨ ਕਰਦੇ ਸੀ। ਜ਼ੁਬਾਨ ਦੇ ਉੱਤੇ ਰਸ ਸੀ, ਗੁਰੂ ਦੀ ਕ੍ਰਿਪਾ ਸੀ, ਸ਼ਬਦ ਦੀ ਸੋਝੀ ਸੀ, ਸੁਰ ਦੀ ਸੋਝੀ ਸੀ ਪਰ ਅੰਦਰੋਂ ਇੱਕ ਘਾਟ ਸੀ ਕਿ ਸ਼ਰਧਾ ਨਹੀਂ ਸੀ। ਠਾਠ ਦੇ ਵਿੱਚ ਰਹਿੰਦੇ ਸੀ, ਰਸੀਏ ਨਹੀਂ ਸੀ ਬਣੇ, ਮਾਣ ਵਾਲੇ ਬਣੇ ਰਹੇ। ਮਾਣ ਬੇਅੰਤ ਹੀ ਸੀ ਗੁਰੂ ਦੇ ਹਜ਼ੂਰੀ ਰਾਗੀ ਹੋਣ ਨਾਲ। ਦੂਰ-ਦਰਾਜ਼ ਤੋਂ ਸੰਗਤਾਂ ਆਉਂਦੀਆਂ ਸੀ ਮਾਣ ਦਿੰਦੀਆਂ ਸੀ ਉਨ੍ਹਾਂ ਨੂੰ ਤੇ ਅੱਜ ਗੁਰੂ ਮਹਾਰਾਜ ਦੇ ਹਜ਼ੂਰ ਆਏ, ਕਹਿਣ ਲੱਗੇ ਸੱਚੇ ਪਾਤਸ਼ਾਹ! ਲੜਕੀ ਦੀ ਸ਼ਾਦੀ ਹੈ, ਉਹਦੇ ਵਾਸਤੇ ਸਾਨੂੰ ਮਾਇਆ ਦੀ ਲੋੜ ਹੈ। ਮਹਾਰਾਜ ਕਹਿੰਦੇ, ਕਿੰਨੀ ਕੁ ਮਾਇਆ ਚਾਹੀਦੀ ਹੈ। ਕਹਿੰਦੇ ਮਹਾਰਾਜ ਘੱਟ ਤੋਂ ਘੱਟ ਪੰਜ ਸੌ ਰੁਪਿਆ ਚਾਹੀਦਾ ਹੈ। ਜਦ ਇੱਕ ਰੁਪਏ ਦੇ ਨੌਂ ਮਣ ਛੋਲੇ ਆਉਂਦੇ ਸੀ, ਹਿਸਾਬ ਲਾ ਲਓ ਕਿ ਕਿੰਨੇ ਰੁਪਏ ਹੋਣਗੇ। ਅੱਜ ਦੇ ਲੱਖਾਂ ਰੁਪਏ ਬਣ ਗਏ। ਮਹਾਰਾਜ ਕਹਿੰਦੇ, ਦੇਖੋ ਸ਼ਾਦੀਆਂ 'ਤੇ ਐਨਾ ਖਰਚ ਨਹੀਂ ਕਰੀਦਾ, ਸਿੱਧੇ-ਸਾਦੇ ਰਹੀਦਾ ਹੁੰਦਾ ਹੈ, ਥੋੜ੍ਹਾ ਜਿਹਾ ਖਰਚ ਕਰੀਦਾ ਹੁੰਦਾ

ਹੈ, ਐਡਾ ਵੱਡਾ ਖਰਚ ਤੁਸੀਂ ਕਰਨ ਲੱਗੇ ਓਂ ਤੇ ਤੁਸੀਂ ਇਸ ਤਰ੍ਹਾਂ ਨਾ ਕਰੋ। ਕਹਿਣ ਲੱਗੇ, ਮਹਾਰਾਜ! ਜੇ ਪੰਜ ਸੌ ਤੁਸੀਂ ਨਕਦ ਨਹੀਂ ਦੇਣਾ ਤਾਂ ਐਉਂ ਕਰੋ ਜਿਹੜਾ ਕੱਲ੍ਹ ਨੂੰ ਚੜ੍ਹਾਵਾ ਆਏਗਾ, ਉਹ ਸਾਨੂੰ ਦੇ ਦਿਓ। ਵੱਡਾ ਦੀਵਾਨ ਸੀ ਦੂਸਰੇ ਦਿਨ ਤੇ ਇਨ੍ਹਾਂ ਦਾ ਖਿਆਲ ਸੀ ਕਿ ਇੱਥੇ ਤਾਂ ਬੜਾ ਚੜ੍ਹਾਵਾ ਚੜ੍ਹ ਜਾਂਦਾ ਹੈ, ਚਾਰ-ਚਾਰ, ਪੰਜ-ਪੰਜ ਸੌ ਰੁਪਿਆ ਤਾਂ ਸਹਿਜੇ ਹੀ ਹੋ ਜਾਂਦਾ ਹੈ ਤੇ ਦੀਵਾਨ ਵੀ ਖਾਸ ਹੈ ਤੇ ਕੁਛ ਜ਼ਿਆਦਾ ਪੈਸੇ ਚੜ੍ਹਨਗੇ। ਲਾਲਚ ਵਿੱਚ ਆ ਗਏ। ਲੋਭ ਆਦਮੀ ਨੂੰ ਖਤਮ ਕਰ ਦਿੰਦਾ ਹੈ ਜਿਵੇਂ ਪਾਣੀ ਨੂੰ ਬੂਰ ਖਤਮ ਕਰਦਾ ਹੈ। ਮਹਾਰਾਜ ਕਹਿੰਦੇ ਚੰਗਾ ਜੋ ਤੁਹਾਡੀ ਇੱਛਿਆ ਹੈ, ਠੀਕ ਹੈ। ਦੂਸਰੇ ਦਿਨ ਕੁਛ ਐਸਾ ਹੋਇਆ ਕਿ ਚੜ੍ਹਾਵਾ ਨਾ ਆਇਆ, ਸੰਗਤ ਲੇਟ ਆਈ, ਜਿਹੜੇ ਬਾਹਰੋਂ ਆਏ ਹੋਏ ਸੀ ਦੂਰ-ਦਰਾਜ਼ ਪਿਸ਼ਾਵਰ ਵਲੋਂ, ਹਿੰਦੋਸਤਾਨ ਭਰ 'ਚੋਂ, ਉਹ ਵੀ ਸਵੇਰ ਦੇ ਦੀਵਾਨ 'ਚ ਮੱਥਾ ਟੇਕਣ ਆਏ, ਥੱਕੇ ਹੋਏ ਬਹੁਤ ਸੀ ਲੇਟ ਆਏ ਸੀ ਤੇ ਮਹਾਰਾਜ ਨਾਲ ਬਚਨ ਵੀ ਕਰਨੇ ਸੀ ਕਿ ਸ਼ਾਮ ਨੂੰ ਮਹਾਰਾਜ ਦੇ ਦਰਸ਼ਨ ਕਰਾਂਗੇ ਤੇ ਬਚਨ ਵੀ ਕਰਾਂਗੇ ਤੇ ਚੜ੍ਹਾਵਾ ਵੀ ਦੇਵਾਂਗੇ। ਐਸੀ ਕੁਦਰਤ ਹੋਈ ਕਿ ਚੜ੍ਹਾਵਾ ਨਾ ਚੜ੍ਹਿਆ, ਸਿਰਫ ਸੌ ਰੁਪਿਆ ਚੜ੍ਹਿਆ। ਇਹ ਜਦੋਂ ਸੌ ਰੁਪਿਆ ਉਨ੍ਹਾਂ ਨੇ ਦੇਖਿਆ, ਉਸ ਵੇਲੇ ਨਰਾਜ਼ ਹੋ ਗਏ, ਕਹਿੰਦੇ ਇੱਥੇ ਕੀ ਕੀਰਤਨ ਕਰਨਾ ਹੈ। ਦੂਸਰੇ ਦਿਨ ਕੀਰਤਨ ਕਰਨ ਆਏ, ਦੀਵਾਨ ਸਜ ਗਿਆ ਕੀਰਤਨ ਵਾਲੇ ਆਏ ਨਹੀਂ। ਉਸ ਵੇਲੇ ਗੁਰਸਿੱਖ ਗਏ ਜਾ ਕੇ ਕਿਹਾ ਕਿ ਭਾਈ ਆਓ, ਗੁਰੂ ਮਹਾਰਾਜ ਆਉਣ ਵਾਲੇ ਨੇ ਤੇ ਸੰਗਤਾਂ ਬੈਠੀਆਂ ਨੇ ਤੁਹਾਡਾ ਇੰਤਜ਼ਾਰ ਕਰਦੀਆਂ ਨੇ ਤੇ ਤੁਸੀਂ ਆਓ ਕੀਰਤਨ ਕਰੋ। ਕਹਿੰਦੇ, ਅਸੀਂ ਨਹੀਂ ਕਰਨਾ, ਅਖੀਰ ਨੌਬਤ ਇੱਥੇ ਤੱਕ ਆ ਗਈ ਕਿ ਗੁਰੂ ਪੰਜਵੇਂ ਪਾਤਸ਼ਾਹ ਮਹਾਰਾਜ ਆ ਗਏ ਤੇ ਉਨ੍ਹਾਂ ਨੇ ਆ ਕੇ ਜਦੋਂ ਕਿਹਾ ਕਿ ਆਏ ਨਹੀਂ ਭਾਈ ਰਾਗੀ, ਕਹਿੰਦੇ ਮਹਾਰਾਜ ਪਤਾ ਨਹੀਂ ਅੱਜ ਕੀ ਹੋ ਗਿਆ। ਉਹ ਤਾਂ ਬੜੀਆਂ ਰੁੱਖੀਆਂ ਗੱਲਾਂ ਕਰਦੇ ਨੇ। ਮਹਾਰਾਜ ਕਹਿੰਦੇ, ਚਲੋ ਆਪਾਂ ਚਲਦੇ ਹਾਂ, ਮਹਾਰਾਜ ਜੀ ਆਪ ਹੀ ਚਲੇ ਗਏ, ਦੋ ਸਿੱਖ ਨਾਲ ਲੈ ਲਏ। ਆਵਾਜ਼ ਦਿੱਤੀ, ਭਾਈ ਬਲਵੰਡ! ਭਾਈ ਸੱਤਾ? ਜਵਾਬ ਨਹੀਂ ਦਿੱਤਾ। ਮਹਾਰਾਜ ਨੇ ਦੂਸਰੀ ਤੀਸਰੀ ਆਵਾਜ਼ ਦਿੱਤੀ ਕਿ ਬਾਹਰ ਤਾਂ ਆਓ ਤੁਸੀਂ, ਗੱਲ ਦੱਸੋ ਕੀ ਹੈ ਕਹਿੰਦੇ ਗੱਲ ਅਸੀਂ ਤੁਹਾਡੇ ਨਾਲ ਕੀ ਕਰਨੀ ਹੈ, ਤੁਹਾਡੀ ਗੁਰਿਆਈ ਅਸੀਂ ਚਲਾ ਰਹੇ ਹਾਂ ਤੇ ਸਾਡੇ ਨਾਲ ਐਡਾ ਧੋਖਾ, ਤੁਸੀਂ ਸਾਰਿਆਂ ਨੂੰ ਵਰਜ ਦਿੱਤਾ ਕਿ ਚੜ੍ਹਾਵਾ ਨਾ ਚੜ੍ਹਾਇਓ ਤੇ ਅੱਗੇ ਚਾਰ-ਚਾਰ, ਪੰਜ-ਪੰਜ ਸੌ ਹਜ਼ਾਰ ਚੜ੍ਹਦਾ ਹੈ, ਮੋਹਰਾਂ ਚੜ੍ਹਦੀਆਂ ਨੇ, ਸੋਨੇ ਦੇ ਗਹਿਣੇ ਚੜ੍ਹਦੇ ਨੇ ਤੇ ਅੱਜ ਕੁਛ ਵੀ ਨਾ ਆਇਆ ਤੇ ਤੁਸੀਂ ਅੰਦਰੋਂ ਕਹਿੰਦੇ ਓਂ ਕਿ ਅਸੀਂ ਤਿਆਗੀ ਹਾਂ, ਤੁਸੀਂ ਤਿਆਗੀ ਨਹੀਂ ਤੁਸੀਂ ਮਾਇਆਧਾਰੀ ਓਂ ਤੇ ਮਾਇਆ ਰੋਕ ਦਿੱਤੀ ਤੁਸੀਂ ਸਾਰੀ। ਸ਼ਕਤੀ ਨਾਲ ਰੋਕ ਦਿੱਤੀ, ਇਨ੍ਹਾਂ ਨੂੰ ਪਤਾ ਨਹੀਂ ਸੀ ਸਾਧਸੰਗਤ ਜੀ ਕਿ ਇਹ ਮਾਇਆ ਦੇ ਵਿਚ ਬੇਅੰਤ ਬਰਕਤ ਹੈ, ਬਹੁਤ ਵੱਡੀਆਂ ਬਰਕਤਾਂ ਹੁੰਦੀਆਂ ਨੇ ਗੁਰੂ ਦੀ ਦਾਤ ਹੋਏ, ਇੱਕ ਰੁਪਏ 'ਚ ਵੀ ਬਰਕਤ ਹੁੰਦੀ ਹੈ। ਜਿਹੜੀ ਗੁਰੂ ਦੀ ਬਖਸ਼ਿਸ਼ ਨਾਲ ਮਿਲੇ ਉਹ ਬਰਕਤਾਂ ਹੀ ਬਰਕਤਾਂ ਹੋਇਆ ਕਰਦੀਆਂ ਨੇ। ਇਸ ਗੱਲ ਤੋਂ ਇਹ ਅਣਜਾਣ ਸੀ, ਸੋ ਵਧਵੀਆਂ ਘਟਵੀਆਂ ਗੱਲਾਂ, ਇੱਥੇ ਤੱਕ ਗੱਲ ਕਹਿ ਗਏ ਕਿ ਜੇ ਅਸੀਂ ਨਾ ਹੁੰਦੇ, ਸਾਡਾ ਭਰਾ ਮਰਦਾਨਾ ਨਾ ਹੁੰਦਾ, ਗੁਰੂ ਨਾਨਕ ਨੂੰ ਕੀਹਨੇ ਪੁੱਛਣਾ ਸੀ, ਬਥੇਰੇ ਸਾਧ ਤੁਰੇ ਫਿਰਦੇ ਸੀ, ਓਹੀ ਸੀ ਜਿਹੜਾ ਰਬਾਬ ਲੈ ਕੇ ਕੀਰਤਨ ਕਰਦਾ ਸੀ, ਲੋਕ ਇਕੱਠੇ ਹੋ ਜਾਂਦੇ ਸੀ, ਫੇਰ ਗੁਰੂ ਨਾਨਕ ਨੂੰ ਮੌਕਾ ਮਿਲਦਾ ਸੀ ਗੱਲ ਕਰਨ ਦਾ। ਇਕੱਠ ਤਾਂ ਅਸੀਂ ਕਰਦੇ ਹਾਂ, ਜੇ ਅਸੀਂ ਦੂਜੇ ਪਾਤਸ਼ਾਹ, ਤੀਸਰੇ, ਚੌਥੇ ਤੇ ਤੁਹਾਡੇ ਦਰਬਾਰ ਵਿੱਚ ਕੀਰਤਨ ਨਾ ਕਰਦੇ ਹੋਈਏ, ਤੁਹਾਨੂੰ ਕੌਣ ਪੁਛਦਾ ਹੈ। ਸਾਨੂੰ ਬਥੇਰੇ ਥਾਂ ਨੇ, ਸਾਡੇ ਕੋਲ ਬਾਣੀ ਹੈ, ਸਾਡੇ ਕੋਲ ਸੁਰ ਹੈ। ਅਸੀਂ ਪ੍ਰਿਥੀ ਚੰਦ ਜੀ ਕੋਲ ਚਲੇ ਜਾਵਾਂਗੇ, ਉਹਨੂੰ ਗੁਰੂ ਬਣਾ ਲਵਾਂਗੇ। ਸਾਡੇ ਹੱਥ ਵਿੱਚ ਹੈ ਗੁਰੂ ਬਣਾਉਣਾ, ਜਦੋਂ ਗੁਰੂ ਨਾਨਕ ਪਾਤਸ਼ਾਹ ਦੇ ਬਾਰੇ ਸੁਣਿਆ, ਗੁਰੂ ਅੰਗਦ ਪਾਤਸ਼ਾਹ ਦੇ ਬਾਰੇ ਸੁਣਿਆ, ਮਹਾਰਾਜ ਕਹਿਣ ਲੱਗੇ, ਪ੍ਰੇਮੀਆਂ! ਮੈਨੂੰ ਤਾਂ ਚਾਹੇ ਕੁਛ ਕਹਿ ਲੈਂਦਾ, ਕੋਈ ਗੱਲ ਨਹੀਂ, ਪਰ ਹੁਣ ਤੂੰ ਮਾੜੀ ਗੱਲ ਕਰੀ ਹੈ, ਕਹਿੰਦੇ ਜਾਹ ਓਏ ਕੁਸ਼ਟੀਆਂ, ਇਹ ਗੱਲ ਤੇਰੀ ਚੰਗੀ ਨਹੀਂ। ਮਾੜੀ ਗੱਲ ਕਹਿ ਦਿੱਤੀ, ਗੁਰੂਆਂ ਦੇ ਕੋਲ ਰਹਿ ਕੇ ਐਨੀ ਸੇਵਾ ਕਰਕੇ, ਹੈਰਾਨੀ ਦੀ ਗੱਲ ਹੈ ਸਾਧਸੰਗਤ ਜੀ! ਜਦੋਂ ਇਤਿਹਾਸ ਵਾਚਦੇ ਹਾਂ, ਐਨੇ ਸਮਰੱਥ ਗੁਰੂਆਂ ਦੇ ਕੋਲ ਰਹਿ ਕੇ ਫੇਰ ਵੀ ਇਹ ਕੋਰੜੂ ਮੋਠ ਰਹਿ ਗਏ -

***ਧਾਰਨਾ - ਬਾਂਸ ਰਹਿ ਗਿਆ ਸੁਗੰਧੀਓਂ ਖਾਲੀ,***
***ਨੇੜੇ ਰਹਿ ਕੇ ਚੰਦਨ ਦੇ।***

***ਕਬੀਰ ਚੰਦਨ ਕਾ ਬਿਰਵਾ ਭਲਾ***
***ਬੇੜ੍ਹਿਓ ਢਾਕ ਪਲਾਸ ॥***
***ਓਇ ਭੀ ਚੰਦਨੁ ਹੋਇ ਰਹੇ***
***ਬਸੇ ਜੁ ਚੰਦਨ ਪਾਸਿ ॥ ਅੰਗ - ੧੩੬੫***

***ਕਬੀਰ ਬਾਂਸੁ ਬਡਾਈ ਬੂਡਿਆ***
***ਇਉ ਮਤ ਡੂਬਹੁ ਕੋਇ ॥***
***ਚੰਦਨ ਕੈ ਨਿਕਟੇ ਬਸੈ ਬਾਂਸੁ ਸੁਗੰਧੁ ਨ ਹੋਇ ॥***
***ਅੰਗ - ੧੩੬੫***

***ਸੀਸੁ ਨਿਵਾਏ ਢੀਂਗੁਲੀ***
***ਗਲਿ ਬੰਧੇ ਜਲੁ ਉਚਾ ਆਵੈ।***
***ਘੁਘੂ ਸੁਝ ਨ ਸੁਝਈ ਚਕਈ ਚੰਦੁ ਨ ਡਿਠਾ ਭਾਵੈ।***
***ਸਿੰਮਲ ਬਿਰਖੁ ਨ ਸਫਲੁ ਹੋਇ***
***ਚੰਦਨੁ ਵਾਸੁ ਨ ਵਾਂਸਿ ਸਮਾਵੈ।***
***ਸਪੈ ਦੁਧੁ ਪੀਆਲੀਐ ਤੁਮੇ ਦਾ ਕਉੜਤੁ ਨ ਜਾਵੈ।***
***ਜਿਉ ਥਣਿ ਚੰਬੜਿ ਚਿਚੜੀ***
***ਲੋਹੂ ਪੀਐ ਦੁਧੁ ਨ ਖਾਵੈ।***
***ਸਭ ਅਵਗੁਣ ਮੈ ਤਨਿ ਵਸਨਿ***
***ਗੁਣ ਕੀਤੇ ਅਵਗੁਣ ਨੋ ਧਾਵੈ।***
***ਥੋਮ ਨ ਵਾਸੁ ਕਥੂਰੀ ਆਵੈ।***
***ਭਾਈ ਗੁਰਦਾਸ ਜੀ, ਵਾਰ ੬/੨●***

ਭਾਈ ਗੁਰਦਾਸ ਜੀ ਐਸੀ ਅਵਸਥਾ ਦਾ ਜ਼ਿਕਰ ਕਰਦੇ ਦਿਸਦੇ ਨੇ ਕਿ ਪਾਣੀ ਦੇ ਜੰਤ੍ਰ ਦਾ ਗਲਾ ਬੰਨ੍ਹ ਕੇ ਸਿਰ ਨਿਵਾਉਂਦੇ ਹਨ ਕਿ ਪਾਣੀ ਉੱਚਾ ਆਵੇ, ਭਾਵ ਆਪ ਨਹੀਂ ਨਿਉਂਦੀ, ਜ਼ੋਰ ਨਾਲ ਨਿਵਾਉਂਦੇ ਨੇ ਜਲ ਨੂੰ ਕੱਢਣ ਵਾਸਤੇ, ਇਸੇ ਤਰ੍ਹਾਂ ਮਨਮੁਖ

ਆਪ ਨਹੀਂ ਨੀਂਵਦਾ। ਚੱਕਵੀ ਨੂੰ ਚੰਦ ਚੰਗਾ ਨਹੀਂ ਲਗਦਾ–

***ਸਿੰਮਲ ਬਿਰਖੁ ਨ ਸਫਲੁ ਹੋਇ***
***ਚੰਦਨੁ ਵਾਸੁ ਨ ਵਾਂਸਿ ਸਮਾਵੈ।***
***ਭਾਈ ਗੁਰਦਾਸ ਜੀ, ਵਾਰ ੬/੨੦***

ਬਾਂਸ ਵਿਚ ਚੰਦਨ ਦੀ ਵਾਸਨਾ ਨਹੀਂ ਆਉਂਦੀ, ਜਿਹੜਾ ਸਿੰਮਲ ਹੈ ਮਾਣ ਦਾ ਮਾਰਿਆ ਹੋਇਆ, ਉਹ ਸਫਲ ਨਹੀਂ ਹੁੰਦਾ–

***ਸਪੈ ਦੁਧੁ ਪੀਆਲੀਐ ਤੁਮੇ ਦਾ ਕਉੜਤੁ ਨ ਜਾਵੈ।***
***ਭਾਈ ਗੁਰਦਾਸ ਜੀ, ਵਾਰ ੬/੨੦***

ਸੱਪਾਂ ਨੂੰ ਦੁੱਧ ਪਿਲਾ ਲਓ, ਜ਼ਹਿਰ ਨਹੀਂ ਜਾਂਦਾ, ਤੁਮਾ ਜਿਹੜਾ ਹੈ ਉਹਦੀ ਕੁੜਤਣ ਨਹੀਂ ਜਾਂਦੀ ਕਿਸੇ ਤਰ੍ਹਾਂ ਨਾਲ, ਚਾਹੇ ਉਹਦੀਆਂ ਜੜ੍ਹਾਂ 'ਚ ਰੋਜ਼ ਸ਼ਰਬਤ ਪਾਈ ਜਾਓ।

***ਜਿਉ ਥਣਿ ਚੰਬੜਿ ਚਿਚੜੀ***
***ਲੋਹੂ ਪੀਐ ਦੁਧੁ ਨ ਖਾਵੈ।***
***ਭਾਈ ਗੁਰਦਾਸ ਜੀ, ਵਾਰ ੬/੨੦***

ਚਿੰਚੜੀ ਲਹੂ ਪੀਂਦੀ ਰਹਿੰਦੀ ਹੈ ਦੁੱਧ ਨਹੀਂ ਪੀਂਦੀ। ਇਨ੍ਹਾਂ ਦੀ ਅਵਸਥਾ ਦੇ ਬਾਰੇ ਆਪ ਫੁਰਮਾਨ ਕਰਦੇ ਨੇ ਕਿ ਗੁਰੂ ਦੇ ਕੋਲ ਰਹਿ ਕੇ, ਗੁਰੂ 'ਤੇ ਸ਼ਰਧਾ ਨਹੀਂ ਆਈ, ਪਿਆਰ ਨਹੀਂ ਆਇਆ, ਆਪਣਾ ਮਾਣ ਉਨ੍ਹਾਂ ਨੂੰ ਰਿਹਾ ਕਿ ਅਸੀਂ ਕੀਰਤਨ ਕਰਦੇ ਹਾਂ, ਸਾਡੇ ਕੀਰਤਨ ਦੇ ਉਤੇ ਦੁਨੀਆਂ ਆਉਂਦੀ ਹੈ, ਅਸ਼-ਅਸ਼ ਕਰਦੀ ਹੈ ਤੇ ਉਸਤਤ ਹੁੰਦੀ ਹੈ। ਸੋ ਇਹ ਜਿਹੜੀ ਚੀਜ਼ ਹੈ ਇਹ ਆਦਮੀ ਨੂੰ ਗਿਰਾ ਲੈਂਦੀ ਹੈ ਤੇ ਇਹਦੇ ਨਾਲ ਮਾਣ ਆ ਜਾਂਦਾ ਹੈ, ਮਾਣ ਬਾਰੇ ਗੁਰੂ ਮਹਾਰਾਜ ਇਸ ਤਰ੍ਹਾਂ ਫੁਰਮਾਨ ਕਰਦੇ ਨੇ –

***ਧਾਰਨਾ – ਤੇਰਾ ਮਾਣ–ਤੇਰਾ ਮਾਣ ਜੀ,***
***ਗੁਰਾਂ ਨੂੰ ਨਾ ਭਾਵੇ ਭਾਈ ਤੇਰਾ ਮਾਣ ਜੀ।***

***ਹਰਿ ਜੀਉ ਅਹੰਕਾਰੁ ਨ ਭਾਵਈ***
***ਵੇਦ ਕੂਕਿ ਸੁਣਾਵਹਿ ॥ ਅੰਗ – ੧੦੮੯***

ਜਿਥੇ ਮਾਣ ਹੋ ਜਾਂਦਾ ਹੈ, ਮਹਾਰਾਜ ਕਹਿੰਦੇ ਉਹ ਧਰਤੀ 'ਤੇ ਗਿਰਦਾ ਹੈ।

***ਵਿਝਣ ਕਲਹ ਨ ਦੇਵਦਾ ਤਾਂ ਲਇਆ ਕਰਤੇ ॥***
***ਜੋ ਜੋ ਕਰਤੇ ਅਹੰਮੇਉ ਝੜਿ ਧਰਤੀ ਪੜਤੇ ॥***
***ਅੰਗ – ੩੧੨***

ਜਿਨ੍ਹਾਂ-ਜਿਨ੍ਹਾਂ ਨੇ ਵੀ ਅਹੰਕਾਰ ਕਰਿਆ ਹੈ ਕਹਿੰਦੇ, ਝੜ ਕੇ ਧਰਤੀ 'ਤੇ ਗਿਰੇ ਨੇ। ਕਿਉਂਕਿ ਗੁਣ ਦਾ ਹੰਕਾਰ ਹੋ ਜਾਣਾ, ਕੁਦਰਤੀ ਬਾਤ ਹੋਇਆ ਕਰਦਾ ਹੈ –

***ਹਮ ਬਡ ਕਬਿ ਕੁਲੀਨ ਹਮ ਪੰਡਿਤ***
***ਹਮ ਜੋਗੀ ਸੰਨਿਆਸੀ ॥***
***ਗਿਆਨੀ ਗੁਨੀ ਸੂਰ ਹਮ ਦਾਤੇ***
***ਇਹ ਬੁਧਿ ਕਬਹਿ ਨ ਨਾਸੀ ॥ ਅੰਗ – ੯੭੪***

ਐਸੀ ਬੁੱਧ ਆਉਂਦੀ ਹੈ ਕੁਦਰਤੀ ਤੌਰ 'ਤੇ, ਕਹਿੰਦੇ ਇਹ ਭਾਉਂਦਾ ਨਹੀਂ ਹੋਇਆ ਕਰਦਾ, ਜਿਹਨੂੰ ਇਹ ਅਹੰਕਾਰ ਹੋਇਆ ਹੈ, ਫੁਰਮਾਨ ਕਰਦੇ ਨੇ ਮਿਸਾਲਾਂ ਦਿੰਦੇ ਹੋਏ –

***ਦੁਰਮਤਿ ਹਰਣਾਖਸੁ ਦੁਰਾਚਾਰੀ ॥***
***ਪ੍ਰਭੁ ਨਾਰਾਇਣੁ ਗਰਬ ਪ੍ਰਹਾਰੀ ॥***
***ਪ੍ਰਹਲਾਦ ਉਧਾਰੇ ਕਿਰਪਾ ਧਾਰੀ ॥ ਅੰਗ- ੨੨੪***

ਹਰਣਾਖਸ ਨੂੰ ਅਭਿਮਾਨ ਹੋਇਆ ਹਦ ਦਰਜੇ ਦਾ –

***ਪ੍ਰਭੁ ਨਾਰਾਇਣੁ ਗਰਬ ਪ੍ਰਹਾਰੀ ॥***
***ਪ੍ਰਹਲਾਦ ਉਧਾਰੇ ਕਿਰਪਾ ਧਾਰੀ ॥ ਅੰਗ – ੨੨੪***

ਹਰਣਾਖਸ ਦਾ ਖਾਤਮਾ ਕਰ ਦਿੱਤਾ –

***ਭੂਲੋ ਰਾਵਣੁ ਮੁਗਧੁ ਅਚੇਤਿ ॥***
***ਲੂਟੀ ਲੰਕਾ ਸੀਸ ਸਮੇਤਿ ॥***
***ਗਰਬਿ ਗਇਆ ਬਿਨੁ ਸਤਿਗੁਰ ਹੇਤਿ ॥***
***ਅੰਗ – ੨੨੪***

***ਜਨਮੇਜੈ ਗੁਰ ਸਬਦੁ ਨ ਜਾਨਿਆ ॥***
***ਅੰਗ – ੨੨੫***

ਜਨਮੇਜੇ ਨੂੰ ਅਭਿਮਾਨ ਸੀ ਕਿ ਮੈਂ ਨਹੀਂ ਹੋਣੀ ਵਰਤਣ ਦੇਣੀ। ਮਹਾਂਭਾਰਤ ਦਾ ਯੁੱਧ ਹੋਇਆ ਕ੍ਰਿਸ਼ਨ ਜੀ ਕਿਉਂ ਨਾ ਹਟਾ ਸਕੇ। ਭੀਸ਼ਮ ਪਿਤਾਮਾ, ਦਰੋਣਾਚਾਰੀਆ, ਯੁਧਿਸ਼ਟਰ ਨੂੰ ਧਰਮਰਾਜ ਕਹਿੰਦੇ ਸੀ, ਉਹ ਕਿਉਂ ਨਾ ਯੁੱਧ ਦੂਰ ਕਰ ਸਕੇ। ਵਿਆਸ ਜੀ ਕਹਿੰਦੇ, ਰਾਜਨ! ਇਹ ਜੋ ਭਾਵੀ ਹੈ ਉਹ ਵਰਤ ਕੇ ਹਟਦੀ ਹੈ। ਕਹਿੰਦਾ ਮੈਨੂੰ ਦਸ ਦਿਓ, ਮੈਂ ਭਾਵੀ ਨਹੀਂ ਵਰਤਣ ਦੇਵਾਂਗਾ। ਸਾਰੀਆਂ ਗੱਲਾਂ ਲਿਖਾ ਦਿੱਤੀਆਂ, ਅਖੀਰ ਸਾਰੀਆਂ ਦਾ ਬੰਦੋਬਸਤ ਕਰ ਲਿਆ। ਲੇਕਿਨ ਭਾਵੀ ਵਰਤ ਕੇ ਹਟੀ।

***ਰੋਵੈ ਜਨਮੇਜਾ ਖੁਇ ਗਇਆ ॥***
***ਏਕੀ ਕਾਰਣਿ ਪਾਪੀ ਭਇਆ ॥ ਅੰਗ – ੯੫੪***
***ਜਨਮੇਜੈ ਗੁਰ ਸਬਦੁ ਨ ਜਾਨਿਆ ॥***
***ਕਿਉ ਸੁਖੁ ਪਾਵੈ ਭਰਮਿ ਭੁਲਾਨਿਆ ॥***
***ਇਕੁ ਤਿਲੁ ਭੂਲੈ ਬਹੁਰਿ ਪਛੁਤਾਨਿਆ ॥***
***ਅੰਗ – ੨੨੫***

ਵੇਦ ਵਿਆਸ ਜੀ ਨੇ ਕਿਹਾ ਸੀ ਕਿ ਦੇਖ, ਹੁਣ ਨਾਂਹ ਨਾ ਕਹੀਂ। ਕਥਾ ਆ ਗਈ ਕਿ ਭੀਮ ਸੈਨ ਨੇ ਹਾਥੀ ਮਾਰੇ ਉਪਰਲੀ ਸਪੇਸ ਵਿੱਚ ਜੋ ਹੁਣ ਤਕ ਘੁੰਮਦੇ ਫਿਰਦੇ ਨੇ। ਕਹਿੰਦਾ ਇਹ ਤਾਂ ਗੱਲ ਹੋ ਨਹੀਂ ਸਕਦੀ। ਐਨੀ ਗੱਲ ਮੱਲੋ-ਮੱਲੀ ਨਿਕਲ ਗਈ, ਕਿਉਂਕਿ ਤਰਕ ਦਾ ਸੁਭਾਅ ਸੀ। ਉਹ ਇੱਕ ਤਿਲ ਭੁਲਿਆ ਉਹਦੇ ਨਾਲ ਹੀ ਮਰਨਾ ਪਿਆ ਉਹਨੂੰ। ਸੋ ਇਸ ਤਰ੍ਹਾਂ ਦੇ ਨਾਲ ਮਾਣ ਜਿਹੜਾ ਹੈ ਆਦਮੀ ਨੂੰ ਸੁੱਟ ਲਿਆ ਕਰਦਾ ਹੈ। ਸੋ ਮਾਣ ਨਹੀਂ ਚੰਗਾ ਲਗਦਾ, ਮਾਣ ਬਹੁਤ ਜ਼ਬਰਦਸਤ ਕਰਿਆ ਹੈ ਕਿ ਗੁਰਿਆਈ ਤਾਂ ਚਲਦੀ ਹੈ ਹੇ ਅਸੀਂ ਕੀਰਤਨ ਕਰਦੇ ਹਾਂ।

ਕਈ ਪ੍ਰੇਮੀਆਂ ਦੇ ਐਸੇ ਖਿਆਲ ਹੁੰਦੇ ਨੇ ਕਿ ਬਾਬਾ ਜੀ ਦੀ ਬਾਤ ਵੀ ਤਾਂ ਹੀ ਚੱਲ ਰਹੀ ਹੈ, ਜੇ ਅਸੀਂ ਕਰ ਰਹੇ ਹਾਂ। ਨਾਂਹ ਇਹ ਤਾਂ ਗੁਰੂ ਨਾਨਕ ਪਾਤਸ਼ਾਹ ਚਲਾ ਰਹੇ ਨੇ, ਮਤਾ ਕਿਸੇ ਨੂੰ ਮਾਣ ਹੋ ਜਾਏ। ਇਹ ਉਨ੍ਹਾਂ ਦਾ ਪ੍ਰੋਗਰਾਮ ਹੈ, ਆਪੇ ਹੀ ਹੋ ਰਿਹਾ ਹੈ। ਆਪਣੇ ਆਪ ਹੀ ਉਨ੍ਹਾਂ ਪ੍ਰੇਮੀਆਂ ਤੋਂ ਸੇਵਾ ਲੈ ਲੈਂਦਾ ਹੈ, ਜਿਨ੍ਹਾਂ ਨੇ ਕਰਨੀ ਹੈ। ਇਥੇ ਮੁਹਥਾਜੀ ਨਹੀਂ ਕਿਸੇ ਦੀ ਵੀ।

ਜਿਹੜਾ ਸੰਤ ਮੁਹਥਾਜੀ 'ਚ ਆਏਗਾ, ਉਹ ਗੁਰੂ ਮਹਾਰਾਜ ਤੋਂ ਮੁਨਕਰ ਬੰਦਾ ਗਿਣਿਆ ਜਾਂਦਾ ਹੈ। ਕਿਉਂਕਿ ਸਤਿਗੁਰੂ 'ਤੇ ਭਰੋਸਾ ਨਹੀਂ, ਇਹ ਤਾਂ ਸਤਿਗੁਰੂ ਦੀ ਖੇਡ ਵਰਤ ਰਹੀ ਹੈ ਸਾਰੀ। ਇੱਥੇ ਬੰਦੇ ਦਾ ਕੀ ਜ਼ੋਰ ਚਲਦਾ ਹੈ ਕਿਸੇ ਦਾ। ਜੋ ਕੁਛ ਹੋ ਰਿਹਾ ਹੈ ਗੁਰੂ ਕਰ ਰਿਹਾ ਹੈ।

ਸੋ ਇਹ ਮਾਣ ਬੁਰੀ ਚੀਜ਼ ਹੋਇਆ ਕਰਦੀ ਹੈ, ਕਿਸੇ ਨੂੰ ਵੀ ਆ ਜਾਏ। ਸੋ ਮਾਣ ਕਰਿਆ, ਗੁਰੂਆਂ ਦੇ ਖਿਲਾਫ ਜਦੋਂ ਗੱਲ ਕਹੀ ਤਾਂ ਮਹਾਰਾਜ ਕਹਿੰਦੇ ਜਾਹ ਓਏ ਕੁਸ਼ਟੀ! ਗੁਰੂ ਨਾਨਕ ਦੀ ਨਿੰਦਿਆ ਕਰਦਾ ਹੈਂ। ਬਚਨ ਹੋ ਗਿਆ, ਹੁਣ ਬਚਨ ਤਾਂ ਟਲ ਨਹੀਂ ਸੀ ਸਕਦਾ। ਉਥੇ ਵੀ ਸੀਸ ਨਹੀਂ ਨਿਵਾਇਆ, ਕਹਿੰਦਾ ਦੇਖਾਂਗੇ ਅਸੀਂ। ਨਾ ਥੋੜ੍ਹੇ ਜਿਹੇ ਦਿਨਾਂ 'ਚ ਤੁਹਾਡੇ ਕੋਲ ਭੀੜ ਨਾ ਘਟੀ ਤਾਂ ਸਾਨੂੰ ਰਾਗੀ ਨਾ ਕਹਿਓ, ਬਲਵੰਡ ਨਾ ਕਹਿਆ।ਬੜਾ ਅਭਿਮਾਨ ਹੈ ਮਨ ਵਿਚ। ਓਸ ਵੇਲੇ ਗੁਰੂ ਮਹਾਰਾਜ ਕਹਿੰਦੇ, ਚੰਗਾ ਜਾਓ।ਮਹਾਰਾਜ ਨੇ ਪਿੱਠ ਕਰੀ, ਇੱਥੇ ਆ ਗਏ। ਜਿਹੜੇ ਗੁਰਸਿੱਖ ਬੈਠੇ ਸੀ, ਕਹਿੰਦੇ ਭਾਈ ਤੁਸੀਂ ਲੈ ਲਓ ਸਿਤਾਰ। ਰਬਾਬ ਲੈ ਲਓ, ਕਰੋ ਕੀਰਤਨ ਸਿੰਘੋ, ਆਪਣੇ ਆਪ ਹੀ ਬਾਣੀ ਆ ਗਈ, ਆਪਣੇ ਆਪ ਹੀ ਰਾਗ ਆ ਗਏ, ਕਹਿੰਦੇ, ਅੱਗੇ ਵਾਸਤੇ ਸਾਡੇ ਸਿੱਖ ਆਪ ਕੀਰਤਨ ਕਰਿਆ ਕਰਨਗੇ, ਕਿਸੇ ਦੀ ਮੁਹਥਾਜੀ ਨਹੀਂ ਕਰਨੀ ਤੇ ਇਧਰ ਇਹ ਬੇਮੁਖ ਹੋ ਗਿਆ। ਬੇਮੁਖ ਹੋਏ-ਹੋਏ ਖਾਲੀ ਹੋ ਗਏ ਅੰਦਰੋਂ। ਜਾ ਕੇ ਕੀਰਤਨ ਕਰਦੇ ਨੇ ਬਾਣੀ ਹੀ ਨਹੀਂ ਯਾਦ ਆ ਰਹੀ ਕਿ ਭੁੱਲ ਗਏ ਕਿ ਹੁਣ ਕੀ ਸੁਣਾਈਏ। ਸੁਰ ਨਹੀਂ ਚੱਲ ਰਹੇ, ਸੁਰ ਵਜਾਉਂਦੇ ਕੁਛ ਨੇ ਨਿਕਲ ਆਉਂਦਾ ਹੈ ਕੁਛ ਹੋਰ। ਕੋਈ ਸੁਣਨ ਨੂੰ ਤਿਆਰ ਨਹੀਂ ਹੁੰਦਾ, ਸਾਰੇ ਹੋ ਗਿਆ ਕਿ ਗੁਰੂ ਨਿੰਦਕ ਨੇ, ਕੋਈ ਨੇੜੇ ਨਹੀਂ ਆਉਣ ਦਿੰਦਾ। ਸੋ ਇਹ ਜਿਹੜੇ ਦੁੱਖ ਨੇ, ਕੋਈ ਮੇਟਣ ਵਾਲਾ ਨਹੀਂ ਹੈ, ਇਸ ਤਰ੍ਹਾਂ ਫੁਰਮਾਨ ਕਰਦੇ ਨੇ -

***ਧਾਰਨਾ - ਕੌਣ ਮੇਟਣਹਾਰਾ ਜੀ,***
***ਬੇਮੁਖ ਮਸਤਕਿ ਲਿਖਿਆ।***

***ਰਤਨ ਉਪੰਨੇ ਸਾਇਰਹੁ ਭੀ ਪਾਣੀ ਖਾਰਾ।***
***ਸੁਝਹੁ ਸੁਝਨਿ ਤਿਨਿ ਲੋਅ ਅਉਲੰਗੁ ਵਿਚਿਕਾਰਾ।***
***ਧਰਤੀ ਉਪਜੈ ਅੰਨੁ ਧਨੁ ਵਿਚਿ ਕਲਰੁ ਭਾਰਾ।***
***ਈਸਰੁ ਤੁਸੈ ਹੋਰਨਾ ਘਰਿ ਖਪਰੁ ਛਾਰਾ।***
***ਜਿਉ ਹਣਵੰਤਿ ਕਛੋਟੜਾ ਕਿਆ ਕਰੈ ਵਿਚਾਰਾ।***
***ਬੇਮੁਖ ਮਸਤਕਿ ਲਿਖਿਆ ਕਉਣੁ ਮੇਟਣਹਾਰਾ॥***
***ਭਾਈ ਗੁਰਦਾਸ ਜੀ, ਵਾਰ ੩੪/੧●***

ਖਾਲੀ ਹੋ ਗਿਆ, ਫੁਰਮਾਨ ਕਰਦੇ ਨੇ ਕਿ ਸਮੁੰਦਰਾਂ ਦੇ ਵਿਚੋਂ ਰਤਨ ਨਿਕਲਦੇ ਨੇ, ਪਰ ਉਹਦਾ ਪਾਣੀ ਖਾਰਾ ਹੈ। ਚੰਦ ਨੂੰ ਤਿੰਨ ਲੋਕਾਂ 'ਚ ਦੇਖਦੇ ਨੇ, ਪਰ ਵਿਚੋਂ ਕਾਲਾ ਹੈ। ਸ਼ਿਵਜੀ ਮਹਾਰਾਜ ਤੁਸ ਕੇ ਵਰ ਦਿੰਦੇ ਨੇ ਸਾਰਿਆਂ ਨੂੰ, ਪਰ ਘਰ 'ਚ ਕੀ ਹੈ? ਕਹਿੰਦੇ, ਇੱਕ ਸੁਆਹ ਹੈ ਘਰ ਦੇ ਵਿਚ ਇੱਕ ਖੱਪਰ ਹੈ। ਹਨੂੰਮਾਨ ਜੀ ਨੇ ਲੰਕਾ ਦੇ ਵਿਚ ਜਾ ਕੇ ਸੀਤਾ ਜੀ ਦੀ ਖਬਰ ਲੈ ਕੇ ਆਏ। ਸ੍ਰੀ ਰਾਮ ਚੰਦਰ ਮਹਾਰਾਜ ਜੀ ਨੇ ਕਿਹਾ ਕਿ ਜਦੋਂ ਤੁਸੀਂ ਆਵੋਂਗੇ, ਜੋ ਕੁਛ ਸਾਡੇ ਕੋਲ ਹੋਏਗਾ, ਅਸੀਂ ਸਰਬੰਸ ਦਾਨ ਕਰ ਦੇਵਾਂਗੇ। ਜਦੋਂ ਹਨੂੰਮਾਨ ਆਇਆ ਓਸ ਵਕਤ ਸ੍ਰੀ ਰਾਮ ਚੰਦਰ ਜੀ ਮਹਾਰਾਜ ਇਸ਼ਨਾਨ ਕਰਦੇ ਸੀ, ਇਕੱਲਾ ਹੀ ਕਛਹਿਰਾ ਸੀ ਉਨ੍ਹਾਂ ਦੇ ਤੇੜ, ਇਸ਼ਨਾਨ ਕਰਕੇ ਬਦਲ ਕੇ ਕਛਹਿਰਾ, ਉਹਨੂੰ ਦੇ ਦਿੱਤਾ। ਇਸੇ ਤਰ੍ਹਾਂ ਬੇਮੁਖ ਮਸਤਕ 'ਚ ਕੀ ਲਿਖਿਆ ਹੁੰਦਾ ਹੈ, ਘੋਰ ਪਾਪ ਲਿਖਿਆ ਹੁੰਦਾ ਹੈ। ਕੋਈ ਮੇਟ ਨਹੀਂ ਉਸਨੂੰ ਸਕਦਾ, ਕੋਈ ਦੂਰ ਨਹੀਂ ਕਰ ਸਕਦਾ -

***ਗੰਗ ਜਮੁਨ ਗੋਦਾਵਰੀ ਕੁਲਖੇਤ ਸਿਧਾਰੇ।***
***ਮਥੁਰਾ ਮਾਇਆ ਅਜੁਧਿਆ ਕਾਂਸੀ ਕੇਦਾਰੇ।***
***ਗਇਆ ਪਿਰਾਗ ਸਰਸੁਤੀ ਗੋਮਤੀ ਦੁਆਰੇ।***
***ਜਪੁ ਤਪੁ ਸੰਜਮੁ ਹੋਮ ਜਗਿ ਸਭ ਦੇਵ ਜੁਹਾਰੇ।***
***ਅਖੀ ਪਰਣੈ ਜੇ ਭਵੈ ਤਿਹੁ ਲੋਇ ਮਝਾਰੇ।***
***ਮੂਲਿ ਨ ਉਤਰੈ ਹਤਿਆ ਬੇਮੁਖ ਗੁਰਦੁਆਰੇ॥***
***ਅੰਗ - ੩੪/੧੮***

ਹੱਤਿਆ ਕਹਿੰਦੇ ਕਿਤੇ ਨਹੀਂ ਲਹਿੰਦੀ। ਸਭ ਤੀਰਥ ਨੇ। ਪੈਰਾਂ ਦੇ ਨਾਲ ਨਾ ਚੱਲੇ, ਅੱਖਾਂ ਦੇ ਨਾਲ ਤੁਰੇ, ਜਿਹੜਾ ਬੇਮੁਖ ਹੋ ਗਿਆ ਉਹਦੀ ਹੱਤਿਆ ਨਹੀਂ ਉਤਰਦੀ।

ਸੋ ਨਤੀਜਾ ਕੀ ਹੋਇਆ, ਸਰੀਰ ਗਲਣਾ ਸ਼ੁਰੂ ਹੋ ਗਿਆ, ਕੋਈ ਮੂੰਹ ਨਹੀਂ ਲਾਉਂਦਾ, ਕਿਉਂਕਿ ਨਿੰਦਿਆ ਕਰੀ ਹੈ। ਨਿੰਦਿਆ ਕਰਨ ਵਾਲੇ ਦਾ ਹਾਲ ਮਹਾਰਾਜ ਇਸ ਤਰ੍ਹਾਂ ਫੁਰਮਾਨ ਕਰਦੇ ਨੇ -

***ਧਾਰਨਾ - ਦੁਖੀਆ ਅਰ ਦੀਨ ਜੀ,***
***ਸੰਤਾਂ ਦਾ ਨਿੰਦਕ ਭਾਈ।***

***ਸੰਤ ਕਾ ਨਿੰਦਕੁ ਮਹਾ ਅਤਤਾਈ ॥***
***ਸੰਤ ਕਾ ਨਿੰਦਕੁ ਖਿਨੁ ਟਿਕਨੁ ਨ ਪਾਈ ॥***
***ਸੰਤ ਕਾ ਨਿੰਦਕੁ ਮਹਾ ਹਤਿਆਰਾ ॥***
***ਸੰਤ ਕਾ ਨਿੰਦਕੁ ਪਰਮੇਸੁਰਿ ਮਾਰਾ ॥***
***ਸੰਤ ਕਾ ਨਿੰਦਕੁ ਰਾਜ ਤੇ ਹੀਨੁ ॥***
***ਸੰਤ ਕਾ ਨਿੰਦਕੁ ਦੁਖੀਆ ਅਰੁ ਦੀਨੁ ॥***
***ਸੰਤ ਕੇ ਨਿੰਦਕ ਕਉ ਸਰਬ ਰੋਗ ॥***
***ਸੰਤ ਕੇ ਨਿੰਦਕ ਕਉ ਸਦਾ ਬਿਜੋਗ ॥***
***ਸੰਤ ਕੀ ਨਿੰਦਾ ਦੋਖ ਮਹਿ ਦੋਖੁ ॥***
***ਨਾਨਕ ਸੰਤ ਭਾਵੈ ਤਾ***
***ਉਸ ਕਾ ਭੀ ਹੋਇ ਮੋਖੁ ॥***
***ਅੰਗ - ੨੮●***

ਦੁਖੀਆ ਵੀ ਹੋਏ ਤੇ ਦੀਨ ਵੀ ਹੋ ਗਏ, ਸਾਰੇ ਰੋਗ ਜਿਹੜੇ ਸੀ ਨਿੰਦਿਆ ਕਰਨ ਦੇ ਨਾਲ ਇਨ੍ਹਾਂ ਨੂੰ ਲਗ ਗਏ। ਸੋ ਉਸ ਵੇਲੇ ਕੋਹੜ ਹੋ ਗਿਆ, ਕੋਈ ਨੇੜੇ ਨਹੀਂ ਬੈਠਣ ਦਿੰਦਾ, ਕੋਈ ਗੱਲ ਨਹੀਂ ਕਰਦਾ, ਖਾਣ ਨੂੰ ਕੁਛ ਨਹੀਂ ਘਰ ਵਿਚ, ਦੀਨ ਹੋਏ ਫਿਰਦੇ ਨੇ, ਕਿਧਰੇ ਸ਼ਬਦ ਗਿਆ, ਕਿਧਰੇ ਰਾਗ ਚਲਿਆ ਗਿਆ। ਕੋਈ ਬੰਦਾ ਉਨ੍ਹਾਂ ਦੀ ਸਿਫਾਰਸ਼ ਕਰਨ ਨੂੰ ਤਿਆਰ ਨਹੀਂ। ਗੁਰੂ ਮਹਾਰਾਜ ਨੇ ਫੁਰਮਾ ਦਿੱਤਾ ਸੀ ਕਿ ਇਨ੍ਹਾਂ ਕੁਸ਼ਟੀਆਂ ਦੀ ਸਾਡੇ ਕੋਲ ਕੋਈ ਸਿਫਾਰਸ਼ ਨਾ ਕਰਨਾ। ਜੋ ਕਰੇਗਾ ਉਸ ਦਾ ਮੂੰਹ ਕਾਲਾ ਕਰਕੇ ਗਧੇ 'ਤੇ ਬਿਠਾ ਕੇ

ਜੁੱਤੀਆਂ ਦਾ ਹਾਰ ਗਲ 'ਚ ਪਾ ਕੇ, ਅਸੀਂ ਸਾਰੇ ਅੰਮ੍ਰਿਤਸਰ ਦੇ ਅੰਦਰ ਫੇਰਾਂਗੇ।

ਹੁਣ ਬਿਮਾਰੀ ਲਗ ਗਈ, ਬਿਮਾਰੀ ਕਿਉਂ ਲਗਦੀ ਹੈ ਮਹਾਰਾਜ ਫੁਰਮਾਨ ਕਰਦੇ ਨੇ ਕਿ -

***ਪਰਮੇਸਰ ਤੇ ਭੁਲਿਆਂ ਵਿਆਪਨਿ ਸਭੇ ਰੋਗ ॥***
***ਅੰਗ - ੧੩੫***

ਜਿਹਨੂੰ ਬਾਣੀ ਭੁੱਲ ਜਾਵੇ ਉਹਦੇ ਬਾਰੇ ਮਹਾਰਾਜ ਇਸ ਤਰ੍ਹਾਂ ਫੁਰਮਾਨ ਕਰਦੇ ਨੇ -

***ਧਾਰਨਾ - ਜਿਹਨੂੰ ਵਿਸਰੇ ਗੁਰਾਂ ਦੀ ਬਾਣੀ,***
***ਪੱਕੇ ਰੋਗੀ ਵਾਂਗ ਵਿਲਕੇ।***

ਬਾਣੀ ਯਾਦ ਆ ਜਾਵੇ, ਸਾਰੇ ਦੁੱਖਾਂ ਦਾ, ਰੋਗਾਂ ਦਾ, ਤਕਲੀਫਾਂ ਦਾ ਖਾਤਮਾ ਹੋ ਜਾਂਦਾ ਹੈ। ਬਾਣੀ ਭੁੱਲ ਜਾਵੇ, ਸਾਰੇ ਰੋਗ ਆ ਜਾਂਦੇ ਨੇ -

***ਜੀਉ ਤਪਤੁ ਹੈ ਬਾਰੋ ਬਾਰ ॥***
***ਤਪਿ ਤਪਿ ਖਪੈ ਬਹੁਤੁ ਬੇਕਾਰ ॥***
***ਜੈ ਤਨਿ ਬਾਣੀ ਵਿਸਰਿ ਜਾਇ ॥***
***ਜਿਉ ਪਕਾ ਰੋਗੀ ਵਿਲਲਾਇ ॥ ਅੰਗ - ੬੬੧***

ਜਿਵੇਂ ਕੋਹੜ ਵਾਲਾ ਵਿਰਲਾਉਂਦਾ ਹੈ, ਇਸ ਤਰ੍ਹਾਂ ਦੇ ਨਾਲ ਉਹਦਾ ਵਿਰਲਾਪ ਹੋਇਆ ਕਰਦਾ ਹੈ। ਸਾਰੇ ਦੁੱਖ ਲਗਦੇ ਨੇ ਜਦੋਂ ਪ੍ਰਮੇਸ਼ਰ ਭੁੱਲ ਜਾਂਦਾ ਹੈ -

***ਦੁਖੁ ਤਦੇ ਜਾ ਵਿਸਰਿ ਜਾਵੈ ॥***
***ਭੁਖ ਵਿਆਪੈ ਬਹੁ ਬਿਧਿ ਧਾਵੈ ॥***
***ਸਿਮਰਤ ਨਾਮੁ ਸਦਾ ਸੁਹੇਲਾ***
***ਜਿਸੁ ਦੇਵੈ ਦੀਨ ਦਇਆਲਾ ਜੀਉ ॥ ਅੰਗ- ੯੮***

ਸੋ ਹੁਣ ਦੁੱਖ ਆ ਗਏ, ਥਾਂ-ਥਾਂ ਫਿਰਦੇ ਨੇ, ਜਿੰਨਿਆਂ ਨੂੰ ਜਾਣਦੇ ਸੀ ਦੂਰੋਂ ਹੀ ਦੇਖ ਕੇ, ਬਈ ਬਲਵੰਡ ਆ ਗਿਆ ਤੇ ਸੱਤਾ ਆ ਗਏ ਨੇ, ਵਡਰੂਪ ਹੋਏ ਪਏ ਨੇ, ਮੁਸ਼ਕ ਮਾਰਦਾ ਹੈ, ਦੁਖੀ ਨੇ, ਚੱਲਿਆ ਨਹੀਂ ਜਾਂਦਾ, ਪੈਰਾਂ ਦੇ ਵਿਚ ਵੀ ਪਾਕ ਪਈ ਹੋਈ ਹੈ, ਹੱਥਾਂ 'ਚ ਸਾਰੇ ਸਰੀਰ ਵਿਚ। ਦੂਰੋਂ ਹੀ ਦਰਵਾਜ਼ਾ ਬੰਦ ਕਰ ਦਿੰਦੇ ਨੇ, ਆਵਾਜ਼ਾਂ ਦਿੰਦੇ ਨੇ ਕਿ ਭਾਈ ਅਸਾਥੋਂ ਭੁੱਲ ਹੋ ਗਈ, ਸਾਨੂੰ ਬਖਸ਼ਾ ਦਿਓ। ਕੋਈ ਦਰਵਾਜ਼ਾ ਨਹੀਂ ਖੋਲ੍ਹਦਾ, ਕਿਉਂਕਿ ਦੁੱਖ ਪੈ ਗਿਆ, ਜਦੋਂ ਦੁੱਖ ਪੈਂਦਾ ਹੈ, ਉਸ ਵੇਲੇ ਇਹੀ ਦੁਖ ਦਾਰੂ ਬਣਦਾ ਹੈ -

***ਧਾਰਨਾ - ਤੇਰੇ ਦੁੱਖਾਂ ਦੀ ਬਣੇਗੀ ਦਾਰੂ,***
***ਸੁੱਖ ਤੇਰੇ ਰੋਗ ਹੋਣਗੇ।***

ਦੁੱਖ ਆ ਗਿਆ, ਮਸਤੀਆਂ ਜਾਂਦੀਆਂ ਰਹੀਆਂ, ਮਾਣ ਖਤਮ ਹੋ ਗਿਆ, ਕੋਈ ਵਸ ਨਹੀਂ ਚਲਦਾ, ਸਰੀਰ ਕੋਹੜੀ ਹੋ ਗਿਆ, ਭੁੱਖੇ ਮਰਦੇ ਫਿਰਦੇ ਨੇ, ਦਰ-ਦਰ ਮੰਗਦੇ ਫਿਰਦੇ ਨੇ, ਕੋਈ ਭਿੱਖਿਆ ਨਹੀਂ ਪਾਉਂਦਾ। ਮਹਾਰਾਜ ਕਹਿੰਦੇ, ਜਦੋਂ ਦੁੱਖ ਆ ਜਾਂਦਾ ਹੈ, ਫੇਰ ਦਾਰੂ ਬਣਦਾ ਹੈ। ਸੁੱਖ ਤੋਂ ਦੁੱਖ ਪੈਦਾ ਹੁੰਦਾ ਹੈ, ਦੁੱਖ ਤੋਂ ਸੁੱਖ ਪੈਦਾ ਹੁੰਦਾ ਹੈ।

***ਦੁਖਾ ਤੇ ਸੁਖ ਊਪਜਹਿ ਸੂਖੀ ਹੋਵਹਿ ਦੂਖ ॥***
***ਜਿਤੁ ਮੁਖਿ ਤੂ ਸਾਲਾਹੀਅਹਿ***
***ਤਿਤੁ ਮੁਖਿ ਕੈਸੀ ਭੂਖ ॥ ਅੰਗ - ੧੩੨੮***
***ਚਰਨ ਕਮਲ ਗੁਰ ਕੇ ਮਨਿ ਵੂਠੇ ॥***
***ਦੂਖ ਦਰਦ ਭ੍ਰਮ ਬਿਨਸੇ ਝੂਠੇ ॥ ਅੰਗ - ੧੪੦***

ਦੁੱਖ ਦੂਰ ਹੋ ਜਾਂਦੇ ਨੇ ਜਦੋਂ ਪ੍ਰਮੇਸ਼ਰ ਯਾਦ ਆਉਂਦਾ ਹੈ। ਸੋ ਉਸ ਵੇਲੇ ਕੋਈ ਵੀ ਬੰਦਾ ਉਨ੍ਹਾਂ ਦੀ ਸਹਾਇਤਾ ਕਰਨ ਨੂੰ ਤਿਆਰ ਨਹੀਂ ਤੇ ਉਨ੍ਹਾਂ ਨੂੰ ਯਾਦ ਆ ਗਿਆ ਕਿ ਲਾਹੌਰ ਦੇ ਅੰਦਰ ਇੱਕ ਭਾਈ ਲੱਧਾ ਜੀ ਪਰਉਪਕਾਰੀ ਨਾਮ ਜਿਨ੍ਹਾਂ ਦਾ ਪੈਂਦਾ ਹੈ, ਜਿਨ੍ਹਾਂ ਨੂੰ ਕਹਿੰਦੇ ਹੀ ਪਰਉਪਕਾਰੀ ਨੇ, ਭਾਈ ਗੁਰਦਾਸ ਜੀ ਨੇ ਵੀ ਭਾਈ ਲੱਧਾ ਪਰਉਪਕਾਰੀ ਕਰਕੇ ਲਿਖਿਆ ਹੈ, ਆਖਰੀ ਆਸ ਹੈ ਇੱਕ ਕਿਰਨ ਰਹਿ ਗਈ ਕਿ ਉਥੇ ਚੱਲੀਏ, ਸੋ ਉਥੋਂ ਚੱਲ ਕੇ ਦੁੱਖੀ ਹੁੰਦੇ, ਕਈ ਦਿਨਾਂ ਦੇ ਵਿੱਚ ਲਾਹੌਰ ਪਹੁੰਚਦੇ ਨੇ। ਦੁੱਖੀ ਨੇ, ਭੁੱਖ ਦੇ ਦੁੱਖ ਨਾਲ ਆਂਦਰਾਂ ਕੁਮਲਾ ਰਹੀਆਂ ਨੇ, ਬੇ-ਮਾਣੀ ਹੋਈ-ਹੋਈ ਹੈ, ਕੋਈ ਬੁਲਾਉਂਦਾ ਨਹੀਂ। ਭਾਈ ਲੱਧਾ ਜੀ ਦੇ ਘਰ ਦੇ ਅੱਗੇ ਚਲੇ ਗਏ, ਜਾ ਕੇ ਬੈਠ ਗਏ, ਦੇਖਿਆ ਉਨ੍ਹਾਂ ਨੇ ਕਿ ਇਹ ਤਾਂ ਕੋਈ ਬੜੇ ਦੁੱਖੀਏ ਕੋਈ ਆ ਗਏ।

ਕਹਿਣ ਲੱਗੇ, ਕੌਣ ਓਂ?

ਕਹਿਣ ਲੱਗੇ, ਭਾਈ ਲੱਧਾ! ਅਸੀਂ ਬੇਮੁਖ ਹਾਂ ਗੁਰੂ ਤੋਂ, ਬੜੀ ਸਾਡੇ ਤੋਂ ਗੁਸਤਾਖੀ ਹੋ ਗਈ, ਬੜੀ ਭੁੱਲ ਹੋ ਗਈ, ਅਸੀਂ ਗੁਰੂ ਦੀ ਮਹਿਮਾ ਨੂੰ ਨਾ ਜਾਣ ਸਕੇ। ਅਸੀਂ ਰਾਗ ਵਿੱਚ ਰਹਿ ਗਏ, ਕੀਰਤਨ ਵਿੱਚ ਰਹਿ ਗਏ ਕਿ ਜੇ ਅਸੀਂ ਕੀਰਤਨ ਕਰਾਂਗੇ ਤਾਂ ਗੁਰੂ ਦਾ ਕੰਮ ਚਲਦਾ ਹੈ, ਸਾਡੇ ਤੋਂ ਭੁੱਲਾਂ ਹੋ ਗਈਆਂ, ਅਸੀਂ ਕਹਿ ਬੈਠੇ, ਗੁਰੂ ਨਾਨਕ ਦੀ ਵੀ ਨਿੰਦਿਆ ਕਰ ਬੈਠੇ। ਸਾਨੂੰ ਨਹੀਂ ਸੀ ਸਮਝ ਕਿ ਉਹ ਪੂਰਨ ਪੁਰਖ ਨੇ। ਅਸੀਂ ਕਹਿੰਦੇ ਸੀ ਕਿ ਰਾਗ ਦੇ ਜ਼ੋਰ ਨਾਲ ਅਸੀਂ ਗੁਰੂ ਬਣਾਉਂਦੇ ਹਾਂ। ਅਸੀਂ ਗਾਉਂਦੇ ਹਾਂ ਤਾਂ ਇਹ ਗੁਰੂ ਨੇ, ਨਹੀਂ ਤਾਂ ਇਨ੍ਹਾਂ ਨੂੰ ਕੌਣ ਪੁੱਛਦਾ। ਭੁੱਲ ਹੋ ਗਈ ਬਖਸ਼ਾ ਦਿਓ ਹੁਣ ਤਾਂ। ਕੋਈ ਬਖਸ਼ਾਉਣ ਵਾਸਤੇ ਤਿਆਰ ਨਹੀਂ। ਕਹਿੰਦੇ, ਹੁਕਮ ਹੈ ਕਿ ਜਿਹੜਾ ਇਨ੍ਹਾਂ ਨੂੰ ਬਖਸ਼ਾਉਣ ਦੀ ਗੱਲ ਕਰੇਗਾ ਆ ਕੇ, ਉਹਦਾ ਮੂੰਹ ਵੀ ਕਾਲਾ, ਜੁੱਤੀਆਂ ਦਾ ਹਾਰ ਗਲ ਵਿਚ ਪਾਇਆ ਜਾਏਗਾ। ਗੁਰੂ ਮਹਾਰਾਜ ਦਾ ਤਾਂ ਬਹੁਤ ਸਖਤ ਹੁਕਮ ਹੈ।

ਕਹਿੰਦੇ ਕੋਈ ਗੱਲ ਨਹੀਂ। ਅੰਦਰੋਂ ਹਿਰਦਾ ਤਰੁੱਠ ਗਿਆ, ਦੁੱਖ ਦੇਖ ਕੇ, ਕਿਉਂਕਿ ਗੁਰੂ ਦੇ ਸਿੱਖ ਦਾ ਹਿਰਦਾ ਜਿਹੜਾ ਹੈ ਬਹੁਤ ਨਰਮ ਹੁੰਦਾ ਹੈ ਤੇ ਪਰਉਪਕਾਰ ਦੇ ਵਿਚ ਉਹਨੂੰ ਉਮਾਹ ਉਠਿਆ ਕਰਦਾ ਹੈ -

***ਬ੍ਰਹਮ ਗਿਆਨੀ ਪਰਉਪਕਾਰ ਉਮਾਹਾ ॥***
***ਅੰਗ - ੨੭***

ਜਿਵੇਂ ਚਸ਼ਮਾ ਚਲਦਾ ਹੈ ਐਉਂ ਉਠਦਾ ਹੈ -

***ਧਾਰਨਾ - ਪਰਉਪਕਾਰੀ ਜੀ,***
***ਗੁਰਮੁਖ ਪਿਆਰਾ-ਗੁਰਮੁਖ ਪਿਆਰਾ।***

ਗੁਰੂ ਸਤਵੇਂ ਪਾਤਸ਼ਾਹ ਦੇ ਬਚਨ ਇਤਿਹਾਸਕਾਰਾਂ ਨੇ ਇਸ ਤਰ੍ਹਾਂ ਲਿਖੇ ਨੇ ਕਿ ਗੁਰੂ ਮਹਾਰਾਜ ਇੱਕ ਵਾਰੀ ਸੰਗਤ ਨੂੰ ਲੰਗਰ ਦਾ ਉਪਦੇਸ਼ ਦਿੰਦੇ ਨੇ ਉਹਦੇ ਵਿੱਚ ਲਿਖਦੇ ਨੇ ਕਿ -

***ਮਮ ਸਿਖ ਹੁਇ ਜੋ ਸੇਵਾ ਕਰੇ,***

*ਨੀਵੇ ਮਨ ਭਗਤੀ ਕੋ ਤਰੇ।*
*ਪਰਉਪਕਾਰ ਸਦਾ ਉਰਧਾਰੇ*
*ਕਿਸਹੂੰ ਕੀ ਨਹਿ ਨਿੰਦਾ ਤਰੈ।*
*ਸਤਿਨਾਮ ਕੋ ਨਹੀਂ ਬਿਸਾਰੇ*
*ਊਠਤ ਬੈਠਤ ਰਿਦੈ ਸਮਾਰੈ।*
*ਕਿਰਤ ਧਰਮ ਕੀ ਸਦਾ ਕਮਾਵੈ*
*ਸੇਵੇ ਸਿਖਨ ਕੋ ਤ੍ਰਿਪਤਾਵੈ।*

ਮੂੰਹ ਤੋਂ ਗੁਰੂ ਮਹਾਰਾਜ ਨੇ ਇਸ ਤਰ੍ਹਾਂ ਫੁਰਮਾਨ ਕੀਤਾ, ਕਿ ਪ੍ਰਸ਼ਾਦੇ ਦਾ ਸਮਾਂ ਲੰਘ ਗਿਆ ਤੇ ਭੁੱਖਾ ਘਰ ਤੋਂ ਆ ਗਿਆ। ਉਸੇ ਵੇਲੇ ਉਸਨੂੰ ਪ੍ਰਸ਼ਾਦਾ ਤਿਆਰ ਕਰਕੇ ਛਕਾਵੇ। ਸੋ ਗੁਰੂ ਮਹਾਰਾਜ ਗੁਰੂ ਗ੍ਰੰਥ ਸਾਹਿਬ ਦ ਅੰਦਰ ਫੁਰਮਾਉਂਦੇ ਨੇ ਕਿ –

*ਸਾਜਨੁ ਬੰਧੁ ਸੁਮਿਤ੍ਰੁ ਸੋ*
*ਹਰਿ ਨਾਮੁ ਹਿਰਦੈ ਦੇਇ ॥*
*ਅਉਗਣ ਸਭ ਮਿਟਾਇ ਕੈ*
*ਪਰਉਪਕਾਰੁ ਕਰੇਇ ॥ ਅੰਗ – ੨੧੮*

ਸਾਰੀਆਂ ਉਹਦੇ ਨਾਲ ਨੇ ਜਿਹੜੀਆਂ ਚੀਜ਼ਾਂ, ਉਹਦੇ ਔਗੁਣਾਂ ਨੂੰ ਮਿਟਾ ਕੇ, ਉਹਦੇ ਨਾਲ ਪਰਉਪਕਾਰ ਕਰੇ। ਕਿਉਂਕਿ ਇਹਦਾ ਫਲ ਬਹੁਤ ਹੈ। ਭਾਈ ਗੁਰਦਾਸ ਜੀ ਇਹਦਾ ਫਲ ਲਿਖਦੇ ਨੇ ਕਿ –

*ਕੋਟਨਿ ਕੋਟਾਨਿ ਮਿਸਟਾਨ ਪਾਨ ਸੁਧਾ ਰਸ,*
*ਪੁਜਸਿ ਨ ਸਾਧ ਮੁਖ ਮਧੁਰ ਬਚਨ ਕਉ॥*
*ਭਾਈ ਗੁਰਦਾਸ ਜੀ, ਕਬਿੱਤ ੧੩੦*

ਸੰਤਾਂ ਦੇ ਮੁਖ ਤੋਂ ਮਿੱਠੇ ਬਚਨਾਂ ਦੇ ਮੁਕਾਬਲੇ 'ਤੇ ਕਰੋੜਾਂ ਮਠਿਆਈਆਂ ਜਿਹੜੀਆਂ ਨੇ, ਉਨ੍ਹਾਂ ਦੀ ਮਿਠਾਸ ਪਹੁੰਚ ਨਹੀਂ ਸਕਦੀ।

*ਸੀਤਲ ਸੁਗੰਧ ਚੰਦ ਚੰਦਨ ਕੋਟਾਨਿ ਕੋਟਿ,*
*ਪੁਜਸਿ ਨ ਸਾਧ ਮਤਿ ਨਿੰਮ੍ਰਤਾ ਸਨ ਕਉ॥*
*ਕੋਟਨਿ ਕੋਟਾਨਿ ਕਾਮਧੇਨ ਅਉ ਕਲਪਤਰ,*
*ਪੁਜਸਿ ਨ ਕਿੰਚਤ ਕਟਾਛ ਕੇ ਰਚਨ ਕਉ॥*
*ਸਰਬ ਨਿਧਾਨ ਫਲ ਸਕਲ ਕੋਟਾਨਿ ਕੋਟਿ,*
*ਪੁਜਸਿ ਨ ਪਰਉਪਕਾਰ ਕੇ ਖਚਨ ਕਉ॥*
*ਭਾਈ ਗੁਰਦਾਸ ਜੀ, ਕਬਿੱਤ ੧੩੦*

ਪਰਉਪਕਾਰ ਦੇ ਮੁਕਾਬਲੇ 'ਤੇ ਕਰੋੜਾਂ ਜਪ, ਕਰੋੜਾਂ ਤਪ ਨਹੀਂ ਪਹੁੰਚਿਆ ਕਰਦੇ। ਇਸ ਤਰ੍ਹਾਂ ਦੇ ਨਾਲ ਜਿਹੜੇ ਦੂਜਿਆਂ ਦਾ ਦੁੱਖ ਨਿਵਾਰਦੇ ਨੇ ਉਨ੍ਹਾਂ ਨੂੰ ਮਹਾਰਾਜ ਨੇ ਪ੍ਰਵਾਨ ਕਰਿਆ ਹੈ। ਜਿਹੜੇ ਨਹੀਂ ਨਿਵਾਰਦੇ ਮਹਾਰਾਜ ਦਾ ਫੁਰਮਾਨ ਹੈ ਕਿ ਆਪਣਾ ਜਾਣ ਕੇ ਨਹੀਂ ਦੂਸਰੇ ਨੂੰ ਬੁੱਝਿਆ। ਉਹਨੇ ਪਰਉਪਕਾਰ ਨਹੀਂ ਕਦੇ ਵੀ ਕੀਤਾ ਤੇ ਗੁਰੂ ਨੂੰ ਕਦੇ ਧਿਆਨ ਵਿਚ ਨਹੀਂ ਲਿਆਂਦਾ। ਕਹਿੰਦੇ, ਉਹ ਸਾਡਾ ਸਿੱਖ ਨਹੀਂ ਹੈ ਭਾਈ, ਜਿਹੜਾ ਪਰਉਪਕਾਰੀ ਨਹੀਂ। ਪਰਉਪਕਾਰ ਦਾ ਉਮਾਹ ਹੁੰਦਾ ਹੈ ਸਿੱਖ ਦੇ ਅੰਦਰ –

*ਜਨਮ ਮਰਣ ਦੁਹਹੂ ਮਹਿ ਨਾਹੀ*
*ਜਨ ਪਰਉਪਕਾਰੀ ਆਏ ॥*
*ਜੀਅ ਦਾਨੁ ਦੇ ਭਗਤੀ ਲਾਇਨਿ*
*ਹਰਿ ਸਿਉ ਲੈਨਿ ਮਿਲਾਏ ॥ ਅੰਗ – ੭੪੯*
*ਕਬੀਰ ਦਾਤਾ ਤਰਵਰੁ*
*ਦਯਾ ਫਲੁ ਉਪਕਾਰੀ ਜੀਵੰਤ ॥*
*ਪੰਖੀ ਚਲੇ ਦਿਸਾਵਰੀ ਬਿਰਖਾ ਸੁਫਲ ਫਲੰਤ ॥*
*ਅੰਗ – ੧੩੭*

ਬ੍ਰਿਖ ਨੂੰ ਅਸੀਸਾਂ ਦਿੰਦੇ ਜਾਂਦੇ ਨੇ ਕਿ ਬ੍ਰਿਖਾਂ! ਤੇਰੇ ਉਤੇ ਰਾਤ ਕੱਟੀ ਹੈ, ਤੇ ਤੂੰ ਸਫਲ ਫਲਦਾ ਰਹਿ। ਸੋ ਇਸ ਤਰ੍ਹਾਂ ਦੇ ਨਾਲ ਭਾਈ ਲੱਧਾ ਜਿਹੜਾ ਹੈ ਉਹ ਪਰਉਪਕਾਰੀ ਹੈ।
ਜਦੋਂ ਉਸਨੇ ਦੋਹਾਂ ਦਾ ਦੁੱਖ ਦੇਖਿਆ –

*ਅਰੜਾਵੈ ਬਿਲਲਾਵੈ ਨਿੰਦਕੁ ॥*
*ਪਾਰਬ੍ਰਹਮੁ ਪਰਮੇਸਰੁ ਬਿਸਰਿਆ*
*ਅਪਣਾ ਕੀਤਾ ਪਾਵੈ ਨਿੰਦਕੁ ॥ ਅੰਗ – ੩੭੩*

ਅਰੜਾਉਂਦਾ ਹੈ ਤੇ ਵਿਰਲਾਪ ਕਰਦਾ ਹੈ, ਪਰਮੇਸ਼ਰ ਵਿਸਰ ਗਿਆ –

*ਜੇ ਕੋਈ ਉਸ ਕਾ ਸੰਗੀ ਹੋਵੈ*
*ਨਾਲੇ ਲਏ ਸਿਧਾਵੈ ॥*
*ਅਣਹੋਦਾ ਅਜਗਰੁ ਭਾਰੁ ਉਠਾਏ*
*ਨਿੰਦਕੁ ਅਗਨੀ ਮਾਹਿ ਜਲਾਵੈ॥ ਅੰਗ – ੩੭੩*

ਉਸ ਵੇਲੇ ਆਪਣੇ ਪਰਉਪਕਾਰ ਦੇ ਵਸ ਗੁਰੂ ਮਹਾਰਾਜ ਦੇ ਹਜ਼ੂਰ ਉਨ੍ਹਾਂ ਨੂੰ ਲੈ ਆਏ ਤੇ ਆਪ ਗਧਾ ਲਿਆਏ ਇਕ ਲਾਹੌਰ ਤੋਂ। ਉਹਦੇ ਉਤੇ ਚੜ੍ਹ ਗਏ, ਮੁੱਖ ਕਾਲਾ ਕਰ ਲਿਆ, ਜੁੱਤੀਆਂ ਦੀ ਮਾਲਾ ਗਲ 'ਚ ਪਾ ਲਈ। ਜਦੋਂ ਅੰਮ੍ਰਿਤਸਰ ਪਹੁੰਚਦੇ ਨੇ, ਖਬਰ ਹੋਈ ਕਿ ਭਾਈ ਲੱਧਾ! ਸੱਤੇ ਤੇ ਬਲਵੰਡ ਨੂੰ ਲੈ ਕੇ ਆ ਰਿਹਾ ਹੈ।

ਮਹਾਰਾਜ ਕਹਿੰਦੇ, ਹੁਕਮ ਨਹੀਂ ਉਹਨੇ ਸਾਡਾ ਸੁਣਿਆ? ਕਹਿੰਦੇ ਸੱਚੇ ਪਾਤਸ਼ਾਹ! ਕਾਲਾ ਮੂੰਹ ਕਰਿਆ ਹੋਇਆ ਹੈ, ਜੁੱਤੀਆਂ ਦਾ ਹਾਰ ਗਲ 'ਚ ਪਾਇਆ ਹੋਇਆ ਹੈ ਤੇ ਖੋਤੇ 'ਤੇ ਚੜ੍ਹਿਆ ਹੋਇਆ ਅੰਮ੍ਰਿਤਸਰ ਦੀਆਂ ਪ੍ਰਕਰਮਾ ਕਰ ਰਿਹਾ ਹੈ। ਮਹਾਰਾਜ ਉਸ ਵੇਲੇ ਦ੍ਰਵ ਗਏ ਕਹਿਣ ਲੱਗੇ, ਜਾਓ ਮੇਰੇ ਪਿਆਰੇ ਸਿੱਖ ਨੂੰ ਲੈ ਕੇ ਆਓ। ਐਡਾ ਦਰਦ ਮੇਰੇ ਸਿੱਖ ਦੇ ਮਨ ਵਿੱਚ। ਆਪ ਕਿੱਡੀ ਬਦਨਾਮੀ ਸਹਿ ਰਹੇ ਨੇ, ਕਿੱਡੀ ਹਾਸੀ ਲੋਕਾਂ ਦੀ ਸਹਿ ਰਹੇ ਨੇ। ਸਾਰੇ ਪਿੰਡਾਂ 'ਚੋਂ ਲੰਘ ਕੇ ਆਏ। ਕਿੱਡਾ ਜਿਗਰਾ ਹੈ ਸਿੱਖ ਦਾ ਕਿ ਇੱਕ ਭੁੱਲੇ ਨੂੰ ਬਖਸ਼ਾਉਣ ਵਾਸਤੇ, ਐਡਾ ਪਰਉਪਕਾਰ ਵਾਲਾ ਹਿਰਦਾ ਹੈ। ਉਸ ਵੇਲੇ ਗੁਰੂ ਮਹਾਰਾਜ ਦੇ ਪਾਸ ਲੈ ਕੇ ਆਉਂਦੇ ਨੇ ਤੇ ਗੁਰੂ ਮਹਾਰਾਜ ਕਹਿਣ ਲੱਗੇ, ਭਾਈ ਲੱਧਾ! ਇਨ੍ਹਾਂ ਵਾਸਤੇ ਤੂੰ ਐਨਾ ਕਸ਼ਟ ਕਰਿਆ। ਪਾਤਸ਼ਾਹ! ਭੁੱਲਣਹਾਰ ਹਨ, ਕ੍ਰਿਪਾ ਕਰੋ, ਬਖਸ਼ ਦਿਓ। ਤੁਹਾਡਾ ਬਿਰਦ ਹੈ–

*ਜੋ ਸਰਣਿ ਆਵੈ ਤਿਸੁ ਕੰਠਿ ਲਾਵੈ*
*ਇਹੁ ਬਿਰਦੁ ਸੁਆਮੀ ਸੰਦਾ ॥ ਅੰਗ – ੫੪੪*

ਕਹਿਣ ਲੱਗੇ, ਗੁਰਸਿੱਖਾਂ! ਤੂੰ ਮੈਨੂੰ ਵਸ ਕਰ ਲਿਆ, ਤੇਰੇ ਪਿਆਰ ਦੇ ਮੈਂ ਵਸ ਹੋ ਗਿਆ, ਇਹਨੇ ਗੁਰੂ ਨਾਨਕ ਦੀ ਨਿੰਦਿਆ ਕਰੀ ਹੈ। ਬਖਸ਼ੇ ਜਾਣ ਵਾਲੇ ਨਹੀਂ ਸੀ, ਪਰ ਹੁਣ ਇਹ ਗੁਰੂ ਨਾਨਕ ਦੀ ਉਸੇ ਮੂੰਹ ਦੇ ਨਾਲ ਉਪਮਾ ਉਚਾਰਨ ਕਰਨ। ਉਸ ਵੇਲੇ ਟਿੱਕੇ ਦੀ ਵਾਰ ਦੀਆਂ ਅੱਠ ਪਉੜੀਆਂ ਉਨ੍ਹਾਂ ਨੇ ਉਚਾਰਨ ਕਰੀਆਂ। ਜਿਉਂ-ਜਿਉਂ ਉਚਾਰਨ ਕਰਦੇ ਗਏ, ਤਿਉਂ-ਤਿਉਂ ਉਨ੍ਹਾਂ

ਦਾ ਕੁਸ਼ਟ ਦਾ ਰੋਗ ਝੜਦਾ ਚਲਿਆ ਗਿਆ। ਰਾਜ਼ੀ ਹੋ ਗਏ, ਉਸ ਵੇਲੇ ਗੁਰੂ ਮਹਾਰਾਜ ਨੇ ਬਚਨ ਕਰੇ, ਭਾਈ ਲੱਧੇ ਦੇ ਕਿ ਪਰਉਪਕਾਰ ਦਾ ਉਮਾਹ ਹੁੰਦਾ ਹੈ। ਮੇਰਾ ਗੁਰਸਿੱਖ ਜਿਹੜਾ ਹੈ ਉਹ ਪਰਉਪਕਾਰੀ ਹੈ। ਸਾਰੀਆਂ ਚੀਜ਼ਾਂ ਦਾ ਸਾਰ ਵਾਹਿਗੁਰੂ ਦਾ ਨਾਮ ਜਪਣਾ ਹੈ। ਦੂਸਰਾ ਕੰਮ ਹੈ ਪਰਉਪਕਾਰ ਕਰਨਾ। ਕਹਿੰਦੇ ਧਿਰਕਾਰ ਹੈ ਜੇ ਦੋਵੇਂ ਚੀਜ਼ਾਂ ਕਿਸੇ ਕੋਲ ਨਹੀਂ ਹਨ, ਪਰਉਪਕਾਰ ਤੇ ਸਿਮਰਨ। ਉਹ ਤਾਂ ਐਵੇਂ ਹੀ ਸਮਾਂ ਬਿਤਾ ਰਿਹਾ ਹੈ ਧਿਰਕਾਰ ਦਾ। ਜਿਹੜੇ ਪਰਉਪਕਾਰ ਨਹੀਂ ਕਰਦੇ, ਬਿਨਾਂ ਪੂੰਛ ਤੋਂ ਅਰ ਸਿੰਗਾਂ ਤੋਂ ਬਗੈਰ ਪਸ਼ੂ ਸਮਾਨ ਐਵੇਂ ਸੰਸਾਰ ਦੇ ਅੰਦਰ ਆਏ ਹੋਏ ਨੇ।

***ਸਾਰ ਮਹਾਂ ਸਿਮਰਨਿ ਸਤਿਨਾਮੁ***
***ਕਾਰ ਮਹਾਂ ਕਰਿਬੇ ਉਪਕਾਰ।***
***ਇਨ ਦੋਨਹੁ ਬਿਨ ਮਾਨੁਖ ਤਨ***
***ਧਿਕ ਸਮੋ ਬਿਤਾਵਹਿ ਲਖਹਿ ਨ ਸਾਰ।***
***ਅੰਤ ਸਮੇਂ ਜਮਦੂਤ ਗਹੈ ਦਿਢ,***
***ਝੂਰਤਿ ਗਮਨਹਿਂ ਦ੍ਵੈ ਕਰ ਝਾਰਿ।***

***ਸ੍ਰੀ ਗੁ. ਪ੍ਰ. ਸੂਰਜ ਗ੍ਰੰਥ, ਪੰਨਾ ੨੧੦੭***

ਦੋਵੇਂ ਹੱਥ ਝਾੜ ਕੇ ਸੰਸਾਰ ਤੋਂ ਜਾਣਗੇ, ਕਿਉਂਕਿ ਸਿਮਰਨ ਨਹੀਂ ਕਰਿਆ, ਪਰਉਪਕਾਰ ਨਹੀਂ ਕਰਿਆ।

***ਪੁੰਨ, ਦਾਨ, ਤਪ, ਮਖ ਕੋ ਕਰਿਬੋ,***
***ਹੋਤਿ ਨ ਪਰਉਕਾਰ ਸਮਾਨ।***

***ਸ੍ਰੀ ਗੁ. ਪ੍ਰ. ਸੂਰਜ ਗ੍ਰੰਥ, ਪੰਨਾ ੨੧੦੭***

ਪੁੰਨ ਦਾਨ ਕਰਦਾ ਹੈ, ਤਪ ਕਰਦਾ ਹੈ, ਯੱਗ ਕਰਦਾ ਹੈ, ਕਹਿੰਦੇ ਪਰਉਪਕਾਰ ਦੇ ਬਰਾਬਰ ਨਹੀਂ ਹੈ।

***ਕਲਮਲ ਕਨਿ ਅਨਕਨਿ ਰੀਤੀ***
***ਕ੍ਰਿਤਘਣ ਕੇ ਸਮ ਕੋਇ ਨ ਜਾਨਿ।***

***ਸ੍ਰੀ ਗੁ. ਪ੍ਰ. ਸੂਰਜ ਗ੍ਰੰਥ, ਪੰਨਾ ੨੧੦੭***

ਜਿਹੜੇ ਅਕਿਰਤਘਣ ਨੇ ਵਾਹਿਗੁਰੂ ਤੋਂ ਲੈਂਦੇ ਨੇ ਸਭ ਕੁਛ, ਸਰੀਰ ਵੀ ਪਾਇਆ, ਹਰੇਕ ਚੀਜ਼ ਮਿਲਦੀ ਹੈ, ਉਹਨੂੰ ਯਾਦ ਨਹੀਂ ਕਰਦੇ ਕਹਿੰਦੇ ਉਨ੍ਹਾਂ ਵਰਗਾ ਪਾਪੀ ਦੁਨੀਆਂ ਦੇ ਅੰਦਰ ਕੋਈ ਨਹੀਂ ਹੈ। ਸੋ ਆਇਆ ਉਹਦਾ ਹੀ ਸਫਲ ਹੈ ਜਿਹੜਾ ਪਰਉਪਕਾਰੀ ਹੈ। ਸੋ ਉਸ ਵੇਲੇ ਰਾਜ਼ੀ ਹੋ ਗਏ ਸਾਧਸੰਗਤ ਜੀ, ਸਰੀਰ ਦਾ ਕੁਸ਼ਟ ਜਾਂਦਾ ਰਿਹਾ। ਨਿਮਰਤਾ ਦੇ ਨਾਲ ਗੁਰੂ ਮਹਾਰਾਜ ਦੇ ਚਰਨਾਂ 'ਚ ਮੱਥਾ ਟੇਕਿਆ, ਕਹਿਣ ਲੱਗੇ, ਪਾਤਸ਼ਾਹ! ਅਸੀਂ ਬੜੀ ਭਾਰੀ ਭੁੱਲ ਕੀਤੀ। ਮਹਾਰਾਜ ਕਹਿੰਦੇ, ਪ੍ਰੇਮੀਓ! ਭੁੱਲ ਤੁਹਾਡੇ ਤੋਂ ਤਾਂ ਹੋਈ, ਕਿਉਂਕਿ ਤੁਸੀਂ ਗੁਣ ਦੇ ਰਸ ਵਿੱਚ ਨਾ ਰਹੇ। ਗੁਣ ਦੇ ਮਾਣ ਵਿਚ ਆ ਗਏ। ਉਸਤਤਿ ਨੇ ਤੁਹਾਡੇ ਅੰਦਰ ਮਾਣ ਲਿਆਂਦਾ, ਮਾਣ ਨੇ ਹਉਮੈ ਲਿਆਂਦੀ, ਹਉਮੈ ਜਿੱਥੇ ਆ ਗਈ, ਉਥੇ ਗੁਰੂ ਦੇ ਨਾਲ ਸਿੱਖ ਨਹੀਂ ਜੁੜਿਆ ਕਰਦਾ। ਇਸ ਕਰਕੇ ਗੁਰੂ ਕਹਿੰਦਾ ਹੈ ਕਿ ਜੇ ਤੂੰ ਗੁਰੂ ਦੇ ਨਾਲ ਇੱਕਮਿਕ ਹੋਣਾ ਹੈ, ਨੇੜੇ ਆਉਣਾ ਹੈ ਤਾਂ ਮਾਣ ਨੂੰ ਛੱਡ ਦੇ। ਮਾਣ ਸਭ ਤੋਂ ਬੁਰੀ ਚੀਜ਼ ਹੈ -

***ਕਬੀਰ ਮਾਇਆ ਤਜੀ ਤ ਕਿਆ ਭਇਆ***
***ਜਉ ਮਾਨੁ ਤਜਿਆ ਨਹੀ ਜਾਇ ॥***
***ਮਾਨ ਮੁਨੀ ਮੁਨਿਵਰ ਗਲੇ***
***ਮਾਨੁ ਸਭੈ ਕਉ ਖਾਇ ॥ ਅੰਗ - ੧੩੭੨***

ਜਿਹੜੇ ਵੱਡੇ-ਵੱਡੇ ਮੁਨੀਸਰ ਸੀ, ਉਹ ਵੀ ਮਾਣ ਦੇ ਅੰਦਰ ਗਲ ਗਏ ਸਾਧਸੰਗਤ ਜੀ! ਮਾਣ ਬੜੀ ਬੁਰੀ ਚੀਜ਼ ਹੈ, ਜਿਹਦੇ ਹਿਰਦੇ 'ਚ ਆ ਜਾਵੇ। ਉਹਦਾ ਜੇ ਥੋੜ੍ਹਾ ਜਿਹਾ ਵੀ ਨਿਰਾਦਾਰ ਹੋ ਜਾਏ ਨਾ ਉਹਨੂੰ ਕ੍ਰੋਧ ਆਉਂਦਾ ਹੈ। ਕ੍ਰੋਧ ਆ ਕੇ ਫੇਰ ਉਹ ਅੰਟ-ਸੰਟ ਗੱਲਾਂ ਕਹਿੰਦਾ ਹੈ। ਕਿਉਂਕਿ ਮਾਨੀ ਹੈ ਮਾਣ ਗੁਰੂ ਨੂੰ ਭਾਇਆ ਨਹੀਂ ਕਰਦਾ, ਉਹਦੇ ਪੱਲੇ ਥਕੇਵਾਂ ਪਿਆ ਕਰਦਾ ਹੈ। ਸੋ ਆਪਾਂ ਸਾਰੇ ਇਹ ਜੋ ਪ੍ਰਸੰਗ ਹੈ ਇਸ ਤੋਂ ਸਿੱਖਿਆ ਲਈਏ, ਸਿੱਖਿਆ ਲੈ ਕੇ ਆਪਣੇ ਜੀਵਨ ਨੂੰ ਢਾਲੀਏ। ਕੋਈ ਨਾ ਕੋਈ ਗੁਣ ਹਰੇਕ 'ਚ ਹੁੰਦਾ ਹੈ। ਗੁਣਾਂ ਦੀ ਸਾਂਝ ਪਾਓ, ਔਗੁਣਾਂ ਨੂੰ ਛੱਡ ਦਿਓ, ਬਾਕੀ ਗੁਰੂ ਦੇ ਅਨਸਾਰੀ ਹੋ ਕੇ, ਗੁਰੂ ਦੇ ਸਾਏ 'ਚ ਰਹਿ ਕੇ ਆਪਣਾ ਜੀਵਨ ਬਤੀਤ ਕਰੋ। ਜਦੋਂ ਇਸ ਤਰ੍ਹਾਂ ਅਸੀਂ ਬਤੀਤ ਕਰਾਂਗੇ, ਇੱਥੇ ਵੀ ਸਾਡਾ ਭਲਾ ਹੋਏਗਾ, ਤੇ ਦਰਗਾਹ ਵਿੱਚ ਵੀ ਸਾਡਾ ਭਲਾ ਹੋਏਗਾ ਤੇ ਨਾਲ ਸਾਨੂੰ ਜਿਹੜੀ ਵਾਹਿਗੁਰੂ ਨੇ ਦਾਤ ਦਿੱਤੀ ਹੈ ਕੀਰਤਨ ਦੀ ਜਾਂ ਹੋਰ ਕਥਾ ਕਰਨ ਦੀ, ਪਾਠ ਕਰਨ ਦੀ, ਵਿਆਖਿਆ ਕਰਨ ਦੀ। ਲੈਕਚਰ ਦੇਣ ਦੀ। ਉਹ ਤਾਂ ਸਫਲ ਹੁੰਦੀ ਹੈ, ਜੇ ਨਿਰਮਾਣਤਾ 'ਚ ਰਹੋ, ਗੁਰੂ ਦੀ ਦਾਤ ਸਮਝ ਕੇ ਕਹੋ। ਸੋ ਜਿੰਨੇ-ਜਿੰਨੇ ਫਲ ਵਾਲੇ ਭਾਰੀ ਹੁੰਦੇ ਨੇ ਦਰਖਤ ਓਨੇ ਨੀਵੇਂ ਹੁੰਦੇ ਚਲੇ ਜਾਂਦੇ ਨੇ। ਸਿੰਬਲ ਜਿਹੜਾ ਹੈ ਉਹਦਾ ਫਲ ਵੀ ਕੱਚਾ ਕਿਸੇ ਕੰਮ ਦਾ ਨਹੀਂ -

***ਸਿੰਮਲ ਰੁਖੁ ਸਰਾਇਰਾ***
***ਅਤਿ ਦੀਰਘ ਅਤਿ ਮੁਚੁ ॥***
***ਓਇ ਜਿ ਆਵਹਿ ਆਸ ਕਰਿ***
***ਜਾਹਿ ਨਿਰਾਸੇ ਕਿਤੁ ॥***
***ਫਲ ਫਿਕੇ ਫੁਲ ਬਕਬਕੇ***
***ਕੰਮਿ ਨ ਆਵਹਿ ਪਤ ॥ ਅੰਗ - ੪੭੦***

ਪੱਤੇ ਵੀ ਉਹਦੇ ਕੰਮ ਨਹੀਂ ਆਉਂਦੇ, ਫਲ ਫਿੱਕੇ ਨੇ ਫੁੱਲ ਉਹਦੇ ਬਕਬਕਾ ਹੈ। ਐਸਾ ਜੀਵਨ ਨਾ ਸਾਡਾ ਬਣ ਜਾਵੇ। ਸੋ ਇਨ੍ਹਾਂ ਗੱਲਾਂ 'ਚ ਸਾਵਧਾਨੀ ਦੇਣੀ ਚਾਹੀਦੀ ਹੈ। ਇਸ ਤਰ੍ਹਾਂ ਦੇ ਨਾਲ ਅਸੀਂ ਸਾਵਧਾਨ ਹੋ ਕੇ ਆਪਣਾ ਜੀਵਨ ਬਤੀਤ ਕਰਾਂਗੇ, ਉਸ ਵੇਲੇ ਸਾਨੂੰ ਰੂਹਾਨੀ ਓਝ ਪ੍ਰਾਪਤ ਹੁੰਦੀ ਹੈ, ਨਹੀਂ ਤਾਂ ਆਦਮੀ ਜਿਵੇਂ ਕੋਹਲੂ ਦਾ ਬੈਲ ਹੁੰਦਾ ਹੈ ਉਥੇ ਦਾ ਉਥੇ ਹੀ ਖੜ੍ਹਿਆ ਰਹਿ ਜਾਂਦਾ ਹੈ। ਸੋ ਉਸ ਵੇਲੇ ਜਦੋਂ ਰਾਜ਼ੀ ਹੋ ਗਏ, ਫੇਰ ਇਸ ਤਰ੍ਹਾਂ ਦੇ ਨਾਲ ਅਰਦਾਸ ਕਰਦੇ ਨੇ -

***ਧਾਰਨਾ - ਦਾਰੂ ਦੇ ਕੇ ਗੁਰਾਂ ਨੇ ਸੱਚੇ ਨਾਮ ਦੀ,***
***ਕੱਟੇ ਰੋਗ ਤਨ ਮਨ ਦੇ।***
***ਨਾਮੁ ਅਉਖਧੁ ਮੋ ਕਉ ਸਾਧੂ ਦੀਆ ॥***
***ਕਿਲਬਿਖ ਕਾਟੇ ਨਿਰਮਲੁ ਥੀਆ ॥***
***ਅਨਦੁ ਭਇਆ ਨਿਕਸੀ ਸਭ ਪੀਰਾ***
***ਸਗਲ ਬਿਨਾਸੇ ਦਰਦਾ ਜੀਉ ॥ ਅੰਗ - ੧੦੧***

ਸੋ ਹੁਣ ਸਮਾਂ ਕਿਉਂਕਿ ਇਜਾਜ਼ਤ ਨਹੀਂ, ਜਿਹੜੇ ਪ੍ਰੇਮੀ ਹਾਲੇ ਤਕ ਨਹੀਂ ਬੋਲੇ ਉਹ ਵੀ ਆਪਣੀ ਰਸਨਾ ਪਵਿੱਤਰ ਕਰੋ।

ਅਨੰਦ ਸਾਹਿਬ, ਗੁਰਸਤੋਤਰ, ਅਰਦਾਸ, ਹੁਕਮਨਾਮਾ।

*******

# ਮਾਰਗ ਚੋਣ
# (Choosing A Path)

***ਡਾ. ਸਵਾਮੀ ਰਾਮ ਜੀ***
***ਅਨੁਵਾਦਕ ਡਾ. ਤੇਜਿੰਦਰ ਮਲਹੋਤਰਾ***

## ਕੇਵਾਲਾ ਕੁੰਭਕ

ਕੇਵਾਲਾ ਕੁੰਭਕ ਕਰਦਿਆਂ ਪੂਰਾ ਸੁਆਸ ਸਰੀਰ ਦੇ ਅੰਦਰ ਕਰ ਲਿਆ ਜਾਂਦਾ ਹੈ, ਕੁਝ ਦੀ ਜ਼ਰਾ ਵੀ ਬਾਹਰ ਨਹੀਂ ਨਿਕਲਣ ਦਿੱਤਾ ਜਾਂਦਾ। ਇਹ ਸੁਆਸਾਂ ਦਾ ਪੂਰਣ ਕੰਟਰੋਲ ਹੈ ਸੁਆਸਾਂ ਨੂੰ ਪੂਰੀ ਤਰ੍ਹਾਂ ਨਾਲ ਰੋਕ ਲਿਆ ਜਾਂਦਾ ਹੈ। ਇਹ ਰੁਕਾਣਾ ਬਿਨਾਂ ਕਿਸੇ ਸਰੀਰਕ ਕੰਟਰੋਲ ਜਾਂ ਬਿਨਾਂ ਪੱਠਿਆਂ ਦੇ ਕੰਟਰੋਲ ਤੋਂ ਕੀਤਾ ਜਾਂਦਾ ਹੈ। ਇਸ ਤਰ੍ਹਾਂ ਕਰਨ ਨਾਲ ਸੁਸ਼ਮਨਾ ਸਾਰੀਆਂ ਅਸ਼ੁਧੀਆਂ ਤੋਂ ਮੁਕਤ ਹੋ ਜਾਂਦੀ ਹੈ, ਹੱਠ ਯੋਗ ਦਾ ਉਦੇਸ਼ ਪੂਰਨ ਹੋ ਜਾਂਦਾ ਹੈ।

ਕਛੇਰੀ ਮੁਦਰਾ ਨੂੰ ਪੂਰੀ ਤਰ੍ਹਾਂ ਨਾਲ ਕਰ ਸਕਣ ਤੋਂ ਬਾਅਦ ਭਾਵ ਇਸ ਵਿੱਚ ਨਿਪੁੰਨ ਹੋ ਜਾਣ ਤੋਂ ਬਾਅਦ ਪੂਰੀ ਤਰ੍ਹਾਂ ਨਾਲ ਲਗਾਤਾਰ ਅੰਦਰ ਰਹਿਣ ਤੋਂ ਬਾਅਦ ਯੋਗੀ ਆਪਣਾ ਆਹਾਰ ਬਿਲਕੁਲ ਘਟਾ ਦਿੰਦਾ ਹੈ ਉਹ ਕੇਵਲ ਦੁੱਧ ਹੀ ਪੀਂਦਾ ਹੈ, ਛੇ ਮਹੀਨੇ ਉਹ ਕੇਵਲ ਦੁੱਧ ਦੇ ਆਹਾਰ ਤੇ ਹੀ ਰਹਿੰਦਾ ਹੈ। ਇਸ ਤੋਂ ਪਿਛੋਂ ਇਕ ਸਪਤਾਹ ਉਹ ਘਿਉ ਤੇ ਦੁੱਧ 'ਤੇ ਰਹਿੰਦਾ ਹੈ, ਉਸ ਤੋਂ ਬਾਅਦ ਉਹ ਇਕ ਦੋ ਦਿਨ ਕੁਝ ਵੀ ਨਹੀਂ ਖਾਂਦਾ। ਇਸ ਤੋਂ ਬਾਅਦ ਉਹ ਸੁਆਸ ਗਿਣਦਾ ਹੈ, ਆਮ ਨਾਲੋਂ ਦੁਗਣੇ ਕਰਦਾ ਹੈ (ਇਕ ਮਿੰਟ ਵਿਚ ਤੀਹ ਕਰਦਾ ਹੈ) ਤੇ ਇਸ ਤਰ੍ਹਾਂ ਦਾ ਅਭਿਆਸ ਕਰਦਾ ਹੈ। ਇਸ ਪਸ਼ਚਾਤ ਫੇਰ ਦੋਨੋਂ ਫੇਫੜੇ ਹਵਾ ਨਾਲ ਭਰ ਲੈਂਦਾ ਹੈ, ਦੋ ਨਾਸਿਕਾ ਬੰਦ ਕਰ ਲੈਂਦਾ ਹੈ ਤੇ ਕੰਠ ਦੁਆਰ ਨੂੰ ਜੀਭ ਦੀ ਨੋਕ ਨਾਲ ਪਿੱਛੇ ਦਬਾਉਂਦਾ ਹੈ ਤੇ ਜੀਭ ਨੂੰ ਅੰਦਰ ਕਰ ਲੈਂਦਾ ਹੈ। ਸੁਆਸ ਰੋਕ ਲੈਂਦਾ ਹੈ, ਅੱਖਾਂ ਨੂੰ ਜਾਂ ਤਾਂ ਭਰਵੱਟਿਆਂ ਦੇ ਵਿਚ ਇਕਾਗਰ ਕਰ ਲੈਂਦਾ ਹੈ ਜਾਂ ਨੱਕ ਦੀ ਚੁੰਜ ਤੇ ਜਦੋਂ ਮਨ ਬਿਲਕੁਲ ਸੁੰਨ ਹੋ ਜਾਂਦਾ ਹੈ ਤਾਂ ਅਧਿਆਤਮਕ ਸ਼ਕਤੀਆਂ ਦੀ ਪ੍ਰਾਪਤੀ ਹੋ ਜਾਂਦੀ ਹੈ। ਜਦੋਂ ਕੁੰਭਕ ਪੂਰਾ ਹੋ ਜਾਂਦਾ ਹੈ, ਯੋਗੀ ਨੂੰ ਮਨ ਨੂੰ ਆਰਾਮ ਦੇਣਾ ਚਾਹੀਦਾ ਹੈ।

ਇਹ ਕਿਰਿਆ ਹਰ ਤਿੰਨ ਘੰਟੇ ਦੇ ਬਾਅਦ ਕਰਨੀ ਚਾਹੀਦੀ ਹੈ ਜਾਂ ਫੇਰ ਦਿਨ ਵਿਚ ਪੰਜ ਵਾਰੀ ਕਰਨੀ ਜ਼ਰੂਰੀ ਹੈ, ਸਵੇਰੇ ਅੰਮ੍ਰਿਤ ਵੇਲੇ, ਦੁਪਹਿਰ ਤੋਂ ਪਹਿਲੇ, ਦੁਪਹਿਰੇ, ਸ਼ਾਮ ਨੂੰ ਸੰਧਿਆ ਸਮੇਂ ਜਾਂ ਫੇਰ ਅੱਧੀ ਰਾਤ ਜਾਂ ਫੇਰ ਦਿਨ ਵਿਚ ਤਿੰਨ ਵਾਰੀ। ਜਦੋਂ ਤਕ ਕੇਵਾਲਾ ਕਰਦਿਆਂ ਪੂਰਨਤਾ ਪ੍ਰਾਪਤ ਨਾ ਹੋਵੇ ਸਫਲਤਾ ਨਾਲ ਮਿਲੇ ਇਹ ਅਭਿਆਸ ਕਰਦੇ ਰਹਿਣਾ ਚਾਹੀਦਾ ਹੈ ਇਸ ਅਭਿਆਸ ਨੂੰ ਹੌਲੀ-ਹੌਲੀ ਵਧਾਉਂਦੇ ਰਹਿਣਾ ਚਾਹੀਦਾ ਹੈ, ਉਦੋਂ ਤਕ ਵਧਾਉਣਾ ਚਾਹੀਦਾ ਹੈ ਜਦੋਂ ਤਕ ਸਮਾਧੀ ਸਥਿਤ ਨਾ ਹੋਵੇ ਇਸ ਤਰ੍ਹਾਂ ਨਾਲ ਜੋਗੀ ਮਨੋਮਨੀ ਦੀ ਅਵਸਥਾ ਭਾਵ ਮਨ ਸਥਿਰ ਨਾ ਹੋ ਜਾਵੇ ਉਸ ਤੋਂ ਬਾਅਦ ਕੇਵਾਲਾ ਕੇਵਲ ਦਿਨ ਵਿਚ ਇਕ ਵਾਰੀ ਕਰਨ ਦੀ ਲੋੜ ਹੈ।

ਇਹ ਅਭਿਆਸ ਕਰਨ ਨਾਲ ਸਾਰੇ ਰੋਗਾਂ ਤੋਂ ਮੁਕਤ ਹੋ ਜਾਈਦਾ ਹੈ, ਅਗਿਆਨ ਹਟ ਕੇ ਗਿਆਨ ਦਾ ਚਾਨਣ ਹੁੰਦਾ ਹੈ, ਜੀਵਨ ਲੰਮਾ ਹੁੰਦਾ ਹੈ, ਨੈਤਿਕਤਾ ਵਧਦੀ ਹੈ ਪਾਪਾਂ ਤੋਂ ਛੁਟਕਾਰਾ ਮਿਲਦਾ ਹੈ, ਆਤਮਕ ਵ੍ਰਿਧੀ ਹੁੰਦੀ ਹੈ ਸਮਾਧੀ ਦਾ ਅਨੁਭਵ ਹੁੰਦਾ ਹੈ ਵਿਸ਼ਵ ਆਤਮਾ ਪ੍ਰਮਾਤਮਾ ਨਾਲ ਜੁੜ ਜਾਈਦਾ ਹੈ। ਚਿੱਤ ਨੂੰ ਕਿਤੇ ਵੀ ਲੈ ਜਾਇਆ ਜਾ ਸਕਦਾ ਹੈ, ਕਿਸੇ ਵੀ ਚੀਜ਼ ਵਿਚ ਕਿਸੇ ਵੀ ਕੰਮ ਵਿਚ ਪੂਰਨਤਾ ਪ੍ਰਾਪਤ ਕੀਤੀ ਜਾ ਸਕਦੀ ਹੈ। ਇਹ ਦਸ ਦੇਣਾ ਬੜਾ ਅਵਸ਼ਕ ਹੈ ਕੇਵਾਲਾ ਕਰਨ ਤੋਂ ਪਹਿਲਾਂ ਸੁਆਸਾਂ ਦਾ ਵੱਖ-ਵੱਖ ਤਰ੍ਹਾਂ ਦਾ ਅਭਿਆਸ ਹੋਣਾ ਚਾਹੀਦਾ ਹੈ, ਮਨ ਦੀ ਪੂਰੀ ਇਕਾਗਰਤਾ ਹੋਣੀ ਚਾਹੀਦੀ ਹੈ, ਤਾਂ ਜੋ ਸਮਾਧੀ ਸਥਿਤ ਹੋ ਕੇ ਵਿਚਾਰ ਰੂਪ ਧਾਰਣ ਕਰ ਲੈਣ।

ਜਦੋਂ ਵਾਯੂ ਦਾ ਮੇਲ ਹੁੰਦਾ ਹੈ ਜਦੋਂ ਉਹ ਇਕ ਹੁੰਦੀਆਂ ਹਨ ਇਕ ਹੋ ਕੇ ਮੱਧ ਵਿਚ ਸੁਸ਼ਮਨਾ ਵਿਚ ਜਾਂਦੀਆਂ ਹਨ ਪੂਰਾ ਹਿਰਦਾ ਦਿਲ ਖਾਲੀ ਹੋ ਜਾਂਦਾ ਹੈ, ਯੋਗੀ ਦਾ ਸਰੀਰ ਚਮਕ ਉਠਦਾ ਹੈ, ਪੂਰੀ ਤਰ੍ਹਾਂ ਨਾਲ ਸਵਸਥ ਹੋ ਜਾਂਦਾ ਹੈ, ਅਲਾਹੀ ਹੋ ਜਾਂਦਾ ਹੈ ਇਕ ਬਹੁਤ ਹੀ ਮਿੱਠੀ ਸੁਗੰਧ ਸਰੀਰ ਵਿਚੋਂ ਆਉਣ ਲਗ ਪੈਂਦੀ ਹੈ, ਯੋਗੀ ਦਾ ਉਠਣਾ ਬੈਠਾ ਸਥਿਰ ਹੋ ਜਾਂਦਾ ਹੈ, ਯੋਗ ਪੂਰਨ ਰੂਪ ਧਾਰ ਲੈਂਦਾ ਹੈ, ਯੋਗੀ 'ਅਣ ਸੁਣੇ' ਵਿਗਿਆਨ ਦੀ ਨਿਪੁੰਨਤਾ ਪ੍ਰਾਪਤ ਕਰ ਲੈਂਦਾ ਹੈ। ਯੋਗੀ ਦੀ ਜੀਭਾ ਤੇ ਸਰਸਵਤੀ ਦਾ ਵਾਸਾ ਹੋ ਜਾਂਦਾ ਹੈ ਤੇ ਉਹ ਗਿਆਨੀ ਹੋ ਜਾਂਦਾ ਹੈ।

ਯੋਗੀ ਦੀਆਂ ਸਾਰੀਆਂ ਇੰਦਰੀਆਂ ਉਦੋਂ ਤਕ ਰੁਕ ਜਾਂਦੀਆਂ ਹਨ ਜਦੋਂ ਉਸ ਦੇ ਸੁਆਸਾਂ ਦੀ ਕ੍ਰਿਆ ਰੁਕ ਜਾਂਦੀ ਹੈ, ਇਹ ਕ੍ਰਿਆ ਦਸ ਮਿੰਟ ਅੜਤਾਲੀ ਸਕਿੰਟ ਲਈ ਰੁਕ ਜਾਂਦੀ ਹੈ। ਇਕ ਮਿੰਟ ਸੁਆਸ ਰੋਕਣ ਨਾਲ ਧਾਰਨਾ (Dharana) ਦੀ ਪ੍ਰਾਪਤੀ ਹੋ ਜਾਂਦੀ ਹੈ ਜਦੋਂ ਸੁਆਸਾਂ ਨੂੰ ਇਕੀ ਮਿੰਟ ਛੱਤੀ ਸਕਿੰਟ ਲਈ ਰੋਕ ਲਿਆ ਜਾਵੇ ਧਿਆਨ ਜੁੜ ਜਾਏ ਧਿਆਨ ਲਗ ਜਾਂਦਾ ਹੈ, ਜਦੋਂ ਸੁਆਸ ਤਰਤਾਲੀ ਮਿੰਟ ਬਾਰ੍ਹਾਂ ਸਕਿੰਟ ਲਈ ਰੋਕ ਲਿਆ ਜਾਵੇ ਤਾਂ ਸਮਾਧੀ ਦੀ ਅਵਸਥਾ ਪ੍ਰਾਪਤ ਹੋ ਜਾਂਦੀ ਹੈ, ਪੂਰਨ ਸਮਾਧੀ ਪ੍ਰਾਪਤ ਹੋ ਜਾਂਦੀ ਹੈ, ਜਦੋਂ ਸੁਆਸ ਇਕ ਘੰਟਾ ਛੱਬੀ ਮਿੰਟ, ਚੌਵੀ ਸਕਿੰਟ ਲਈ ਰੋਕ ਲਏ ਜਾਣ। ਆਖਰ ਦੀਆਂ ਤਿੰਨ ਅਵਸਤਾਂ ਭਾਵ ਇਕਾਗਰਤਾ, ਮੈਡੀਟੇਸ਼ਨ ਤੇ ਸਮਾਧੀ, ਜਦੋਂ ਇਨ੍ਹਾਂ ਤਿੰਨਾਂ ਦਾ ਸੰਜੋਗ ਹੋ ਜਾਂਦਾ ਹੈ ਮੇਲ ਹੋ ਜਾਂਦਾ ਹੈ ਤਾਂ ਇਸ ਨੂੰ ਸੰਮਿਆਮ (Samyana) ਕਹਿੰਦੇ ਹਨ।

ਜਦੋਂ ਯੋਗੀ ਢਾਈ ਘੰਟੇ ਲਈ ਕੁੰਭਕ ਪ੍ਰਾਪਤ ਕਰ ਲੈਂਦਾ ਹੈ ਜਾਂ ਤਿੰਨ ਘੰਟੇ ਲਈ ਕਰ ਲੈਂਦਾ ਹੈ ਉਸ ਨੂੰ ਬੇਅੰਤ ਸ਼ਕਤੀਆਂ ਦੀ ਪ੍ਰਾਪਤੀ ਹੋ ਜਾਂਦੀ ਹੈ ਜਿਵੇਂ ਕਿ ਬਹੁਤ ਦੂਰੋਂ ਆਵਾਜ਼ ਸੁਣ ਜਾਣੀ ਅਣਦਿੱਖ ਚੀਜ਼, ਦ੍ਰਿਸ਼ ਦੇਖ ਲੈਣੇ, ਬਹੁਤ ਦੂਰ ਦਾ ਸਫਰ ਥੋੜ੍ਹੇ ਸਮੇਂ ਵਿਚ ਪੂਰਾ ਕਰ ਲੈਣਾ ਤੇ ਹੋਰ ਬਹੁਤ ਸਾਰੀਆਂ ਅਸੰਭ ਕ੍ਰਿਆ ਕਰਨ ਦੀ ਸ਼ਕਤੀ ਪ੍ਰਾਪਤ ਹੋ ਜਾਂਦੀ ਹੈ। ਆਪਣਾ ਅਭਿਆਸ ਛੱਡ ਦੇਣਾ ਸੋਚ ਲੈਣਾ ਹੁਣ ਤਾਂ ਬਹੁਤ ਪ੍ਰਾਪਤੀ ਹੋ

ਗਈ ਹੋਰ ਲੋੜ ਨਹੀਂ ਜਾਂ ਇਨ੍ਹਾ ਸ਼ਕਤੀਆਂ ਦਾ ਦੁਰਉਪਯੋਗ ਕਰਨਾ ਕਿਉਂਕਿ ਇਨ੍ਹਾਂ ਸ਼ਕਤੀਆਂ ਦੀ ਪ੍ਰਾਪਤੀ ਅਭਿਆਸ ਕਰਿਆਂ ਇਕ ਸੰਭਾਵਕ ਪ੍ਰਾਪਤੀ ਹੈ, ਅਭਿਆਸ ਛੱਡਣਾ ਇਨ੍ਹਾਂ ਦਾ ਦੁਰਉਪਯੋਗ ਕਰਨ ਨਾਲ ਯੋਗ ਦੀ ਅੱਗੇ ਦੀ ਤਰੱਕੀ ਖਤਮ ਹੋ ਜਾਂਦੀ ਹੈ ਉਸ ਦੀ ਹਾਰ ਹੋ ਜਾਂਦੀ ਹੈ। ਇਹ ਦੂਸਰੀ ਗੱਲ ਹੈ ਕਿ ਉਹ ਆਪਣੀਆਂ ਸ਼ਕਤੀਆਂ ਦੀ ਪ੍ਰਦਰਸ਼ਨੀ ਕਰਦਾ ਰਹੇ ਪਰ ਉਸ ਦੀ ਉਨਤੀ ਉਥੇ ਹੀ ਰੁਕ ਜਾਂਦੀ ਹੈ।

ਯੋਗੀ ਜਦੋਂ ਧਰਤੀ ਮੂਲ ਤੇ ਕਾਬੂ ਪਾ ਲੈਂਦਾ ਹੈ ਫੇਰ ਉਹ ਜੀਵਨ ਸੁਆਸਾਂ ਨੂੰ ਮੂਲਾਧਾਰ ਚੱਕਰ ਵਿਚ ਲੈ ਜਾਂਦਾ ਹੈ ਉਥੇ ਹੀ ਢਾਈ ਘੰਟੇ ਲਈ ਟਿਕਾ ਲੈਂਦਾ ਹੈ। ਫੇਰ ਜਦੋਂ ਉਹ ਆਪਣੇ ਜੀਵਨ ਪ੍ਰਾਣ ਸਵਾਧਿਸ਼ਟਾਨ ਚੱਕਰ ਅੰਦਰ ਢਾਈ ਘੰਟੇ ਰੋਕ ਲੈਂਦਾ ਹੈ ਉਹ ਪਾਣੀ ਤੱਤ ਤੇ ਵਿਜੈ ਪ੍ਰਾਪਤ ਕਰ ਲੈਂਦਾ ਹੈ ਏਸੇ ਤਰ੍ਹਾਂ ਜਦੋਂ ਪ੍ਰਾਣਾਂ ਨੂੰ ਮਨੀਪੁਰ ਚੱਕਰ ਅੰਦਰ ਰੋਕਦਾ ਹੈ ਤਾਂ ਅਗਨੀ ਤੱਤ ਤੇ ਕਾਬੂ ਪਾ ਲੈਂਦਾ ਹੈ। ਹਵਾ ਉਤੇ ਵਿਜੈ ਪ੍ਰਾਪਤ ਕਰਨ ਲਈ ਉਸਨੂੰ ਅਨਾਹਤ ਚੱਕਰ ਵਿਚ ਜਾਣਾ ਪੈਂਦਾ ਹੈ ਏਥੇ ਢਾਈ ਘੰਟੇ ਸੁਆਸਾਂ ਨੂੰ ਰੋਕ ਕੇ ਵਿਜੈ ਪ੍ਰਾਪਤ ਕਰਦਾ ਹੈ ਇਸ ਤੋਂ ਬਾਅਦ ਉਹ ਪੁਲਾੜ ਨੂੰ ਵੱਖ ਕਰਨ ਲਈ ਸੁਆਸਾਂ ਨੂੰ ਵਿਸ਼ੁਧ ਚੱਕਰ ਅੰਦਰ ਸਥਿਰ ਕਰਦਾ ਹੈ, ਇਹ ਵੀ ਢਾਈ ਘੰਟੇ ਕਰਨ ਤੋਂ ਬਾਅਦ ਉਹ ਪੂਰਾ ਕੰਟਰੋਲ ਕਰ ਲੈਂਦਾ ਹੈ। ਇਸ ਪ੍ਰਕਾਰ ਉਹ ਪੰਜਾਂ ਤੱਤਾਂ ਤੇ ਕਾਬੂ ਪਾ ਲੈਂਦਾ ਹੈ ਉਨ੍ਹਾਂ ਦਾ ਪੂਰਾ ਗਿਆਨ ਪ੍ਰਾਪਤ ਕਰ ਲੈਂਦਾ ਹੈ ਫੇਰ ਇਹ ਤੱਤ ਉਸ ਨੂੰ ਰੋਕ ਨਹੀਂ ਸਕਦੇ ਡਰਾ ਨਹੀਂ ਸਕਦੇ। ਫੇਰ ਯੋਗੀ ਇਨ੍ਹਾਂ ਪੰਜਾਂ ਤੱਤਾਂ ਦਾ ਅਨੰਦ ਮਾਣਦਾ ਹੈ ਤੇ ਵਿਸ਼ਵ ਆਤਮਾ ਭਾਵ ਪ੍ਰਮਾਤਮਾ ਨਾਲ ਜੁੜਿਆ ਰਹਿੰਦਾ ਹੈ।

ਜਦੋਂ ਯੋਗੀ ਆਪਣੇ ਸੁਆਸ ਤਿੰਨ ਘੰਟਿਆਂ ਲਈ ਟਿਕਾ ਲੈਂਦਾ ਹੈ ਫੇਰ ਉਸ ਦੀ ਆਤਮਾ ਦਾ ਮੇਲ ਬ੍ਰਹਿਮੰਡ ਆਤਮਾ ਨਾਲ ਹੋ ਜਾਂਦਾ ਹੈ, ਇਸ ਅਵਸਥਾ ਵਿਚ ਕੋਈ ਵੀ ਸੰਸਾਰਕ ਚੀਜ਼ ਵਿਚਾਰ ਯੋਗੀ ਦੇ ਮਨ ਅੰਦਰ ਆਉਂਦਾ ਹੈ। ਸੰਸਾਰਕ ਵਾਸ਼ਨਾਵਾਂ ਸਾਰੀਆਂ ਖਤਮ ਹੋ ਜਾਂਦੀਆਂ ਹਨ ਸੁਤੇ ਹੀ ਉਹ ਸੰਸਾਰਕ ਅਵਸਥਾ ਤੋਂ ਬ੍ਰਹਿਮੰਡ ਵਿਚ ਪ੍ਰਵੇਸ਼ ਕਰ ਜਾਂਦਾ ਹੈ। ਉਹ ਆਪਣੇ ਆਪ ਨੂੰ ਇਕ ਉਂਗਲੀ ਉਤੇ ਖੜ੍ਹਾ ਕਰ ਸਕਦਾ ਹੈ, ਹਵਾ ਵਿਚ ਤੁਰ ਸਕਦਾ ਹੈ। ਜਦੋਂ ਯੋਗੀ ਤਿੰਨ ਘੰਟੇ ਲਈ ਸੁਆਸ ਰੋਕ ਲੈਂਦਾ ਹੈ ਫੇਰ ਉਸਨੂੰ ਕੇਵਲ ਇਕ ਘੰਟੇ ਪ੍ਰਾਣਾਯਾਮ ਕਰਨ ਦੀ ਲੋੜ ਹੈ।

ਦਿਮਾਗੀ ਰੀੜ੍ਹ ਦੀ ਹੱਡੀ ਦਾ ਕਾਰਜ ਪੂਰੀ ਤਰ੍ਹਾਂ ਨਾਲ ਕੁੰਡਲਨੀ ਜਾਗਰਣ ਤੇ ਪੂਰੀ ਤਰ੍ਹਾਂ ਨਾਲ ਕਾਬੂ ਕੀਤਾ ਜਾਂਦਾ ਹੈ ਕੰਟਰੋਲ ਕੀਤਾ ਜਾਂਦਾ ਹੈ। ਕਿਹਾ ਜਾਂਦਾ ਹੈ ਉਪਰ ਲਿਖੇ ਅਭਿਆਸ ਕਰਕੇ ਤੁਹਾਡੇ ਅੰਦਰ ਦੈਵੀ ਸ਼ਕਤੀਆਂ ਪ੍ਰਵੇਸ਼ ਕਰ ਜਾਂਦੀਆਂ ਹਨ, ਅਲੌਕਿਕ ਸ਼ਕਤੀਆਂ ਆ ਜਾਂਦੀਆਂ ਹਨ। ਮੈਂ ਸੱਚ ਦਸਾਂ ਮੇਰਾ ਅਨੁਭਵ ਤਾਂ ਬਿਲਕੁਲ ਵਖਰਾ ਹੈ। ਮੇਰਾ ਆਪਣਾ ਅਨੁਭਵ ਹੈ ਕਿ ਸਾਰੇ ਅਭਿਆਸ ਕਰਕੇ ਤੁਹਾਡੀ ਮਾਨਸਿਕ ਸਥਿਤੀ ਅਸਾਧਾਰਨ ਹੋ ਜਾਂਦੀ ਹੈ। ਜਿਸ ਕਰਕੇ ਬਹੁਤ ਸਾਰੀਆਂ ਅਵਸਥਾ ਮਹਿਸੂਸ ਹੁੰਦੀਆਂ ਹਨ, ਬਹੁਤ ਸਾਰੇ ਮਾਨਸਿਕ ਤਲ ਤੇ ਵਿਚਾਰ ਕਿਸੇ ਤਰ੍ਹਾਂ ਦੀਆਂ ਧਾਰਾ ਮਹਿਸੂਸ ਹੁੰਦੀਆਂ ਹਨ, ਬਹੁਤ ਸਾਰੇ ਵੇਗ ਉਠਦੇ ਹਨ, ਬਹੁਤ ਸਾਰੀ ਗਤੀ ਮਹਿਸੂਸ ਹੁੰਦੀ ਹੈ, ਜਿਹੜੀ ਦਿਮਾਗ ਤਕ ਜਾਂਦੀ ਹੈ। ਜੇਕਰ ਇਨ੍ਹਾਂ ਅਨੁਭਵਾਂ ਨੂੰ ਅਸੀਂ ਆਸਾਧਾਰਨ ਅਨੁਭਵ ਮੰਨੀਏ ਤਾਂ ਤਾਂ ਠੀਕ ਹੈ। ਜੇਕਰ ਅਸਚਰਜ ਅਨੁਭਵ ਕੋਈ ਹੋਰ ਹਨ ਫੇਰ ਮੈਨੂੰ ਉਨ੍ਹਾਂ ਦਾ ਕੋਈ ਅਨੁਭਵ ਨਹੀਂ ਹੈ। ਮੈਨੂੰ ਚੇਤਨਤਾ ਦੇ ਪਸਾਰੇ ਦਾ ਕੋਈ ਅਨੁਭਵ ਨਹੀਂ, ਨਾ ਹੀ ਮੈਨੂੰ ਕੋਈ ਪਰਾ ਵਿਦਿਆ, ਪਰਾ ਗਿਆਨ ਦਾ ਅਨੁਭਵ ਹੋਇਆ ਹੈ।

ਮੇਰੇ ਵਿਚਾਰ ਅਨੁਸਾਰ ਇਹ ਸਾਰੇ ਅਭਿਆਸ ਕੁੰਡਲਨੀ ਸੁਚੇਤ ਕਰਨ ਦੇ ਕੁੰਡਲਨੀ ਜਾਗਰਣ ਕਰਨ ਦੀ ਤਿਆਰੀ ਦੇ ਅਭਿਆਸ ਹਨ। ਮੈਂ ਜਗਿਆਸੂਆਂ ਨੂੰ ਇਹ ਚੇਤਾਵਨੀ ਦੇਣਾ ਚਾਹਵਾਂਗਾ ਕਿ ਉਹ ਆਪਣਾ ਸਮਾਂ ਇਨ੍ਹਾਂ ਸਰੀਰਕ ਅਭਿਆਸ ਕਰਨ ਵਿਚ ਅਜਾਈਂ ਨਾ ਗਵਾਉਣ ਕੁੰਡਲਨੀ ਜਾਗਰਣ ਕਰਨ ਲਈ ਇਹ ਤਿਆਰੀ ਹਨ ਇਨ੍ਹਾਂ ਨੂੰ ਉਸ ਤਰ੍ਹਾਂ ਹੀ ਲੈਣਾ ਚਾਹੀਦਾ ਹੈ। ਮੈਂ ਇਹ ਸਾਰੇ ਅਭਿਆਸ ਜਵਾਨੀ ਦੀ ਅਵਸਥਾ ਵਿਚ ਕੀਤੇ ਸੀ, ਪਰ ਮੈਨੂੰ ਇਹ ਸਭ ਕੁਝ ਕਰਕੇ ਕੋਈ ਆਤਮਕ ਅਧਿਆਤਮਕ ਫਲ ਨਹੀਂ ਹੋਇਆ, ਕੋਈ ਵਾਧਾ ਨਹੀਂ ਹੋਇਆ। ਜਿਹੜੇ ਯੋਗੀਆਂ ਨੂੰ ਤਾਂਤਰ ਗ੍ਰੰਥਾਂ ਦਾ ਕੋਈ ਗਿਆਨ ਨਹੀਂ ਉਹ ਤਰ੍ਹਾਂ ਦੀ ਸਿਖਿਆ ਵੀ ਨਹੀਂ, ਉਹ ਸੋਚਦੇ ਹਨ ਕਿ ਪ੍ਰਾਣਾਯਾਮ ਵਿਆਮ ਤੇ ਹਠ ਯੋਗ ਹੀ ਕੁੰਡਲਨੀ ਜਾਗਰਣ ਕਰਨ ਦੇ ਸਾਧਨ ਹਨ। ਪਰ ਇਹ ਸੱਚ ਨਹੀਂ ਹੈ। ਬਹੁਤ ਵਾਰੀ ਇਹ ਅਭਿਆਸ ਨਾੜੀ ਤੰਤੂ ਨੂੰ ਖਰਾਬ ਕਰਦੇ ਹਨ ਉਸ ਨੂੰ ਹਾਨੀ ਪਹੁੰਚਾ ਸਕਦੀ ਹੈ ਸੱਟ ਪਹੁੰਚਾ ਸਕਦੀ ਹੈ। ਕਿਉਂਕਿ ਇਸ ਨਾਲ ਪ੍ਰਾਣਾਂ ਦਾ ਨੀਯਮ ਪ੍ਰਾਣਾਂ ਦਾ ਵਾਹਕ ਅਸ਼ਾਂਤ ਹੋ ਸਕਦਾ ਹੈ ਉਸ ਵਿਚ ਵਿਘਨ ਪੈ ਸਕਦਾ ਹੈ। ਬਹੁਤ ਜ਼ਿਆਦਾ ਪ੍ਰਾਣਾਯਾਮ ਕਰਨ ਨਾਲ ਵਧੇਰੇ ਮੁਦਰਾ ਅਭਿਆਸ ਕਰਨ ਨਾਲ ਸੁਅਸਥ ਵਿਗੜ ਵੀ ਸਕਦਾ ਹੈ ਕੋਈ ਨੁਕਸ ਵੀ ਪੈ ਸਕਦਾ ਹੈ।

### ਅਨਾਹਦ ਨਾਦ ਦੇ ਅਭਿਆਸ ਨਾਲ ਕੁੰਡਲਨੀ ਜਾਗਰਣ ਕਰਨੀ

ਅਨਾਹਦ ਨਾਦ ਇਕ ਪਵਿੱਤਰ ਅਗੰਮੀ ਸੁਰ ਹੈ, ਇਹ ਸੁਰ ਯੋਗੀ ਆਪਣੇ ਅੰਤਰ ਦੇ ਕੰਨਾਂ ਨਾਲ ਹੀ ਸੁਣਦਾ ਹੈ। ਇਹ ਆਵਾਜ਼ ਬਾਹਰ ਦੀ ਆਵਾਜ਼ ਨਹੀਂ ਹੈ ਨਾ ਹੀ ਕਿਸੇ ਬਾਹਰ ਦੇ ਸਾਜ਼ ਨਾਲ ਪੈਦਾ ਹੁੰਦੀ ਹੈ। ਯੋਗੀ ਇਹ ਆਵਾਜ਼ ਆਪਣੇ ਅੰਦਰੋਂ ਹੀ ਸੁਣਦਾ ਹੈ ਇਹ ਨਾਦ ਹੈ। ਅੱਧੀ ਰਾਤ ਨੂੰ ਜਦੋਂ ਹੋਰ ਕੋਈ ਆਵਾਜ਼ ਨਹੀਂ ਸੁਣਦੀ ਯੋਗੀ ਉਸ ਸਮੇਂ ਕੁੰਭਕ ਵਰਤ ਕੇ ਬਕਾਅ ਮੁਦਰਾ ਕਰਦਾ ਹੈ, ਦੋਨੌਂ ਅੰਗੂਠਿਆਂ ਨਾਲ ਦੋਨੋਂ ਕੰਨ ਬੰਦ ਕਰਦਾ ਹੈ, ਪਹਿਲੀ ਉਂਗਲੀ ਨਾਲ ਅੱਖਾ ਬੰਦ ਕਰਦਾ ਹੈ, ਵਿਚ ਵਾਲੀ ਉਂਗਲੀ ਨਾਲ ਅੱਖਾਂ ਬੰਦ ਕਰਦਾ ਹੈ, ਵਿਚ ਵਾਲੀ ਉਂਗਲੀ ਨਾਲ ਦੋਨੋਂ ਨਾਸਿਕਾ ਬੰਦ ਕਰਦਾ ਹੈ, ਚੌਥੀ ਉਂਗਲੀ ਉਪਰ ਵਾਲਾ ਬੁਲ੍ਹ ਤੇ ਰਖਦਾ ਹੈ, ਹੇਠਾਂ ਵਾਲੇ ਬੁਲ੍ਹ ਤੇ ਛੋਟੀ ਉਂਗਲੀ ਰਖਦਾ ਹੈ। ਇਹ ਕਰਨ ਤੋਂ ਪਿਛੋਂ ਉਹ ਭਰਵੱਟਿਆਂ ਦੇ ਵਿਚ ਵਾਲੀ ਥਾਂ ਤੇ ਧਿਆਨ ਇਕਾਗਰ ਕਰਦਾ ਹੈ। ਇਸ ਤਰ੍ਹਾਂ ਕਰਨ ਨਾਲ ਕਈ ਯੋਗੀਆਂ ਨੂੰ ਵੱਖ-ਵੱਖ ਰੰਗ ਦੀ ਰੋਸ਼ਨੀ ਦਿਖਦੀ ਹੈ ਕਈਆਂ ਨੂੰ ਆਪਣੇ ਅੰਦਰੋਂ ਵੱਖ-ਵੱਖ ਆਵਾਜ਼ਾਂ ਸੁਣਦੀਆਂ ਹਨ। ਇਹ ਨਾਦ

ਸੁਣਨ ਤੋਂ ਬਾਅਦ ਯੋਗੀ ਦਾ ਦੇਹ ਅਭਿਆਸ ਟੁੱਟ ਜਾਂਦਾ ਹੈ, ਮਨ ਅੰਤਰਮੁਖੀ ਹੋ ਜਾਂਦਾ ਹੈ। ਇਹ ਨਾਦ ਦਸ ਪ੍ਰਕਾਰ ਦਾ ਹੈ, ਪਹਿਲਾ ਹੈ ਸ਼ਹਿਦ ਦੀ ਮੱਖੀ ਦੀ ਤਰ੍ਹਾਂ ਦੀ ਆਵਾਜ਼ ਦੂਸਰਾ ਹੈ, ਬੰਸਰੀ ਦੀ ਮਧੁਰ ਧੁਨ, ਤੀਸਰੀ ਹੈ, ਦੂਰ ਤੋਂ ਘੰਟੀਆਂ ਦੀ ਆਵਾਜ਼, ਚੌਥੀ ਹੈ ਸੰਖ ਦੀ ਆਵਾਜ਼, ਪੰਜਵੀਂ ਹੈ ਵੀਣਾ ਦੀ ਆਵਾਜ਼, ਛੇਵੀਂ ਹੈ ਦੋ ਧਾਤੂਆਂ ਨੂੰ ਖੜਕਾਉਣ ਦੀ ਵਜਾਉਣ ਦੀ ਆਵਾਜ਼ ਜਿਵੇਂ ਸੰਗੀਤਕਾਰ ਵਜਾਉਂਦੇ ਹਨ, ਸਤਵੀਂ ਹੈ ਨਰ ਸਿੰਘੇ ਦੀ ਤਰ੍ਹਾਂ, ਬਿਗਲ ਦੀ ਤਰ੍ਹਾਂ, ਨੌਂਵੀਂ ਹੈ ਬੱਦਲਾਂ ਦੇ ਗਰਜਨ ਦੀ ਆਵਾਜ਼, ਦਸਵੀਂ ਆਵਾਜ਼ ਹੈ ਅਨਾਹਦ ਨਾਦ। ਅਨਾਹਦ ਨਾਦ ਦੀ ਧੁਨ ਉਸ ਤਰ੍ਹਾਂ ਦੀ ਹੈ ਜਿਵੇਂ 'ਓਮ' ਨੂੰ ਲੰਮਾ ਕਰਕੇ ਕਿਹਾ ਜਾਵੇ। ਇਹ ਧੁਨ ਜਗਿਆਸੂ ਦਾ ਹਿਰਦਾ ਵਿੰਨ੍ਹ ਦਿੰਦੀ ਹੈ।

ਵਾਸਤਵ ਵਿਚ ਅਨਾਹਦ ਨਾਦ ਹੀ ਸਾਰੇ ਸੰਗੀਤ ਦਾ ਧੁਰਾ ਹੈ, ਸਾਰੇ ਸੰਸਾਰ ਦੇ ਸੰਗੀਤ ਦਾ ਮੂਲ, ਸਾਰੇ ਸੰਗੀਤ ਦਾ ਆਧਾਰ ਅਨਾਹਦ ਨਾਦ ਹੀ ਹੈ। ਸੰਗੀਤ ਦੇ ਸੱਤ ਸੁਰ ਹੀ ਹਨ। ਸਾਮਵੇਦ ਅੰਦਰ ਬੜਾ ਸਪਸ਼ਟ ਕਰਕੇ ਦੱਸਿਆ ਹੈ, ਸੰਗੀਤ ਦਾ ਪ੍ਰਭਾਵ ਮਨ ਤੇ ਦਿਮਾਗ ਉਤੇ ਕਿਸ ਤਰ੍ਹਾਂ ਪੈਂਦਾ ਹੈ, ਕਿਵੇਂ ਹਿਰਦਿਆਂ ਤੇ ਪੈਂਦਾ ਹੈ, ਇਹ ਦਸਿਆ ਗਿਆ ਹੈ ਕਿ ਸੰਗੀਤ ਨਾਲ ਸਾਧਕਾਂ ਦੀ ਸਮਾਧੀ ਲਗ ਜਾਂਦੀ ਹੈ। ਇਸ ਤਰ੍ਹਾਂ ਦੇ ਸੰਗੀਤਕਾਰ ਬਹੁਤ ਹੀ ਘੱਟ ਕੋਈ ਵਿਰਲਾ ਹੀ ਹੈ। ਜਿਹੜਾ ਹੈ ਉਹ ਆਪਣਾ ਸਾਰਾ ਜੀਵਨ ਇਸੇ ਖੋਜ ਲਈ ਲਗਾ ਦਿੰਦਾ ਹੈ।

ਅਨਾਹਦ ਨਾਦ ਦਾ ਸਾਧਕ ਛੇਤੀ ਹੀ ਮਨ ਨੂੰ ਅੰਤਰਮੁਖੀ ਕਰਕੇ ਇਕਾਗਰ ਕਰ ਸਕਦਾ ਹੈ ਇਹ ਬਿਲਕੁਲ ਸੱਤ ਹੈ। ਬਹੁਤ ਸਾਰੇ ਇਹੋ ਜਿਹੀਆਂ ਸੰਪਰਦਾਵਾਂ ਹਨ ਜਿਹੜੀਆਂ ਵਹਿਮਾਂ ਵਿਚ ਪੈ ਜਾਂਦੀਆਂ ਹਨ, ਅੰਧ ਵਿਸ਼ਵਾਸੀ ਹੋ ਜਾਂਦੀਆਂ ਹਨ, ਆਪਣੇ ਗੁਰੂ ਨੂੰ ਹੀ ਪੂਜਣ ਲਗ ਪੈਂਦੀਆਂ ਹਨ, ਗੁਰੂ ਨੂੰ ਹੀ ਰੱਬ ਮੰਨਣ ਲਗ ਪੈਂਦੀਆਂ ਹਨ। ਇਸ ਤਰ੍ਹਾਂ ਨਾਲ ਨਾਦ ਦਾ ਯੋਗਿਕ ਅਭਿਆਸ ਖਤਮ ਹੋ ਜਾਂਦਾ ਹੈ ਗੁਰੂ ਰੱਬ ਰੂਪ ਬਣ ਕੇ ਰਹਿ ਜਾਂਦਾ ਹੈ।ਇਸ ਮਾਰਗ ਦੇ ਪਿੱਛੇ ਕੋਈ ਫਿਲੋਸਫੀ ਨਹੀਂ ਹੈ, ਇਹੋ ਜਿਹੇ ਗੁਰੂ ਅੰਧ ਵਿਸ਼ਵਾਸ਼ ਨੂੰ ਹੀ ਪੱਕਾ ਕਰਦੇ, ਉਸੇ ਨੂੰ ਹੀ ਦ੍ਰਿੜ੍ਹ ਕਰਦੇ ਹਨ। ਜਿਥੋਂ ਤਕ ਯੋਗ ਦੇ ਤਰੀਕਿਆ ਦਾ ਸਵਾਲ ਹੈ, ਨਾਦ ਇਕ ਉਚਿਤ ਤਰੀਕਾ ਹੈ, ਪਰ ਗੁਰੂ ਹੀ ਸੱਤ ਹੈ, ਰੱਬ ਹੈ ਇਹ ਗ੍ਰੰਥਾਂ ਵਿਚ ਕਿਤੇ ਵੀ ਨਹੀਂ ਲਿਖਿਆ ਦਸਿਆ। ਇਹ ਗੱਲ ਬਿਲਕੁਲ ਠੀਕ ਹੈ ਕਿ ਗੁਰੂ ਅਧਿਆਤਮਕ ਪੱਥ ਪ੍ਰਦਰਸ਼ਨ ਪੂਰੀ ਤਰ੍ਹਾਂ ਨਾਲ ਸਤਿਕਾਰਿਆਂ ਜਾਣਾ ਚਾਹੀਦਾ ਹੈ, ਗੁਰੂ ਇਕ ਬੇੜੀ ਦੀ ਤਰ੍ਹਾਂ ਹੈ ਜਿਸ ਤਰ੍ਹਾਂ ਬੇੜੀ ਵਿਚ ਬੈਠ ਕੇ ਤੁਸੀਂ ਨਦੀ ਦੇ ਇਕ ਕਿਨਾਰੇ ਤੋਂ ਦੂਸਰੇ ਕਿਨਾਰੇ ਤੇ ਜਾਂਦੇ ਹੋ, ਗੁਰੂ ਬਿਲਕੁਲ ਇਸ ਤਰ੍ਹਾਂ ਹੀ ਤੁਹਾਨੂੰ ਮਾਇਆ ਜਾਲ ਵਿਚ ਸੰਸਾਰ ਦੇ ਇਸ ਕੰਢੇ ਤੋਂ ਗਿਆਨ ਦੇ ਕੰਢੇ ਲੈ ਜਾਂਦਾ ਹੈ। ਇਕ ਪੂਰਨ ਗੁਰੂ ਸਕਾਰਾਤਮਕ ਤਰੀਕੇ ਨਾਲ ਆਤਮ ਮਾਰਗ ਤੇ ਚਲਣਾ ਸਿਖਾਉਂਦਾ ਹੈ ਪਰ ਗੁਰੂ ਆਪਣੇ ਆਪ ਵਿਚ ਹੀ ਅੰਤ ਨਹੀਂ ਹੈ, ਉਦੇਸ਼ ਨਹੀਂ ਹੈ।

ਇਕ ਸੱਚਾ ਸੁੱਚਾ ਗੁਰੂ ਉਹ ਹੀ ਹੈ ਜਿਹੜਾ ਆਪਣੇ ਸੇਵਕਾਂ ਨੂੰ ਸਤਿ ਬਾਰੇ ਜਾਣੂ ਕਰਾਉਂਦਾ ਹੈ ਬਿਲਕੁਲ ਨਿਰਸੁਆਰਥ ਹੋ ਕੇ ਉਨ੍ਹਾਂ ਦਾ ਮਾਰਗ ਦਰਸ਼ਨ ਕਰਦਾ ਹੈ, ਕੋਈ ਸੁਆਰਥੀ ਗੁਰੂ ਨਹੀਂ ਬਣ ਸਕਦਾ। ਅੱਜ ਦੇ ਜਗਿਆਸੂਆਂ ਵਿਚ ਇਕ ਰਿਵਾਜ ਚੱਲ ਪਿਆ ਹੈ, ਉਹ ਗੁਰੂ ਦੀ ਖੋਜ ਲਾਈ ਭਟਕਦੇ ਫਿਰਦੇ ਹਨ, ਪੂਰਨ ਗੁਰੂ ਨੂੰ ਲਭਦੇ ਹਨ। ਹੁੰਦਾ ਇਹ ਹੈ ਕਿ ਉਹ ਆਪਣੇ ਮਨ ਵਿਚ ਇਕ ਧਾਰਨਾ ਬਣਾ ਪੈਣੇ ਹਨ ਫੇਰ ਉਸ ਅਨੁਸਾਰ ਹੀ ਉਹ ਗੁਰੂ ਨੂੰ ਵੰਡਦੇ ਹਨ ਜਿਹੜੇ ਗੁਣ ਉਨ੍ਹਾਂ ਨੇ ਆਪਣੇ ਮਨ ਵਿਚ ਧਾਰੇ ਹਨ ਉਹ ਹੀ ਗੁਰੂ ਵਿਚ ਦੇਖਣ ਦੀ ਇੱਛਾ ਕਰਦੇ ਹਨ। ਇਸ ਕਰਕੇ ਉਹ ਛੇਤੀ ਹੀ ਨਿਰਾਸ਼ ਹੋ ਜਾਂਦੇ ਹਨ ਕਿਉਂਕਿ ਉਨ੍ਹਾਂ ਦੀ ਤਰੰਗ ਜੋ ਉਨ੍ਹਾਂ ਨੇ ਧਾਰਨਾ ਬਣਾਈ ਸੀ। ਉਹ ਪੂਰੀ ਨਹੀਂ ਹੁੰਦੀ ਉਸ ਦਾ ਪੂਰਨ ਰੂਪ ਉਹ ਕਿਤੇ ਨਹੀਂ ਲੱਭ ਸਕਦੇ। ਇਕ ਸੰਪੂਰਨ ਗੁਰੂ ਵੀ ਇਕ ਚੰਗੇ ਜਗਿਆਸੂ ਦੀ ਭਾਲ ਵਿਚ ਰਹਿੰਦਾ ਹੈ। ਗੁਰੂ ਕ੍ਰਿਪਾ ਨਾਲ ਜਦੋਂ ਇਕ ਸੰਪੂਰਨ ਗੁਰੂ ਇਕ ਸੱਚੇ ਸ਼ਿਸ਼ ਜਗਿਆਸੂ ਨੂੰ ਮਿਲਦਾ ਹੈ, ਦੋਨੋਂ ਇਕ ਦੂਜੇ ਨੂੰ ਇਕ ਦਮ ਪਛਾਣ ਜਾਂਦੇ ਹਨ। ਗੁਰੂ ਚੇਲੇ ਦਾ ਸਬੰਧ ਇਕ ਸੱਚਾ ਸੁੱਚਾ ਨਿਰਸੁਆਰਥੀ ਸਬੰਧ ਹੁੰਦਾ ਹੈ ਇਸ ਵਿਚ ਕੋਈ ਲੈਣ ਦੇਣ ਨਹੀਂ ਹੁੰਦਾ। ਜੇਕਰ ਕਿਤੇ ਕੋਈ ਆਸ ਹੋਵੇ ਕੋਈ ਸੁਆਰਥ ਹੋਵੇ ਤਾਂ ਇਸ ਸਬੰਧ ਵਿਚ ਬਹੁਤ ਦੇਰ ਤਕ ਨਹੀਂ ਚੱਲ ਸਕਦਾ, ਕੇਵਲ ਇਕ ਭਾਵੁਕ ਸੰਵੇਗਕ ਰਿਸ਼ਤਾ ਹੀ ਹੁੰਦਾ ਹੈ। ਯੋਗ ਦੀ ਪਰੰਪਰਾ ਅਨੁਸਾਰ, ਗੁਰੂ ਚੇਲੇ ਦਾ ਸਬੰਧ ਪਿਉ ਪੁੱਤਰ ਦੇ ਸਬੰਧ ਤੋਂ ਵੀ ਵੱਧ ਡੂੰਘਾ ਹੁੰਦਾ ਹੈ। ਇਹ ਇਕ ਇਲਾਹੀ ਇਕ ਰੱਬੀ ਸਬੰਧ ਹੁੰਦਾ ਹੈ, ਕੇਵਲ ਪਵਿੱਤਰ ਸ੍ਰੇਸ਼ਟ ਸਬੰਧ ਹੁੰਦਾ ਹੈ ਸਤਿ ਲਈ ਹੀ ਹੁੰਦਾ ਹੈ, ਇਸ ਸਬੰਧ ਵਿਚ ਕੁਝ ਵੀ ਸੰਸਾਰਕ ਨਹੀਂ ਹੁੰਦਾ।

## ਮੰਤਰ ਯੋਗ

ਵਾਸਤਵ ਵਿਚ ਮੰਤਰ ਯੋਗ ਤੰਤਰ ਯੋਗ ਦੀ ਹੀ ਸ਼ਾਖਾ ਹੈ। ਇਹ ਇਕ ਬਹੁਤ ਹੀ ਪ੍ਰਭਾਵਸ਼ਾਲੀ ਤਰੀਕਾ ਹੈ ਜਿਸ ਨਾਲ ਕੁੰਡਲਨੀ ਸੁਚੇਤ ਕੀਤੀ ਜਾਂਦੀ ਹੈ। ਇਸ ਤਰੀਕੇ ਨਾਲ ਕੁਝ ਖਾਸ ਧੁਨ ਦੀ ਆਵਾਜ਼ ਕੱਢੀ ਜਾਂਦੀ ਹੈ ਯਾਦ ਕੀਤੀ ਜਾਂਦੀ ਹੈ ਇਹ ਕੁਝ ਖਾਸ ਧੁਨਾਂ ਹੁੰਦੀਆਂ ਹਨ, ਇਨ੍ਹਾਂ ਦੇ ਖਾਸ ਅਰਥ ਹੁੰਦੇ ਹਨ ਇਨ੍ਹਾਂ ਦਾ ਖਾਸ ਪ੍ਰਭਾਵ ਹੁੰਦਾ ਹੈ। ਮੰਤਰ ਵਰਤਣ ਦੇ ਤਿੰਨ ਤਰੀਕੇ ਹਨ, ਮੰਤਰ ਉਚੀ-ਉਚੀ ਉਚਾਰਣ ਕੀਤਾ ਜਾਂਦਾ ਹੈ, ਮੰਤਰ ਮਨ ਵਿਚ ਚੁੱਪ ਕਰਕੇ ਜਪਿਆ ਜਾਂਦਾ ਹੈ, ਆਪਣੇ ਅੰਦਰ ਹੀ ਬਾਰ-ਬਾਰ ਕੀਤਾ ਜਾਂਦਾ ਹੈ ਮਨ ਅੰਦਰ ਹੀ ਜਪਿਆ ਜਾਂਦਾ ਹੈ। ਜਿਹੜੇ ਮੰਤਰ ਮਨ ਨਾਲ ਕੀਤੇ ਜਾਂਦੇ ਹਨ ਉਨ੍ਹਾਂ ਦੀ ਅਥਾਹ ਸ਼ਕਤੀ ਹੁੰਦੀ ਹੈ। ਮੰਤਰ ਦੀ ਅਥਾਹ ਸ਼ਕਤੀ ਹੈ। ਮੰਤਰ ਦੇ ਅਰਥ ਹਨ ਉਹ ਸ਼ਬਦ ਜਿਹੜਾ ਮਨ ਨੂੰ ਅਸ਼ਾਂਤ ਹੋਣ ਤੋਂ ਬਚਾਏ ਭਟਕਣ ਤੋਂ ਰੋਕੇ। ਪਹਿਲੇ ਪਹਿਲ ਜਗਿਆਸੂ ਮੰਤਰ ਗਿਆਨ ਨੂੰ ਨਹੀਂ ਸਮਝਦਾ। ਪਰ ਜਦੋਂ ਮੰਤਰ ਨੂੰ ਭਾਵਨਾਪੂਰਵਕ ਲੰਮੇ ਸਮੇਂ ਲਈ ਜਪਿਆ ਜਾਂਦਾ ਹੈ। ਇਕਾਗਰ ਹੋ ਕੇ ਜਪਿਆ ਜਾਂਦਾ ਹੈ, ਮੰਤਰ ਚੇਤਨਤਾ ਸ਼ਕਤੀਸ਼ਾਲ ਹੋ ਜਾਂਦੀ ਹੈ। ਇਸ ਤਰ੍ਹਾਂ ਨਾਦ ਮੰਤਰ ਸਿੱਧੀ ਪ੍ਰਾਪਤ ਹੋ ਜਾਂਦੀ ਹੈ। ਜਦੋਂ ਮਨ ਸ਼ੁੱਧ ਨਾ ਹੋਏ, ਪੂਰੀ ਤਰ੍ਹਾਂ ਨਾਲ ਤਿਆਰ ਨਾ ਹੋ ਜਾਏ ਇੱਕਲਾ ਮੰਤਰ ਪ੍ਰਭਾਵਿਤ ਨਹੀਂ ਹੋ ਸਕਦਾ। ਮੰਤਰ, ਇਕ ਸ਼ਕਤੀ ਹੈ ਇਕ ਝਰਨਾਹਟ ਹੈ ਇਕ ਕਰਮ ਹੈ ਇਸ ਤਰ੍ਹਾਂ ਇਹ ਸਾਰੇ ਸਰੀਰ ਅੰਦਰ ਫਿਰਦਾ ਹੈ, ਘੁੰਮਦਾ ਹੈ, ਪ੍ਰਾਣਮਈ ਕੋਸ਼ ਨੂੰ ਸ਼ਕਤੀ ਦਿੰਦਾ ਹੈ, ਜਿਸ ਨਾਲ

(ਬਾਕੀ ਪੰਨਾ 63 'ਤੇ)

# ਸਿਹਤ ਰੱਖਿਆ ਗਿਆਨ

***ਵੈਦ ਮੇਘ ਨਾਥ ਸਿੱਧ (ਫਫੜੇ ਭਾਈਕੇ ਵਾਲੇ)***
***ਆਯੁਰਵੇਦ ਭੀਸ਼ਗ ਆਚਾਰੀਯ।***
***ਮੁੱਖ ਸੇਵਾਦਾਰ - ਸੰਤ ਗੋਬਿੰਦ ਦਾਸ, ਆਯੁਰਵੇਦ ਸੇਵਾ ਸੰਸਥਾ, ਧੂਰੀ।***
***ਮੋਬਾਈਲ ਨੰ. 98156-07803***

**ਆਲੂ**

ਹਰ ਘਰ ਵਿਚ ਸਬਜ਼ੀਆਂ ਵਿਚ ਆਮ ਵਰਤੋਂ ਵਿਚ ਆਉਣ ਵਾਲਾ ਆਲੂ ਪ੍ਰਸਿੱਧ ਹੈ। ਆਲੂ ਹਰ ਘਰ ਵਿਚ ਆਮ ਹਿੱਸਾ ਹੈ। ਇਹ ਆਮ ਵਰਤੋਂ ਵਿਚ ਆਉਣ ਵਾਲਾ ਹੈ। ਇਸਨੂੰ ਅੰਗਰੇਜ਼ੀ ਵਿਚ potato ਕਹਿੰਦੇ ਹਨ। ਆਲੂ ਦਾ ਉਪਜ ਮੂਲ ਸਿਧਾਂਤ ਦੱਖਣੀ ਅਮਰੀਕਾ ਹੈ। ਇਹ 17ਵੀਂ ਸਦੀ ਵਿਚ ਪੁਰਤਗਾਲੀਆਂ ਦੁਆਰਾ ਭਾਰਤ ਵਿਚ ਲਾਇਆ ਗਿਆ ਹੈ। ਅੱਜਕੱਲ੍ਹ ਇਸਦੀ ਖੇਤੀ ਸਭ ਥਾਈਂ ਹੁੰਦੀ ਹੈ। ਬੰਗਾਲ, ਬਿਹਾਰ, ਗੁਜਰਾਤ, ਤਾਮਿਲਨਾਡੂ, ਮਹਾਂਰਾਸ਼ਟਰ ਅਤੇ ਪੰਜਾਬ ਵਿਚ ਇਸਦੀ ਪੈਦਾਵਾਰ ਬਹੁਤ ਹੁੰਦੀ ਹੈ। ਇਹ ਦੇਸੀ, ਵਲਾਇਤੀ, ਪਹਾੜੀ, ਲਾਲ, ਸਫੈਦ ਆਦਿ ਕਈ ਪ੍ਰਕਾਰ ਦਾ ਹੁੰਦਾ ਹੈ। ਆਲੂ ਵਿਚ ਪ੍ਰੋਟੀਨ, ਕਾਰਬੋਹਾਈਡਰੇਟ, ਕੈਲਸ਼ੀਅਮ, ਵਿਟਾਮਿਨ ਏ, ਵਿਟਾਮਿਨ ਸੀ, ਲੋਹਾ ਅਤੇ ਗੰਧਕ ਹੁੰਦਾ ਹੈ। ਇਸ ਵਿਚ ਪ੍ਰੋਟੀਨ ਦੀ ਮਾਤਰਾ 1.6, ਖਣਿਜ ਪਦਾਰਥ 0.6 ਪ੍ਰਤੀਸ਼ਤ, ਕਾਰਬੋਹਾਈਡਰੇਟ 22.6 ਪ੍ਰਤੀਸ਼ਤ, ਕੈਲਸ਼ੀਅਮ 10 ਪ੍ਰਤੀਸ਼ਤ, ਲੋਹਾ 0.7 ਪ੍ਰਤੀਸ਼ਤ, ਗੰਧਕ 36%, ਵਿਟਾਮਿਨ ਏ 40 ਪ੍ਰਤੀਸ਼ਤ, ਵਿਟਾਮਿਨ 'ਸੀ' 17 ਮਿਲੀਗ੍ਰਾਮ ਹੁੰਦੇ ਹਨ।

**ਆਲੂ ਦੇ ਗੁਣ** – ਪਹਿਲਾਂ ਦੱਸਿਆ ਗਿਆ ਹੈ ਕਿ ਆਲੂ ਕਈ ਪ੍ਰਕਾਰ ਦੇ ਹੁੰਦੇ ਹਨ। ਇਨ੍ਹਾਂ ਵਿਚੋਂ ਲਾਲ ਆਲੂ ਸਭ ਤੋਂ ਉਤਮ ਮੰਨਿਆ ਗਿਆ ਹੈ। ਪਹਾੜੀ ਆਲੂ ਵੀ ਚਿਕਨਾਈ ਯੁਕਤ ਅਤੇ ਸਵਾਦ ਹੁੰਦੇ ਹਨ। ਜੋ ਪਚਣ ਵਿਚ ਕੋਈ ਗੜਬੜ ਨਹੀਂ ਕਰਦੇ ਪਰ ਚਿੱਟੇ ਅਤੇ ਪੀਲੇ ਆਲੂਆਂ ਵਿਚ ਘੱਟ ਗੁਣ ਸਮਝੇ ਜਾਂਦੇ ਹਨ। ਪਰ ਹਰੇ, ਨੀਲੇ, ਕਾਲੇ ਆਲੂ ਹਾਨੀਕਾਰਕ ਹੁੰਦੇ ਹਨ। ਇਨ੍ਹਾਂ ਦੀ ਵਰਤੋਂ ਨਹੀਂ ਕਰਨੀ ਚਾਹੀਦੀ। ਆਲੂ ਮਿਠਾਸਰਸ ਵਾਲੇ ਰੁੱਖੇ ਅਤੇ ਸ਼ੀਤਲ ਗੁਣ ਵਾਲੇ ਹਨ। ਇਹ ਧਾਤੂਵਰਧਕ ਅਤੇ ਤਾਕਤਵਰ ਹਨ। ਜ਼ਿਆਦਾ ਖਾਣ ਨਾਲ ਇਹ ਪੇਟ ਵਿਚ ਗੜਬੜ ਕਰ ਦਿੰਦਾ ਹੈ। ਇਸਦੀ ਸਬਜ਼ੀ ਸੁਆਦਿਸ਼ਟ ਤੇ ਰੁਚੀਕਾਰਕ ਸ਼ਕਤੀਦਾਇਕ ਹੈ। ਵਾਯੂ ਅਤੇ ਕਫ ਦੇ ਰੋਗਾਂ ਵਾਸਤੇ ਇਹ ਲਾਭਕਾਰੀ ਹੈ ਇਹ ਖਾਂਸੀ, ਸਾਹ, ਜੁਕਾਮ ਆਦਿ ਵਿਚ ਵੀ ਲਾਭਦਾਇਕ ਹੈ। ਇਹ ਸੰਗ੍ਰਹਿਣੀ, ਦਸਤ, ਗਰਮੀ ਦੇ ਰੋਗ, ਪਿਸ਼ਾਬ ਦੇ ਰੋਗ ਆਦਿ ਰੋਗਾਂ ਵਿਚ ਹਾਨੀਕਾਰਕ ਹੈ। ਇਸ ਦੀ ਜ਼ਿਆਦਾ ਵਰਤੋਂ ਕਰਨ ਨਾਲ ਸਰੀਰ ਵਿਚ ਚਰਬੀ ਵਧਦੀ ਹੈ। ਇਸਨੂੰ ਜ਼ਿਆਦਾ ਖਾਣ ਨਾਲ ਗਠੀਆ ਰੋਗ ਵੀ ਪੈਦਾ ਹੁੰਦਾ ਹੈ। ਇਸ ਦੀ ਜ਼ਿਆਦਾ ਵਰਤੋਂ ਕਰਨ ਨਾਲ ਪਿਸ਼ਾਬ ਦੀ ਜਲਣ ਹੋਣ ਲਗ ਜਾਂਦੀ ਹੈ। ਪੁਰਾਣੀ ਕਬਜ਼ ਰਕਤ ਵਿਕਾਰ (ਫੋੜੇ, ਫਿਨਸੀਆਂ ਦੇ ਰੋਗੀਆਂ ਨੂੰ ਵੀ ਇਸਦੀ ਵਰਤੋਂ ਨਹੀਂ ਕਰਨੀ ਚਾਹੀਦੀ। ਜੇਠ ਹਾੜ ਦੇ ਮਹੀਨੇ ਇਸਦੀ ਘੱਟ ਵਰਤੋਂ ਕਰਨੀ ਚਾਹੀਦੀ ਹੈ। ਕਮਜ਼ੋਰ ਬੱਚਿਆਂ ਲਈ ਆਲੂ ਖਾਣਾ ਬਹੁਤ ਹੀ ਲਾਭਕਾਰੀ ਹੈ। ਸਭ ਤੋਂ ਵਧੀਆ ਆਲੂ ਛਿਲਕੇ ਸਮੇਤ ਕੱਦੂਕਸ ਕਰਕੇ ਮਿੱਠੀ-ਮਿੱਠੀ ਔਸ ਤੇ ਪਕਾਉ। ਫਿਰ ਸੁੱਕਾ ਕੇ ਉਸਦਾ ਚੂਰਨ ਕਰ ਲਵੋ। ਫਿਰ ਬੱਚਿਆਂ ਨੂੰ ਦੁੱਧ ਦੀ ਮਲਾਈ ਜਾਂ ਦੁੱਧ ਵਿਚ ਮਿਲਾ ਕੇ ਸੇਵਨ ਕੀਤਾ ਜਾਂਦਾ ਹੈ। ਇਹ ਬੱਚਿਆਂ ਵਾਸਤੇ ਉਤਮ ਪੋਸ਼ਟਿਕ ਖੁਰਾਕ ਹੈ। ਅੱਗ ਦੇ ਮਚੇ ਤੇ ਆਲੂ ਬਰੀਕ ਕਰਕੇ ਲੇਪ ਕਰਨ ਨਾਲ ਜਲਣ ਵੀ ਦੂਰ ਹੋ ਜਾਵੇਗੀ ਤੇ ਛਾਲੇ ਵੀ ਨਹੀਂ ਉਠਣਗੇ। 2-3 ਵਾਰੀ ਲੇਪ ਕਰਨ ਨਾਲ ਮੱਚਿਆ ਹੋਇਆ ਜ਼ਖਮ ਵੀ ਠੀਕ ਹੋ ਜਾਵੇਗਾ।

**ਤੰਦਰੁਸਤੀ ਲਈ ਵਰਦਾਨ**

ਮੇਘ ਹਰਬਲ ਚਾਹ, (100% Pure Herbal) side effect, ਚੁਸਤੀ ਫੁਰਤੀਦਾਇਕ, ਬੁੱਧੀ ਵਰਧਕ

ਮੇਘ ਹਰਬਲ ਚਾਹ ਅਰਜਨ, ਸੰਖਪੁਸ਼ਪੀ, ਬ੍ਰਹਮੀ ਬੂਟੀ, ਤੁਲਸੀ, ਜਾਮੁਨ, ਗੁਲਾਬ, ਚੰਦਨ, ਛੋਟੀ ਇਲਾਇਚੀ, ਮੁਲੱਠੀ ਆਦਿ 25 ਤੋਂ ਵੱਧ ਭਾਰਤੀ ਕੁਦਰਤੀ ਜੜ੍ਹੀਆਂ-ਬੂਟੀਆਂ ਦਾ ਮਿਸ਼ਰਨ ਹੈ। ਇਹ ਚਾਹ ਪ੍ਰਦੂਸ਼ਤ ਵਾਤਾਵਰਣ ਤੋਂ ਵੱਧ ਰਹੇ ਭਿਆਨਕ ਰੋਗਾਂ ਵਲ ਧਿਆਨ ਰਖਦੇ ਹੋਏ ਵੈਦ ਮੇਘ ਨਾਥ ਆਯੁਰਵੈਦਿਕ ਰਿਸਰਚ ਸੈਂਟਰ ਵਲੋਂ 40 ਸਾਲ ਦੇ ਤਜਰਬੇ ਤੋਂ ਬਾਅਦ ਤਿਆਰ ਕੀਤੀ ਗਈ ਹੈ -

ਮੇਘ ਹਰਬਲ ਚਾਹ ਪੀਣ ਨਾਲ ਛੂਤ ਦੇ ਭਿਆਨਕ ਰੋਗਾਂ ਤੋਂ ਬਚਾਅ ਰਹਿੰਦਾ ਹੈ। ਸਰੀਰ ਵਿਚ ਰੋਗਾਂ ਪ੍ਰਤੀ ਲੜਨ ਦੀ ਸ਼ਕਤੀ ਵਧਦੀ ਹੈ, ਸ਼ੂਗਰ, ਬਲੱਡ ਪਰੈਸ਼ਰ ਨਿਯੰਤ੍ਰਿਤ ਰਹਿੰਦਾ ਹੈ ਅਤੇ ਨਜ਼ਲਾ, ਜ਼ੁਕਾਮ, ਪੇਟ ਗੈਸ, ਅਵਾਜ਼ ਦੀ ਖਰਾਬੀ, ਮਿਹਦੇ ਦੀ ਜਲਣ, ਦਿਲ, ਦਿਮਾਗ ਲਈ ਅਤਿਅੰਤ ਲਾਭਕਾਰੀ ਹੈ। ਇਸਦੀ ਹਰ ਉਮਰ, ਹਰ ਮੌਸਮ ਵਿਚ ਵਰਤੋਂ ਕਰੋ।



(ਪੰਨਾ 61 ਦੀ ਬਾਕੀ)

ਪ੍ਰਾਣਾਂ ਨੂੰ ਤਾਕਤ ਮਿਲਦੀ ਹੈ ਇਹ ਸੂਕਸ਼ਮ ਸ਼ਕਤੀ ਪੈਦਾ ਕਰਦਾ ਹੈ ਜਿਹੜੀ ਅੱਗ ਦੀ ਲਾਟ ਦੀ ਤਰ੍ਹਾਂ ਹੁੰਦੀ ਹੈ। ਸੁਆਸਾਂ ਦਾ ਸੂਖਮ ਰੂਪ ਨਾਲ ਅੰਦਰ ਜਾਣਾ ਤੇ ਬਾਹਰ ਨਿਕਲਣਾ ਵੀ ਮੰਤਰ ਹੀ ਸਮਝਿਆ ਜਾਂਦਾ ਹੈ। ਜਿਹੜੀ ਆਵਾਜ਼ ਅੰਦਰ ਸੁਣਦੀ ਹੈ ਅੰਦਰ ਦੇ ਕੰਨ ਸੁਣਦੇ ਹਨ ਉਹ ਹੈ 'ਹਮਸਾ' (hamsa) ਹਮ ਦੀ ਆਵਾਜ਼ ਸੁਆਸ ਬਾਹਰ ਕੱਢਦੇ ਸਮੇਂ ਸਾ ਦੀ ਆਵਾਜ਼ ਸੁਆਸ ਅੰਦਰ ਕਰਦੇ ਸਮੇਂ। ਇਸ ਆਵਾਜ਼ ਨੂੰ ਫਿਲੌਸਫੀ ਅਨੁਸਾਰ ਵੀ ਦੇਖਿਆ ਗਿਆ ਹੈ ਜਿਵੇਂ 'ਆਤਮ' ਜਿਸ ਦਾ ਅਰਥ ਹੈ 'ਇਹ' ਸਾ ਦਾ ਅਰਥ ਹੈ 'ਉਹ' ਭਾਵ ਇਹ ਆਤਮਾ ਹੀ ਵਿਸ਼ਵ ਸਤਿ ਹੈ। ਜਦੋਂ ਇਸ ਆਵਾਜ਼ ਦੀ ਚੇਤਨਾ ਸ਼ਕਤੀਸ਼ਾਲ ਹੋ ਜਾਂਦੀ ਹੈ, ਜ਼ੋਰ ਪਕੜ ਜਾਂਦੀ ਹੈ, ਜਗਿਆਸੂ ਇਸ ਨੂੰ 21,600 ਵਾਰੀ ਕਰ ਸਕਦਾ ਹੈ, ਸੁਆਸਾਂ ਰਾਹੀਂ ਇਸ ਇਸ ਆਵਾਜ਼ ਨੂੰ ਜਪ ਸਕਦਾ ਹੈ। ਬਹੁਤ ਸਾਰੇ ਬੀਜ ਮੰਤਰ ਵੀ ਹਨ ਜਿਹੜੇ ਵੱਖ-ਵੱਖ ਚੱਕਰਾਂ ਨੂੰ ਜਾਨਣ ਵਾਸਤੇ ਕੀਤੇ ਜਾਂਦੇ ਹਨ ਬੀਜ ਤੋਂ ਭਾਵ ਹੈ ਮੂਲ ਬਿਲਕੁਲ ਸ਼ੁਰੂਵਾਤ। ਇਹ ਹਰ ਚੱਕਰ ਦੀ ਸ਼ਕਤੀ ਪ੍ਰਗਟ ਕਰਦਾ ਹੈ ਦਸਦਾ ਹੈ ਕਿਹੜੇ ਮੰਤਰ ਨਾਲ ਕਿਹੜੇ ਚੱਕਰ ਦੀ ਸ਼ਕਤੀ ਪ੍ਰਗਟ ਹੁੰਦੀ ਹੈ, ਹਰ ਚੱਕਰ ਦਾ ਆਪਣਾ ਮੰਤਰ ਹੈ ਹਰ ਚੱਕਰ ਇਕ ਵਿਸ਼ੇਸ਼ ਮੰਤਰ ਨਾਲ ਹੀ ਪ੍ਰਗਟ ਹੁੰਦਾ ਹੈ, ਫੇਰ ਉਸ ਸ਼ਕਤੀ ਨਾਲ ਜਗਿਆਸੂ ਦੀ ਸ਼ਕਤੀ ਜਾਗਰਣ ਹੁੰਦੀ ਹੈ। ਜਦੋਂ ਘੜੀ-ਘੜੀ ਇਕ ਆਵਾਜ਼ ਪੈਦਾ ਹੁੰਦੀ ਹੈ ਉਸ ਆਵਾਜ਼ ਨਾਲ ਇਕ ਥਰਥਰਾਹਟ ਹੁੰਦੀ ਹੈ। ਉਸ ਨਾਲ ਇਕ ਆਕਾਰ ਪੈਦਾ ਹੁੰਦਾ ਹੈ ਉਹ ਆਕਾਰ ਦੇਵਾਤਾ ਹੈ 'devata' ਹੈ। ਉਹ ਆਵਾਜ਼ ਉਹ ਆਕਾਰ ਇਕ ਹੀ ਹਨ ਉਨ੍ਹਾਂ ਨੂੰ ਵੱਖ-ਵੱਖ ਨਹੀਂ ਕੀਤਾ ਜਾ ਸਕਦਾ ਬਿਲਕੁਲ ਇਸ ਤਰ੍ਹਾਂ ਜਿਵੇਂ ਕਾਰਣ ਤੇ ਪ੍ਰਭਾਵ ਆਵਾਜ਼ ਪੈਦਾ ਕਰਨ ਨਾਲ ਆਕਾਰ ਆ ਜਾਂਦਾ ਹੈ।

ਇੰਦ੍ਰੀਆਂ ਅੰਦਰ ਦੀ ਥਰਥਰਾਹਟ ਨੂੰ ਇਕ ਦਮ ਪ੍ਰਤਿਕ੍ਰਿਆ ਕਰਦੇ ਹਨ ਪਰ ਜੇਕਰ ਇਕ ਸਮੇਂ ਤੋਂ ਵੱਧ ਹੋ ਜਾਵੇ ਤਾਂ ਅੰਗ ਅਤਿ ਸੂਖਮ ਹੋ ਜਾਂਦੇ ਹਨ ਫੇਰ ਉਹ ਇਨ੍ਹਾਂ ਸੰਕੇਤਨਾ ਨੂੰ ਨਹੀਂ ਲੈਂਦੇ। ਏਸੇ ਤਰ੍ਹਾਂ ਨਾੜੀ ਤੰਤੂ ਨੂੰ ਦਿੱਤਾ ਗਿਆ ਉਤਸ਼ਾਹ ਵਸਤੂ ਨੂੰ ਪ੍ਰਭਾਵਿਤ ਕਰਕੇ ਬਦਲਾ ਲਿਆਉਂਦਾ ਹੈ। ਜਦੋਂ ਉਤੇਜਨਾ ਬਾਰ-ਬਾਰ ਦਿਤੀ ਜਾਵੇ ਵਧੇਰੇ ਸਮੇਂ ਲਈ ਦਿਤੀ ਜਾਵੇ ਤਾਂ ਬਦਲਾਅ ਇਕ ਖਾਸ ਪ੍ਰਤਿਕ੍ਰਿਆਂ ਤੋਂ ਬਾਅਦ ਹੁੰਦਾ ਹੈ। ਉਦੋਂ ਤਕ ਲਗਾਤਾਰ ਉਤੇਜਨਾ ਹੁੰਦੀ ਰਹਿੰਦੀ ਹੈ ਪੂਰੀ ਨਾੜੀਆਂ ਦੀ ਸ਼ਕਤੀ ਉਤਸ਼ਾਹਿਤ ਹੋ ਜਾਂਦੀ ਹੈ। ਇਸੇ ਤਰ੍ਹਾਂ ਨਾਲ ਇਕ ਸਵੈਇੱਛਤ ਬਦਲਾ ਪੈਦਾ ਕੀਤਾ ਜਾਂਦਾ ਹੈ ਪੂਰੇ ਨਾੜੀ ਤੰਤੂ ਨੂੰ ਬਦਲਿਆ ਜਾਂਦਾ ਹੈ, ਇਹ ਸੁਆਸਾਂ ਦੁਆਰਾ ਹੀ ਕੀਤਾ ਜਾਂਦਾ ਹੈ ਭਾਵ ਮੰਤਰ ਸੁਆਸਾਂ ਦੁਆਰਾ ਕਰਕੇ ਹੀ ਕੀਤਾ ਜਾਂਦਾ ਹੈ। ਮੰਤਰਾਂ ਦਾ ਸੂਤਰ, ਨਿਯਮ ਬਹੁਤ ਹੀ ਗੁੱਝੇ ਰੱਖੇ ਜਾਂਦੇ ਹਨ, ਬਹੁਤ ਭੇਦ ਭਰੇ ਹੁੰਦੇ ਹਨ। ਯੋਗ ਦੇ ਸਾਰੇ ਅਭਿਆਸਾਂ ਵਿਚੋਂ ਇਹ ਸਭ ਤੋਂ ਵੱਧ ਰਹੱਸਮਈ ਹੁੰਦੇ ਹਨ। ਬਹੁਤ ਹੀ ਥੋੜ੍ਹੇ ਮੰਤਰ ਹਨ, ਜਿਹੜੇ ਸੁਆਸਾਂ ਨਾਲ ਕੀਤੇ ਜਾਂਦੇ ਹਨ। ਆਮ ਤੌਰ ਤੇ ਇਹ ਬਹੁਤ ਹੀ ਹਲਕੀ ਆਵਾਜ਼ ਵਿਚ ਹੁੰਦੇ ਹਨ ਜਿਵੇਂ 'ਹਮਸਾ'

(-----------)


(ਇਥੋਂ ਕੱਟ ਕੇ ਭੇਜੋ ਜੀ)

ਬੇਨਤੀ ਹੈ ਕਿ ਜੇ ਆਪ ਜੀ ਹੁਣ ਤੱਕ ਆਤਮ ਮਾਰਗ ਪਤ੍ਰਿਕਾ ਦੇ ਮੈਂਬਰ ਨਹੀਂ ਬਣੇ ਤਾਂ ਇਸ ਫਾਰਮ ਨੂੰ ਭਰ ਕੇ ਮੈਂਬਰਸ਼ਿਪ ਪ੍ਰਾਪਤ ਕਰਨ ਦੀ ਕ੍ਰਿਪਾਲਤਾ ਕਰੋ ਜੀ। ਜੇ ਤੁਸੀਂ ਪਹਿਲਾਂ ਮੈਂਬਰ ਹੋ ਅਤੇ ਰਿਨਿਊਵਲ ਦਾ ਸਮਾਂ ਆ ਗਿਆ ਹੈ ਤਾਂ ਤੁਸੀਂ ਇਸ ਫਾਰਮ ਨੂੰ ਭਰ ਕੇ ਚੈਕ ਦੇ ਨਾਲ ਭੇਜੋ ਜੀ। ਕਿਰਪਾ ਕਰਕੇ ਚੈਕ ਜਾਂ ਬੈਂਕ ਡਰਾਫਟ "**Vishav Gurmat Roohani Mission charitable Trust**" ਦੇ ਨਾਂ ਤੇ ਭੇਜਿਆ ਜਾਵੇ ਜੀ।

ਆਤਮ ਮਾਰਗ

Monthly Magazine ਮਾਸਿਕ ਪਤ੍ਰਿਕਾ

**SUBSCRIPTION (ਦੇਸ਼)**

| ਸਾਲਾਨਾ | ਜੀਵਨ ਕਾਲ | ਫੀ ਕਾਪੀ |
|---|---|---|
| 200/- | 2000/- | 20/- |
| 280/- | 2080/- | |

**SUBSCRIPTION ਵਿਦੇਸ਼**

| | Annual | Life |
|---|---|---|
| U.S.A. | 50 US$ | 500 US$ |
| U.K. | 30 $ | 300 $ |
| Aus. | 80 $ | 800 $ |
| Europ | 50 Euro | 500 Euro |

**MEMBERSHIP FORM** ✓ ☐ ਨਵੀਂ ਮੈਂਬਰਸ਼ਿੱਪ ☐ ਰਿਨੀਊਵਲ ☐ ਲਾਈਫ ਮੈਂਬਰਸ਼ਿਪ

Order from for back Issus

☐ ਜਨਵਰੀ
☐ ਫਰਵਰੀ
☐ ਮਾਰਚ
☐ ਅਪ੍ਰੈਲ
☐ ਮਈ
☐ ਜੂਨ
☐ ਜੁਲਾਈ
☐ ਅਗਸਤ
☐ ਸਤੰਬਰ
☐ ਅਕਤੂਬਰ
☐ ਨਵੰਬਰ
☐ ਦਸੰਬਰ

ਨਾਮ/Name ........................................................................

ਪਤਾ/Address ........................................................................

........................................................................

........................................................................

..................................Pin Code......................................

Phone......................... E-mail :......................................

ਮੈਂ......................ਰੁਪਏ ਮਨੀਆਰਡਰ/ਬੈਂਕ ਡਰਾਫਟ/ਚੈਕ ਨੰ........................ਮਿਤੀ.........................ਰਾਹੀਂ ਭੇਜ ਰਿਹਾ ਹਾਂ।

**ATAM MARG MONTHLY MAGAZINE** ਦਸਖਤ...............................

Gurdwara Ratwara Sahib, P.o. Mullanpur Garibdas, Distt. S.A.S. Nagar (Mohali) Pin - 140901 (Pb.) India

Phone : 0160-2255002, Fax : 0160-2255009, Email : atammarg1@yahoo.co.in, www.ratwarasahib.org

'ਸੋਹਮ' ਓਮ, ਦੂਸਰੇ ਮੰਤਰ ਬਹੁਤ ਵਾਰੀ ਰੁਕਾਵਟ ਦਿੰਦੇ ਹਨ, ਵਿਸ਼ਰਾਮ ਦਿੰਦੇ ਹਨ, ਸੁਆਸ ਇਸ ਤਰ੍ਹਾਂ ਇਕ ਸਾਰ ਨਹੀਂ ਚਲਦੇ। ਜਿਹੜੇ ਸੁਆਸਾਂ ਨਾਲ ਮੰਤਰ ਅਭਿਆਸ ਕਰਦੇ ਹਨ ਉਹ ਦਸਣਗੇ ਕਿ ਸੁਆਸਾਂ ਦਾ ਬਹਾਅ ਸੁਆਸਾਂ ਦਾ ਇਕ ਸਾਰ ਚਲਣਾ ਮੰਤਰ ਤੋਂ ਪ੍ਰਭਾਵਿਤ ਹੁੰਦਾ ਹੈ, ਸੁਆਸਾਂ ਵਿਚ ਰੁਕਾਵਟ ਪੈ ਜਾਂਦੀ ਹੈ, ਵਿਸ਼ੇਸ਼ ਕਰਕੇ ਜਿਹੜੇ ਮੰਤਰ ਸੁਆਸਾਂ ਨਾਲ ਕਰਨ ਵਾਲੇ ਨਹੀਂ ਹੁੰਦੇ।

ਯੋਗੀ ਜਦੋਂ ਪੂਰੀ ਇਕਾਗਰਤਾ ਨਾਲ ਮੰਤਰ ਉਚਾਰਨ ਦਾ ਅਭਿਆਸ ਕਰਦਾ ਹੈ, ਪੂਰੀ ਨਿਸ਼ਠਾ ਪੂਰੀ ਤਨਮੈਤਾ ਨਾਲ ਕਰਦਾ ਹੈ, ਲਗਾਤਾਰ ਕਰਦਾ ਹੈ, ਇਕ ਸਮਾਂ ਐਸਾ ਆਉਂਦਾ ਹੈ ਕਿ ਉਸ ਨੂੰ ਮੰਤਰ ਸਿੱਧੀ ਪ੍ਰਾਪਤ ਹੋ ਜਾਂਦੀ ਹੈ, ਜਿਸ ਮੰਤਰ ਬਿਨਾਂ ਕਿਸੇ ਰੁਕਾਵਟ ਦੇ ਆਪਣੇ ਆਪ ਹੀ ਅੰਦਰ ਚੱਲਣ ਲਗ ਪੈਂਦਾ ਹੈ, ਯੋਗੀ ਨੂੰ ਕੋਈ ਕੋਸਿਸ਼ ਕੋਈ ਧਿਆਨ ਨਹੀਂ ਦੇਣਾ ਪੈਂਦਾ। ਇਕੱਲਾ ਮੰਤਰ ਭਾਵ ਬਿਨਾਂ ਇਕਾਗਰਤਾ ਤੋਂ ਜਦੋਂ ਮੰਤਰ ਕੀਤਾ ਜਾਂਦਾ ਹੈ, ਉਸ ਦਾ ਬਹੁਤ ਲਾਭ ਨਹੀਂ ਹੁੰਦਾ। ਜਦੋਂ ਮੰਤਰ ਭਾਵਨਾ ਨਾਲ ਉਸ ਦੇ ਅਰਥ ਸਮਝ ਕੇ ਕੀਤਾ ਜਾਂਦਾ ਹੈ ਤਾਂ ਉਸ ਦੀ ਸਾਰੀ ਕੰਮ-ਕੰਮਪੀ ਸਾਰੀ ਥਰਾਹਟ ਜੋ ਉਹ ਪੈਦਾ ਕਰਦਾ ਹੈ ਉਸ ਦੀ ਆਵਾਜ਼ ਮਨ ਨੂੰ ਅਨੰਦਿਤ ਕਰਦੀ ਹੈ, ਜਿਸ ਨਾਲ ਮਨ ਅਸ਼ਾਂਤ ਨਹੀਂ ਹੁੰਦਾ ਪਰੇਸ਼ਾਨ ਨਹੀਂ ਹੁੰਦਾ, ਨਾ ਹੀ ਮਨ ਖਿਲਰਦਾ ਹੈ।

*******

## ਗੁ. ਰਤਵਾੜਾ ਸਾਹਿਬ ਵਿਖੇ ਮਹਾਂਪੁਰਸ਼ਾਂ ਦੇ ਸਤਿਸੰਗ ਪ੍ਰੋਗਰਾਮ ਸਬੰਧੀ

**ਐਤਵਾਰ** - 05, 12, 19, 26 **ਸਤੰਬਰ**
(ਦਿਨ ਦੇ ਸਮੇਂ 1.00 ਵਜੇ ਤੋਂ 4.00 ਵਜੇ ਤੱਕ)

**ਸੰਗਰਾਂਦ** - **16** ਸਤੰਬਰ ਦਿਨ ਵੀਰਵਾਰ
(ਸਵੇਰ ਦੇ ਸਮੇਂ **7.00** ਵਜੇ ਤੋਂ **9.00** ਵਜੇ ਤੱਕ)

**ਚੜ੍ਹਦੀ ਪੂਰਨਮਾਸ਼ੀ**- 22 ਸਤੰਬਰ, ਦਿਨ ਬੁੱਧਵਾਰ
(ਸਮਾਂ - ਸ਼ਾਮ 7.00 ਰਾਤ 1.00 ਵਜੇ ਤੱਕ ਰੈਣ ਸਬਾਈ ਕੀਰਤਨ)

**ਜਰੂਰੀ ਸੂਚਨਾ** - ਹਰ ਪੂਰਨਮਾਸ਼ੀ ਤੇ ਅੱਧੀ ਭੇਟਾ ਨਾਲ ਆਤਮ ਮਾਰਗ ਮੈਗਜੀਨ ਦੇ ਸਲਾਨਾ ਮੈਂਬਰ ਬਣਾਏ ਜਾਂਦੇ ਹਨ ਅਤੇ ਦਰਗਾਹੀ ਪ੍ਰਸ਼ਾਦ ਆਯੁਰਵੈਦਿਕ ਖੀਰ ਹਰ ਇਕ ਪੂਰਨਮਾਸ਼ੀ ਨੂੰ ਰਾਤ **1.00** ਵਜੇ ਰਤਵਾੜਾ ਸਾਹਿਬ ਵਿਖੇ ਵਰਤਾਈ ਜਾਂਦੀ ਹੈ।

**ਅੰਮ੍ਰਿਤ ਸੰਚਾਰ** - ਹਰੇਕ ਪੂਰਨਮਾਸ਼ੀ ਨੂੰ ਗੁਰਦਵਾਰਾ ਈਸ਼ਰ ਪ੍ਰਕਾਸ਼ ਰਤਵਾੜਾ ਸਾਹਿਬ ਵਿਖੇ ਰਾਤ ਨੂੰ 8.00 ਵਜੇ ਹੁੰਦਾ ਹੈ।

**ਨਿਰਮਲ ਡੇਰਾ ਹਿਰਦਾਪੁਰ ਖੇੜੀ** - ਹਰ ਮਹੀਨੇ ਦੇ ਹਰ ਆਖਰੀ ਸ਼ਨਿਚਰਵਾਰ ਨੂੰ ਦੀਵਾਨ ਸਜਦੇ ਹਨ।

## ਵਿਸ਼ਵ ਗੁਰਮਤਿ ਰੂਹਾਨੀ ਮਿਸ਼ਨ ਚੈਰੀਟੇਬਲ ਟਰੱਸਟ

ਦੇ ਬਾਨੀ ਸੰਤ ਬਾਬਾ ਵਰਿਆਮ ਸਿੰਘ ਜੀ ਵੱਲੋਂ ਲਿਖਤ ਅਤੇ ਪ੍ਰਕਾਸ਼ਿਤ ਪੁਸਤਕਾਂ ਜੋ ਕਿ ਰਤਵਾੜਾ ਸਾਹਿਬ ਉਪਲਬੱਧ ਹਨ।

| | | *ਪੰਜਾਬੀ* | *ਹਿੰਦੀ* |
|---|---|---|---|
| 1. | ਸੁਰਤਿ ਸਬਦਿ ਮਾਰਗ | 50/ | 70/- |
| 2. | ਕਿਵ ਕੂੜੈ ਤੁਟੈ ਪਾਲਿ | 40/- | 35/- |
| 3. | ਬਾਤ ਅਗੰਮ ਕੀ -ਸੱਤ ਭਾਗਾਂ ਵਿਚ | 155/- | 235/- |
| 4. | ਕਿਵ ਸਚਿਆਰਾ ਹੋਈਐ -੧ | 30/- | 35/- |
| 5. | ਕਿਵ ਸਚਿਆਰਾ ਹੋਈਐ -੨ | 60/- | 65/- |
| 6. | ਕਿਵ ਸਚਿਆਰਾ ਹੋਈਐ - ੩ | 100/- | 100/- |
| 7. | ਹੋਵੈ ਅਨੰਦੁ ਘਣਾ | 25/- | 30/- |
| 8. | ਚਉਥੈ ਪਹਰਿ ਸਬਾਹ ਕੈ | 55/- | 60/- |
| 9. | ਸੁਰਤਿਆਂ ਉਪਜੈ ਚਾਉ | 40/- | 40/- |
| 10. | ਬਾਬਾਣੀਆਂ ਕਹਾਣੀਆਂ | 50/- | 50/- |
| 11. | ਸਰਬ ਪ੍ਰਿਅ ਗੁਰੂ ਗੋਬਿੰਦ ਸਿੰਘ | 10/- | 10/- |
| 12. | ਅੰਮ੍ਰਿਤ ਫੁਹਾਰ | 10/- | 10/- |
| 13. | ਅਗੰਮ ਅਗੋਚਰ ਦਾ ਮਾਰਗ | 60/- | 70/- |
| 14. | ਪੁਰਾਤਨ ਟੀਕਾ - ਜਪੁਜੀ ਸਾਹਿਬ | 10/- | 15/- |
| 15. | ਅਮਰ ਜੋਤਾਂ | 15/- | 15/- |
| 1੬. | ਹਿਮਾਲੀਆ ਦੇ ਸੰਤਾਂ ਦੇ ਸੰਗ ਨਿਵਾਸ | 100/- | |
| 18. | ਅਮਰ ਗਾਥਾ | 100/- | 100/- |
| 19. | ਧਰਮ ਯੁਧ ਕੇ ਚਾਇ | 50/- | |
| 20. | ਪਵਿਤਰ ਪੈਂਡਾ | 25/- | |
| 21. | ਭਗਤ ਪ੍ਰਹਿਲਾਦ | 10/- | 10/- |
| 22. | ਵੈਸਾਖੀ | 10/- | |
| 23. | ਰਾਜ ਯੋਗ | 40/- | |
| 24. | ਸਾਜਨ ਚਲੇ ਪਿਆਰਿਆ | 10/- | 10/- |
| 25. | ਅਬਿਨਾਸੀ ਜੋਤ ਭਾਗ-1 | 90/- | 90/- |
| 26. | ਅਬਿਨਾਸੀ ਜੋਤ ਭਾਗ-2 | 90/- | 90/- |
| 27. | ਰੂਹਾਨੀ ਗੁਲਦਸਤਾ -1 | 60/- | 60/- |
| 28. | ਰੂਹਾਨੀ ਗੁਲਦਸਤਾ - 2 | 60/- | 60/- |
| 29. | ਸੰਤ ਤੁਮਾਰੇ ਤੁਮਰੇ ਪ੍ਰੀਤਮ | 50/- | |
| 30. | ਅੰਮ੍ਰਿਤ ਬਚਨ ਸਾਧ ਕੀ ਬਾਣੀ | 80/- | |
| 31. | ਗੁਰੂ ਅਮਰਦਾਸ ਪਰਸੀਐ | 50/- | |
| 32. | ਭਗਵਤ ਗੀਤਾ............। | 100/- | |
| 33. | ਅਨੰਦਮਈ ਜੀਵਨ ਜਾਚ | 50/- | |
| 34. | ਪੱਤਰਕਾਰ ਦੇ ਪ੍ਰਸ਼ਨ? ਮਹਾਂਪੁਰਸ਼ਾਂ ਵਲੋਂ ਉਤਰ | **25**/- | |
| 35. | ਅਨੁਭਵੀ ਪ੍ਰਵਚਨ | 50/- | |
| 36. | ਰਿਸ਼ੀਆਂ ਮੁਨੀਆਂ ਦਾ ਬ੍ਰਹਮਗਿਆਨ | 35/- | |
| 37. | ਅੰਦਰਲੀ ਖੋਜ | 130/- | |
| 38. | ਸਿਮਰਤ ਕਹਾਂ ਨਹੀਂ | 135/- | |
| 39. | ਰੂਹਾਨੀ ਪ੍ਰਵਚਨ | 35/- | |
| 41. | 'ਸੇਵਾ ਸਿਮਰਨ ਜੁਗਤੀਆਂ' | 150/- | |
| 42. | 'ਮਾਨੁੱਖ ਤਨ ਦਾ ਪ੍ਰਯੋਜਨ' | 160/- | |
| 43. | 'ਯੋਗਾ ਉਪਰ ਲੈਕਚਰ', | 30/- | |
| 44. | 'ਕਰਮ ਬੰਧਨ ਤੋਂ ਮੁਕਤੀ' :- | 30/- | |

| | English Version | Price |
|---|---|---|
| 1. | Baisakhi (ਵੈਸਾਖੀ) | Rs. 5/- |
| 2. | How Rend The Veil of Untruth (ਕਿਵ ਕੂੜੈ ਤੁਟੈ ਪਾਲਿ) | Rs. 70/- |
| 3. | Discourses on the Beyond-1 (ਬਾਤ ਅਗੰਮ ਕੀ ਭਾਗ -੧) | Rs 50/- |
| 4. | Discourses on the Beyond -2 (ਬਾਤ ਅਗੰਮ ਕੀ ਭਾਗ -੨) | Rs. 50/- |
| 5. | Discourses on the Beyond -3 (ਬਾਤ ਅਗੰਮ ਕੀ ਭਾਗ -੩) | Rs. 50/- |
| 6. | Discourses on the Beyond -4 (ਬਾਤ ਅਗੰਮ ਕੀ ਭਾਗ -੪) | Rs. 60/- |
| 7. | Discourses on the Beyond -5 (ਬਾਤ ਅਗੰਮ ਕੀ ਭਾਗ -੫) | Rs. 60/- |
| 8. | The way to the imperceptible (ਅਗੰਮ ਅਗੋਚਰ ਦਾ ਮਾਰਗ) | Rs. 80/- |
| 9. | The Lights Immortal (ਅਮਰ ਜੋਤਾਂ) | Rs. 20/- |
| 10. | Transcendental Bliss (ਚਉਥੈ ਪਹਿਰ ਸਬਾਹ ਕੈ) | Rs. 70/- |
| 11. | How to Know Thy Real Self-(Vol-1) (ਕਿਵ ਸਚਿਆਰਾ ਹੋਈਐ) | Rs. 80/- |
| 12. | How to Know Thy Real Self-(Vol-2) | Rs. 80/- |
| 13. | How to Know Thy Real Self-(Vol-3) | Rs. 110/- |
| 14. | The Dawn of Khalsa Ideals | Rs. 10/- |
| 15. | A Glimpse of His Holiness - Baba ji | Rs. 5/- |
| 16. | Divine Word Contemplation Path', (ਸੁਰਤਿ ਸਬਦਿ ਮਾਰਗ) | Rs.150/– |
| 17. | The Story of Immortality (ਅਮਰ ਗਾਥਾ) | Rs 260/– |